**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763

**Golden State Realty**
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
*Call: Sohanpreet 'Sam' Chahal*
Ph: 916-612-5773
email: samchahal@hotmail.com
***Serving all over California***

Sam Chahal
CA Lic. 01504071

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 11, March 12, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਪਰਵਾਸੀਆਂ ਦੇ ਹੁੰਗਾਰੇ ਨੇ ਦਿੱਤੇ ਨਵੇਂ ਸਿਆਸੀ ਸੰਕੇਤ

## 'ਆਪ' ਖਿਲਾਫ ਗਰਮਖਿਆਲੀਆਂ ਦਾ ਸੱਦਾ ਵੀ ਦਰਕਿਨਾਰ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ)** ਦੇਸ਼-ਵਿਦੇਸ਼ ਵਿਚ ਆਮ ਆਦਮੀ ਪਾਰਟੀ (ਆਪ) ਨੂੰ ਪੰਜਾਬੀਆਂ ਵੱਲੋਂ ਮਿਲ ਰਹੇ ਹੁੰਗਾਰੇ ਨੇ ਪੰਜਾਬ ਦੀਆਂ ਰਵਾਇਤੀ ਧਿਰਾਂ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। 'ਆਪ' ਦੇ ਸੀਨੀਅਰ ਆਗੂ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਦੀਆਂ ਕੈਨੇਡਾ ਵਾਲੀਆਂ ਕਾਨਫਰੰਸਾਂ ਵਿਚ ਰਿਕਾਰਡ ਇਕੱਠ ਸਿਆਸੀ ਧਿਰਾਂ ਨੂੰ ਚੁਣੌਤੀ ਵਿਖਾਈ ਦੇਣ ਲੱਗਾ ਹੈ। ਹਾਲਾਂਕਿ ਇਸ ਫੇਰੀ ਦੇ ਸ਼ੁਰੂ ਵਿਚ ਹੀ ਸ. ਫੂਲਕਾ ਦੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਬਾਰੇ ਇਕ ਬਿਆਨ ਨਾਲ ਵਿਵਾਦ ਛਿੜ ਗਿਆ ਸੀ ਤੇ ਗਰਮਖਿਆਲ ਜਥੇਬੰਦੀਆਂ ਨੇ ਸ. ਫੂਲਕਾ ਦੀਆਂ ਕਾਨਫਰੰਸਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ, ਪਰ ਇਸ ਦੇ ਬਾਵਜੂਦ ਪੰਜਾਬੀ ਭਾਈਚਾਰੇ ਨੇ ਆਮ ਆਦਮੀ ਪਾਰਟੀ ਦੇ ਇਸ ਆਗੂ ਨੂੰ ਰਜਵਾਂ ਪਿਆਰ ਦਿੱਤਾ।

ਯਾਦ ਰਹੇ ਕਿ ਪਰਵਾਸੀਆਂ ਦੇ ਗਰਮਖਿਆਲ ਸਮਝੇ ਜਾਂਦੇ ਇਕ ਹਿੱਸੇ ਨੇ ਪਿਛਲੇ ਵਰ੍ਹੇ ਬਾਦਲਾਂ ਵਾਲੇ ਸ਼੍ਰੋਮਣੀ ਅਕਾਲੀ ਵਿਰੁੱਧ ਵੀ ਬਾਈਕਾਟ ਦਾ ਸੱਦਾ ਦਿੱਤਾ ਗਿਆ ਸੀ ਅਤੇ ਅਕਾਲੀ ਸਰਕਾਰ ਦੇ ਪ੍ਰਚਾਰ ਲਈ ਆਏ ਆਗੂਆਂ ਨੂੰ ਧੱਕਾ-ਮੁੱਕੀ ਦਾ ਸ਼ਿਕਾਰ ਹੋਣਾ ਪਿਆ ਸੀ, ਪਰ 'ਆਪ' ਬਾਰੇ ਪਰਵਾਸੀਆਂ ਦੀ ਸੋਚ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਸ. ਫੂਲਕਾ ਨੇ ਆਪਣੀ ਪਹਿਲੀ ਕਾਨਫਰੰਸ ਵਿਚ ਕਿਹਾ ਸੀ ਕਿ 1984 ਦੇ ਕਤਲੇਆਮ ਨੂੰ ਬੀਤਿਆਂ 31 ਸਾਲ ਹੋ ਗਏ ਹਨ, ਜ਼ਿਆਦਾਤਰ ਗਵਾਹ ਤੇ ਦੋਸ਼ੀ ਮਰ-ਖਪ ਗਏ ਹਨ, ਇਸ ਲਈ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਰਟ ਛੱਡਣ 'ਚ ਹੀ ਫਾਇਦਾ ਹੈ। ਗਰਮਖਿਆਲ ਜਥੇਬੰਦੀਆਂ ਨੇ ਇਸ ਬਿਆਨ ਦਾ ਵਿਰੋਧ ਕੀਤਾ

***(ਬਾਕੀ ਸਫਾ 8 'ਤੇ)***





### ਖੱਬੇ ਪੱਖੀ ਅਤੇ ਬਸਪਾ ਵੀ ਫਿਕਰਮੰਦ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਕਾਂਗਰਸ ਤੋਂ ਬਾਅਦ ਹੁਣ ਬਹੁਜਨ ਸਮਾਜ ਪਾਰਟੀ ਤੇ ਖੱਬੇ ਪੱਖੀ ਧਿਰਾਂ ਨੂੰ ਵੀ ਫਿਕਰਾਂ ਵਿਚ ਪਾ ਦਿੱਤਾ ਹੈ। ਕਈ ਸੀਨੀਅਰ ਖੱਬੇ ਪੱਖੀ ਲੀਡਰਾਂ ਦਾ ਝੁਕਾਅ ਆਮ ਆਦਮੀ ਪਾਰਟੀ ਵੱਲ ਹੈ। ਕਈ ਕਾਮਰੇਡਾਂ ਨੇ 'ਆਪ' ਦਾ ਝਾੜੂ ਫੜ ਲਿਆ ਹੈ ਤੇ ਕਈ ਤਿਆਰੀ ਵਿਚ ਹਨ। ਇਸ ਤੋਂ ਬਿਨਾਂ ਦਲਿਤ ਸਮਾਜ ਦੀ ਨੁਮਾਇੰਦਾ ਕਹਾਉਣ ਵਾਲੀ ਬਸਪਾ ਵੀ ਫਿਕਰਮੰਦ ਹੈ।

# ਲਹਿੰਦੇ ਪੰਜਾਬ ਤੋਂ ਮਾਂ ਬੋਲੀ ਲਈ ਸੁੱਖ-ਸੁਨੇਹਾ

**ਚੰਡੀਗੜ੍ਹ:** ਪਾਕਿਸਤਾਨੀ ਵਿਚ ਪੰਜਾਬੀ ਮਾਂ ਬੋਲੀ ਨੂੰ ਆਜ਼ਾਦੀ ਦੇ 68 ਸਾਲ ਬਾਅਦ ਮਾਣ ਮਿਲਿਆ ਹੈ। ਲਹਿੰਦੇ ਪੰਜਾਬ ਦੀ ਸਰਕਾਰ ਮਾਂ ਬੋਲੀ ਨੂੰ ਸਕੂਲੀ ਸਿਲੇਬਸ ਦਾ ਹਿੱਸਾ ਬਣਾਏਗੀ। ਅਸਲ ਵਿਚ, 1947 ਵਿਚ ਦੇਸ਼ ਵੰਡ ਤੋਂ ਬਾਅਦ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਨੂੰ ਭਾਰੀ ਸੱਟ ਵੱਜੀ ਸੀ। ਪਾਕਿਸਤਾਨ ਦੇ ਅੱਧੇ ਹਿੱਸੇ ਵਿਚ ਬੋਲੀ ਜਾਣ ਵਾਲੀ ਪੰਜਾਬੀ ਭਾਸ਼ਾ ਨੂੰ ਗਵਾਰਾਂ ਦੀ ਭਾਸ਼ਾ ਸਮਝਿਆ ਜਾਣ ਲੱਗਾ।

ਲਹਿੰਦੇ ਪੰਜਾਬ ਦੇ ਸਿੱਖਿਆ ਮੰਤਰੀ ਅਤਾ ਮਹਿਮੂਦ ਮਾਨਿਕਾ ਨੇ ਹੁਣ ਇਹ ਮੰਨਿਆ ਹੈ ਕਿ ਉਨ੍ਹਾਂ ਦੇ ਪੰਜਾਬ (ਲਹਿੰਦੇ ਪੰਜਾਬ) ਦੀ ਮਾਂ ਬੋਲੀ ਪੰਜਾਬੀ ਹੀ ਹੈ, ਪਰ ਕਈ ਕਾਰਨਾਂ ਕਰ ਕੇ ਇਸ ਨੂੰ ਪਿੱਛੇ ਧੱਕਿਆ ਜਾਂਦਾ ਰਿਹਾ ਹੈ। ਹੁਣ ਪੰਜਾਬ ਦੇ ਸਕੂਲਾਂ ਵਿਚੋਂ ਪੰਜਾਬੀ ਨੂੰ ਪ੍ਰਫੁਲਿਤ ਕੀਤਾ ਜਾਵੇਗਾ। ਪੰਜਾਬੀ ਬਾਰੇ ਤੱਥ ਇਹ ਹਨ ਕਿ ਭਾਰਤੀ ਪੰਜਾਬ ਵਿਚ ਸਿਰਫ ਤਿੰਨ ਕਰੋੜ ਲੋਕ ਪੰਜਾਬੀ ਬੋਲਦੇ ਹਨ ਜਦੋਂ ਕਿ ਪਾਕਿਸਤਾਨੀ ਪੰਜਾਬ ਵਿਚ ਸਾਢੇ ਸੱਤ ਕਰੋੜ ਲੋਕ ਪੰਜਾਬੀ ਬੋਲਦੇ ਹਨ। ਜਨਾਬ ਅਤਾ ਮਹਿਮੂਦ ਦਾ ਇਹ ਬਿਆਨ ਅਚਾਨਕ ਨਹੀਂ ਆਇਆ। ਪੰਜਾਬੀ ਭਾਸ਼ਾ ਨੂੰ ਦਰਜਾ ਦਿਵਾਉਣ ਲਈ ਪੰਜਾਬ ਬੁੱਧੀਜੀਵੀ ਕਾਫੀ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਸਨ। ਪਿਛਲੇ ਦਿਨੀਂ ਪਾਕਿਸਤਾਨ ਦੇ ਉਰਦੂ ਸਾਹਿਤਕਾਰਾਂ ਨੇ ਵੀ ਪੰਜਾਬੀ ਲਹਿਰ ਦੀ ਹਮਾਇਤ ਕੀਤੀ ਸੀ।

ਪਾਕਿਸਤਾਨ ਪੰਜਾਬ ਵਿਚ ਪਿਛਲੀ 21 ਫਰਵਰੀ ਨੂੰ ਪੰਜਾਬੀ ਭਾਸ਼ਾ ਬਾਰੇ ਵੱਡਾ ਸੈਮੀਨਾਰ ਹੋਇਆ ਸੀ। ਇਸ ਸੈਮੀਨਾਰ ਦਾ ਵਿਸ਼ਾ ਸੀ-ਕੀ ਪੰਜਾਬੀ ਭਾਸ਼ਾ ਦੂਜੀਆਂ ਭਾਸ਼ਾਵਾਂ ਤੋਂ ਘੱਟ ਹੈ? ਇਸ ਸੈਮੀਨਾਰ ਦਾ ਹੀ ਅਸਰ ਹੈ ਕਿ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਮਾਤ ਭਾਸ਼ਾ ਵਜੋਂ ਲਾਗੂ ਹੋਈ ਹੈ। ਪੰਜਾਬੀ ਅਦਬੀ ਬੋਰਡ ਦੇ ਪ੍ਰਧਾਨ ਮੁਸ਼ਤਾਕ ਸੂਫੀ ਦਾ ਕਹਿਣਾ ਹੈ ਕਿ ਪੰਜਾਬੀ 'ਤੇ ਪਾਕਿਸਤਾਨ ਦਾ ਹੱਕ ਹੈ, ਇਸ ਨੂੰ ਸਾਥੋਂ ਵੱਖ ਨਹੀਂ ਕੀਤਾ ਜਾ ਸਕਦਾ ਹੈ। ਭਾਸ਼ਾ ਤੇ ਰਾਜਨੀਤੀ 'ਤੇ ਕਈ ਕਿਤਾਬਾਂ ਲਿਖ ਚੁੱਕੇ ਲੇਖਕ ਤਾਰਿਕ ਰਹਿਮਾਨ ਨੇ ਕਿਹਾ ਹੈ ਕਿ ਕੋਈ ਵੀ ਕੌਮ ਆਪਣੀ ਮਾਂ ਬੋਲੀ ਨੂੰ ਭੁੱਲ ਕੇ ਅੱਗੇ ਨਹੀਂ ਵਧ ਸਕਦੀ। ਪੰਜਾਬੀ ਫਿਰ ਲੋਕਾਂ ਨੂੰ ਨੇੜੇ ਲਿਆਉਣ ਦਾ ਕੰਮ ਕਰੇਗੀ ਤੇ ਇਹ ਸਰਕਾਰ ਦਾ ਬੇਹੱਦ ਚੰਗਾ ਫੈਸਲਾ ਹੈ।

### ਪਹਿਲਾਂ ਸਿਆਸਤ ਬਣਦੀ ਰਹੀ ਰੋੜਾ

**ਲਾਹੌਰ:** ਪਾਕਿਸਤਾਨ ਬਣਨ ਵੇਲੇ ਉਰਦੂ ਨੂੰ ਕੌਮੀ ਭਾਸ਼ਾ ਐਲਾਨਿਆ ਗਿਆ ਤੇ ਉਦੋਂ ਤੋਂ ਹੀ ਪੰਜਾਬ ਦੇ ਨਾਲ-ਨਾਲ ਸਿੰਧੀ, ਪਸ਼ਤੋ, ਬਲੋਚੀ ਤੇ ਗੁਜਰਾਤੀ ਆਦਿ ਖੇਤਰੀ ਭਾਸ਼ਾਵਾਂ ਦਾ ਦਮਨ ਸ਼ੁਰੂ ਹੋ ਗਿਆ। ਜਦੋਂ ਕਿ ਇਸ ਤੋਂ ਪਹਿਲਾਂ ਉਰਦੂ ਦੀ ਵਰਤੋਂ ਸਾਹਿਤਕ ਤੌਰ 'ਤੇ ਹੀ ਹੁੰਦੀ ਸੀ। ਇਸ ਤੋਂ ਇਲਾਵਾ ਕੁਝ ਹਿੱਸਿਆਂ ਵਿਚ ਖੇਤਰੀ ਭਾਸ਼ਾਵਾਂ ਲਈ ਲਿੱਪੀ ਵਜੋਂ ਵੀ ਵਰਤੋਂ ਕੀਤੀ ਜਾਂਦੀ ਸੀ। ਪਾਕਿਸਤਾਨ ਵਿਚ ਜ਼ਿਆਦਾਤਰ ਲੋਕ ਪੰਜਾਬੀ ਬੋਲਦੇ ਹਨ, ਪਰ ਲਿਖਦੇ ਪੜ੍ਹਦੇ ਉਰਦੂ ਹੀ ਹਨ। ਪਾਕਿਸਤਾਨ ਪੰਜਾਬ ਦੀ ਬੋਲੀ ਅੰਮ੍ਰਿਤਸਰੀ ਪੰਜਾਬੀ ਵਰਗੀ ਹੈ, ਪਰ ਉਰਦੂ ਦੇ ਪ੍ਰਭਾਵ ਕਰ ਕੇ ਉਹ ਬੱਸ ਬੋਲੀ ਹੀ ਬਣ ਕੇ ਰਹਿ ਗਈ ਹੈ।

**We Do Real Estate in Bay Area & Central Valley**
**We do loans anywhere in California**

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING
Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

ਲਖ ਖੁਸ਼ੀਆ ਪਾਤਿਸ਼ਾਹੀਆ ਜੇ ਸਤਿਗੁਰ ਨਦਰਿ ਕਰੇਇ॥





## ਸ੍ਰੀ ਗੁਰੂ ਰਵਿਦਾਸ ਜੀ ਦੇ 639ਵੇਂ ਆਗਮਨ ਪੁਰਬ 'ਤੇ

# 16ਵਾਂ ਸਾਲਾਨਾ ਮਹਾਨ ਨਗਰ ਕੀਰਤਨ

## 13 ਮਾਰਚ 2016, ਦਿਨ ਐਤਵਾਰ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 639ਵੇਂ ਪ੍ਰਕਾਸ਼ ਦਿਵਸ ਮੌਕੇ ਸੈਕਰਾਮੈਂਟੋ ਵਿਚ 16ਵਾਂ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ 13 ਮਾਰਚ 2016, ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਇਸ ਸਮਾਗਮ ਮੌਕੇ ਪੰਥ ਪ੍ਰਸਿਧ ਰਾਗੀ, ਢਾਡੀ ਅਤੇ ਕਥਾਵਾਚਕ ਸ਼ਬਦ ਕੀਰਤਨ ਅਤੇ ਗੁਰਬਾਣੀ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।

### ਪ੍ਰੋਗਰਾਮ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ: 11 ਮਾਰਚ 2016 (ਸ਼ੁੱਕਰਵਾਰ)-ਸਵੇਰੇ 9 ਵਜੇ
ਨਿਸ਼ਾਨ ਸਾਹਿਬ ਦੀ ਸੇਵਾ: 12 ਮਾਰਚ 2016 (ਸਨਿਚਰਵਾਰ)-ਬਾਅਦ ਦੁਪਹਿਰ 3 ਵਜੇ
ਰੈਣ ਸਬਾਈ ਕੀਰਤਨ ਦਰਬਾਰ: 12 ਮਾਰਚ 2016 (ਸਨਿਚਰਵਾਰ)-ਸ਼ਾਮ 6 ਵਜੇ ਤੋਂ ਸ਼ੁਰੂ ਹੋਵੇਗਾ
ਭੋਗ ਸ੍ਰੀ ਅਖੰਡ ਪਾਠ: 13 ਮਾਰਚ 2016 (ਐਤਵਾਰ)-ਸਵੇਰੇ 9 ਵਜੇ
ਉਪਰੰਤ ਨਗਰ ਕੀਰਤਨ ਅਰੰਭ ਹੋਵੇਗਾ
ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਹੋਵੇਗੀ।
ਨੋਟ: 13 ਮਾਰਚ ਨੂੰ ਸਮਾਂ ਇਕ ਘੰਟਾ ਅੱਗੇ ਹੋ ਜਾਵੇਗਾ।
ਆਪਣੀਆਂ ਗੱਡੀਆਂ ਸਹੀ ਜਗ੍ਹਾ 'ਤੇ ਪਾਰਕ ਕਰੋ ਜੀ।

### ਪਹੁੰਚ ਰਹੇ ਰਾਗੀ ਜਥੇ

-ਭਾਈ ਜਸਬੀਰ ਸਿੰਘ ਖਾਲਸਾ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
-ਭਾਈ ਮਨਪ੍ਰੀਤ ਸਿੰਘ ਚੰਡੀਗੜ੍ਹ ਵਾਲੇ
ਇਸ ਤੋਂ ਇਲਾਵਾ ਪੰਥ ਪ੍ਰਸਿਧ ਕੀਰਤਨੀ ਜਥੇ, ਢਾਡੀ ਜਥੇ, ਕਵੀਸ਼ਰ ਅਤੇ ਕਥਾਵਾਚਕ ਗੁਰਬਾਣੀ ਕੀਰਤਨ, ਸ਼ਬਦ ਵਿਆਖਿਆ ਤੇ ਇਤਿਹਾਸਕ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।



*ਭਾਈ ਜਸਬੀਰ ਸਿੰਘ ਖਾਲਸਾ*

### ਕਮੇਟੀ ਮੈਂਬਰ

ਚੇਅਰਮੈਨ ਜਸਵਿੰਦਰ ਬੰਗਾ 916-796-5003
ਵਾਈਸ ਚੇਅਰਮੈਨ ਦਰਸ਼ਨ ਵਿਰਕ 916-228-0540
ਪ੍ਰਧਾਨ ਜੋਗਿੰਦਰ ਚੁੰਬਰ 916-582-1611
ਮੀਤ ਪ੍ਰਧਾਨ ਸਤਨਾਮ ਮੰਢਾਲੀ 916-803-0108
ਮੀਤ ਪ੍ਰਧਾਨ ਬਲਵਿੰਦਰ ਰੱਲ੍ਹ 916-425-2707
ਸਟੇਜ ਸਕੱਤਰ ਜੀਵਨ ਰੱਤੂ 916-256-9393
ਸਟੇਜ ਸਕੱਤਰ ਰਾਜ ਕੁਮਾਰ ਸੂਦ 916-698-3806
ਆਫਿਸ ਸੈਕਟਰੀ ਰਾਜ ਬੱਧਣ 916-601-3842
ਕੈਸ਼ੀਅਰ ਇੰਦਰਜੀਤ ਪਡਵੱਗਾ 916-276-2538
ਕੈਸ਼ੀਅਰ ਸੁਰਿੰਦਰ ਮੱਲ 916-849-8530
ਕੈਸ਼ੀਅਰ ਮਨਜੀਤ ਭਾਰਦਵਾਜ 916-743-5012
ਲੋਕ ਸੰਪਰਕ ਸਕੱਤਰ ਜਸਵੰਤ ਸ਼ੀਮਾਰ 916-293-6030
ਮੇਂਟੀਨੈਂਸ ਇੰਚਾਰਜ ਕਰਨੈਲ ਵਿਰਕ 916-267-8774
ਮਨਜੀਤ ਪਾਲ 916-834-9371
ਕਿਚਨ ਮੈਨੇਜਰ ਮਹਿੰਦਰ ਧਾਮੀ 916-470-9163

*ਨੋਟ: ਲੰਗਰ ਸਟਾਲ ਸਬੰਧੀ ਅਵਤਾਰ ਸੰਧੂ ਨਾਲ ਫੋਨ: 916-717-4223 ਅਤੇ ਦੁਕਾਨਾਂ ਸਬੰਧੀ ਹਰਬੰਸ ਰੱਲ੍ਹ ਨਾਲ ਫੋਨ: 916-617-8544 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।*

### ਲੜੀਵਾਰ ਅਖੰਡ ਪਾਠਾਂ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ: 4 ਮਾਰਚ 2016 (ਸ਼ੁੱਕਰਵਾਰ)
ਭੋਗ ਸ੍ਰੀ ਅਖੰਡ ਪਾਠ: 6 ਮਾਰਚ 2016 (ਐਤਵਾਰ)
ਅਖੰਡ ਪਾਠ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਵਲੋਂ ਹੋਵੇਗੀ।

ਅਰੰਭ ਸ੍ਰੀ ਅਖੰਡ ਪਾਠ: 11 ਮਾਰਚ 2016 (ਸ਼ੁੱਕਰਵਾਰ)
ਭੋਗ ਸ੍ਰੀ ਅਖੰਡ ਪਾਠ: 13 ਮਾਰਚ 2016 (ਐਤਵਾਰ)
ਅਖੰਡ ਪਾਠ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ ਅਤੇ ਸਮੂਹ ਸੰਗਤ ਵਲੋਂ ਹੋਵੇਗੀ।

*ਨਗਰ ਕੀਰਤਨ ਦੌਰਾਨ ਜਾਂ ਗੁਰੂ ਘਰ ਵਿਖੇ ਕਿਸੇ ਵੀ ਤਰ੍ਹਾਂ ਦੀ ਸੇਵਾ ਕਰਨ ਲਈ ਸੰਪਰਕ ਕਰੋ: ਗੁਰੂ ਘਰ 916-992-1710, ਜੱਸੀ ਬੰਗਾ 916-796-5003, ਜੋਗਿੰਦਰ ਚੁੰਬਰ 916-582-1611, ਦਰਸ਼ਨ ਵਿਰਕ 916-228-0540, ਬਲਵਿੰਦਰ ਰੱਲ੍ਹ 916-425-2705, ਸਤਨਾਮ ਮੰਢਾਲੀ 916-803-0108, ਜਸਵੰਤ ਜੱਸੀ ਸ਼ੀਮਾਰ 916-293-6030 ਹੋਰ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਭਾਈ ਨਿਰਮਲ ਸਿੰਘ ਤੇ ਭਾਈ ਜਸਪਾਲ ਸਿੰਘ (916-992-1710) ਜਾਂ ਜੋਅ ਚੁੰਬਰ (916-582-1611) ਨਾਲ ਸੰਪਰਕ ਕਰੋ ਜੀ*

# ਨਹਿਰ ਬਾਰੇ ਪੰਜਾਬ ਦੇ ਇਤਰਾਜ਼ਾਂ ‘ਤੇ ਫਿਰਿਆ ਪਾਣੀ

**ਨਵੀਂ ਦਿੱਲੀ:** ਦਰਿਆਈ ਪਾਣੀਆਂ ਸਬੰਧੀ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ-2004 ਬਾਰੇ ਰਾਸ਼ਟਰਪਤੀ ਵੱਲੋਂ ਮੰਗੇ ਸਪਸ਼ਟੀਕਰਨ ਉਤੇ ਸੁਣਵਾਈ ਲਈ ਬਣਾਈ ਪੰਜ ਮੈਂਬਰੀ ਸੰਵਿਧਾਨਕ ਬੈਂਚ ਵਿਚ ਜਸਟਿਸ ਆਦਰਸ਼ ਕੁਮਾਰ ਗੋਇਲ ਜੋ ਹਰਿਆਣਾ ਨਾਲ ਸਬੰਧਤ ਹਨ, ਨੂੰ ਸ਼ਾਮਲ ਕੀਤੇ ਜਾਣ ਬਾਰੇ ਪੰਜਾਬ ਸਰਕਾਰ ਦੇ ਇਤਰਾਜ਼ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੇ ਹਨ। ਇਸ ਤੋਂ ਇਲਾਵਾ ਕੇਂਦਰ ਨੇ ਇਕ ਵਾਰ ਫਿਰ ਝਟਕਾ ਦਿੰਦਿਆਂ ਗੁਆਂਢੀ ਸੂਬਿਆਂ, ਖਾਸ ਕਰ ਕੇ ਹਰਿਆਣਾ ਨੂੰ ਰਾਵੀ, ਬਿਆਸ ਤੇ ਸਤਲੁਜ ਦਾ ਪਾਣੀ ਦੇਣ ਬਾਰੇ ਸਾਰੇ ਸਮਝੌਤੇ ਰੱਦ ਕਰਨ ਵਾਲੇ ਇਸ ਕਾਨੂੰਨ ਪਿੱਛੇ ਪੰਜਾਬ ਦੇ ਤਰਕ ‘ਤੇ ਸਵਾਲ ਕੀਤਾ। ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਰਣਜੀਤ ਕੁਮਾਰ ਨੇ ਦਲੀਲ ਦਿੱਤੀ ਕਿ ਸਮਝੌਤੇ ਤੋੜਨ ਦੀ ਬਜਾਏ ਜੇ ਪੰਜਾਬ ਨੂੰ ਲੱਗਦਾ ਹੈ ਕਿ ਪਾਣੀ ਘਟ ਰਿਹਾ ਹੈ ਤਾਂ ਉਹ ਪਹਿਲਾਂ ਸਮਝੌਤੇ ਅਨੁਸਾਰ ਗੁਆਂਢੀ ਸੂਬਿਆਂ ਦਾ ਪਾਣੀ ਦਾ ਹਿੱਸਾ ਘਟਾ ਦੇਵੇ।

ਪੰਜਾਬ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਰਾਮ ਜੇਠਮਲਾਨੀ ਨੂੰ ਬੈਂਚ ਮੁਖੀ ਜਸਟਿਸ ਅਨਿਲ ਆਰ ਦਵੇ ਨੇ ਦੱਸਿਆ, “ਅਸੀਂ ਇਹ ਅਰਜ਼ੀ ਰੱਦ ਕਰ ਰਹੇ ਹਾਂ। ਮੈਂ ਆਪਣੇ ਗ੍ਰਹਿ ਸੂਬੇ ਗੁਜਰਾਤ ਨਾਲ ਸਬੰਧਤ ਕਈ ਕੇਸਾਂ ਦੇ ਫ਼ੈਸਲੇ ਸੁਣਾਏ ਹਨ। ਇਸ ਤੋਂ ਇਲਾਵਾ ਹੋਰ ਜੱਜਾਂ ਵੱਲੋਂ ਵੀ ਆਪਣੇ ਗ੍ਰਹਿ ਰਾਜਾਂ ਵਾਲੇ ਕੇਸਾਂ ਨੂੰ ਸੁਣਵਾਈ ਲਈ ਲਿਆ ਜਾਂਦਾ ਹੈ।” ਸ੍ਰੀ ਜੇਠਮਲਾਨੀ ਨੇ ਦਲੀਲ ਦਿੱਤੀ ਕਿ ਪੰਜਾਬ ਚਾਹੁੰਦਾ ਹੈ ਕਿ ਜਸਟਿਸ ਗੋਇਲ ਇਸ ਕੇਸ ਨਾਲੋਂ ਆਪਣੇ ਆਪ ਨੂੰ ਵੱਖ ਕਰ ਲੈਣ ਕਿਉਂਕਿ ਇਸ ਸੰਵੇਦਨਸ਼ੀਲ ਕੇਸ ਨਾਲੋਂ ਛੇ ਜਸਟਿਸ ਆਪਣੇ ਆਪ ਨੂੰ ਵੱਖ ਕਰ ਚੁੱਕੇ ਹਨ ਅਤੇ ਜਸਟਿਸ ਗੋਇਲ ਇਸ ਕੇਸ ਨਾਲ ਸਬੰਧਿਤ ਸੂਬੇ ਤੋਂ ਹਨ। ਪੰਜਾਬ ਦੀ ਅਰਜ਼ੀ ਵਿਚ ਛੇ ਜੱਜਾਂ ਜਸਟਿਸ ਜੇ.ਐਸ. ਖੇਹਰ, ਐਚ.ਐਲ. ਦੱਤੂ, ਐਸ.ਐਸ. ਨਿੱਜਰ, ਜੇ. ਚੇਲਮੇਸ਼ਵਰ, ਐਨ.ਵੀ. ਰਾਮੱਨਾ ਅਤੇ ਕੁਰੀਅਨ ਜੋਜ਼ੇਫ ਦੇ ਨਾਂ ਸ਼ਾਮਲ ਸਨ। ਸ੍ਰੀ ਜੇਠਮਲਾਨੀ ਦੀ ਦਲੀਲ ਸੀ ਕਿ ਇਨ੍ਹਾਂ ਸਾਰੇ ਜੱਜਾਂ ਨੇ ਆਪਣੇ ਆਪ ਨੂੰ ਇਸ ਕੇਸ ਨਾਲੋਂ ਵੱਖ ਕਰ ਲਿਆ ਸੀ ਕਿਉਂਕਿ ਉਹ ਕਿਸੇ ਵੀ ਸੂਬੇ ਨੂੰ ਇਤਰਾਜ਼ ਕਰਨ ਦਾ ਮੌਕਾ ਨਹੀਂ ਦੇਣਾ ਚਾਹੁੰਦੇ ਸਨ।

# ਜੇ.ਐਨ.ਯੂ. ਵਿਵਾਦ: ਤਿੰਨ ਚੈਨਲਾਂ ਖ਼ਿਲਾਫ਼ ਕੇਸ ਚੱਲੇਗਾ

**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਜੇ.ਐਨ.ਯੂ. ਦੇ ਵਿਵਾਦਤ ਸਮਾਗਮ ਦੀ ਮੈਜਿਸਟਰੇਟੀ ਜਾਂਚ ਦੇ ਆਧਾਰ ‘ਤੇ ਤਿੰਨ ਖ਼ਬਰ ਚੈਨਲਾਂ ਖ਼ਿਲਾਫ਼ ਕੇਸ ਦਰਜ ਕਰਾਉਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਚੈਨਲਾਂ ‘ਤੇ ਇਸ ਸਮਾਗਮ ਦੀਆਂ ਛੇੜ-ਛਾੜ ਵਾਲੀ ਫੁਟੇਜ ਚਲਾਉਣ ਦਾ ਦੋਸ਼ ਹੈ। ਸੂਤਰਾਂ ਮੁਤਾਬਕ ਨਵੀਂ ਦਿੱਲੀ ਦੇ ਜ਼ਿਲ੍ਹਾ ਮੈਜਿਸਟਰੇਟ ਸੰਜੈ ਕੁਮਾਰ ਦੀ ਰਿਪੋਰਟ ਦੇ ਆਧਾਰ ਉਤੇ ਸਰਕਾਰ ਦੀ ਕਾਨੂੰਨੀ ਟੀਮ ਨੇ ਤਿੰਨ ਚੈਨਲਾਂ, ਜਿਨ੍ਹਾਂ ਦੇ ਨਾਂ ਗੁਪਤ ਰੱਖੇ ਗਏ ਹਨ, ਖ਼ਿਲਾਫ਼ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦੇ ਦਿੱਤਾ ਹੈ।

ਸਰਕਾਰ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਜੇ.ਐਨ.ਯੂ. ਦੇ ਵਿਦਿਆਰਥੀ ਆਗੂ ਕਨ੍ਹੱਈਆ ਕੁਮਾਰ ਦੇ ਭਾਸ਼ਣ ਨਾਲ ਛੇੜ-ਛਾੜ ਵਾਲੀ ਵੀਡੀਓ ਚਲਾਉਣ ਵਾਲੇ ਇਨ੍ਹਾਂ ਤਿੰਨ ਚੈਨਲਾਂ ਖ਼ਿਲਾਫ਼ ਦਿੱਲੀ ਸਰਕਾਰ ਨੇ ਆਪਣੀ ਲੀਗਲ ਟੀਮ ਨੂੰ ਅਪਰਾਧਕ ਕੇਸ ਦਰਜ ਕਰਾਉਣ ਦਾ ਹੁਕਮ ਦਿੱਤਾ ਹੈ। ਇਸ ਤੋਂ ਪਹਿਲਾਂ ਸੀ.ਪੀ.ਆਈ. (ਐਮ.) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਅਤੇ ਜੇ.ਡੀ. (ਯੂ.) ਦੇ ਆਗੂ ਕੇ.ਸੀ. ਤਿਆਗੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰ ਕੇ ਛੇੜਛਾੜ ਵਾਲੀ ਵੀਡੀਓ ਚਲਾਉਣ ਵਾਲੇ ਚੈਨਲਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ।

ਜ਼ਿਕਰਯੋਗ ਹੈ ਕਿ ਭਾਰਤ ਵਿਰੋਧੀ ਨਾਅਰੇ ਲਗਾਉਣ ਦੇ ਦੋਸ਼ ਵਿਚ ਕਨ੍ਹੱਈਆ ਕੁਮਾਰ ਅਤੇ ਦੋ ਹੋਰ ਵਿਦਿਆਰਥੀਆਂ ਉਮਰ ਖਾਲਿਦ ਤੇ ਅਨਿਰਬਨ ਭੱਟਾਚਾਰੀਆ ਖ਼ਿਲਾਫ਼ ਦੇਸ਼ ਧਰੋਹ ਦੇ ਕੇਸ ਦਰਜ ਕੀਤੇ ਗਏ ਸਨ। ਕਨ੍ਹੱਈਆ ਨੂੰ ਪਿਛਲੇ ਹਫ਼ਤੇ ਅੰਤ੍ਰਿਮ ਜ਼ਮਾਨਤ ਮਿਲ ਗਈ ਸੀ ਜਦੋਂ ਕਿ ਖਾਲਿਦ ਤੇ ਅਨਿਰਬਨ ਤਿਹਾੜ ਜੇਲ੍ਹ ਵਿਚ ਹਨ।

# ਭਾਜਪਾ ਵੱਲੋਂ ਸਿੱਧੂ ਨੂੰ ਸ਼ਿੰਗਾਰਨ ਦੀ ਤਿਆਰੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਨੇ ‘ਨਜ਼ਰਅੰਦਾਜ਼’ ਕੀਤੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਕੋਈ ਅਹਿਮ ਅਹੁਦਾ ਦੇਣ ਦੀ ਤਿਆਰੀ ਕਰ ਲਈ ਹੈ। ਸੰਭਾਵਨਾ ਹੈ ਕਿ ਉਨ੍ਹਾਂ ਨੂੰ ਪੰਜਾਬ ਤੋਂ ਰਾਜ ਸਭਾ ਮੈਂਬਰ ਨਾਮਜ਼ਦ ਕਰ ਦਿੱਤਾ ਜਾਵੇ। ਸੂਤਰਾਂ ਅਨੁਸਾਰ, ਇਹ ਕਦਮ ਆਮ ਆਦਮੀ ਪਾਰਟੀ ਵੱਲੋਂ ਸ੍ਰੀ ਸਿੱਧੂ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਲਈ ਚੁੱਕਿਆ ਜਾ ਰਿਹਾ ਹੈ।

ਭਾਜਪਾ ਦੇ ਉਚ ਪੱਧਰੀ ਸੂਤਰਾਂ ਅਨੁਸਾਰ, ਕੇਂਦਰੀ ਲੀਡਰਸ਼ਿਪ ਸ੍ਰੀ ਸਿੱਧੂ ਨੂੰ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਜੋ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਵੀ ਹਨ, ਦੀ ਥਾਂ ਰਾਜ ਸਭਾ ਦਾ ਮੈਂਬਰ ਬਣਵਾ ਰਹੀ ਹੈ।

# ਘੁਸਪੈਠ ਮਾਮਲੇ ਵਿਚ ਟੁੰਡਾ ਬਰੀ

**ਨਵੀਂ ਦਿੱਲੀ:** ਲਸ਼ਕਰ-ਏ-ਤੋਇਬਾ ਦੇ ਸ਼ੱਕੀ ਬੰਬ ਮਾਹਿਰ ਅਬਦੁੱਲ ਕਰੀਮ ਟੁੰਡਾ (74) ਤੇ ਤਿੰਨ ਹੋਰਨਾਂ ਨੂੰ ਦਿੱਲੀ ਦੀ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਇਨ੍ਹਾਂ ਉਤੇ ਪਾਕਿਸਤਾਨੀ ਤੇ ਬੰਗਲਾਦੇਸ਼ੀ ਦਹਿਸ਼ਤਗਰਦਾਂ ਨੂੰ 1997 ਵਿਚ ਭਾਰਤ ਅੰਦਰ ਦਹਿਸ਼ਤੀ ਹਮਲਿਆਂ ਲਈ ਘੁਸਪੈਠ ਕਰਾਉਣ ਦਾ ਦੋਸ਼ ਲੱਗਾ ਸੀ।

# ਮੋਦੀ ਸਰਕਾਰ ਨੇ ਪੀ.ਐਫ਼. ਬਾਰੇ ਫੈਸਲਾ ਵਾਪਸ ਲਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਮੁਲਾਜ਼ਮਾਂ ਵੱਲੋਂ ਆਪਣਾ ਪ੍ਰਾਵੀਡੈਂਟ ਫੰਡ ਕਢਵਾਉਣ ਸਮੇਂ ਇਸ ਰਕਮ ਉਤੇ ਟੈਕਸ ਲਾਉਣ ਦੀ ਆਮ ਬਜਟ ਵਿਚ ਕੀਤੀ ਗਈ ਤਜਵੀਜ਼ ਨੂੰ ਚੌਤਰਫ਼ਾ ਵਿਰੋਧ ਦੇ ਮੱਦੇਨਜ਼ਰ ਵਾਪਸ ਲੈ ਲਿਆ। ਇਹ ਐਲਾਨ ਵਿੱਤ ਮੰਤਰੀ ਅਰੁਣ ਜੇਤਲੀ ਨੇ ਲੋਕ ਸਭਾ ਵਿਚ ਕੀਤਾ।

ਸ੍ਰੀ ਜੇਤਲੀ ਨੇ ਕਿਹਾ ਕਿ ਨਾ ਸਿਰਫ਼ ਸਰਕਾਰ ਨੇ ਪੀ.ਐਫ਼. ਨਿਕਾਸੀ ਉਤੇ ਟੈਕਸ ਲਾਉਣ ਦੀ ਤਜਵੀਜ਼ ਵਾਪਸ ਲੈ ਲਈ ਹੈ, ਸਗੋਂ ਰੁਜ਼ਗਾਰਦਾਤਾਵਾਂ ਲਈ ਪ੍ਰਾਵੀਡੈਂਟ ਫੰਡ ਤੇ ਸੇਵਾ ਮੁਕਤੀ ਫੰਡ ਵਿਚ ਯੋਗਦਾਨ ਪਾਉਣ ਲਈ ਟੈਕਸ ਰਿਆਇਤਾਂ ਲੈਣ ਵਾਸਤੇ ਮਿਥੀ ਗਈ 1.5 ਲੱਖ ਰੁਪਏ ਦੀ ਹੱਦ ਵੀ ਹਟਾ ਦਿੱਤੀ ਹੈ। ਉਂਜ, ਸ੍ਰੀ ਜੇਤਲੀ ਨੇ ਕੌਮੀ ਪੈਨਸ਼ਨ ਸਕੀਮ (ਐਨ.ਪੀ.ਐਸ.) ਤੇ ਈ.ਪੀ.ਐਫ਼.ਓ. ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਲਈ ਦਿੱਤੀ ਗਈ 40 ਫ਼ੀਸਦੀ ਟੈਕਸ ਛੋਟ ਦੀ ਤਜਵੀਜ਼ ਨੂੰ ਨਹੀਂ ਛੇੜਿਆ।

ਗ਼ੌਰਤਲਬ ਹੈ ਕਿ 2016-17 ਲਈ ਪੇਸ਼ ਬਜਟ ਦੌਰਾਨ ਵਿੱਤ ਮੰਤਰੀ ਨੇ ਪਹਿਲੀ ਅਪਰੈਲ, 2016 ਤੋਂ ਬਾਅਦ ਮੁਲਾਜ਼ਮਾਂ ਵੱਲੋਂ ਕੀਤੇ ਜਾਣ ਵਾਲੇ ਪੀ.ਐਫ਼. ਯੋਗਦਾਨ ਨੂੰ ਕਢਵਾਏ ਜਾਣ ਸਮੇਂ ਇਸ ਦੇ 60 ਫ਼ੀਸਦੀ ਹਿੱਸੇ ਉਤੇ ਟੈਕਸ ਲਾਉਣ ਦੀ ਤਜਵੀਜ਼ ਕੀਤੀ ਸੀ। ਉਨ੍ਹਾਂ ਨੇ ਇਸ ਰਕਮ ਨੂੰ ਸਾਲਾਨਾ ਪੈਨਸ਼ਨ ਸਕੀਮ ’ਚ ਨਿਵੇਸ਼ ਕੀਤੇ ਜਾਣ ਦੀ ਸੂਰਤ ਵਿਚ ਆਮਦਨ ਕਰ ਤੋਂ ਛੋਟ ਦੇਣ ਦੀ ਗੱਲ ਕਹੀ ਸੀ, ਪਰ ਇਸ ਤਜਵੀਜ਼ ਦਾ ਫ਼ੌਰੀ ਤੌਰ ‘ਤੇ ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਤੇ ਸਿਆਸੀ ਪਾਰਟੀਆਂ ਵੱਲੋਂ ਜ਼ੋਰਦਾਰ ਵਿਰੋਧ ਸ਼ੁਰੂ ਹੋ ਗਿਆ।

# ਕੈਪਟਨ ਵੱਲੋਂ ਕੇਜਰੀਵਾਲ ਨੂੰ ਚੁਣੌਤੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਵਿਚ ਆਪਣੇ ਖ਼ਿਲਾਫ਼ ਚੋਣ ਲੜਨ ਦੀ ਚੁਣੌਤੀ ਦਿੱਤੀ ਹੈ। ਕੈਪਟਨ ਨੇ ਆਖਿਆ ਕਿ ਕੇਜਰੀਵਾਲ ਕਿਸੇ ਵੀ ਸੀਟ ਤੋਂ ਪੰਜਾਬ ਵਿਚ ਚੋਣ ਲੜ ਸਕਦੇ ਹਨ ਅਤੇ ਉਸੇ ਸੀਟ ਤੋਂ ਉਹ ਚੋਣ ਲੜਨ ਲਈ ਤਿਆਰ ਹਨ।



ਰਾਜਪੁਰਾ ਨੇੜੇ ਘਨੌਰ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਪੰਜਾਬ ਦੀ ਮੈਦਾਨੀ ਸਥਿਤੀ ਬਾਰੇ ਕੇਜਰੀਵਾਲ ਨੂੰ ਉਦੋਂ ਪਤਾ ਲੱਗੇਗਾ ਜਦੋਂ ਉਹ ਇਥੋਂ ਚੋਣ ਲੜਨਗੇ। ਉਨ੍ਹਾਂ ਪਾਣੀਆਂ ਦੇ ਮੁੱਦੇ ਉਤੇ ਵੀ ਕੇਜਰੀਵਾਲ ਨੂੰ ਘੇਰਿਆ ਅਤੇ ਆਪਣਾ ਸਟੈਂਡ ਸਪਸ਼ਟ ਕਰਨ ਲਈ ਆਖਿਆ। ਉਨ੍ਹਾਂ ਆਖਿਆ ਕਿ ਆਮ ਆਦਮੀ ਪਾਰਟੀ ਤੋਂ ਆਪਣੇ ਚਾਰ ਲੋਕ ਸਭਾ ਮੈਂਬਰ ਤਾਂ ਸੰਭਾਲੇ ਨਹੀਂ ਗਏ, ਪਾਰਟੀ 117 ਹਲਕਿਆਂ ਨੂੰ ਕਿਵੇਂ ਸੰਭਾਲੇਗੀ? ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦਾ ਪੰਜਾਬ ਵਿਚ ਕੋਈ ਭਵਿੱਖ ਨਹੀਂ। ਉਨ੍ਹਾਂ ਅਨੁਸਾਰ ਦਿੱਲੀ ਵਿਚ ਆਮ ਆਦਮੀ ਪਾਰਟੀ ਦੇ 67 ਵਿਧਾਇਕਾਂ ਵਿਚੋਂ 21 ਖ਼ਿਲਾਫ਼ ਕੇਸ ਦਰਜ ਹਨ ਅਤੇ ਇਨ੍ਹਾਂ ਵਿਚੋਂ ਅੱਠ ਜੇਲ੍ਹ ਵਿਚ ਬੰਦ ਹਨ।

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ ‘ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

# ਗੁਰਦੁਆਰਾ ਫਰੀਮਾਂਟ ਦਾ ਇਤਿਹਾਸਕ ਪਿਛੋਕੜ

ਅਸੀਂ ਸੰਗਤ ਦੇ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ ਕਿ ਅੱਜ ਤੋਂ 40 ਸਾਲ ਪਹਿਲਾਂ ਕਿਵੇਂ ਇਹ ਗੁਰਦੁਆਰਾ ਸਾਹਿਬ ਹੋਂਦ ਵਿਚ ਆਇਆ। ਅੱਜ ਇਹ ਗੱਲ ਦੇਖ ਕੇ ਦੁੱਖ ਹੁੰਦਾ ਹੈ ਕਿ ਕਿਵੇਂ ਸਹਿਜਧਾਰੀ/ਕੇਸਾਧਾਰੀ ਸਿੱਖਾਂ ਨੂੰ ਸਿੱਖ ਹੀ ਨਹੀਂ ਸਮਝਿਆ ਜਾਂਦਾ ਜਦੋਂ ਕਿ ਇਸ ਗੁਰਦੁਆਰਾ ਸਾਹਿਬ ਨੂੰ ਬਣਾਉਣ ਵਾਲੇ ਸਹਿਜਧਾਰੀ ਸਿੱਖ ਹੀ ਸਨ। ਉਸ ਸਮੇਂ ਤਾਂ ਪਗੜੀ ਵਾਲਾ ਸਿੱਖ ਵੀ ਕੋਈ ਟਾਵਾਂ-ਟਾਵਾਂ ਹੀ ਸੀ। ਯਕੀਨ ਕਰਨਾ, ਉਸ ਵੇਲੇ ਘੱਟੋ ਘੱਟ ਉਜਰਤ 2 ਡਾਲਰ ਘੰਟਾ ਹੁੰਦੀ ਸੀ। ਉਸ ਵੇਲੇ ਸੰਗਤਾਂ ਨੇ ਆਪਣਾ ਢਿੱਡ ਬੰਨ ਕੇ ਇਸ ਗੁਰੂ ਘਰ ਦੀ ਉਸਾਰੀ ਵਿਚ ਯਥਾਸ਼ਕਤੀ ਯੋਗਦਾਨ ਪਾਇਆ।

ਭਾਵੇਂ ਸੈਨ ਫਰਾਂਸਿਸਕੋ ਬੇ ਏਰੀਏ ਵਿਚ ਇੱਕ ਗੁਰਦੁਆਰਾ ਸਾਹਿਬ ਬਣਾਉਣ ਦੀ ਲੋੜ ਨੂੰ ਕਈ ਸਾਲਾਂ ਤੋਂ ਮਹਿਸੂਸ ਕੀਤਾ ਜਾ ਰਿਹਾ ਸੀ, ਪਰ ਇਸ ਦੀ ਉਸਾਰੀ ਲਈ ਠੋਸ ਕਦਮ 1976 ਦੇ ਅਖੀਰ ਵਿਚ ਸ਼ੁਰੂ ਕੀਤੇ ਗਏ। ਅੱਜ ਦੇ ਮੁਕਾਬਲੇ ਉਸ ਵੇਲੇ ਸਿੱਖ ਭਾਈਚਾਰੇ ਦੀ ਗਿਣਤੀ ਬਹੁਤ ਘੱਟ ਸੀ ਅਤੇ ਇਹ ਬਹੁਤ ਦੂਰ ਦੂਰ ਤੱਕ ਫੈਲੀ ਹੋਈ ਸੀ।

ਭਾਰੀ ਮੁਸ਼ਕਲਾਂ ਸਾਹਮਣੇ ਹੋਣ ਦੇ ਬਾਵਜੂਦ ਇੱਕ ਛੋਟੇ ਜਿਹੇ ਗਰੁਪ ਨੇ ਹਿੰਮਤ ਕੀਤੀ ਅਤੇ ਯੂਨੀਅਨ ਸਿਟੀ ਵਿਚ ਹਰਦੇਵ ਸਿੰਘ ਗਰੇਵਾਲ ਦੇ ਘਰ 25 ਦਸੰਬਰ 1976 ਨੂੰ ਇਕੱਠੇ ਹੋਏ। ਬਿਨਾ ਕਿਸੇ ਵੀ ਝਿਜਕ ਦੇ ਹਰ ਇਕ ਨੇ Tri-City ਖੇਤਰ ਵਿਚ ਇੱਕ ਗੁਰਦੁਆਰਾ ਸਾਹਿਬ ਹੋਣ ਦੇ ਵਿਚਾਰ ਨੂੰ ਸਮਰਥਨ ਦਿੱਤਾ। ਇਸ ਜੋਸ਼ ਸਦਕਾ ਤੁਰੰਤ ਪੈਸੇ ਇਕੱਠੇ ਕਰਨ ਦਾ ਫੈਸਲਾ ਕੀਤਾ ਗਿਆ। ਅਰਦਾਸ ਕਰਨ ਤੋਂ ਬਾਅਦ, ਹਰ ਇੱਕ ਹਾਜਰ ਵਿਅਕਤੀ ਨੇ 1000 ਡਾਲਰ ਦਾ ਇੱਕ ਨਿਜੀ ਚੈਕ ਦਿੱਤਾ। ਇਸ ਇਤਿਹਾਸਕ ਮੌਕੇ ਕੇਵਲ ਸਿੰਘ ਬੈਂਸ, ਅਜੀਤ ਸਿੰਘ ਚੱਠਾ, ਸਤਨਾਮ ਸਿੰਘ ਢਾਅ, ਬਖਸ਼ੀਸ਼ ਸਿੰਘ ਧੁੱਗਾ, ਤ੍ਰਿਲੋਚਨ ਸਿੰਘ ਦੁਸਾਂਝ, ਸੁਖਬੀਰ ਪਾਲ ਸਿੰਘ ਗਿੱਲ, ਤ੍ਰਿਭਵਨ ਸਿੰਘ ਗਿੱਲ, ਹਰਦੇਵ ਸਿੰਘ ਗਰੇਵਾਲ, ਪਰਮਜੀਤ ਸਿੰਘ ਸੰਧੂ ਅਤੇ ਤਰਲੋਚਨ ਸਿੰਘ ਸੰਧੂ ਹਾਜ਼ਰ ਸਨ।

ਇਸ ਗਰੁਪ ਨੇ ਤੁਰੰਤ ਭਾਈਚਾਰੇ ਤੋਂ ਫੰਡ ਉਗਰਾਹੁਣ ਲਈ ਕਮਰਕੱਸੇ ਕਸ ਲਏ। ਇਸ ਮੁਹਿੰਮ ਨੂੰ ਕਾਫੀ ਹੁਲਾਰਾ ਮਿਲਿਆ ਅਤੇ ਹੋਰ ਬਹੁਤ ਲੋਕ ਦਾਨ ਇਕੱਠਾ ਕਰਨ ਵਿਚ ਜੁਟ ਗਏ ਅਤੇ ਕੈਲੀਫੋਰਨੀਆ ਦੇ ਘਰ ਘਰ ਤੱਕ ਪਹੁੰਚ ਕੀਤੀ। ਸੰਗਤ ਨੇ ਖੁਸ਼ੀ ਖੁਸ਼ੀ ਨਿੱਘੀ ਮੁਸਕਾਨ ਅਤੇ ਖੁੱਲ੍ਹੇ ਦਿਲ ਨਾਲ ਇਸ ਵਿਚ ਆਪਣਾ ਯੋਗਦਾਨ ਪਾਇਆ। ਤਿੰਨ ਮਹੀਨੇ ਦੀ ਸਖਤ ਮਿਹਨਤ ਸਦਕਾ ਇੱਕ ਤਿੰਨ-ਏਕੜ ਦਾ ਪਾਰਸਲ ਮਾਰਚ 1977 ਵਿਚ 63,000 ਡਾਲਰ ਵਿਚ ਖਰੀਦਿਆ ਗਿਆ। ਇਸ ਦੇ ਨਾਲ ਲੱਗਦਾ 2 ਏਕੜ ਪਾਰਸਲ ਵੀ 1984 ਵਿਚ ਖਰੀਦਿਆ ਗਿਆ। ਇਹ ਓਹੀ ਪੰਜ ਏਕੜ ਜਗ੍ਹਾ ਹੈ ਜਿਸ 'ਤੇ ਮੌਜੂਦਾ ਗੁਰਦੁਆਰਾ ਸਾਹਿਬ ਕੰਪਲੈਕਸ ਬਣਿਆ ਹੋਇਆ ਹੈ।

ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਪਹਿਲੀ ਜੁਲਾਈ 1979 ਨੂੰ ਰੱਖਿਆ ਗਿਆ ਸੀ ਅਤੇ ਇਸ ਦਾ ਉਦਘਾਟਨ 11 ਮਈ 1986 ਨੂੰ ਕੀਤਾ ਗਿਆ।

ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਮਾਣ ਸ. ਦੀਦਾਰ ਸਿੰਘ ਬੈਂਸ ਜੋ ਕਿ ਆਪਣੇ ਭਾਈਚਾਰੇ ਵਿਚ ਜਾਣੇ-ਪਹਿਚਾਣੇ ਕਿਸਾਨ ਅਤੇ ਸਮਾਜ ਸੇਵੀ ਹਨ, ਦੇ ਹਿੱਸੇ ਆਇਆ। ਇਸ ਮੌਕੇ ਸ. ਦੀਦਾਰ ਸਿੰਘ ਵਲੋਂ 63,000 ਡਾਲਰ ਦੀ ਕੀਮਤ ਦਾ ਨਾਲ ਲਗਦਾ 3 ਏਕੜ ਦਾ ਪਾਰਸਲ ਲੈ ਕੇ ਸੰਗਤ ਨੂੰ ਤੋਹਫ਼ੇ ਵਜੋਂ ਦਿੱਤਾ ਗਿਆ (ਇਸ ਦੀ ਕੀਮਤ ਅੱਜ ਮਿਲੀਅਨ ਡਾਲਰ ਤੋਂ ਵੀ ਉਪਰ ਹੈ)।

ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਗੁਰਦੁਆਰਾ ਸਾਹਿਬ ਦੇ ਪਹਿਲੇ ਪੜਾਅ ਦੀ ਉਸਾਰੀ, ਜਿਸ ਵਿਚ ਦਰਬਾਰ ਹਾਲ, ਰਸੋਈ, ਲਾਇਬਰੇਰੀ, ਦਫ਼ਤਰ, ਮਹਿਮਾਨ ਕਮਰੇ, ਇਸ਼ਨਾਨ ਘਰ , ਪਾਰਕਿੰਗ, ਲੈਂਡ ਸਕੇਪਿੰਗ, ਜ਼ਮੀਨਦੋਜ਼ ਬਿਜਲੀ ਅਤੇ ਪਾਣੀ ਦੀ ਸਪਲਾਈ ਸ਼ਾਮਲ ਹੈ, ਨੀਂਹ ਪੱਥਰ ਰੱਖਣ ਦੇ ਸਿਰਫ 10 ਮਹੀਨੇ ਦੇ ਅੰਦਰ-ਅੰਦਰ ਪੂਰਾ ਕੀਤਾ ਗਿਆ ਸੀ।

ਗੁਰੂਘਰ ਦੀ ਉਸਾਰੀ ਪੂਰੀ ਹੋਣ ਉਪਰੰਤ ਇਸ ਦਾ ਉਦਘਾਟਨ ਬਹੁਤ ਹੀ ਸਤਿਕਾਰਯੋਗ ਸਵਰਗਵਾਸੀ ਸ. ਰਣਜੀਤ ਸਿੰਘ ਸੱਭਰਵਾਲ, ਜੋ ਕੈਲੀਫ਼ੋਰਨੀਆ ਸਟੇਟ ਯੂਨੀਵਰਸਿਟੀ, ਹੇਵਰਡ ਵਿਖੇ ਪ੍ਰੋਫੈਸਰ ਸਨ, ਵਲੋਂ 11 ਮਈ 1980 ਨੂੰ ਕੀਤਾ ਗਿਆ। ਇਸ ਮੌਕੇ ਪ੍ਰੋਫੈਸਰ ਸੱਭਰਵਾਲ ਨੇ ਆਪਣੀ ਮਿਹਨਤ ਦੀ ਕਮਾਈ ਵਿਚੋਂ 31,000 ਡਾਲਰ ਨਾਲ ਆਪਣਾ ਯੋਗਦਾਨ ਪਾਇਆ।

ਭਾਈਚਾਰੇ ਨੇ ਖੁਲ੍ਹ ਦਿਲੀ ਨਾਲ ਇਸੇ ਤਰ੍ਹਾਂ ਦਾਨ ਦੇਣਾ ਜਾਰੀ ਰੱਖਿਆ ਅਤੇ ਅਗਲੇ 5 ਸਾਲ ਵਿਚ 5000 ਡਾਲਰ ਜਾਂ ਜਿਆਦਾ ਦੇ ਕੇ 28 ਸਰਪ੍ਰਸਤ ਮੈਂਬਰ ਬਣੇ। ਇਥੇ ਇਹ ਦਸਣਾ ਬਣਦਾ ਹੈ ਕਿ ਸ੍ਰੀ ਗੁਲੁ ਅਡਵਾਨੀ (ਸਿੰਧੀ ਸੱਜਣ) ਅਤੇ ਸ੍ਰੀ ਸ਼ਿਵ ਦੱਤ ਪੰਡਿਤ ਇਨ੍ਹਾਂ ਵਿਚੋਂ ਇਕ ਸਨ।

ਸੰਗਤ ਦੇ ਲਗਭਗ 500 ਮੈਂਬਰ 1,000 ਡਾਲਰ ਦੇ ਕੇ ਗੁਰਦੁਆਰਾ ਸਾਹਿਬ ਦੇ ਲਾਈਫ ਮੈਂਬਰ ਬਣੇ। ਇਹੀ ਨਹੀਂ, ਚਾਰ ਮੈਂਬਰਾਂ ਨੇ ਆਪਣੇ ਘਰਾਂ 'ਤੇ 10,000 ਡਾਲਰ ਦਾ ਲੋਨ ਲੈ ਕੇ ਗੁਰੂ ਘਰ ਦੀ ਵਿਤੀ ਸਹਾਇਤਾ ਕੀਤੀ। ਇਹ ਉਸ ਸਮੇਂ ਦੀਆਂ ਗੱਲਾਂ ਹਨ ਜਦੋਂ ਇਕ 4 ਕਮਰਿਆਂ ਦਾ ਘਰ 30,000 ਡਾਲਰ ਵਿਚ ਮਿਲ ਜਾਂਦਾ ਸੀ।

350,000 ਡਾਲਰ ਦੇ ਲੋਨ ਦਾ ਸਾਰਾ ਭੁਗਤਾਨ ਤਿੰਨ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ ਸਾਲ 1983 ਵਿਚ ਕਰ ਦਿੱਤਾ ਗਿਆ ਸੀ।


ਗੁਰਦੁਆਰਾ ਸਾਹਿਬ ਦੀ ਸਾਰੀ ਆਮਦਨੀ ਅਤੇ ਖਰਚੇ ਦਾ ਹਿਸਾਬ ਹਰ ਮਹੀਨੇ ਲਿਖਤੀ ਰੂਪ ਵਿਚ ਸੰਗਤ ਦੇ ਘਰ ਡਾਕ ਰਾਹੀਂ ਭੇਜਿਆ ਜਾਂਦਾ ਸੀ। ਹਰੇਕ ਦਾਨੀ ਦਾ ਨਾਮ ਅਤੇ ਦਾਨ ਕੀਤੀ ਰਕਮ ਦਾ ਵੇਰਵਾ ਵੀ ਉਸੇ ਚਿੱਠੀ ਵਿਚ ਦਿੱਤਾ ਜਾਂਦਾ ਸੀ।

ਸਾਰਾ ਭਾਈਚਾਰਾ ਇੱਕ ਪਰਿਵਾਰ ਦੀ ਤਰ੍ਹਾਂ ਮਿਲ ਜੁਲ ਕੇ ਪਿਆਰ ਸਤਿਕਾਰ ਨਾਲ ਕੰਮ ਕਰਦਾ ਸੀ। ਹਰ ਮੈਂਬਰ ਨੂੰ ਗੁਰਦੁਆਰਾ ਸਾਹਿਬ ਦੇ ਮਾਮਲੇ ਵਿਚ ਹਿੱਸਾ ਲੈਣ ਲਈ ਬਰਾਬਰ ਦਾ ਹੱਕ ਅਤੇ ਮੌਕਾ ਪ੍ਰਾਪਤ ਸੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਇਕ 20 ਮੈਂਬਰਾਂ ਦਾ ਬੋਰਡ ਸੰਗਤ ਵਲੋਂ ਚੁਣਿਆ ਜਾਂਦਾ ਸੀ ਅਤੇ 7 ਮੈਂਬਰਾਂ ਦੀ ਪ੍ਰਬੰਧਕੀ ਕਮੇਟੀ ਰੋਜ-ਬ-ਰੋਜ ਦਾ ਕੰਮ ਕਾਰ ਚਲਾਉਂਦੀ ਸੀ।

ਸਾਲ 1987 ਵਿਚ ਗੁਰਦੁਆਰਾ ਸਾਹਿਬ ਦੇ ਮਾਮਲੇ ਵਿਚ ਬਦਕਿਸਮਤੀ ਨਾਲ ਇੱਕ ਬਦਤਰ ਮੋੜ ਆਇਆ, ਜਿਸ ਅਧੀਨ ਗੁਰਦੁਆਰਾ ਸਾਹਿਬ ਦੇ (ਅਸਲੀ)-ਬਾਈਲਾਅਜ਼ ਨਫ਼ਰਤ ਭਰੀ ਸੋਚ ਸਦਕਾ ਕੁਝ ਗਿਣਤੀ ਦੇ ਬੰਦਿਆਂ ਨੇ ਜ਼ਬਾਨੀ ਫੈਸਲੇ ਰਾਹੀਂ ਰਾਤੋ ਰਾਤ ਰੱਦ ਕਰ ਕੇ ਆਪਣਾ ਕਬਜ਼ਾ ਕਰ ਲਿਆ। ਅਫਸੋਸ ਦੀ ਗੱਲ ਹੈ ਕਿ ਉਸ ਸਮੇਂ ਤੋਂ ਹੀ ਗੁਰਦੁਆਰਾ ਸਾਹਿਬ ਵਿਚ ਗੜਬੜ ਵਾਲਾ ਮਾਹੌਲ ਬਣਿਆ ਰਿਹਾ ਹੈ। ਸੰਗਤ ਦੇ ਆਪਣੀ ਮਿਹਨਤ ਦੀ ਕਮਾਈ ਵਿਚੋਂ ਦਾਨ ਕੀਤੇ ਲੱਖਾਂ ਡਾਲਰ ਕੋਰਟਾਂ-ਕਚਹਿਰੀਆਂ ਵਿਚ ਬੜੀ ਬੇਰਹਿਮੀ ਨਾਲ ਉਡਾਏ ਗਏ ਹਨ। ਹੁਣ ਸੰਗਤ ਕੋਲ ਪੁਰਾਣੀ ਮਹਿਮਾ ਅਤੇ ਭਾਈਚਾਰਕ ਸਾਂਝ ਵਧਾਉਣ ਦਾ ਫਿਰ ਇੱਕ ਸੁਨਹਿਰੀ ਮੌਕਾ ਹੈ।

## ਸੰਗਤ ਜੀ, 13 ਮਾਰਚ 2016 ਨੂੰ ਹੋ ਰਹੀਆਂ ਚੋਣਾਂ ਵਿਚ ਆਪਣਾ ਵੋਟ ਅਵਤਾਰ ਸਿੰਘ ਧਾਮੀ, ਦਵਿੰਦਰ ਸਿੰਘ ਚਾਨਾ, ਧਨਵੰਤ ਸਿੰਘ ਧਾਲੀਵਾਲ, ਮਹਿੰਦਰ ਸਿੰਘ ਕਲੇਰ ਅਤੇ ਵਿਕਰਮਜੀਤ ਸਿੰਘ ਨੂੰ ਪਾ ਕੇ ਸੇਵਾ ਪ੍ਰਦਾਨ ਕਰੋ ਜੀ।



ਦੀਦਾਰ ਸਿੰਘ ਬੈਂਸ


ਅਜੀਤ ਸਿੰਘ ਚੱਠਾ



ਬਖਸ਼ੀਸ਼ ਸਿੰਘ ਧੁੱਗਾ



ਹਰਦੇਵ ਸਿੰਘ ਗਰੇਵਾਲ


ਕੇਵਲ ਸਿੰਘ ਬੈਂਸ


ਰਣਜੀਤ ਸਿੰਘ ਸੱਭਰਵਾਲ


ਸੁਖਵੀਰਪਾਲ ਸਿੰਘ


ਤ੍ਰਿਭਵਨ ਗਿੱਲ


ਤਰਲੋਚਨ ਸਿੰਘ ਸੰਧੂ

## ਬੇ ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ

*Paid ad on behalf the advertiser who is responsible for the contents and not Punjab Times.*

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Murillo Ave, San Jose CA 95148, **ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ:** www.sanjosegurdwara.org or facebook "San Jose Gurdwara"



# ਹੋਲਾ ਮਹੱਲਾ

## ਸੰਗਤਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ

**ਖੇਡ ਮੇਲਾ** **ਐਤਵਾਰ 20 ਮਾਰਚ 2016** *ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ*

ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਰਵਾਇਤ ਅਨੁਸਾਰ ਐਤਵਾਰ 20 ਮਾਰਚ 2016 ਨੂੰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਕੀਰਤਨ ਦੀਵਾਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਵਿਆਖਿਆਕਾਰ ਅਤੇ ਕਵੀਸ਼ਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਤੇ ਸਿੱਖੀ ਇਤਿਹਾਸ ਸਰਵਣ ਕਰਵਾਉਣਗੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਰੱਸਾਕਸ਼ੀ, ਬਾਸਕਿਟਬਾਲ, ਗਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।




**ਵਿਸ਼ੇਸ਼ ਲੰਗਰ:** ਇਸ ਮੌਕੇ ਛੱਲੀਆਂ, ਛੋਲੇ-ਭਠੂਰੇ, ਗੰਨੇ ਦਾ ਰਸ, ਪਕੌੜੇ, ਤਾਜਾ ਫਲ, ਫਰਾਈਆਂ ਅਤੇ ਬਰੈਡ ਪਕੌੜਿਆਂ ਦਾ ਵਿਸ਼ੇਸ਼ ਬੰਦੋਬਸਤ ਹੋਵੇਗਾ

**ਕੀਰਤਨ ਦਰਬਾਰ**

**19 ਮਾਰਚ 2016, ਸਨਿਚਰਵਾਰ**
*ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ*

*---- ਕੀਰਤਨੀ ਜਥੇ ----*
ਭਾਈ ਤਾਜਵਿੰਦਰ ਸਿੰਘ ਜੀ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਭਾਈ ਪਰਪਾਲ ਸਿੰਘ ਜੀ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਖਾਲਸਾ ਸਕੂਲ ਦੇ ਬੱਚੇ

**General Info: Sukhdev Singh Bainiwal 408-421-9463**
**Langer Seva: Arun Singh 408-439-8903; Stall Reservations: Khushvinder P. Singh 408-507-1290**

# ਬਹਿਬਲ ਕਾਂਡ: ਪੁਲਿਸ ਨੇ ਨਿਹੱਥੇ ਲੋਕਾਂ 'ਤੇ ਚਲਾਈਆਂ ਸਨ ਗੋਲੀਆਂ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਗੋਲੀ ਕਾਂਡ ਦੀ ਜਾਂਚ ਲਈ ਬਣਾਏ ਕਮਿਸ਼ਨ ਸਾਹਮਣੇ ਪੇਸ਼ ਹੋਣ ਆਏ ਗੋਲੀ ਕਾਂਡ ਦੇ ਪੀੜਤਾਂ ਤੇ ਚਸ਼ਮਦੀਦਾਂ ਨੇ ਕਿਹਾ ਕਿ ਪੁਲਿਸ ਉਨ੍ਹਾਂ ਨੂੰ ਸੱਚ ਬੋਲਣ ਤੋਂ ਰੋਕਦੀ ਰਹੀ ਹੈ। ਪੁਲਿਸ ਉਨ੍ਹਾਂ ਨੂੰ ਕਮਿਸ਼ਨ ਕੋਲ ਪਹੁੰਚਣ ਤੋਂ ਰੋਕਣ ਲਈ ਧਮਕਾਉਂਦੀ ਵੀ ਰਹੀ।

ਮਾਮਲੇ ਦੀ ਜਾਂਚ ਲਈ ਕਮਿਸ਼ਨ ਨੇ ਗੋਲੀ ਕਾਂਡ ਦੇ ਪੀੜਤਾਂ ਤੇ ਚਸ਼ਮਦੀਦਾਂ ਨੂੰ ਚੰਡੀਗੜ੍ਹ ਸਥਿਤ ਦਫਤਰ ਵਿਚ ਗਵਾਹੀ ਲਈ ਸੱਦਿਆ ਸੀ। ਇਨ੍ਹਾਂ ਪੀੜਤਾਂ ਤੇ ਚਸ਼ਮਦੀਦਾਂ ਨੇ 32 ਹਲਫੀਆ ਬਿਆਨ ਜ਼ੋਰਾ ਸਿੰਘ ਮਾਨ ਕਮਿਸ਼ਨ ਨੂੰ ਸੌਂਪੇ ਤੇ ਕਮਿਸ਼ਨ ਨੇ ਛੇ ਚਸ਼ਮਦੀਦਾਂ ਤੋਂ ਪੁੱਛ ਪੜਤਾਲ ਕੀਤੀ। ਇਨ੍ਹਾਂ ਵਿਚ ਗੋਲੀ ਕਾਂਡ ਦਾ ਪੀੜਤ ਨੌਜਵਾਨ ਹਰਜਿੰਦਰ ਸਿੰਘ ਤੇ ਅੰਗਰੇਜ਼ ਸਿੰਘ ਵੀ ਸ਼ਾਮਲ ਸਨ। ਹਰਜਿੰਦਰ ਸਿੰਘ ਵਾਸੀ ਗੁਰੂਸਰ ਨੇ ਦੱਸਿਆ ਕਿ ਉਹ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਸਨ। ਪੁਲਿਸ ਨੇ ਪਹਿਲਾਂ ਲਾਠੀਚਾਰਜ ਕੀਤਾ ਤੇ ਫਿਰ ਅਚਾਨਕ ਗੋਲੀ ਚਲਾ ਦਿੱਤੀ।

ਇਸ ਦੌਰਾਨ ਇਕ ਗੋਲੀ ਉਸ ਦੇ ਖੱਬੇ ਪੈਰ 'ਚ ਲੱਗੀ, ਜਿਸ ਕਰਨ ਪੈਰ ਦੀ ਇਕ ਉਂਗਲੀ ਕੱਟੀ ਗਈ। ਪੁਲਿਸ ਨੇ ਤਕਰੀਬਨ 500 ਗੋਲੀਆਂ ਚਲਾਈਆਂ ਤੇ ਟਰਾਲੀਆਂ ਤੇ ਮੋਟਰ ਸਾਈਕਲਾਂ ਨੂੰ ਵੀ ਅੱਗ ਲਗਾ ਦਿੱਤੀ।

ਗੋਲੀ ਨਾਲ ਜਖ਼ਮੀ ਹੋਏ ਅੰਗਰੇਜ਼ ਸਿੰਘ ਨੇ ਦੱਸਿਆ ਕਿ ਛਰ੍ਹੇ ਉਸ ਦੇ ਸੱਜੇ ਮੋਢੇ ਕੋਲ ਵੱਜੇ। ਪੁਲਿਸ ਨੇ ਅੰਨ੍ਹੇਵਾਹ ਲਾਠੀਆਂ ਵਰ੍ਹਾਈਆਂ ਤੇ ਫਿਰ ਗੋਲੀਬਾਰੀ ਸ਼ੁਰੂ ਕਰ ਦਿੱਤੀ। ਚਸ਼ਮਦੀਦ ਹਾਕਮ ਸਿੰਘ ਨੇ ਕਿਹਾ ਕਿ 13 ਅਕਤੂਬਰ ਨੂੰ ਉਹ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰ ਰਹੇ ਸਨ ਅਤੇ ਪੁਲਿਸ ਨੇ ਬਿਨਾਂ ਚੇਤਾਵਨੀ ਦਿੱਤੇ ਗੋਲੀ ਚਲਾ ਦਿੱਤੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਅਮਰ ਸਿੰਘ ਚਹਿਲ ਤੇ ਹਰਪਾਲ ਸਿੰਘ ਚੀਮਾ ਵੀ ਚਸ਼ਮਦੀਦਾਂ ਦੇ ਨਾਲ ਸਨ।

ਪੰਜਾਬ ਸਰਕਾਰ ਨੇ 12 ਅਕਤੂਬਰ 2015 ਨੂੰ ਬਰਗਾੜੀ ਵਿਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ 14 ਅਕਤੂਬਰ ਨੂੰ ਪਿੰਡ ਬਹਿਬਲ ਕਲਾਂ ਵਿਚ ਪੁਲਿਸ ਗੋਲੀ ਨਾਲ ਮਾਰੇ ਗਏ ਦੋ ਨੌਜਵਾਨਾਂ ਦੇ ਮਾਮਲੇ ਦੀ ਜਾਂਚ ਵਾਸਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜ਼ੋਰਾ ਸਿੰਘ ਆਧਾਰਤ ਕਮਿਸ਼ਨ ਦਾ ਗਠਨ ਕੀਤਾ ਸੀ। ਕਮਿਸ਼ਨ ਦਾ ਕਹਿਣ ਹੈ ਕਿ ਹਲਫੀਆ ਬਿਆਨ ਦਰਜ ਕਰ ਲਏ ਹਨ ਤੇ ਪੁਲਿਸ ਕਰਮਚਾਰੀਆਂ ਦੇ ਵੀ ਹਲਫੀਆ ਬਿਆਨ ਲਏ ਜਾ ਰਹੇ ਹਨ। ਦੋਵਾਂ ਪੱਖਾਂ ਤੋ ਜਾਂਚ ਕਰਨ ਤੋਂ ਬਾਅਦ ਅੰਤਿਮ ਰਿਪੋਰਟ ਤਿਆਰ ਕੀਤੀ ਜਾਵੇਗੀ। ਦੂਜੇ ਪਾਸੇ ਕਮਿਸ਼ਨ ਨੇ ਜਾਂਚ ਵਿਚ ਹੋ ਰਹੀ ਦੇਰੀ ਸਬੰਧੀ ਪੰਥਕ ਪ੍ਰਚਾਰਕਾਂ ਨੂੰ ਜ਼ਿੰਮੇਵਾਰ ਦੱਸਿਆ ਹੈ। ਜਸਟਿਸ ਜ਼ੋਰਾ ਸਿੰਘ ਕਮਿਸ਼ਨ ਅਨੁਸਾਰ ਬੇਅਦਬੀ ਦੀ ਘਟਨਾ ਤੋਂ ਬਾਅਦ ਰੋਸ ਪ੍ਰਗਟ ਕਰ ਰਹੀ ਸੰਗਤ ਦੀ ਅਗਵਾਈ ਕਰ ਰਹੇ ਪੰਥਕ ਪ੍ਰਚਾਰਕ ਮਾਮਲੇ ਦੀ ਗਵਾਹੀ ਵਾਸਤੇ ਪੇਸ਼ ਨਹੀਂ ਹੋਏ।15 ਪੰਥ ਪ੍ਰਚਾਰਕਾਂ ਵਿਚੋਂ ਸਿਰਫ ਤਿੰਨ ਨੇ ਆਪਣੇ ਬਿਆਨ ਦਰਜ ਕਰਵਾਏ ਹਨ।

**ਜਸਟਿਸ ਜ਼ੋਰਾ ਸਿੰਘ ਕਮਿਸ਼ਨ ਅੱਗੇ ਪੇਸ਼ ਹੋਏ ਚਸ਼ਮਦੀਦ**




## ਪੀੜਤਾਂ ਵੱਲੋਂ ਪੁਲਿਸ ਅਫਸਰਾਂ ਦੀ ਸ਼ਨਾਖਤ ਦਾ ਦਾਅਵਾ

**ਚੰਡੀਗੜ੍ਹ:** ਬਹਿਬਲ ਕਾਂਡ ਦੇ ਪੀੜਤਾਂ ਨੇ ਦੱਸਿਆ ਕਿ ਉਨ੍ਹਾਂ ਨੇ ਮੌਕੇ ਉਤੇ ਮੌਜੂਦ ਪੁਲਿਸ ਅਫਸਰਾਂ ਦੀ ਸ਼ਨਾਖ਼ਤ ਕਰ ਲਈ ਹੈ। ਇਸ ਦੇ ਬਾਵਜੂਦ ਕਾਰਵਾਈ ਨਹੀਂ ਹੋਈ ਹੈ। ਚਸ਼ਮਦੀਦਾਂ ਅਨੁਸਾਰ ਐਸ.ਐਸ.ਪੀ. ਰੈਂਕ ਦੇ ਕਈ ਅਧਿਕਾਰੀ ਮੌਕੇ 'ਤੇ ਮੌਜੂਦ ਸਨ। ਇਨ੍ਹਾਂ ਅਫਸਰਾਂ ਦੇ ਗੰਨਮੈਨ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੀਆਂ ਔਰਤਾਂ ਨੂੰ ਠੁੱਡੇ ਮਾਰਦੇ ਰਹੇ। ਉਨ੍ਹਾਂ ਕਿਹਾ ਕਿ ਮੌਕੇ 'ਤੇ 400 ਦੇ ਕਰੀਬ ਪੁਲਿਸ ਕਰਮਚਾਰੀ ਮੌਜੂਦ ਸਨ ਤੇ ਸਾਰਿਆਂ ਕੋਲ ਹਥਿਆਰ ਸਨ।

# ਪ੍ਰਣਬ ਵੱਲੋਂ ਔਰਤਾਂ ਨੂੰ ਵੱਧ ਅਧਿਕਾਰਾਂ ਦੀ ਵਕਾਲਤ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਤੇ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਨੇ ਔਰਤਾਂ ਨੂੰ ਵੱਧ ਅਧਿਕਾਰ ਦੇਣ ਦੀ ਵਕਾਲਤ ਕੀਤੀ ਹੈ। ਦੋਹਾਂ ਆਗੂਆਂ ਨੇ ਸੰਸਦ ਤੇ ਵਿਧਾਨ ਸਭਾਵਾਂ ਵਿਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦੀ ਸੁਰ ਅਲਾਪੀ।

ਮਹਿਲਾ ਕਾਨੂੰਨਸਾਜ਼ਾਂ ਬਾਰੇ ਪਹਿਲੀ ਕੌਮੀ ਕਾਨਫਰੰਸ ਦੇ ਉਦਘਾਟਨ ਮੌਕੇ ਸ੍ਰੀ ਮੁਖਰਜੀ ਨੇ ਕਿਹਾ ਕਿ ਸਰਕਾਰੀ ਅਹੁਦਿਆਂ 'ਚ ਨੁਮਾਇੰਦਗੀ ਦਿੱਤੇ ਬਿਨਾਂ ਔਰਤਾਂ ਦਾ ਸ਼ਕਤੀਕਰਨ ਕਿਵੇਂ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸੰਸਦ 'ਚ ਔਰਤਾਂ ਨੂੰ ਸਿਰਫ 12 ਫੀਸਦੀ ਤੋਂ ਵੱਧ ਨੁਮਾਇੰਦਗੀ ਨਹੀਂ ਦਿੱਤੀ ਜਾ ਸਕੀ ਜੋ ਭਾਰੀ ਨਿਰਾਸ਼ਾ ਵਾਲੀ ਗੱਲ ਹੈ। ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ ਦੀ ਪਹਿਲ 'ਤੇ



ਕਰਾਏ ਗਏ ਇਸ ਸਮਾਗਮ ਦਾ ਵਿਸ਼ਾ 'ਮਹਿਲਾ ਕਾਨੂੰਨਸਾਜ਼ਾਂ ਦੀ ਰਾਸ਼ਟਰ ਉਸਾਰੀ ਵਿਚ ਭੂਮਿਕਾ' ਹੈ। ਸਮਾਗਮ ਵਿਚ ਮਹਿਲਾ ਸੰਸਦ ਮੈਂਬਰ, ਵਿਧਾਇਕ ਅਤੇ ਬੰਗਲਾਦੇਸ਼ ਸੰਸਦ ਦੀ ਸਪੀਕਰ ਸ਼ਿਰੀਨ ਸ਼ਰਮਿਨ ਚੌਧਰੀ ਵੀ ਹਿੱਸਾ ਲੈ ਰਹੇ ਹਨ।

ਰਾਸ਼ਟਰਪਤੀ ਨੇ ਕਿਹਾ ਕਿ ਪਿਛਲੀ ਯੂ.ਪੀ.ਏ. ਸਰਕਾਰ ਨੇ ਮਹਿਲਾ ਰਾਖਵਾਂਕਰਨ ਬਿੱਲ ਪਾਸ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਲੋਕ ਸਭਾ ਵਿਚ ਇਹ ਦੋ ਤਿਹਾਈ ਬਹੁਮਤ ਨਾਲ ਪਾਸ ਹੋ ਗਿਆ ਸੀ, ਪਰ ਰਾਜ ਸਭਾ ਵਿਚ ਇਸ ਨੂੰ ਪ੍ਰਵਾਨਗੀ ਨਹੀਂ ਮਿਲੀ। ਉਧਰ, ਉਪ ਰਾਸ਼ਟਰਪਤੀ ਨੇ ਸਿਆਸੀ ਪਾਰਟੀਆਂ ਨੂੰ ਕਿਹਾ ਕਿ ਜਦੋਂ ਤੱਕ ਮਹਿਲਾ ਰਾਖਵਾਂਕਰਨ ਬਿੱਲ ਪਾਸ ਨਹੀਂ ਹੁੰਦਾ, ਉਸ ਸਮੇਂ ਤੱਕ ਚੋਣਾਂ ਵਿਚ ਮਹਿਲਾ ਉਮੀਦਵਾਰਾਂ ਦੀ ਨਾਮਜ਼ਦਗੀ ਨੂੰ ਆਪਣੇ ਪੱਧਰ 'ਤੇ ਵਧਾ ਦੇਣਾ ਚਾਹੀਦਾ ਹੈ।

# ਪ੍ਰਾਈਵੇਟ ਬੱਸ ਨੇ ਇਕ ਹੋਰ ਘਰ ਦਾ ਚਿਰਾਗ ਬੁਝਾਇਆ

**ਜਲੰਧਰ:** ਪੰਜਾਬ ਦੀਆਂ ਸੜਕਾਂ ਉਤੇ ਦੌੜਦੀਆਂ ਤੇਜ਼ ਰਫਤਾਰ ਨਿੱਜੀ ਬੱਸਾਂ ਨੇ ਇਕ ਹੋਰ ਘਰ ਦਾ ਚਿਰਾਗ ਬੁਝਾ ਦਿੱਤਾ ਹੈ। ਨੈਸ਼ਨਲ ਹਾਈਵੇਅ ਨੰਬਰ ਇਕ ਉਤੇ ਜਲੰਧਰ ਦੇ ਲੰਮਾ ਪਿੰਡ ਵਿਖੇ ਲਿਬੜਾ ਟਰਾਂਸਪੋਰਟ ਦੀ ਬੱਸ ਨੇ ਦੋ ਸਕੂਲੀ ਬੱਚਿਆਂ ਨੂੰ ਕੁਚਲ ਦਿੱਤਾ। ਜਿਸ ਕਾਰਨ ਇਕ ਬੱਚੇ ਦੀ ਮੌਕੇ ਉਤੇ ਹੀ ਮੌਤ ਹੋ ਗਈ ਜਦੋਂਕਿ ਇਕ ਗੰਭੀਰ ਜ਼ਖਮੀ ਹੋ ਗਿਆ। ਹਾਦਸੇ ਤੋਂ ਬਾਅਦ ਇਲਾਕੇ ਵਿਚ ਲੋਕ ਗੁੱਸੇ ਵਿਚ ਆ ਗਏ ਤੇ ਉਨ੍ਹਾਂ ਸੜਕ ਉਤੇ ਜਾਮ ਲਗਾ ਦਿੱਤਾ। ਜਿਸ ਤੋਂ ਬਾਅਦ ਪੁਲਿਸ ਨੇ ਬੱਚੇ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਉਤੇ ਲਾਠੀਚਾਰਜ ਵੀ ਕੀਤਾ।



ਪੀੜਤ ਪਰਿਵਾਰ ਬੱਸ ਡਰਾਈਵਰ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕਰ ਰਿਹਾ ਸੀ। ਖਾਸ ਗੱਲ ਇਹ ਵੀ ਜਿਸ ਥਾਂ ਉਤੇ ਹਾਦਸਾ ਹੋਇਆ, ਉਹ ਪੁਲਿਸ ਸਟੇਸ਼ਨ ਤੋਂ ਨਜ਼ਦੀਕ ਹੈ, ਪਰ ਇਸ ਦੇ ਬਾਵਜੂਦ ਬੱਸ ਦਾ ਡਰਾਈਵਰ ਭੱਜਣ ਵਿਚ ਕਾਮਯਾਬ ਹੋ ਗਿਆ। ਬੱਚੇ ਜਦੋਂ ਸਾਈਕਲ ਉਤੇ ਚੌਂਕ ਪਾਰ ਕਰ ਰਹੇ ਸਨ ਤਾਂ ਬੱਸ ਨੇ ਇਨ੍ਹਾਂ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਮ੍ਰਿਤਕ ਬੱਚੇ ਦੀ ਪਛਾਣ ਨਿਸ਼ਾਨ ਸਿਰਤਾਜ ਵਜੋਂ ਹੋਈ ਅਤੇ ਉਹ ਨਿਊ ਹਰਦਿਆਲ ਨਗਰ ਜਲੰਧਰ ਦਾ ਰਹਿਣ ਵਾਲਾ ਸੀ। ਦੂਜੇ ਬੱਚੇ ਦੀ ਵੀ ਸਥਿਤੀ ਗੰਭੀਰ ਬਣੀ ਹੋਈ ਹੈ।ਨਿਸ਼ਾਨ ਸਿਰਤਾਜ ਦੀ ਲਾਸ਼ ਬਸ ਹੇਠਾਂ ਕਰੀਬ ਪੰਜ ਘੰਟੇ ਪਈ ਰਹੀ, ਜਦੋਂ ਪੁਲਿਸ ਨੇ ਜਬਰੀ ਲਾਸ਼ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਵਿਰੋਧ ਕਰ ਰਹੇ ਮਾਪਿਆਂ ਤੇ ਹੋਰ ਲੋਕਾਂ ਉਪਰ ਲਾਠੀਚਾਰਜ ਕਰ ਦਿੱਤਾ। ਪੁਲਿਸ ਦੇ ਇਸ ਵਤੀਰੇ ਦੀ ਹਰ ਪਾਸਿਉਂ ਨਿੰਦਾ ਹੋ ਰਹੀ ਹੈ।

# ਭਾਰਤ ਵਿਚ ਘੁਸਪੈਠ ਦੀ ਵੱਡੀ ਕੋਸ਼ਿਸ਼ ਨਾਕਾਮ

**ਆਰ.ਐਸ. ਪੁਰਾ (ਜੰਮੂ):** ਜੰਮੂ ਦੇ ਆਰ.ਐਸ. ਪੁਰਾ ਸੈਕਟਰ ਵਿਚ ਸਰਹੱਦ ਉਤੇ ਮਿਲੀ 30 ਮੀਟਰ ਲੰਬੀ ਸੁਰੰਗ ਦਾ ਪਤਾ ਲਗਾਉਣ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਦਿਆਂ ਬੀ.ਐਸ.ਐਫ. ਨੇ ਕਿਹਾ ਹੈ ਕਿ ਇਹ ਸੁਰੰਗ ਇਲਾਕੇ ਵਿਚ ਅਤਿਵਾਦੀਆਂ ਦੀ ਘੁਸਪੈਠ ਕਰਵਾ ਕੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਪੁੱਟੀ ਗਈ ਸੀ।

ਬੀ.ਐਸ.ਐਫ. ਦੇ ਜੰਮੂ ਫਰੰਟੀਅਰ ਦੇ ਇੰਸਪੈਕਟਰ ਜਨਰਲ ਰਾਕੇਸ਼ ਸ਼ਰਮਾ ਨੇ ਦੱਸਿਆ ਕਿ ਅਸੀਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਸਫਾਈ ਮੁਹਿੰਮ ਚਲਾਈ, ਜਿਸ ਦੌਰਾਨ ਇਥੇ ਜੇ.ਸੀ.ਬੀ. ਨਾਲ ਬਣਾਈ ਸੁਰੰਗ ਮਿਲੀ। ਇਹ ਸੁਰੰਗ ਪੁੱਟਣ ਦਾ ਮਕਸਦ ਜੰਮੂ ਇਲਾਕੇ ਵਿਚ ਅਤਿਵਾਦੀਆਂ ਦੀ ਘੁਸਪੈਠ ਕਰਵਾਉਣਾ ਸੀ। ਜੇਕਰ ਇਸ ਸੁਰੰਗ ਦਾ ਸਮਾਂ ਰਹਿੰਦਿਆਂ ਪਤਾ ਨਾ ਲਗਦਾ ਤਾਂ ਪਾਕਿਸਤਾਨ ਨੇ ਵੱਡੀ ਗਿਣਤੀ ਵਿਚ ਆਪਣੇ ਫਿਦਾਇਨ ਜਾਂ ਅਤਿਵਾਦੀ ਭਾਰਤ ਵਿਚ ਭੇਜਣ ਵਿਚ ਸਫਲ ਹੋ ਜਾਣਾ ਸੀ। ਉਨ੍ਹਾਂ ਦੱਸਿਆ ਕਿ ਸਫਾਈ ਮੁਹਿੰਮ ਦੌਰਾਨ ਜਦੋਂ ਘਾਹ ਹਟਾ ਰਹੇ ਸਾਂ ਤਾਂ ਪਾਕਿਸਤਾਨੀ ਅਧਿਕਾਰੀ ਇਸ ਦਾ ਵਿਰੋਧ ਕਰ ਰਹੇ ਸਨ, ਪਰ ਅਸੀਂ ਉਨ੍ਹਾਂ ਦੇ ਵਿਰੋਧ ਦੀ ਪ੍ਰਵਾਹ ਨਾ ਕਰਦਿਆਂ ਸਫਾਈ ਮੁਹਿੰਮ ਜਾਰੀ ਰੱਖੀ ਤੇ ਇਹ ਸੁਰੰਗ ਮਿਲੀ। ਸੁਰੰਗ ਜ਼ਮੀਨ ਦੇ 10 ਫੁੱਟ ਹੇਠਾਂ ਸੀ ਅਤੇ ਇਸ ਦੀ ਲੰਬਾਈ 30 ਮੀਟਰ ਹੈ, ਜਿਸ ਦੀ ਚੌੜਾਈ 3-4 ਫੁੱਟ ਹੈ। ਸੁਰੰਗ ਵਿਚ ਵਿਅਕਤੀ ਅਸਾਨੀ ਨਾਲ ਬੈਠ ਜਾਂ ਹਿੱਲਜੁਲ ਸਕਦਾ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਇਸ ਵਿਚ ਆਪਣੀ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਹੋਣ ਤੋਂ ਇਨਕਾਰ ਕਰ ਦਿੱਤਾ ਪਰ ਨਾਲ ਹੀ ਕਿਹਾ ਕਿ ਉਹ ਜਾਂਚ ਵਿਚ ਭਾਰਤ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ।

# ਮੇਅਰਾਂ ਦੀ ਗੱਡੀ 'ਤੇ ਲੱਗੇਗੀ ਸੰਤਰੀ ਬੱਤੀ

**ਜਲੰਧਰ:** ਮੰਤਰੀਆਂ ਦੀ ਤਰ੍ਹਾਂ ਆਪਣੀਆਂ ਗੱਡੀਆਂ ਉਤੇ ਲਾਲ ਰੰਗ ਦੀਆਂ ਬੱਤੀਆਂ ਲਗਾਉਣ ਦੇ ਚਾਹਵਾਨ ਮੇਅਰਾਂ ਨੂੰ ਝਟਕਾ ਮਿਲਿਆ ਹੈ ਕਿਉਂਕਿ ਪੰਜਾਬ ਸਰਕਾਰ ਨੇ ਸੂਬੇ ਦੇ ਮੇਅਰਾਂ ਨੂੰ ਗੱਡੀਆਂ 'ਤੇ ਲਾਲ ਨਹੀਂ, ਸਗੋਂ ਸੰਤਰੀ ਰੰਗ ਦੀਆਂ ਬੱਤੀਆਂ ਲਗਾਉਣ ਦੀ ਮਨਜ਼ੂਰੀ ਦਿੱਤੀ ਹੈ। ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਨੇ ਇਸ ਮਾਮਲੇ ਵਿਚ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਹਨ। ਦੱਸਿਆ ਜਾਂਦਾ ਹੈ ਕਿ ਮੇਅਰਾਂ ਵੱਲੋਂ ਚਾਹੇ ਲਾਲ ਰੰਗ ਦੀਆਂ ਬੱਤੀਆਂ ਦੀ ਮੰਗ ਕੀਤੀ ਗਈ ਸੀ, ਪਰ ਇਸ ਮੰਗ ਨੂੰ ਅੰਦਰਖਾਤੇ ਕਈ ਵਿਧਾਇਕਾਂ ਨੇ ਵੀ ਪਸੰਦ ਨਹੀਂ ਕੀਤਾ ਸੀ।



# ਜਾਟ ਅੰਦੋਲਨ: ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਆਪਣੇ ਪੱਧਰ 'ਤੇ ਨੋਟਿਸ

**ਅੰਬਾਲਾ:** ਹਰਿਆਣਾ ਮਾਨਵ ਅਧਿਕਾਰ ਕਮਿਸ਼ਨ ਨੇ ਜਾਟ ਰਾਖਵਾਂਕਰਨ ਅੰਦੋਲਨ ਦੌਰਾਨ ਹੋਈ ਜਨਤਕ ਜਾਇਦਾਦ ਦੀ ਭਾਰੀ ਹਾਨੀ ਤੇ ਆਮ ਜਨਤਾ ਦੇ ਮਾਨਵ ਅਧਿਕਾਰਾਂ ਦੀ ਘੋਰ ਉਲੰਘਣਾ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਘਟਨਾ ਦੀ ਆਪਣੇ ਪੱਧਰ 'ਤੇ ਜਾਂਚ ਕਰਨ ਬਾਰੇ ਨੋਟਿਸ ਲਿਆ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਜਨਤਾ ਦੀ ਸੁਰੱਖਿਆ ਲਈ ਤਾਇਨਾਤ ਪੁਲਿਸ/ਸਿਵਲ ਅਧਿਕਾਰੀਆਂ ਤੇ ਹੋਰ ਕਰਮਚਾਰੀਆਂ ਵੱਲੋਂ ਆਪਣੀ ਡਿਊਟੀ ਸਮੇਂ ਲਾਪ੍ਰਵਾਹੀ ਕਰਨ ਤੇ ਜਵਾਬਦੇਹੀ ਤੋਂ ਪਿੱਛਾ ਛੁਡਾ ਕੇ ਭੱਜਣ ਕਰਕੇ ਅੰਦੋਲਨ ਦੌਰਾਨ ਹੋਈ ਭਾਰੀ ਮਾਤਰਾ ਵਿਚ ਹਿੰਸਾ, ਅਗਜ਼ਨੀ, ਮੌਤਾਂ, ਔਰਤਾਂ ਦੀ ਬੇਪਤੀ, ਰੇਲਵੇ ਦੀ ਜਾਇਦਾਦ ਨੂੰ ਸਾੜਨ ਵਰਗੀਆਂ ਖੌਫ਼ਨਾਕ ਘਟਨਾਵਾਂ ਹਰਿਆਣਾ ਰਾਜ 'ਚ ਪਹਿਲਾਂ ਕਦੇ ਨਹੀਂ ਸੀ ਵਾਪਰੀਆਂ।

ਕਮਿਸ਼ਨ ਦਾ ਮੰਨਣਾ ਹੈ ਕਿ ਇਸ ਅੰਦੋਲਨ ਨਾਲ ਹਰਿਆਣਾ ਦਾ ਅਕਸ ਮੈਲਾ ਹੋਇਆ ਹੈ ਤੇ ਇਸ ਦੇ ਨਾਲ ਹੀ ਤਕਰੀਬਨ 20 ਤੋਂ 30 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਦੀ ਭਾਰੀ ਹਾਨੀ ਹੋਈ ਹੈ। ਕਮਿਸ਼ਨ ਨੇ ਆਮ ਜਨਤਾ ਲਈ ਲੋਕ ਹਿਤ ਵਿਚ ਸੂਚਨਾ ਜਾਰੀ ਕਰਦਿਆਂ ਕਿਹਾ ਹੈ ਕਿ ਸਾਰੇ ਪ੍ਰਭਾਵਿਤ/ਪੀੜਤ ਵਿਅਕਤੀ ਅੰਦੋਲਨ ਦੌਰਾਨ ਹੋਈ ਹਾਨੀ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਹਰਿਆਣਾ ਮਾਨਵ ਅਧਿਕਾਰ ਕਮਿਸ਼ਨ ਦੇ ਚੰਡੀਗੜ੍ਹ ਸਥਿਤ ਦਫਤਰ ਵਿਚ ਆਪਣੀਆਂ ਸ਼ਿਕਾਇਤਾਂ ਡਾਕ ਰਾਹੀਂ ਰਜਿਸਟਰਾਰ (ਲਾਅ ਐਂਡ ਲੀਗਲ) ਐਸ.ਸੀ.ਗੋਇਲ ਜ਼ਿਲ੍ਹਾ ਤੇ ਸੈਸ਼ਨ ਜੱਜ (ਸੇਵਾਮੁਕਤ) ਤੇ ਰਿਤੂ ਗਰਗ ਜਾਇੰਟ ਸਕੱਤਰ ਤੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਨੂੰ ਭੇਜ ਸਕਦੇ ਹਨ।



## ਰਾਜਨਾਥ ਸਿੰਘ ਨੇ ਹਰਿਆਣਾ ਸਰਕਾਰ ਦੀ ਪਿੱਠ ਥਾਪੜੀ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਹਰਿਆਣਾ ਵਿਚ ਜਾਟ ਅੰਦੋਲਨ ਮੌਕੇ ਹਾਲਾਤ ਨਾਲ ਚੰਗੇ ਢੰਗ ਨਾਲ ਨਜਿੱਠਣ ਲਈ ਰਾਜ ਸਰਕਾਰ ਦੀ ਪਿੱਠ ਥਾਪੜੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਵਧੀਆ ਢੰਗ ਨਾਲ ਹਾਲਾਤ 'ਤੇ ਕਾਬੂ ਪਾਇਆ। ਉਨ੍ਹਾਂ ਕਿਹਾ ਉਸ ਹਾਲਾਤ ਵਿਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਸਰਕਾਰ ਜੋ ਕਰ ਸਕਦੀ ਸੀ, ਉਸ ਨੇ ਕੀਤਾ। ਸਰਕਾਰ ਨੇ ਹਾਲਾਤ ਮੁਤਾਬਕ ਬੜਾ ਚੰਗਾ ਕੰਮ ਕੀਤਾ ਹੈ। ਵਰਨਣਯੋਗ ਹੈ ਕਿ ਇਕ ਪਾਸੇ ਗ੍ਰਹਿ ਮੰਤਰੀ ਰਾਜ ਸਰਕਾਰ ਦੀ ਪਿੱਠ ਥਾਪੜ ਰਹੇ ਹਨ, ਜਦ ਕਿ ਦੂਜੇ ਪਾਸੇ ਜਾਟ ਅੰਦੋਲਨ ਹਿੰਸਾ ਵਿਚ 30 ਵਿਅਕਤੀ ਮਾਰੇ ਗਏ ਸਨ ਤੇ ਰਾਜ ਨੂੰ ਹਜ਼ਾਰ ਕਰੋੜ ਰੁਪਏ ਦਾ ਆਰਥਿਕ ਨੁਕਸਾਨ ਹੋਇਆ।

ਅੰਦੋਲਨ ਦੌਰਾਨ ਵੱਡੀ ਪੱਧਰ 'ਤੇ ਭੰਨ ਤੋੜ ਤੇ ਅਗਜ਼ਨੀ ਹੋਈ। ਮੂਰਥਲ ਵਿਚ ਕੌਮੀ ਸ਼ਾਹ ਮਾਰਗ ਉਤੇ ਇਸ ਅੰਦੋਲਨ ਦੌਰਾਨ ਔਰਤਾਂ ਨਾਲ ਹੋਈ ਛੇੜਛਾੜ ਤੇ ਸਮੂਹਿਕ ਬਲਾਤਕਾਰ ਦੀਆਂ ਘਟਨਾਵਾਂ ਬਾਰੇ ਸ੍ਰੀ ਰਾਜਨਾਥ ਸਿੰਘ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।

ਉਨ੍ਹਾਂ ਇਸ ਬਾਰੇ ਇਹੀ ਕਿਹਾ ਕਿ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਕਾਇਮ ਰੱਖਣਾ ਰਾਜ ਸਰਕਾਰ ਦਾ ਫਰਜ਼ ਹੈ। ਰਾਜ ਵਿਚ ਹਿੰਸਾ ਸਬੰਧੀ 713 ਕੇਸ ਦਰਜ ਕੀਤੇ ਗਏ ਤੇ ਹੁਣ ਤੱਕ 133 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

# ਹੁਣ ਪੰਜਾਬ ਦੇ ਦਲਿਤਾਂ ਦੇ ਵਿਹੜੇ ਗੇੜਾ ਲਾਉਣਗੇ ਕੇਜਰੀਵਾਲ



**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕਨਵੀਨਰ 15 ਮਾਰਚ ਨੂੰ ਫਿਰ ਪੰਜਾਬ ਆ ਰਹੇ ਹਨ। ਇਸ ਵਾਰ ਉਹ ਦਲਿਤ ਵੋਟਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕਰਨਗੇ। ਇਸ ਲਈ ਉਨ੍ਹਾਂ ਨੇ ਦਲਿਤ ਲੀਡਰ ਕਾਂਸ਼ੀ ਰਾਮ ਦੇ ਜਨਮ ਦਿਹਾੜੇ ਨੂੰ ਪੰਜਾਬ ਦੌਰੇ ਲਈ ਚੁਣਿਆ ਹੈ। ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੇ ਕਿਹਾ ਹੈ ਕਿ ਉਹ ਕੇਜਰੀਵਾਲ ਦੇ ਦੌਰੇ ਦੀ ਰੂਪ-ਰੇਖਾ ਉਲੀਕ ਰਹੇ ਹਨ। ਉਂਜ ਉਨ੍ਹਾਂ ਨੇ 15 ਤਰੀਕ ਤੈਅ ਹੋਣ ਦੀ ਪੁਸ਼ਟੀ ਨਹੀਂ ਕੀਤੀ। ਉਧਰ, ਸਿਆਸੀ ਹਲਕਿਆਂ ਵਿਚ ਦੌਰੇ ਨੂੰ ਲੈ ਕੇ ਕਾਫੀ ਚਰਚਾ ਹੈ। ਮੰਨਿਆ ਜਾ ਰਿਹਾ ਹੈ ਕਿ ਕੇਜਰੀਵਾਲ ਦੇ ਦੌਰੇ ਨਾਲ ਇਕ ਵਾਰ ਮੁੜ ਪੰਜਾਬ ਦੀ ਸਿਆਸਤ ਉਬਾਲ ਖਾਏਗੀ ਕਿਉਂਕਿ ਇਸੇ ਦਿਨ ਬਸਪਾ ਸੁਪਰੀਮੋ ਮਾਇਆਵਤੀ ਵੀ ਪੰਜਾਬ ਆ ਰਹੇ ਹਨ। ਕੇਜਰੀਵਾਲ ਦੇ ਪਹਿਲੇ ਦੌਰੇ ਨੇ ਸਿਆਸੀ ਪਾਰਾ ਕਾਫੀ ਚੜ੍ਹਾ ਦਿੱਤਾ ਸੀ।

ਕੇਜਰੀਵਾਲ ਅਜੇ ਇਕ ਹਫਤੇ ਪਹਿਲਾਂ ਹੀ ਪੰਜਾਬ ਦਾ ਪੰਜ ਰੋਜ਼ਾ ਦੌਰਾ ਕਰ ਚੁੱਕੇ ਹਨ। ਇਸ ਦੌਰੇ ਦੌਰਾਨ ਉਹ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮਿਲੇ ਸਨ। ਉਨ੍ਹਾਂ ਨੇ ਇਸ ਦੌਰੇ ਦੌਰਾਨ ਪੰਜਾਬ ਦੀ ਕਿਸਾਨੀ ਤੇ ਛੋਟੇ ਕਾਰੋਬਾਰੀਆਂ ਦੀਆਂ ਮੁਸ਼ਕਲਾਂ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਆਮ ਆਦਮੀ ਪਾਰਟੀ ਦਲਿਤ ਵੋਟਰਾਂ ਨੂੰ ਵੀ ਖਿੱਚਣਾ ਚਾਹੁੰਦੀ ਹੈ। ਪੰਜਾਬ ਵਿਚ 32 ਫੀਸਦੀ ਦਲਿਤ ਵੋਟ ਬੈਂਕ ਹੈ। ਪਿਛਲੇ ਸਮੇਂ ਦੌਰਾਨ ਬਸਪਾ ਦਾ ਇਸ ਵੋਟ ਬੈਂਕ ਵਿਚ ਹਿੱਸਾ ਮਹਿਜ਼ ਚਾਰ ਫੀਸਦੀ ਰਹਿ ਗਿਆ ਹੈ। ਕਿਸੇ ਵੇਲੇ ਬਸਪਾ ਦੀ ਦਲਿਤ ਵੋਟ 'ਤੇ ਚੰਗੀ ਪਕੜ ਸੀ। 1992 ਵਿਚ ਬਸਪਾ ਨੇ 16.32 ਫੀਸਦੀ ਵੋਟ ਲੈ ਕੇ ਨੌਂ ਵਿਧਾਨ ਸਭਾ ਸੀਟਾਂ ਜਿੱਤੀਆਂ ਸਨ। ਆਮ ਤੌਰ ਉਤੇ ਮੰਨਿਆ ਜਾਂਦਾ ਹੈ ਕਿ ਦਲਿਤ ਵੋਟ ਬੈਂਕ ਕਾਂਗਰਸ ਦੇ ਹੱਕ ਵਿਚ ਭੁਗਤਦਾ ਹੈ। ਆਮ ਆਦਮੀ ਪਾਰਟੀ ਦਲਿਤ ਵੋਟ ਦੀ ਅਹਿਮੀਅਤ ਨੂੰ ਸਮਝਦੀ ਹੈ। ਇਸ ਲਈ ਕੇਜਰੀਵਾਲ ਦਾ ਇਹ ਦੌਰਾ ਕਾਫੀ ਅਹਿਮ ਰਹੇਗਾ।

ਆਮ ਤੌਰ 'ਤੇ ਬਸਪਾ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਵੱਲੋਂ ਲਖਨਊ ਵਿਚ ਕਾਂਸ਼ੀ ਰਾਮ ਦੇ ਜਨਮ ਦਿਨ ਮੌਕੇ ਵੱਡੀਆਂ ਰੈਲੀਆਂ ਕੀਤੀਆਂ ਜਾਂਦੀਆਂ ਸਨ। ਇਹ ਪਹਿਲਾ ਮੌਕਾ ਹੈ ਜਦੋਂ ਨਵਾਂ ਸ਼ਹਿਰ ਵਿਚ ਰੈਲੀ ਕੀਤੀ ਜਾ ਰਹੀ ਹੈ। ਅਵਤਾਰ ਸਿੰਘ ਕਰੀਮਪੁਰੀ ਨੇ ਦਾਅਵਾ ਕੀਤਾ ਕਿ ਬਾਬੂ ਕਾਂਸ਼ੀ ਰਾਮ ਦੀਆਂ ਦੋ ਭੈਣਾਂ ਕੁਲਵੰਤ ਕੌਰ ਤੇ ਗੁਰਬਚਨ ਕੌਰ ਬਸਪਾ ਦੀ ਨਵਾਂ ਸ਼ਹਿਰ ਵਿਚ ਹੋਣ ਵਾਲੀ ਰੈਲੀ ਵਿਚ ਹਿੱਸਾ ਲੈਣਗੀਆਂ। ਜਦਕਿ ਇਕ ਭੈਣ ਸਵਰਨ ਕੌਰ 'ਆਪ' ਦੇ ਸੰਪਰਕ ਵਿਚ ਹੈ। 'ਆਪ' ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਬੀਤੀ ਦੋ ਫਰਵਰੀ ਨੂੰ ਰੋਪੜ ਵਿਚ ਬਾਬੂ ਕਾਂਸ਼ੀ ਰਾਮ ਦੇ ਪਿੰਡ ਗਏ ਸਨ ਤੇ ਉਨ੍ਹਾਂ ਦੇ ਦੋ ਭਰਾਵਾਂ ਨੂੰ ਵੀ ਮਿਲੇ ਸਨ। ਬਸਪਾ ਦੇ ਸਾਬਕਾ ਸੂਬਾ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ ਪਹਿਲਾਂ ਹੀ 'ਆਪ' ਵਿਚ ਸ਼ਾਮਲ ਹੋ ਗਏ ਹਨ।

ਬਸਪਾ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਦਾਅਵਾ ਕੀਤਾ ਕਿ ਕਾਂਸ਼ੀ ਰਾਮ ਦੀਆਂ ਭੈਣਾਂ ਬਸਪਾ ਦੀ ਰੈਲੀ ਵਿਚ ਹਿੱਸਾ ਲੈਣਗੀਆਂ। ਉਨ੍ਹਾਂ ਨੇ ਕੇਜਰੀਵਾਲ ਵੱਲੋਂ ਬਾਬੂ ਕਾਂਸੀ ਰਾਮ ਦੇ ਜਨਮ ਦਿਨ ਸਬੰਧੀ ਉਲੀਕੇ ਪ੍ਰੋਗਰਾਮ ਨੂੰ 'ਰਾਜਨੀਤਕ ਮੌਕਾਪ੍ਰਸਤੀ' ਦੱਸਦਿਆਂ ਕਿਹਾ ਕਿ ਉਹ ਦਲਿਤ ਵੋਟਾਂ ਖਾਤਰ ਅਜਿਹਾ ਕਰ ਰਹੇ ਹਨ। ਸ੍ਰੀ ਕਰੀਮਪੁਰੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਪੰਜਾਬ ਵਿਚ ਦਲਿਤ ਪੱਤਾ ਖੇਡਣ ਲਈ ਆ ਰਹੇ ਹਨ।

ਦੂਜੇ ਪਾਸੇ 'ਆਪ' ਆਗੂ ਦੁਰਗੇਸ਼ ਪਾਠਕ ਨੇ ਸ੍ਰੀ ਕੇਜਰੀਵਾਲ ਦੇ 15 ਮਾਰਚ ਦੇ ਪ੍ਰੋਗਰਾਮ ਦੀ ਪੁਸ਼ਟੀ ਕਰਦਿਆਂ ਮੰਨਿਆ ਕਿ ਉਸ ਦਿਨ ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਨਾਲ ਰੋਪੜ ਵਿਚ ਮੁਲਾਕਾਤ ਕੀਤੀ ਜਾਵੇਗੀ। ਸ੍ਰੀ ਕਰੀਮਪੁਰੀ ਨੇ ਕਿਹਾ ਸ੍ਰੀ ਕੇਜਰੀਵਾਲ ਨੇ ਪਹਿਲਾ ਕਿਉਂ ਨਹੀਂ ਯੂ.ਪੀ. ਜਾ ਕੇ ਇਹ ਦਿਨ ਮਨਾਇਆ। ਉਨ੍ਹਾਂ ਕਿਹਾ ਕਿ ਹੁਣ ਜਦੋਂ ਪੰਜਾਬ ਵਿਚ ਚੋਣਾਂ ਆ ਰਹੀਆਂ ਹਨ ਤਾਂ 'ਆਪ' ਦਲਿਤਾਂ ਦੇ ਆਧਾਰ ਉਤੇ ਰਾਜਨੀਤੀ ਕਰਨ ਲੱਗ ਪਈ ਹੈ।

## ਮੁਲਾਜ਼ਮ ਤੇ ਖੱਬੀਆਂ ਧਿਰਾਂ ਵੀ 'ਆਪ' ਨਾਲ ਤੁਰੀਆਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਹੁਣ ਪੰਜਾਬ ਦੀਆਂ ਮੁਲਾਜ਼ਮ ਜਥੇਬੰਦੀਆਂ ਤੇ ਖੱਬੀਆਂ ਧਿਰਾਂ ਦੇ ਕਈ ਆਗੂਆਂ ਨੂੰ ਵੀ ਆਪਣੇ ਨਾਲ ਤੋਰ ਲਿਆ ਹੈ, ਜਿਸ ਕਾਰਨ ਅਕਾਲੀ ਦਲ ਤੇ ਕਾਂਗਰਸ ਵੀ ਆਪੋ-ਆਪਣੇ ਮੁਲਾਜ਼ਮ ਵਿੰਗਾਂ ਨੂੰ ਸਰਗਰਮ ਕਰਨ ਦੇ ਰਾਹ ਪੈ ਗਈਆਂ ਹਨ।

ਸੂਤਰਾਂ ਅਨੁਸਾਰ 'ਆਪ' ਲੀਡਰਸ਼ਿਪ ਨੇ ਬਾਦਲ ਸਰਕਾਰ ਵੱਲੋਂ ਸੂਬੇ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਤਨਖਾਹ ਕਮਿਸ਼ਨ ਬਾਰੇ ਕਿਸੇ ਕੰਢੇ ਨਾ ਲਾਉਣ, ਡੀ.ਏ. ਦੀਆਂ ਤਿੰਨ ਕਿਸ਼ਤਾਂ ਦਾ 23 ਮਹੀਨਿਆਂ ਦਾ ਬਕਾਇਆ ਨਾ ਦੇਣ, ਠੇਕੇ ਤੇ ਆਊਟਸੋਰਸਿੰਗ ਦੇ ਆਧਾਰ ਉਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਨਿਗੂਣੀਆਂ ਤਨਖ਼ਾਹਾਂ ਦੇਣ ਅਤੇ ਕਈ ਵਰਗਾਂ ਦੇ ਸਕੇਲਾਂ ਵਿਚਲੀਆਂ ਖਾਮੀਆਂ ਦੂਰ ਨਾ ਕੀਤੇ ਜਾਣ ਕਾਰਨ ਮੁਲਾਜ਼ਮਾਂ ਵਿਚ ਪੈਦਾ ਹੋਈ ਮਾਯੂਸੀ ਨੂੰ ਭਾਂਪਦਿਆਂ ਮੁਲਾਜ਼ਮ ਜਥੇਬੰਦੀਆਂ ਨਾਲ ਸੰਪਰਕ ਕੀਤਾ ਹੈ। ਇਸ ਦੇ ਪਹਿਲੇ ਪੜਾਅ ਤਹਿਤ 'ਆਪ' ਨੇ ਅਕਾਲੀ ਦਲ ਨਾਲ ਸਬੰਧਤ ਮੰਨੇ ਜਾਂਦੇ ਪੰਜਾਬ ਸਟੇਟ ਕਰਮਚਾਰੀ ਦਲ ਦੇ ਪ੍ਰਧਾਨ ਹਰੀ ਸਿੰਘ ਟੌਹੜਾ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਆਪਣੇ ਨਾਲ ਤੋਰਨ ਵਿਚ ਸਫਲਤਾ ਹਾਸਲ ਕੀਤੀ ਹੈ।

ਸੂਤਰਾਂ ਅਨੁਸਾਰ ਕਈ ਹੋਰ ਮੁਲਾਜ਼ਮ ਜਥੇਬੰਦੀਆਂ ਵੀ ਆਉਣ ਵਾਲੇ ਦਿਨਾਂ ਵਿਚ 'ਆਪ' ਦਾ ਲੜ ਫੜ ਸਕਦੀਆਂ ਹਨ। 'ਆਪ' ਦੀ ਇਕ ਵਿਸ਼ੇਸ਼ ਟੀਮ ਮੁਲਾਜ਼ਮ ਜਥੇਬੰਦੀਆਂ ਅਤੇ ਖੱਬੀਆਂ ਧਿਰਾਂ ਤੋਂ ਨਿਰਾਸ਼ ਅਤੇ ਘਰ ਬੈਠੇ ਕਾਮਰੇਡਾਂ ਨੂੰ ਵੀ ਟੋਹ ਰਹੀ ਹੈ। ਇਸੇ ਤਹਿਤ ਸੀ.ਪੀ.ਆਈ. (ਐਮ) ਪੰਜਾਬ ਦੀ ਸੂਬਾ ਕਮੇਟੀ ਦੇ ਮੈਂਬਰ ਤੇ ਮੁਲਾਜ਼ਮ ਮੁਹਾਜ਼ 'ਤੇ ਕਈ ਦਹਾਕੇ ਛਾਏ ਰਹੇ ਨਾਜਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਅਤੇ ਜਨਵਾਦੀ ਇਸਤਰੀ ਸਭਾ, ਪੰਜਾਬ ਦੀ ਪ੍ਰਧਾਨ ਸੁਰਿੰਦਰ ਕੌਰ ਸਮੇਤ ਮੁਲਾਜ਼ਮ ਆਗੂ ਸੁਖਦੇਵ ਸਿੰਘ ਬੜੀ ਨੇ 'ਆਪ' ਦਾ ਪੱਲਾ ਫੜ ਲਿਆ ਹੈ।

# ਕੇਜਰੀਵਾਲ ਨੇ ਮੰਗੀ ਮੋਦੀ ਤੋਂ ਆਜ਼ਾਦੀ

**ਨਵੀਂ ਦਿੱਲੀ:** ਦੇਸ਼ ਵਿਚ ਆਜ਼ਾਦੀ ਨੂੰ ਲੈ ਕੇ ਛਿੜੀ ਬਹਿਸ ਵਿਚਾਲੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਆਜ਼ਾਦੀ ਦੀ ਮੰਗ ਕੀਤੀ ਹੈ। ਕੇਜਰੀਵਾਲ ਨੇ ਆਜ਼ਾਦੀ ਦੀ ਮੰਗ ਟਵੀਟ ਰਾਹੀਂ ਕੀਤੀ ਹੈ।

ਅਸਲ ਵਿਚ ਇਸ ਮੰਗ ਰਾਹੀਂ ਕੇਜਰੀਵਾਲ ਨੇ ਕੇਂਦਰ ਸਰਕਾਰ ਤੇ ਦਿੱਲੀ ਦੇ ਉਪ ਰਾਜਪਾਲ ਉਤੇ ਹਮਲਾ ਬੋਲਿਆ ਹੈ। ਕੇਜਰੀਵਾਲ ਨੇ ਟਵੀਟ ਵਿਚ ਲਿਖਿਆ ਹੈ ਕਿ 'ਅਸੀਂ ਕੀ ਮੰਗਦੇ ਹਾਂ, ਆਜ਼ਾਦੀ, ਉਪ ਰਾਜਪਾਲ ਦੀ ਦਖਲਅੰਦਾਜ਼ੀ ਤੋਂ ਆਜ਼ਾਦੀ, ਕੇਂਦਰ ਦੀ ਦਖਲਅੰਦਾਜ਼ੀ ਤੋਂ ਆਜ਼ਾਦੀ, ਜਨਤਾ ਨੂੰ ਫੈਸਲਾ ਲੈਣ ਦੀ ਆਜ਼ਾਦੀ ਤੇ ਰਾਜਨੀਤਕ ਹੰਕਾਰ ਤੋਂ ਆਜ਼ਾਦੀ'।

ਇਸ ਤੋਂ ਪਹਿਲਾਂ ਕੇਜਰੀਵਾਲ ਨੇ ਕਨ੍ਹਈਆ ਦੇ ਜੇ.ਐਨ.ਯੂ. ਵਿਚ ਦਿੱਤੇ ਬਿਆਨ ਦੀ ਵੀ ਪ੍ਰਸੰਸਾ ਕੀਤੀ ਸੀ। ਯਾਦ ਰਹੇ ਕਿ ਦਿੱਲੀ ਸਰਕਾਰ ਤੇ ਕੇਂਦਰ ਵਿਚਾਲੇ ਲਗਾਤਾਰ ਖਿੱਚੋਤਾਣ ਚੱਲ ਰਹੀ ਹੈ। ਕੇਜਰੀਵਾਲ ਦਾ ਦੋਸ਼ ਹੈ ਕਿ ਦਿੱਲੀ ਸਰਕਾਰ ਨੂੰ ਕੰਮ ਕਰਨ ਤੋਂ ਰੋਕਿਆ ਜਾ ਰਿਹਾ ਹੈ। ਖਾਸ ਤੌਰ ਉਤੇ ਉਪ ਰਾਜਪਾਲ ਤੇ ਕੇਜਰੀਵਾਲ ਕਈ ਵਾਰ ਆਹਮੋ ਸਾਹਮਣੇ ਆ ਚੁੱਕੇ ਹਨ।

# ਅਰਵਿੰਦ ਕੇਜਰੀਵਾਲ ਨੇ ਕਬੂਲਿਆ ਪਾਕਿਸਤਾਨ ਦਾ ਸੱਦਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਾਕਿਸਤਾਨ ਜਾਣਗੇ। ਸਾਲ 2017 ਵਿਚ ਹੋਣ ਵਾਲੇ ਕਰਾਚੀ ਲਿਟਰੇਚਰ ਫੈਸਟੀਵਲ ਦਾ ਸੱਦਾ ਪੱਤਰ ਕੇਜਰੀਵਾਲ ਨੇ ਸਵੀਕਾਰ ਕਰ ਲਿਆ ਹੈ।

ਕਰਾਚੀ ਲਿਟਰੇਚਰ ਫੈਸਟੀਵਲ ਆਮੀਨਾ ਸਈਦ ਤੇ ਡਾਕਟਰ ਆਸਿਫ਼ ਫਾਰੂਕੀ ਵੱਲੋਂ ਸਾਂਝੇ ਤੌਰ ਉਤੇ ਕਰਵਾਇਆ ਜਾ ਰਿਹਾ ਹੈ। ਯਾਦ ਰਹੇ ਕਿ ਕਰਾਚੀ ਲਿਟਰੇਚਰ ਫੈਸਟੀਵਲ ਇਸ ਸਾਲ ਉਸ ਸਮੇਂ ਚਰਚਾ ਵਿਚ ਆਇਆ ਸੀ ਜਦੋਂ ਫਿਲਮ ਅਦਾਕਾਰ ਅਨੁਪਮ ਖੇਰ ਨੂੰ ਪਾਕਿਸਤਾਨ ਹਾਈ ਕਮਿਸ਼ਨ ਨੇ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਅਨੁਪਮ ਖੇਰ ਨੂੰ ਫੈਸਟੀਵਲ ਦੇ ਪ੍ਰਬੰਧਕ ਨੇ ਇਸ ਸਾਲ ਪੰਜ ਫਰਵਰੀ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸੱਦਾ ਭੇਜਿਆ ਸੀ। ਇਸ ਫੈਸਟੀਵਲ ਵਿਚ ਸਾਹਿਤ, ਨਵੀਆਂ ਕਿਤਾਬਾਂ ਦੇ ਰਿਲੀਜ਼ ਸਮਾਗਮ ਹੁੰਦੇ ਹਨ। ਇਸ ਤੋਂ ਇਲਾਵਾ ਸਾਹਿਤ ਦੇ ਵੱਖ-ਵੱਖ ਪਹਿਲੂਆਂ ਉਤੇ ਵਿਚਾਰ ਵਟਾਂਦਰਾ ਵੀ ਹੁੰਦਾ ਹੈ।

# ਪਿਤਾ ਵੱਲੋਂ ਨਾਬਾਲਗ ਧੀ ਦਾ ਕਤਲ

**ਚਮਕੌਰ ਸਾਹਿਬ:** ਪਿੰਡ ਗੱਗੋਂ ਦੇ ਬਲਵਿੰਦਰ ਸਿੰਘ ਵੱਲੋਂ ਆਪਣੀ ਹੀ ਨਾਬਾਲਗ ਲੜਕੀ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ ਸੀ, ਜਿਸ ਦੀ ਮੌਤ ਹੋ ਗਈ। ਪੁਲਿਸ ਨੇ ਵਾਰਦਾਤ ਸਮੇਂ ਵਰਤਿਆ ਦਾਤ ਵੀ ਬਰਾਮਦ ਕਰ ਲਿਆ। ਬਲਵਿੰਦਰ ਸਿੰਘ ਆਪਣੀ ਗਿਆਰਵੀਂ ਜਮਾਤ ਵਿਚ ਪੜ੍ਹਦੀ ਲੜਕੀ ਮਹਿਕਦੀਪ ਕੌਰ (16) 'ਤੇ ਸ਼ੱਕ ਕਰਦਾ ਸੀ ਤੇ ਇਧਰ ਉਧਰ ਜਾਣ ਤੋਂ ਰੋਕਦਾ ਸੀ, ਪਰ ਲੜਕੀ ਕਿਤੇ ਘੁੰਮਣ ਚਲੀ ਗਈ। ਜਦੋਂ ਬਲਵਿੰਦਰ ਸਿੰਘ ਨੇ ਦੇਰ ਸ਼ਾਮੀਂ ਆਪਣੇ ਚਮਕੌਰ ਸਾਹਿਬ ਰਹਿੰਦੇ ਹੋਰ ਪਰਿਵਾਰਕ ਮੈਂਬਰਾਂ ਕੋਲੋਂ ਮਹਿਕਦੀਪ ਕੌਰ ਦੇ ਉਨ੍ਹਾਂ ਕੋਲ ਆਉਣ ਬਾਰੇ ਪੁੱਛਿਆ ਤਾਂ ਉਨ੍ਹਾਂ ਨਾਂਹ ਕਰ ਦਿੱਤੀ। ਜਦੋਂ ਮਹਿਕਦੀਪ ਕੌਰ ਘਰ ਪੁੱਜੀ ਤਾਂ ਮੁਲਜ਼ਮ ਨਸ਼ੇ ਦੀ ਹਾਲਤ ਵਿਚ ਹੀ ਦੇਰ ਰਾਤ ਲੜਕੀ ਨੂੰ ਸਕੂਟਰ 'ਤੇ ਬਿਠਾ ਕੇ ਨਹਿਰ ਵੱਲ ਲੈ ਗਿਆ, ਜਿਥੇ ਪਹਿਲਾਂ ਉਸ ਨੇ ਲੜਕੀ ਨੂੰ ਨਹਿਰ ਵਿਚ ਸੁੱਟਣ ਦੀ ਕੋਸ਼ਿਸ਼ ਕੀਤੀ ਤੇ ਫਿਰ ਉਸ ਨੇ ਲੜਕੀ ਦੀ ਗਰਦਨ 'ਤੇ ਦਾਤ ਨਾਲ ਵਾਰ ਕਰ ਦਿੱਤਾ।




# ਕੈਨੇਡਾ ਦੇ ਰੱਖਿਆ ਮੰਤਰੀ ਦੇ ਨਾਂ 'ਤੇ ਬਣਿਆ ਚਿਕਨ ਬਰਗਰ

**ਟੋਰਾਂਟੋ:** ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਨਾਮ ਉਤੇ ਇਕ ਚਿਕਨ ਬਰਗਰ ਦਾ ਨਾਂ ਰੱਖਿਆ ਗਿਆ ਹੈ ਤੇ ਉਸ ਨੂੰ 'ਦਿ ਮਨਿਸਟਰ ਆਫ ਨੈਸ਼ਨਲ ਡਿਲੀਸ਼ੀਅਸਨੈੱਸ' ਕਿਹਾ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ 30 ਮੈਂਬਰੀ ਲਿਬਰਲ ਮੰਤਰੀ ਮੰਡਲ ਵਿਚ ਸ਼ਾਮਲ ਕੀਤੇ ਗਏ 45 ਸਾਲਾ ਸੱਜਣ ਆਪਣੇ ਨਾਂ ਵਾਲੇ ਬਰਗਰ ਦਾ ਸਵਾਦ ਜਾਣਨ ਲਈ ਵੈਨਕੂਵਰ ਦੇ ਇਕ ਰੇਸਤਰਾਂ ਵਿਚ ਵੀ ਗਏ।



ਉਨ੍ਹਾਂ ਬਰਗਰ ਖਾਣ ਬਾਅਦ ਟਵੀਟ ਕੀਤਾ, 'ਸੱਚਮੁਚ ਨੈਸ਼ਨਲ ਡਿਲੀਸ਼ੀਅਸਨੈੱਸ! ਵੈਨਕੂਵਰ ਕੈਨਿਬਲ ਕੈਫੇ ਵਿਚ ਆਪਣੇ ਨਾਮ ਦਾ ਬਰਗਰ ਖਾ ਕੇ ਸਵਾਦ ਆ ਗਿਆ।' ਦੱਖਣੀ ਵੈਨਕੂਵਰ ਦੀ ਪ੍ਰਤੀਨਿਧਤਾ ਕਰਨ ਵਾਲੇ ਸੱਜਣ ਲਿਬਰਲ ਸਰਕਾਰ ਦੇ ਪਹਿਲੇ ਮੰਤਰੀ ਮੰਡਲ ਦੀ ਬੈਠਕ ਲਈ ਪਿਛਲੇ ਹਫਤੇ ਇਥੇ ਸਨ, ਪਰ ਉਹ ਸਮਾਂ ਕੱਢ ਕੇ ਕੈਫੇ ਵਿਚ ਗਏ ਜਿਥੇ ਉਨ੍ਹਾਂ ਆਪਣੇ ਨਾਮ ਵਾਲਾ ਬਰਗਰ ਖਾਧਾ। ਇਕ ਟੀ.ਵੀ. ਦੀ ਖਬਰ ਮੁਤਾਬਕ ਸੱਜਣ ਨੇ ਕਿਹਾ, 'ਇਹ ਮੈਨੂੰ ਚੰਗਾ ਲੱਗਾ। ਉਸ ਵਿਚ ਪਕੌੜੇ ਸਨ ਤੇ ਉਸ ਵਿਚ ਪਕੌੜੇ ਪਾਉਣ ਦਾ ਵਿਚਾਰ ਜਿਸ ਕਿਸੇ ਦਾ ਸੀ, ਉਹ ਚੰਗਾ ਸੀ।' ਬਰਗਰ ਬਣਾਉਣ ਵਾਲੇ ਸ਼ੈੱਫ ਜ਼ਈ ਕਿਤਾਗਾਵਾ ਨੇ ਕਿਹਾ, 'ਦੇਸ਼ ਵਿਚ ਜੇ ਕਿਸੇ ਵਿਅਕਤੀ 'ਤੇ ਮਾਣ ਕੀਤਾ ਜਾ ਸਕਦਾ ਹੈ ਤਾਂ ਬਿਨਾਂ ਸ਼ੱਕ ਉਹ ਸੱਜਣ ਹਨ।'

# ਕੈਨੇਡਾ ਵਿਚ ਪਰਵਾਸੀ ਪਾੜ੍ਹਿਆਂ ਦੀਆਂ ਲੱਗੀਆਂ ਮੌਜਾਂ

**ਟੋਰਾਂਟੋ:** ਕੈਨੇਡਾ ਸਰਕਾਰ ਆਪਣੇ ਇਮੀਗ੍ਰੇਸ਼ਨ ਕਾਨੂੰਨ ਵਿਚ ਵੱਡੇ ਬਦਲਾਅ ਕਰਨ ਜਾ ਰਹੀ ਹੈ। ਨਵੇਂ ਨਿਯਮਾਂ ਨਾਲ ਕੈਨੇਡਾ ਵਿਚ ਪੱਕੇ ਹੋਣਾ ਸੌਖਾ ਹੋ ਜਾਵੇਗਾ। ਖਾਸ ਤੌਰ ਉਤੇ ਕੌਮਾਂਤਰੀ ਵਿਦਿਆਰਥੀਆਂ ਲਈ ਕੈਨੇਡਾ ਵਿਚ ਪੱਕੇ ਹੋਣ ਦਾ ਰਾਹ ਪਹਿਲਾਂ ਦੇ ਮੁਕਾਬਲੇ ਸੌਖਾ ਹੋ ਜਾਵੇਗਾ। ਕੈਨੇਡਾ ਦੀ ਮੌਜੂਦਾ ਸਰਕਾਰ ਨੇ ਪਿਛਲੀ ਸਰਕਾਰ ਵੱਲੋਂ ਬਣਾਏ ਗਏ ਨਾਗਰਿਕਤਾ ਕਾਨੂੰਨ ਵਿਚ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਕੈਨੇਡਾ ਦੇ ਪਰਵਾਸ ਤੇ ਇਮੀਗ੍ਰੇਸ਼ਨ ਮੰਤਰੀ ਜੋਨ ਮੈਕਲਮ ਅਨੁਸਾਰ ਨਵੇਂ ਨਿਯਮ ਪਹਿਲਾਂ ਦੇ ਮੁਕਾਬਲੇ ਸੁਖਾਲੇ ਹੋਣਗੇ ਤੇ ਪੜ੍ਹਾਈ ਲਈ ਆਏ ਵਿਦਿਆਰਥੀਆਂ ਨੂੰ ਪੱਕੇ ਹੋਣ ਦਾ ਮੌਕਾ ਮਿਲੇਗਾ। ਇਸ ਦੇ ਨਾਲ ਹੀ ਪੱਕੇ ਨਾਗਰਿਕ ਬਣਨ ਲਈ ਕੈਨੇਡਾ ਵਿਚ ਲੰਬੇ ਸਮੇਂ ਤੱਕ ਰਹਿਣ ਦੀ ਸ਼ਰਤ ਨੂੰ ਮੌਜੂਦਾ ਸਰਕਾਰ ਸੌਖਾ ਕਰਨ ਜਾ ਰਹੀ ਹੈ।



ਇਸ ਤੋਂ ਇਲਾਵਾ ਵੀਜ਼ਾ ਨਿਯਮਾਂ ਵਿਚ ਵੀ ਸਰਕਾਰ ਵੱਲੋਂ ਸੁਧਾਰ ਕੀਤਾ ਜਾ ਰਿਹਾ ਹੈ। ਕੈਨੇਡਾ ਵੱਲੋਂ ਹੁਣ ਸਿੰਗਲ ਐਂਟਰੀ ਵੀਜ਼ੇ ਦੀ ਥਾਂ ਮਲਟੀ ਐਂਟਰੀ ਵੀਜ਼ੇ ਅਰਜ਼ੀਕਰਤਾਵਾਂ ਨੂੰ ਦਿੱਤੇ ਜਾਣਗੇ। ਮਲਟੀ ਐਂਟਰੀ ਵੀਜ਼ੇ ਦੀ ਮਿਆਦ ਛੇ ਮਹੀਨੇ ਦੀ ਥਾਂ 10 ਦਸ ਸਾਲ ਦੀ ਹੋਵੇਗੀ।

# ਭਾਰਤ ਦਾ ਏਸ਼ੀਆ ਕੱਪ 'ਤੇ 6ਵੀਂ ਵਾਰ ਕਬਜ਼ਾ

**ਮੀਰਪੁਰ:** ਫਾਈਨਲ ਮੈਚ ਦੌਰਾਨ ਭਾਰਤ ਨੇ ਬੰਗਲਾਦੇਸ਼ ਨੂੰ ਅੱਠ ਵਿਕਟਾਂ ਨਾਲ ਹਰਾ ਕੇ 6ਵੀਂ ਵਾਰ ਏਸ਼ੀਆ ਕੱਪ ਆਪਣੇ ਨਾਂ ਕਰ ਲਿਆ। ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਤੇ ਬੰਗਲਾਦੇਸ਼ ਨੂੰ ਸ਼ੁਰੂਆਤੀ ਝਟਕੇ ਦਿੱਤੇ, ਪਰ ਇਸ ਦੇ ਬਾਵਜੂਦ ਬੰਗਲਾਦੇਸ਼ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਪੰਜ ਵਿਕਟਾਂ ਦੇ ਨੁਕਸਾਨ ਉਤੇ 120 ਦੌੜਾਂ ਬਣਾਈਆਂ। ਬੰਗਲਾਦੇਸ਼ ਵੱਲੋਂ ਮਹਿਮੂਦੁਲਾ ਨੇ ਨਾਬਾਦ 33 ਦੌੜਾਂ ਸਿਰਫ 13 ਗੇਂਦਾਂ 'ਚ ਬਣਾਈਆਂ ਤੇ ਸ਼ਬਿਰ ਰਹਿਮਾਨ ਨੇ 32 ਦੌੜਾਂ ਦਾ ਯੋਗਦਾਨ ਪਾਇਆ।

ਭਾਰਤ ਵੱਲੋਂ ਅਸ਼ੀਸ਼ ਨਹਿਰਾ, ਬੁਮਰਾਹ, ਆਸ਼ਵਿਨ ਅਤੇ ਜਡੇਜਾ ਨੇ ਇਕ-ਇਕ ਵਿਕਟ ਹਾਸਲ ਕੀਤੀ। ਭਾਰਤ ਵੱਲੋਂ ਅਸ਼ੀਸ਼ ਨਹਿਰਾ ਤੇ ਪਾਂਡਿਆ ਸਭ ਤੋਂ ਮਹਿੰਗੇ ਗੇਂਦਬਾਜ਼ ਸਾਬਤ ਹੋਏ ਜਿਨ੍ਹਾਂ ਨੇ ਕ੍ਰਮਵਾਰ 3-3 ਓਵਰਾਂ ਵਿਚ 33 ਤੇ 35 ਦੌੜਾਂ ਦਿੱਤੀਆਂ। ਟੀਚੇ ਦਾ ਪਿੱਛਾ ਕਰਨ ਉੱਤਰੀ ਭਾਰਤੀ ਟੀਮ ਦੀ ਸ਼ੁਰੂਆਤ ਖਰਾਬ ਰਹੀ ਤੇ ਰੋਹਿਤ ਸ਼ਰਮਾ ਸਿਰਫ ਇਕ ਦੌੜ ਬਣਾ ਕੇ ਆਊਟ ਹੋ ਗਏ। ਇਸ ਤੋਂ ਬਾਅਦ ਸ਼ਿਖਰ ਧਵਨ ਤੇ ਵਿਰਾਟ ਕੋਹਲੀ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਪਾਰੀ ਸੰਭਾਲਦਿਆਂ ਭਾਰਤ ਨੂੰ ਜਿੱਤ ਦੇ ਕਰੀਬ ਲੈ ਆਂਦਾ ਅਤੇ ਸ਼ਿਖਰ ਧਵਨ 44 ਗੇਂਦਾਂ ਵਿਚ 60 ਦੌੜਾਂ ਬਣਾ ਕੇ ਆਊਟ ਹੋ ਗਏ। ਇਸ ਤੋਂ ਬਾਅਦ ਧੋਨੀ ਤੇ ਵਿਰਾਟ ਕੋਹਲੀ ਨੇ 13.5 ਓਵਰਾਂ ਵਿਚ ਸ਼ਾਨਦਾਰ ਜਿੱਤ ਦਿਵਾਈ। ਧੋਨੀ ਨੇ ਤੂਫਾਨੀ ਬੱਲੇਬਾਜ਼ੀ ਕਰਦਿਆਂ ਛੇ ਗੇਂਦਾਂ ਵਿਚ 20 ਦੌੜਾਂ ਤੇ ਵਿਰਾਟ ਕੋਹਲੀ ਨੇ 28 ਗੇਂਦਾਂ ਵਿਚ ਸ਼ਾਨਦਾਰ 41 ਦੌੜਾਂ ਬਣਾਈਆਂ। ਮੈਨ ਆਫ ਦ ਮੈਚ ਭਾਰਤ ਬੱਲੇਬਾਜ਼ ਸ਼ਿਖਰ ਧਵਨ ਨੂੰ ਚੁਣਿਆ ਗਿਆ ਤੇ ਮੈਨ ਆਫ ਦ ਸੀਰੀਜ਼ ਬੰਗਲਾਦੇਸ਼ ਦੇ ਗੇਂਦਬਾਜ਼ ਸ਼ਬੀਰ ਰਹਿਮਾਨ ਨੂੰ ਚੁਣਿਆ ਗਿਆ।



**Punjab Times**
**Established in 2000**
**17th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.
**All disputes subject to Chicago jurisdiction.**

# ਸੁਖਬੀਰ ਦੇ ਨੌਂ ਸਾਲਾਂ ਦੇ ਹਿਸਾਬ-ਕਿਤਾਬ 'ਤੇ ਸਵਾਲਾਂ ਦੀ ਝੜੀ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੇ ਨੌਂ ਵਰ੍ਹੇ ਮੁਕੰਮਲ ਹੋਣ ਉਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸਰਕਾਰ ਦੇ ਹਿਸਾਬ-ਕਿਤਾਬ ਦੇ ਪੇਸ਼ ਕੀਤੇ ਅੰਕੜਿਆਂ 'ਤੇ ਸਵਾਲ ਉਠ ਰਹੇ ਹਨ। ਸ. ਬਾਦਲ ਦਾ ਦਾਅਵਾ ਹੈ ਕਿ ਅਕਾਲੀ ਸਰਕਾਰ ਨੇ ਪਟੜੀ ਤੋਂ ਉਤਰੇ ਪੰਜਾਬ ਨੂੰ ਵਿਕਾਸ ਦੇ ਰਾਹ ਪਾਇਆ ਹੈ। ਉਨ੍ਹਾਂ ਵੱਲੋਂ ਪੂੰਜੀ ਨਿਵੇਸ਼, ਬੁਨਿਆਦੀ ਢਾਂਚਾ, ਵਾਧੂ ਬਿਜਲੀ, ਕਰਜ਼ਾ ਤੇ ਨਸ਼ਿਆਂ ਜਿਹੇ ਕੁਝ ਮੁੱਦਿਆਂ ਉਤੇ ਸਰਕਾਰ ਦੀ ਪਿੱਠ ਥਾਪੜੀ ਜਾ ਰਹੀ ਹੈ, ਪਰ ਬੇਰੁਜ਼ਗਾਰੀ, ਕਿਸਾਨ ਖ਼ੁਦਕੁਸ਼ੀਆਂ, ਅਮਨ-ਕਾਨੂੰਨ, ਰੇਤਾ ਬਜਰੀ, ਸਿੱਖਿਆ ਤੇ ਸਿਹਤ ਜਿਹੇ ਮਾਮਲਿਆਂ ਬਾਰੇ ਧਾਰੀ ਖਾਮੋਸ਼ੀ ਦੀ ਨੁਕਤਾਚੀਨੀ ਹੋ ਰਹੀ ਹੈ।

ਸ. ਬਾਦਲ ਲਈ ਨਮੋਸ਼ੀ ਉਦੋਂ ਬਣੀ ਜਦੋਂ ਉਨ੍ਹਾਂ ਦੇ ਦਾਅਵਿਆਂ ਦੇ ਇਕ ਦਿਨ ਬਾਅਦ ਸੂਬੇ ਦੇ ਮੁੱਖ ਸਕੱਤਰ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੇਸ਼ ਕੀਤੇ ਹਲਫ਼ਨਾਮੇ ਵਿਚ ਦੱਸਿਆ ਗਿਆ ਕਿ 31 ਮਾਰਚ 2016 ਤੱਕ ਸੂਬੇ ਸਿਰ ਕਰਜ਼ੇ ਦਾ ਭਾਰ 1,24,471 ਕਰੋੜ ਰੁਪਏ ਹੋ ਜਾਵੇਗਾ। ਖ਼ਜ਼ਾਨਾ ਦਫ਼ਤਰਾਂ ਵਿਚ ਵੱਖ-



ਵੱਖ ਵਿਭਾਗਾਂ ਦੇ 354.24 ਕਰੋੜ ਰੁਪਏ ਦੇ ਬਿੱਲ ਬਕਾਇਆ ਪਏ ਹਨ ਜਦੋਂਕਿ 1433.98 ਕਰੋੜ ਰੁਪਏ ਦੇ ਅਦਾਇਗੀ ਯੋਗ ਬਿੱਲਾਂ ਦੀ ਦੇਣਦਾਰੀ ਵੀ ਰਹਿੰਦੀ ਹੈ।

ਕਈ ਵਿਭਾਗਾਂ ਦੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਤੇ ਸਮਾਜਿਕ ਸੁਰੱਖਿਆ ਸਕੀਮਾਂ ਤਹਿਤ ਦਿੱਤੀਆਂ ਜਾਣ ਵਾਲੀਆਂ ਪੈਨਸ਼ਨਾਂ ਦੀ ਵੀ ਸਮੇਂ ਸਿਰ ਅਦਾਇਗੀ ਨਹੀਂ ਹੋ ਰਹੀ। ਕਈ ਬੋਰਡ, ਕਾਰਪੋਰੇਸ਼ਨਾਂ ਤੇ ਗਮਾਡਾ ਜਿਹੇ ਅਦਾਰੇ ਵੀ ਨਿਘਾਰ ਦੀ ਕਗਾਰ 'ਤੇ ਹਨ। ਇਸੇ ਹੀ ਸਮੇਂ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੇ ਤਰਕ ਨੇ ਵੀ ਸ. ਬਾਦਲ ਨੂੰ ਕਸੂਤਾ ਫਸਾ ਦਿੱਤਾ ਜਿਸ ਵਿਚ ਉਨ੍ਹਾਂ ਕਿਹਾ ਕਿ ਵਿਕਾਸ ਲਈ ਕਰਜ਼ਾ ਲੈਣਾ ਕੋਈ ਮਾੜੀ ਗੱਲ ਨਹੀਂ ਤੇ ਅਮਰੀਕਾ ਵਰਗੇ ਦੇਸ਼ ਨੂੰ ਵੀ ਆਪਣੇ ਵਿਕਾਸ ਕਾਰਜਾਂ ਲਈ ਕਰਜ਼ੇ ਦਾ ਸਹਾਰਾ ਲੈਣਾ ਪੈਂਦਾ ਹੈ।

ਸੂਬੇ ਵਿਚ ਅਮਨ-ਕਾਨੂੰਨ ਦੀ ਲਗਾਤਾਰ ਨਿਘਰ ਰਹੀ ਹਾਲਤ ਬਾਰੇ ਵੀ ਉਪ ਮੁੱਖ ਮੰਤਰੀ ਕੋਈ ਜਵਾਬ ਨਾ ਦੇ ਸਕੇ। ਸੂਬੇ ਦੀ ਕਿਸਾਨੀ ਦੀ ਹਾਲਤ ਬਾਰੇ ਚੁੱਪ ਹੀ ਰਹੇ ਜਦਕਿ ਔਸਤਨ ਹਰ ਤਿੰਨਾਂ ਦਿਨਾਂ ਵਿਚ ਪੰਜ ਕਿਸਾਨ-ਮਜ਼ਦੂਰ ਖੁਦਕੁਸ਼ੀ ਕਰ ਰਹੇ ਹਨ। ਨੌਜਵਾਨਾਂ ਵਿਚ ਵਧ ਰਹੀ ਬੇਰੁਜ਼ਗਾਰੀ ਬਾਰੇ ਵੀ ਉਪ ਮੁੱਖ ਮੰਤਰੀ ਚੁੱਪ ਹੀ ਹਨ। ਅਧਿਆਪਕਾਂ ਤੋਂ ਖਾਲੀ ਸਕੂਲਾਂ ਤੇ ਡਾਕਟਰਾਂ ਤੋਂ ਸੱਖਣੇ ਸਿਹਤ ਕੇਂਦਰਾਂ ਦੇ ਅੰਕੜੇ ਵੀ ਸੁਖਬੀਰ ਬਾਦਲ ਨੇ ਪੇਸ਼ ਨਹੀਂ ਕੀਤੇ। ਮਾਫੀਆ ਗਰੋਹਾਂ ਦੀ ਰਸੂਖਵਾਨਾਂ ਨਾਲ ਮਿਲੀਭੁਗਤ ਕਾਰਨ ਲੱਖਾਂ ਮਜ਼ਦੂਰਾਂ ਅਤੇ ਮਿਸਤਰੀਆਂ ਦੀ ਬੇਰੁਜ਼ਗਾਰੀ ਵੀ ਉਪ ਮੁੱਖ ਮੰਤਰੀ ਸਫਾਈ ਨਾਲ ਛੁਪਾ ਗਏ।

**ਸੋਸ਼ਲ ਮੀਡੀਏ ਨਾਲ ਗਿਲਾ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੋਸ਼ਲ ਮੀਡੀਏ ਤੋਂ ਖਾਸੇ ਨਾਰਾਜ਼ ਹਨ। ਆਪਣੇ ਨੌਂ ਸਾਲਾਂ ਦੇ ਹਿਸਾਬ-ਕਿਤਾਬ ਵਿਚ ਉਨ੍ਹਾਂ ਸੋਸ਼ਲ ਮੀਡੀਏ ਨੂੰ ਖੂਬ ਰਗੜੇ ਲਾਏ।

## ਸੁਖਬੀਰ ਬਾਦਲ ਬਨਾਮ ਜੋਸਫ ਗੋਇਬਲਜ਼

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਿਕਾਸ ਬਾਰੇ ਦਾਅਵਿਆਂ ਨੂੰ ਕੋਰਾ ਝੂਠ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਵੱਲੋਂ ਅਖ਼ਬਾਰਾਂ 'ਚ ਦਿੱਤੇ ਜਾ ਰਹੇ ਇਸ਼ਤਿਹਾਰਾਂ ਵਿਚ ਦਾਅਵੇ ਕਰਨ ਦੇ ਮਾਮਲੇ ਵਿਚ ਜੋਸਫ ਗੋਇਬਲਜ਼ ਨੂੰ ਵੀ ਪਿੱਛੇ ਛੱਡ ਦਿੱਤਾ ਹੈ ਜਿਨ੍ਹਾਂ ਦਾ ਮੰਨਣਾ ਸੀ ਕਿ ਜੇ ਵਾਰ-ਵਾਰ ਝੂਠ ਨੂੰ ਦੁਹਰਾਇਆ ਜਾਵੇ, ਉਹ ਸੱਚ ਬਣ ਜਾਂਦਾ ਹੈ।

# ਪਰਵਾਸੀਆਂ ਦੇ ਹੁੰਗਾਰੇ ਨੇ ਦਿੱਤੇ ਨਵੇਂ ਸਿਆਸੀ ਸੰਕੇਤ

*(ਸਫਾ ਇਕ ਦੀ ਬਾਕੀ)*

ਅਤੇ ਸ. ਫੂਲਕਾ ਦੇ ਬਾਈਕਾਟ ਦਾ ਸੱਦਾ ਦੇ ਦਿੱਤਾ, ਪਰ ਪਰਵਾਸੀ ਪੰਜਾਬੀਆਂ ਨੇ ਇਸ ਦੀ ਪਰਵਾਹ ਨਹੀਂ ਕੀਤੀ। ਬਰੈਂਪਟਨ ਫੇਰੀ ਦੀ ਆਖਰੀ ਕਾਨਫਰੰਸ ਵਿਚ ਤਾਂ ਇਕੱਠ ਦੇ ਰਿਕਾਰਡ ਟੁੱਟ ਗਏ। ਸ. ਫੂਲਕਾ ਨੇ ਵੀ ਇਸ ਫੇਰੀ ਮੌਕੇ ਪਰਵਾਸੀ ਭਾਰਤੀਆਂ ਨੂੰ ਪੰਜਾਬ ਦਾ ਨਿਜ਼ਾਮ ਬਦਲਣ ਦਾ ਸੱਦਾ ਦਿੱਤਾ।

ਦਿੱਲੀ ਚੋਣਾਂ ਪਿੱਛੋਂ ਭਾਵੇਂ 'ਆਪ' ਵਿਚ ਪਏ ਅੰਦਰੂਨੀ ਕਲੇਸ਼ ਕਾਰਨ ਇਸ ਨਵੀਂ ਪਾਰਟੀ ਦੇ ਭਵਿੱਖ 'ਤੇ ਸਵਾਲ ਖੜ੍ਹੇ ਹੋ ਗਏ ਸਨ, ਪਰ ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਇਹ ਪਾਰਟੀ ਲਗਾਤਾਰ ਕਦਮ ਵਧਾ ਰਹੀ ਹੈ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੀ ਪੰਜਾਬ ਦੀ ਸਿਆਸਤ ਵਿਚ ਵਿਸ਼ੇਸ਼ ਰੁਚੀ ਦਿਖਾ ਰਹੇ ਹਨ। ਉਹ ਹਫਤਾ ਪਹਿਲਾਂ ਹੀ ਪੰਜਾਬ ਦੀ ਪੰਜ ਦਿਨਾਂ ਫੇਰੀ 'ਤੇ ਆਏ ਸਨ ਤੇ ਹੁਣ ਮੁੜ 15 ਮਾਰਚ ਨੂੰ ਫਿਰ ਪਹੁੰਚ ਰਹੇ ਹਨ। ਇਸ ਵਾਰ ਉਨ੍ਹਾਂ ਦਾ ਨਿਸ਼ਾਨਾ ਦਲਿਤ ਵੋਟ ਹੋਵੇਗਾ। ਉਨ੍ਹਾਂ ਨੇ ਦਲਿਤ ਲੀਡਰ ਕਾਂਸ਼ੀ ਰਾਮ ਦੇ ਜਨਮ ਦਿਹਾੜੇ ਨੂੰ ਪੰਜਾਬ ਦੌਰੇ ਲਈ ਚੁਣਿਆ ਹੈ। ਸਿਆਸੀ ਹਲਕਿਆਂ ਵਿਚ ਦੌਰੇ ਨੂੰ ਲੈ ਕੇ ਕਾਫੀ ਚਰਚਾ ਹੈ। ਮੰਨਿਆ ਜਾ ਰਿਹਾ ਹੈ ਕਿ ਕੇਜਰੀਵਾਲ ਦੇ ਦੌਰੇ ਨਾਲ ਇਕ ਵਾਰ ਮੁੜ ਪੰਜਾਬ ਦੀ ਸਿਆਸਤ ਉਬਾਲ ਖਾਏਗੀ ਕਿਉਂਕਿ ਇਸੇ ਦਿਨ ਬਸਪਾ ਸੁਪਰੀਮੋ ਮਾਇਆਵਤੀ ਵੀ ਪੰਜਾਬ ਆ ਰਹੇ ਹਨ। ਪੰਜਾਬ ਵਿਚ 32 ਫੀਸਦੀ ਦਲਿਤ ਵੋਟ ਬੈਂਕ ਹੈ। 1992 ਵਿਚ ਬਸਪਾ ਨੇ 16.32 ਫੀਸਦੀ ਵੋਟ ਲੈ ਕੇ ਨੌਂ ਵਿਧਾਨ ਸਭਾ ਸੀਟਾਂ ਜਿੱਤੀਆਂ ਸਨ। ਦਲਿਤ ਵੋਟ ਬੈਂਕ ਆਮ ਕਰ ਕੇ ਕਾਂਗਰਸ ਦੇ ਹੱਕ ਵਿਚ ਭੁਗਤਦਾ ਹੈ ਤੇ ਹੁਣ 'ਆਪ' ਦੀ ਅੱਖ ਇਸ ਵੋਟ ਬੈਂਕ 'ਤੇ ਹੈ।

ਚੇਤੇ ਰਹੇ ਕਿ ਕੇਜਰੀਵਾਲ ਦੇ ਪਹਿਲੇ ਦੌਰੇ ਨੇ ਸਿਆਸੀ ਪਾਰਾ ਕਾਫੀ ਚੜ੍ਹਾ ਦਿੱਤਾ ਸੀ। ਪਹਿਲੀ ਫੇਰੀ ਮੌਕੇ ਉਹ ਖ਼ੁਦਕੁਸ਼ੀ ਕਰ ਚੁੱਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮਿਲੇ ਸਨ ਤੇ ਪੰਜਾਬ ਦੀ ਕਿਸਾਨੀ ਤੇ ਛੋਟੇ ਕਾਰੋਬਾਰੀਆਂ ਦੀਆਂ ਮੁਸ਼ਕਿਲਾਂ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਨਾਲ ਹੀ ਪੰਜਾਬ ਦੀਆਂ ਮੁਲਾਜ਼ਮ ਜਥੇਬੰਦੀਆਂ ਅਤੇ ਖੱਬੀਆਂ ਧਿਰਾਂ ਦੇ ਕੁਝ ਆਗੂ ਵੀ ਆਮ ਆਦਮੀ ਪਾਰਟੀ ਵਾਲੇ ਪਾਸੇ ਉੱਲਰ ਰਹੇ ਹਨ। ਇਸੇ ਹਫਤੇ ਖੱਬੀਆਂ ਧਿਰਾਂ ਦੇ ਕਈ ਵੱਡੇ ਆਗੂ ਇਸ ਪਾਰਟੀ ਦਾ ਹਿੱਸਾ ਬਣ ਗਏ। 'ਆਪ' ਵੱਲੋਂ ਪੰਜਾਬ ਵਿਚ 'ਪਰਿਵਾਰ ਜੋੜੋ' ਮੁਹਿੰਮ ਵੀ ਚਲਾਈ ਹੋਈ ਹੈ ਜਿਸ ਨੂੰ ਭਰਵਾਂ ਹੁੰਗਾਰਾ ਮਿਲਦਾ ਵੇਖ ਕਾਂਗਰਸ ਨੇ ਘਰ-ਘਰ ਪਹੁੰਚ ਕਰਨ ਵਾਲੀ ਅਜਿਹੀ ਹੀ ਮੁਹਿੰਮ ਛੇੜ ਦਿੱਤੀ ਹੈ। ਪਾਰਟੀ ਵੱਲੋਂ ਹਲਕਾ ਵਾਰ ਆਮ ਲੋਕਾਂ ਨਾਲ ਰਾਬਤਾ ਬਣਾਇਆ ਜਾ ਰਿਹਾ ਹੈ। ਹਾਕਮ ਧਿਰ ਅਕਾਲੀ ਦਲ ਵੀ 'ਆਪ' ਦੀ ਚੁਣੌਤੀ ਨੂੰ ਕਬੂਲ ਰਿਹਾ ਹੈ। ਪਿਛਲੇ ਮਹੀਨੇ ਤੋਂ ਚੱਲ ਰਹੀਆਂ ਕੋਰ ਕਮੇਟੀ ਦੀਆਂ ਮੀਟਿੰਗਾਂ ਵਿਚ ਇਸ ਨਵੀਂ ਧਿਰ ਦੇ ਟਾਕਰੇ ਲਈ ਰਣਨੀਤੀਆਂ ਘੜੀਆਂ ਜਾ ਰਹੀ ਹੈ ਤੇ ਕੇਜਰੀਵਾਲ ਅਕਾਲੀ ਆਗੂਆਂ ਦੇ ਨਿਸ਼ਾਨੇ 'ਤੇ ਹੈ।

## ਵਿਜੇ ਮਾਲਿਆ ਕਸੂਤਾ ਫਸਿਆ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਵਿਜੇ ਮਾਲਿਆ ਖਿਲਾਫ ਮਨੀ ਲਾਂਡਰਿੰਗ ਦਾ ਕੇਸ ਦਰਜ ਕਰ ਲਿਆ ਹੈ। ਉਨ੍ਹਾਂ 'ਤੇ ਭਾਰਤੀ ਸਟੇਟ ਬੈਂਕ ਸਮੇਤ ਕਈ ਬੈਂਕਾਂ ਦੇ ਡਿਫਾਲਟਰ ਹੋਣ ਦਾ ਇਲਜ਼ਾਮ ਹੈ। ਈ.ਡੀ. ਦੇ ਸੂਤਰਾਂ ਮੁਤਾਬਕ ਮਾਲਿਆ ਤੋਂ ਛੇਤੀ ਹੀ ਪੁੱਛਗਿੱਛ ਹੋਵੇਗੀ। ਇਸ ਤੋਂ ਪਹਿਲਾਂ ਭਾਰਤੀ ਸਟੇਟ ਬੈਂਕ ਨੇ ਵਿਜੇ ਮਾਲਿਆ ਦੇ ਵਿਦੇਸ਼ ਭੱਜਣ ਪ੍ਰਤੀ ਸ਼ੱਕ ਜ਼ਾਹਰ ਕੀਤਾ ਸੀ। ਦੱਸਣਯੋਗ ਹੈ ਕਿ ਭਾਰਤੀ ਸਟੇਟ ਬੈਂਕ ਨੇ ਵਿਜੇ ਮਾਲਿਆ ਖਿਲਾਫ ਬੰਗਲੂਰੂ ਸਥਿਤ ਕਰਜ਼ ਵਸੂਲੀ ਟ੍ਰਿਬਿਊਨਲ ਵਿਚ ਤਿੰਨ ਪਟੀਸ਼ਨਾਂ ਦਾਇਰ ਕੀਤੀਆਂ ਸਨ।

## ਈਮੇਲ ਦੇ ਖੋਜੀ ਰੇਅ ਟੌਮਲਿਨਸਨ ਦਾ ਦੇਹਾਂਤ

**ਵਾਸ਼ਿੰਗਟਨ:** ਈਮੇਲ ਦੀ ਖੋਜ ਕਰਨ ਕਰਨ ਵਾਲੇ ਅਮਰੀਕਾ ਦੇ ਪ੍ਰੋਗਰਾਮਰ ਰੇਅ ਟੌਮਲਿਨਸਨ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੀ ਉਮਰ 74 ਸਾਲ ਸੀ।



ਉਨ੍ਹਾਂ ਨੇ ਆਨਲਾਈਨ ਸੁਨੇਹਾ ਭੇਜਣ ਲਈ @ ਸਿੰਬਲ ਦੀ ਵਰਤੋਂ ਸ਼ੁਰੂ ਕੀਤੀ ਸੀ। ਟੌਮਲਿਨਸਨ ਨੇ ਡਾਇਰੈਕਟ ਇਲੈਕਟ੍ਰਾਨਿਕ ਮੈਸੇਜ ਦੀ ਕਾਢ 1971 ਵਿਚ ਕੱਢੀ ਸੀ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਬਾਅਦ ਆਨਲਾਈਨ ਸੋਗ ਸੰਦੇਸ਼ਾਂ ਦਾ ਹੜ੍ਹ ਆ ਗਿਆ।

## ਸਿੱਖਾਂ ਬਾਰੇ ਚੁਟਕਲਿਆਂ ਖਿਲਾਫ ਪਟੀਸ਼ਨ

**ਅੰਮ੍ਰਿਤਸਰ:** ਸੋਸ਼ਲ ਵੈੱਬਸਾਈਟਾਂ 'ਤੇ ਸਿੱਖਾਂ ਬਾਰੇ ਚੁਟਕਲਿਆਂ ਦੇ ਰੂਪ 'ਚ ਹੁੰਦੇ ਬੇਹੂਦਾ ਮਜ਼ਾਕ ਸਬੰਧੀ ਦੇਸ਼-ਵਿਦੇਸ਼ ਦੇ ਸਿੱਖ ਸੰਗਠਨਾਂ ਵਲੋਂ ਰੋਸ ਸ਼ਿਕਾਇਤਾਂ ਦਰਜ ਕਰਵਾਉਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਜਿਹੇ ਭੱਦੇ ਚੁਟਕਲਿਆਂ ਖਿਲਾਫ਼ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ ਜਿਸ ਦੀ ਅਗਲੀ ਸੁਣਵਾਈ 15 ਮਾਰਚ ਨੂੰ ਹੋਵੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਸਿੱਖ ਮਾਮਲਿਆਂ ਸਬੰਧੀ ਨਾ ਸਿਰਫ ਭਾਰਤ, ਬਲਕਿ ਸੰਸਾਰ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਇਹ ਪਟੀਸ਼ਨ ਵੀ ਉਸੇ ਮੁਹਿੰਮ ਦਾ ਹਿੱਸਾ ਹੈ। ਉਨ੍ਹਾਂ ਪਿਛੋਕੜ ਬਾਰੇ ਦੱਸਿਆ ਕਿ ਦਹਾਕਾ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਵਲੋਂ ਤਤਕਾਲੀ ਕੇਂਦਰੀ ਮੰਤਰੀ ਸ੍ਰੀ ਅਰੁਣ ਸ਼ੋਰੀ ਨੂੰ ਬੀ.ਐਸ.ਐਨ.ਐਲ. ਦੀ 'ਜੋਕਲਾਈਨ' ਸਾਈਟ ਉਤੇ 'ਸਰਦਾਰ ਜੀ' ਜੋਕਸ ਦੀ ਲੜੀ ਖਿਲਾਫ਼ ਸ਼ਿਕਾਇਤ ਕੀਤੀ ਗਈ ਸੀ। 2005 ਵਿਚ ਪ੍ਰੀਤਿਸ਼ ਨੰਦੀ ਕਮਿਊਨੀਕੇਸ਼ਨ ਵੱਲੋਂ ਬਣਾਈ ਫਿਲਮ 'ਸ਼ਬਦ' ਖਿਲਾਫ਼ ਮਾਮਲਾ ਦਰਜ ਕਰਵਾਇਆ। ਮਾਰਚ 2007 ਵਿਚ ਮਟੁੰਗਾ ਦੇ ਬੁੱਕ ਸੇਲਰ ਰਣਜੀਤ ਪਰਾਡੇ ਖ਼ਿਲਾਫ਼ ਸਿੱਖਾਂ ਬਾਰੇ ਚੁਟਕਲਿਆਂ ਦੀਆਂ ਕਿਤਾਬਾਂ ਰੱਖਣ, ਮੋਬਾਇਲ ਆਪਰੇਟਰ ਕੰਪਨੀ ਰਿਲਾਇੰਸ ਕਮਿਊਨੀਕੇਸ਼ਨ ਦੇ ਮੁਖੀ ਅਨਿਲ ਅੰਬਾਨੀ ਖ਼ਿਲਾਫ਼ 'ਸਰਦਾਰ' ਨਾਂ ਹੇਠ 'ਜੋਕਸ ਆਫ ਦਾ ਡੇ' ਭੇਜਣ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ।

# ਮਾਰੀਆ ਸ਼ਾਰਾਪੋਵਾ ਦਾ ਡੋਪ ਟੈਸਟ ਫੇਲ੍ਹ

**ਮਾਸਕੋ:** ਪੰਜ ਵਾਰ ਗਰੈਂਡ ਸਲੈਮ ਚੈਂਪੀਅਨ ਅਤੇ ਰੂਸ ਦੀ ਸਾਬਕਾ ਨੰਬਰ ਇਕ ਟੈਨਿਸ ਖਿਡਾਰੀ ਮਾਰੀਆ ਸ਼ਾਰਾਪੋਵਾ ਨੇ ਸਵੀਕਾਰ ਕੀਤਾ ਹੈ ਕਿ ਉਹ ਆਸਟਰੇਲੀਆ ਓਪਨ ਦੌਰਾਨ ਡੋਪ ਟੈਸਟ ਵਿਚ ਫੇਲ੍ਹ ਹੋ ਗਈ ਸੀ ਜਿਸ ਤੋਂ ਬਾਅਦ ਕੌਮਾਂਤਰੀ ਟੈਨਿਸ ਸੰਘ (ਆਈ.ਟੀ.ਐਫ.) ਨੇ ਉਸ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਸੀ।

ਟੈਨਿਸ ਜਗਤ 'ਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਮਹਿਲਾ ਖਿਡਾਰੀ ਸ਼ਾਰਾਪੋਵਾ ਨੇ ਪ੍ਰੈਸ ਕਾਨਫਰੰਸ ਦੌਰਾਨ ਇਹ ਖੁਲਾਸਾ ਕੀਤਾ ਸੀ ਕਿ 2006 ਤੋਂ ਹੀ ਉਹ ਇਕ ਦਵਾਈ ਲੈ ਰਹੀ ਸੀ ਪਰ ਵਿਸ਼ਵ ਡੋਪਿੰਗ ਰੋਕੂ ਏਜੰਸੀ (ਵਾਡਾ) ਨੇ ਅਚਾਨਕ 2016 ਦੀਆਂ ਪਾਬੰਦੀਸ਼ੁਦਾ ਦਵਾਈਆਂ ਦੀ ਸੂਚੀ ਵਿਚ ਇਸ ਨੂੰ ਸ਼ਾਮਿਲ ਕਰ ਦਿੱਤਾ ਜਿਸ ਨਾਲ ਇਹ ਸਥਿਤੀ ਪੈਦਾ ਹੋਈ। ਸ਼ਾਰਾਪੋਵਾ



ਨੂੰ ਅਗਲੀ ਕਾਰਵਾਈ ਤੱਕ ਆਈ.ਟੀ.ਐਫ. ਨੇ ਮੁਅੱਤਲ ਕਰ ਦਿੱਤਾ ਹੈ। ਇਸ ਮਾਮਲੇ 'ਤੇ ਸ਼ਾਰਾਪੋਵਾ 'ਤੇ ਚਾਰ ਸਾਲ ਦੀ ਪਾਬੰਦੀ ਲੱਗ ਸਕਦੀ ਹੈ। ਸ਼ਾਰਾਪੋਵਾ ਨੇ ਕਿਹਾ ਕਿ ਉਸ ਦਾ ਡਾਕਟਰ ਪਿਛਲੇ 10 ਸਾਲ ਤੋਂ ਇਹ ਦਵਾ ਉਸ ਨੂੰ ਦੇ ਰਿਹਾ ਹੈ। ਕੁਝ ਦਿਨ ਪਹਿਲਾਂ ਉਸ ਨੂੰ ਆਈ.ਟੀ.ਐਫ. ਵੱਲੋਂ ਪੱਤਰ ਮਿਲਿਆ ਸੀ ਜਿਸ ਤੋਂ ਪਤਾ ਲੱਗਿਆ ਕਿ ਉਹ ਜੋ ਦਵਾਈ ਲੈ ਰਹੀ ਸੀ, ਉਹ ਪਾਬੰਦੀ ਲਈ ਦਵਾਈ ਦਾ ਦੂਸਰਾ ਨਾਂ ਹੈ। ਉਸ ਅਨੁਸਾਰ, ਉਹ ਇਹ ਦਵਾਈ ਸ਼ੂਗਰ ਦੀ ਬਿਮਾਰੀ ਦੇ ਡਰ ਤੋਂ ਲੈ ਰਹੀ ਸੀ, ਕਿਉਂਕਿ ਉਸ ਦੇ ਪਰਿਵਾਰ ਵਿਚ ਇਸ ਬਿਮਾਰੀ ਦਾ ਇਤਿਹਾਸ ਰਿਹਾ ਹੈ।

ਸ਼ਾਰਾਪੋਵਾ ਦਾ ਭਾਵੇਂ ਇਹ ਦਾਅਵਾ ਹੈ ਕਿ ਇਹ ਗਲਤੀ ਨਾਲ ਹੋਇਆ ਹੈ ਪਰ ਉਸ ਨੂੰ ਇਸ ਲਈ ਹੁਣ ਤੋਂ ਹੀ ਨੁਕਸਾਨ ਝੱਲਣਾ ਪੈ ਰਿਹਾ ਹੈ ਅਤੇ ਉਸ ਦੀ ਸ਼ੁਰੂਆਤ ਦੁਨੀਆਂ ਦੀ ਮਸ਼ਹੂਰ ਖੇਡਾਂ ਦਾ ਸਾਮਾਨ ਬਣਾਉਣ ਵਾਲੀ ਕੰਪਨੀ ਨਾਈਕੀ ਤੋਂ ਹੋਇਆ ਹੈ ਜੋ ਕਰਾਰ ਤੋੜਨ ਲਈ ਤਿਆਰ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਫਰਿਜ਼ਨੋ ‘ਚ ਵੂਮੈਨ ਡੇ ‘ਤੇ ਸਿੱਖ ਔਰਤਾਂ ਵੱਲੋਂ ਕਾਨਫਰੰਸ

**ਫਰਿਜ਼ਨੋ (ਬਿਊਰੋ):** ਸਿੱਖ ਵੂਮੈਨ ਆਰਗੇਨਾਈਜ਼ੇਸ਼ਨ ਆਫ ਸੈਂਟਰਲ ਵੈਲੀ ਕੈਲੀਫੋਰਨੀਆ ਦੀ ਗੁੱਡੀ ਸਿੱਧੂ, ਗੁੱਡੀ ਰਾਣੋ ਅਤੇ ਸੁਖਜੀਵਨ ਕੌਰ ਜੌਹਲ ਦੀ ਅਗਵਾਈ ਹੇਠ ਇਥੇ ਸਲਾਨਾ ਕਾਨਫਰੰਸ ਹੋਈ ਜਿਸ ਵਿੱਚ ਔਰਤਾਂ ਨੂੰ ਜਾਗਰੂਕ ਕਰਨ ਸਬੰਧੀ ਵਿਚਾਰ-ਵਟਾਂਦਰਾ ਅੰਦਰ ਪੀੜ੍ਹੀ ਪਾੜੇ ਉਤ ਉਂਗਲ ਧਰਦਿਆਂ ਇਸ ਪਾੜੇ ਨੂੰ ਘਟਾਉਣ ਲਈ ਨਵੀਂ ਪੀੜ੍ਹੀ ਨੂੰ ਨਾਲ ਲੈ ਕੇ ਚੱਲਣ ਉਤੇ ਜੋਰ ਦਿਤਾ। ਵਿੱਕੀ ਨੇ ਨਸਿਆਂ ਅਤੇ ਹੋਰ ਅਲਾਮਤਾਂ ਦੇ ਨੁਕਸਾਨ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ‘ਲਾਈਟ ਹਾਊਸ’ ਸੰਸਥਾ ਵਲੋਂ ਦਿੱਤੀਆਂ ਜਾਂ ਰਹੀਆਂ ਸੇਵਾਵਾਂ ਬਾਰੇ ਦਸਿਆ।




*ਸ਼ਕਤੀ ਮਾਣਕ ਸਨਮਾਨ ਉਪਰੰਤ ਪ੍ਰਬੰਧਕਾਂ ਨਾਲ*

ਹੋਇਆ।

ਇਸ ਮੌਕੇ ਬੋਲਦਿਆਂ ਰੇਡੀਓ ਹੋਸ਼ਟ ਗੁੱਡੀ ਸਿੱਧੂ ਨੇ ਸਮਾਜਿਕ ਬਰਾਬਰੀ ਅਤੇ ਆਪਸੀ ਭਾਈਚਾਰੇ ਨੂੰ ਮਜਬੂਤ ਕਰਨ ਦੀ ਲੋੜ ਉਤੇ ਜੋਰ ਦਿਤਾ। ਗੁੱਡੀ ਰਾਣੋ ਨੇ ਔਰਤਾਂ ਨੂੰ ਰਲ ਕੇ ਅਜਿਹੇ ਪ੍ਰੋਗਰਾਮ ਸਾਰਥਕ ਬਣਾਉਣ ਦੀ ਅਪੀਲ ਕੀਤੀ। ਜਦ ਕਿ ਸੁਖਜੀਵਨ ਕੌਰ ਜੌਹਲ ਨੇ ਪ੍ਰੋਗਰਾਮ ਦੀ ਮੇਜ਼ਬਾਨੀ ਕਰਦਿਆ ਧੀ ਬਾਰੇ ਖ਼ੂਬਸੂਰਤ ਕਵਿਤਾ ਸੁਣਾਈ।

ਲੋਕ ਗਾਇਕ ਸਵਰਗਵਾਸੀ ਕੁਲਦੀਪ ਮਾਣਕ ਦੀ ਧੀ ਸ਼ਕਤੀ ਮਾਣਕ ਦਾ ਸੰਸਥਾ ਵੱਲੋਂ ਇਸ ਮੌਕੇ ਸਨਮਾਨ ਕੀਤਾ ਗਿਆ। ਸ਼ਕਤੀ ਮਾਣਕ ਨੇ ਸੰਸਥਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਔਰਤਾਂ ਦਾ ਮਨੋਬਲ ਉਚਾ ਕਰਨ ਵਿਚ ਸਹਾਈ ਹੁੰਦੇ ਹਨ।

ਕੁਲਜੀਤ ਕੌਰ ਮਾਨ ਨੇ ਪੰਜਾਬੀ ਭਾਈਚਾਰੇ ਹੋਰਨਾਂ ਤੋਂ ਇਲਾਵਾ ਅਨਜਾਨਾ ਅਹਿੱਲਬੋਰਨ, ਜਸ਼ ਬਰਾੜ, ਡਾ. ਜਸਵੰਤ ਕੌਰ ਮਠਾੜੂ ਅਤੇ ਅਮਰਜੀਤ ਕੌਰ ਢਿੱਲੋਂ ਨੇ ਵੀ ਆਪਣੇ ਵਿਚਾਰ ਪ੍ਰਗਟਾਏ।

ਹਾਜਰੀਨ ਦੇ ਮੰਨੋਰੰਜ਼ਨ ਲਈ ਗੀਤ-ਸੰਗੀਤ ਤੋਂ ਇਲਾਵਾ ਬੱਚਿਆਂ ਨੇ ਗਿੱਧਾ ਪੇਸ਼ ਕੀਤਾ। ਇਸ ਸਮੇਂ ਲੋੜਵੰਦਾਂ ਦਾ ਮੈਡੀਕਲ ਚੈਕਅੱਪ ਵੀ ਕੀਤਾ ਗਿਆ ਅਤੇ ਬਹੁਤ ਸਾਰੇ ਰੈਫਲ ਵੀ ਕੱਢੇ ਗਏ।

# *16ਵੇਂ ਗਦਰੀ ਮੇਲੇ ਲਈ ਤਿਆਰੀਆਂ ਜ਼ੋਰਾਂ ‘ਤੇ*

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਆਉਂਦੀ 27 ਮਾਰਚ ਨੂੰ ਕਰਵਾਏ ਜਾ ਰਹੇ 16ਵੇਂ ਮੇਲੇ ਲਈ ਤਿਆਰੀਆਂ ਜੋਰਾਂ ‘ਤੇ ਚਲ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਘੋਲੀਆ ਨੇ ਦੱਸਿਆ ਕਿ ਮੇਲੇ ਲਈ ਭਾਈਚਾਰੇ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਫੋਰਮ ਦੇ ਇਸਤਰੀ ਵਿੰਗ ਦੀ ਮੀਟਿੰਗ 23 ਮਾਰਚ ਨੂੰ ਹੋਵੇਗੀ ਜਿਸ ਵਿਚ ਜਿਥੇ ਕੌਮਾਂਤਰੀ ਇਸਤਰੀ ਦਿਵਸ ਮਨਾਇਆ ਜਾਵੇਗਾ ਉਥੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਨ ਵੀ ਮਨਾਇਆ ਜਾਵੇਗਾ।

27 ਮਾਰਚ, ਐਤਵਾਰ ਨੂੰ ਮੇਲੇ ਨੂੰ ਅੰਤਿਮ ਛੋਹਾਂ ਦਿੱਤੀਆਂ ਜਾਣਗੀਆਂ। ਮੀਟਿੰਗ ਦੀ ਪ੍ਰਧਾਨਗੀ ਪੰਜਾਬ ਤੋਂ ਵਿਸ਼ੇਸ਼ ਤੌਰ ‘ਤੇ ਪਹੁੰਚੀ ਬੀਬੀ ਰਘੁਬੀਰ ਕੌਰ, ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਕਰਨਗੇ। ਇਹ ਮੇਲਾ ਦੂਜੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ। ਮੇਲੇ ਦੇ ਮੁੱਖ ਬੁਲਾਰੇ ਵੀ ਬੀਬੀ ਰਘੁਬੀਰ ਕੌਰ ਹੋਣਗੇ। ਸਥਾਨਕ ਕਲਾਕਾਰ ਜੀਤਾ ਗਿੱਲ, ਧਰਮਵੀਰ ਥਾਂਦੀ ਗਾਇਕੀ ਪ੍ਰੋਗਰਾਮ ਪੇਸ਼ ਕਰਨਗੇ ਅਤੇ ਬੱਚਿਆਂ ਵਲੋਂ ਗੀਤ, ਕਵਿਤਾ, ਗਿੱਧਾ, ਭੰਗੜਾ, ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਵਿੱਦਿਆ ਵਿਚ ਚੰਗੇ ਨੰਬਰਾਂ ਤੇ ਪਾਸ ਹੋਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਹੋਰ ਜਾਣਕਾਰੀ ਲਈ ਫੋਨ 559-618-0156 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸਾਬਕਾ ਸਪੀਕਰ ਪੀ.ਏ. ਸੰਗਮਾ ਦਾ ਦੇਹਾਂਤ

**ਨਵੀਂ ਦਿੱਲੀ:** ਲੋਕ ਸਭਾ ਦੇ ਸਾਬਕਾ ਸਪੀਕਰ ਤੇ ਸਾਬਕਾ ਕੇਂਦਰੀ ਮੰਤਰੀ ਪੀ.ਏ. ਸੰਗਮਾ ਦਾ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ।

ਉਹ 68 ਸਾਲਾ ਦੇ ਸਨ। ਉਹ ਮੇਘਾਲਿਆ ਦੇ ਤੁਰਾ ਤੋਂ ਨੌਂ ਵਾਰ ਲੋਕ ਸਭਾ ਲਈ ਚੁਣੇ ਗਏ ਤੇ ਉਤਰ-ਪੂਰਬੀ ਇਲਾਕੇ ਤੋਂ ਆਉਣ ਵਾਲੇ ਲੋਕ ਸਭਾ ਦੇ ਪਹਿਲੇ ਸਪੀਕਰ ਬਣੇ। ਉਨ੍ਹਾਂ ਦੇ ਸਾਰੇ ਬੱਚੇ ਸਿਆਸਤ ਵਿਚ ਸਰਗਰਮ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਣੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਉਨ੍ਹਾਂ ਦੀ ਮੌਤ ‘ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਰਿਓਲਿੰਡਾ ‘ਚ ਭਗਤ ਰਵਿਦਾਸ ਦੇ ਪ੍ਰਕਾਸ਼ ਪੁਰਬ ‘ਤੇ ਨਗਰ ਕੀਰਤਨ 13 ਨੂੰ

**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੀਆਂ ਸੰਗਤਾਂ ਵਲੋਂ ਗੁਰੂ ਰਵਿਦਾਸ ਮਹਾਰਾਜ ਦੇ 639ਵੇਂ ਆਗਮਨ ਪੁਰਬ ‘ਤੇ 16ਵਾਂ ਸਾਲਾਨਾ ਮਹਾਨ ਨਗਰ ਕੀਰਤਨ ਆਉਂਦੀ 13 ਮਾਰਚ, ਐਤਵਾਰ ਸਜਾਇਆ ਜਾ ਰਿਹਾ ਹੈ।



ਇਸ ਸਬੰਧੀ ਚੱਲ ਰਹੀ ਅਖੰਡ ਪਾਠਾਂ ਦੀ ਲੜੀ ਵਿਚ 11 ਮਾਰਚ ਨੂੰ ਅਖੰਡ ਪਾਠ ਅਰੰਭ ਹੋਵੇਗਾ। 12 ਮਾਰਚ ਨੂੰ ਬਾਅਦ ਦੁਪਹਿਰ 3 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਜਾਵੇਗੀ ਅਤੇ ਉਸੇ ਸ਼ਾਮ 6 ਵਜੇ ਤੋਂ ਰੈਣ ਸਬਾਈ ਕੀਰਤਨ ਦਰਬਾਰ ਸਜੇਗਾ। ਐਤਵਾਰ, 13 ਮਾਰਚ ਨੂੰ ਸਵੇਰੇ 9 ਵਜੇ ਅਖੰਡ ਪਾਠ ਦੇ ਭੋਗ ਉਪਰੰਤ ਨਗਰ ਕੀਰਤਨ ਅਰੰਭ ਹੋਵੇਗਾ। ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।

ਸਮਾਗਮ ਦੌਰਾਨ ਗੁਰੂ ਘਰ ਦੇ ਕੀਰਤਨੀ ਜਥੇ ਤੋਂ ਇਲਾਵਾ ਭਾਈ ਜਸਬੀਰ ਸਿੰਘ ਖਾਲਸਾ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ-ਅੰਮ੍ਰਿਤਸਰ, ਭਾਈ ਮਨਪ੍ਰੀਤ ਸਿੰਘ ਚੰਡੀਗੜ੍ਹ ਵਾਲੇ, ਢਾਡੀ ਜਥੇ ਅਤੇ ਕਥਾਵਾਚਕ ਸ਼ਬਦ ਕੀਰਤਨ ਅਤੇ ਗੁਰਬਾਣੀ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਪ੍ਰਬੰਧਕਾਂ ਨੇ ਸੰਗਤ ਨੂੰ ਇਸ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ।

ਨਗਰ ਕੀਰਤਨ ਦੌਰਾਨ ਲੰਗਰ ਸਟਾਲ ਸਬੰਧੀ ਅਵਤਾਰ ਸੰਧੂ ਨਾਲ ਫੋਨ: 916-717-4223 ਅਤੇ ਦੁਕਾਨਾਂ ਸਬੰਧੀ ਹਰਬੰਸ ਰੱਲ੍ਹ ਨਾਲ ਫੋਨ: 916-617-8544 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਗੁਰੂ ਘਰ 916-992-1710, ਜੱਸੀ ਬੰਗਾ 916-796-5003, ਜੋਗਿੰਦਰ ਚੁੰਬਰ 916-582-1611, ਦਰਸ਼ਨ ਵਿਰਕ 916-228-0540, ਬਲਵਿੰਦਰ ਰੱਲ੍ਹ 916-425-2705, ਸਤਨਾਮ ਮੰਢਾਲੀ 916-803-0108 ਜਾਂ ਜਸਵੰਤ ਜੱਸੀ ਸ਼ੀਮਾਰ 916-293-6030 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


## ਕੁਕ ਤੇ ਵੇਟਰ ਦੀ ਲੋੜ ਹੈ

ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਕੁਕ ਤੇ ਵੇਟਰ ਦੀ ਲੋੜ ਹੈ

*ਸੰਪਰਕ ਕਰੋ:*

**ਫੋਨ: 850-510-3046**



## ਸਿੱਖ ਪੰਚਾਇਤ ਭੁਪਿੰਦਰ (ਬਾਬ) ਢਿੱਲੋਂ ਤੋਂ ਕਿਉਂ ਤ੍ਰਹਿੰਦੀ ਹੈ?

ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਸ. ਭੁਪਿੰਦਰ (ਬਾਬ) ਸਿੰਘ ਢਿੱਲੋਂ ਪਿਛਲੇ ਲੰਬੇ ਸਮੇਂ ਤੋਂ ਭਾਈਚਾਰੇ ਦੀ ਸੇਵਾ ਕਰ ਰਹੇ ਹਨ ਅਤੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਇੱਕ ਅਣਥੱਕ ਅਤੇ ਨਿਸ਼ਠਾਵਾਨ ਸੇਵਾਦਾਰ ਹਨ। ਉਨ੍ਹਾਂ ਨੇ ਦਿਨ ਰਾਤ ਇੱਕ ਕਰਕੇ ਗੁਰਦੁਆਰਾ ਸੈਨ ਹੋਜ਼ੇ ਦਾ ਕੰਸਟਰਕਸ਼ਨ ਪ੍ਰਾਜੈਕਟ ਨਿਰਧਾਰਤ ਸਮੇਂ ਵਿਚ ਪੂਰਾ ਹੀ ਨਹੀਂ ਕੀਤਾ ਸਗੋਂ ਇਸ ਦਾ ਲੋਨ ਉਤਾਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਜੋ ਕੇ ਆਪਣੇ ਆਪ ਵਿਚ ਇੱਕ ਮਿਸਾਲ ਹੈ। ਅੱਜ ਗੁਰਦੁਆਰਾ ਸੈਨ ਹੋਜ਼ੇ ਦੀ ਇਮਾਰਤ ਦੁਨੀਆਂ ਦੇ ਗੁਰਦੁਆਰਿਆਂ ਵਿਚ ਬਿਹਤਰੀਨ ਅਤੇ ਵੱਡੀਆਂ ਇਮਾਰਤਾਂ ਵਿਚ ਗਿਣੀ ਜਾਂਦੀ ਹੈ। ਸ. ਢਿੱਲੋਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਹੀ ਇੱਕ ਵਧੀਆ ਖਾਲਸਾ ਸਕੂਲ ਦਾ ਵੀ ਨਿਰਮਾਣ ਕੀਤਾ ਜਿਸ ਵਿਚ ਇਸ ਸਮੇਂ ਕਰੀਬ 700 ਵਿਦਿਆਰਥੀ ਪੜ੍ਹ ਰਹੇ ਹਨ।



*ਸ. ਭੁਪਿੰਦਰ (ਬਾਬ) ਸਿੰਘ ਢਿੱਲੋਂ*

ਸ. ਢਿੱਲੋਂ ਗੁਰਦੁਆਰਾ ਫਰੀਮਾਂਟ ਦੇ ਮੈਂਬਰ ਹਨ ਅਤੇ ਇਥੇ ਵੋਟ ਪਾਉਣ ਦਾ ਅਤੇ ਇਸ ਦੇ ਪ੍ਰਬੰਧਕ ਚੁਣਨ ਦਾ ਉਨ੍ਹਾਂ ਦਾ ਵੀ ਓਨਾ ਹੀ ਹੱਕ ਹੈ ਜਿੰਨਾ ਸਿੱਖ ਪੰਚਾਇਤ ਦੇ ਮੈਂਬਰਾਂ ਦਾ, ਸੋ ਉਨ੍ਹਾਂ ਤੋਂ ਡਰਨ ਵਾਲੀ ਕੋਈ ਗੱਲ ਨਹੀਂ। ਅਸੀਂ ਤਾਂ ਚਾਹੁੰਦੇ ਹਾਂ ਕਿ ਉਹ ਜੇਕਰ ਗੁਰਦੁਆਰਾ ਸੈਨ ਹੋਜ਼ੇ ਦੀਆਂ ਜ਼ਿੰਮੇਵਾਰੀਆਂ ਵਿਚੋਂ ਕੁਝ ਸਮਾਂ ਕੱਢ ਸਕਣ ਤਾਂ ਸਾਨੂੰ ਉਨ੍ਹਾਂ ਦੇ ਤਜ਼ਰਬੇ ਦਾ ਲਾਜ਼ਮੀ ਫਾਇਦਾ ਉਠਾਉਣਾ ਚਾਹੀਦਾ ਹੈ। ਸਾਨੂੰ ਤਾਂ ਇਸ ਤਰ੍ਹਾਂ ਦੇ ਅਨੁਭਵੀ ਗੁਰਸਿੱਖਾਂ ਤੋਂ ਸਿਖਿਆ ਲੈਣੀ ਚਾਹੀਦੀ ਹੈ। ਸਿੱਖ ਪੰਚਾਇਤ ਵਾਲੇ ਆਪਣੇ ਫਾਇਦੇ ਲਈ ਇਸ ਤਰ੍ਹਾਂ ਦੇ ਗੁਰਸਿਖਾਂ ਨੂੰ ਵੀ ਨਹੀਂ ਬਖਸ਼ਦੇ ਅਤੇ ਸਭ ਹੱਦਾਂ ਪਾਰ ਕਰ ਜਾਂਦੇ ਹਨ। ਜੇਕਰ ਸਾਨੂੰ ਸੇਵਾ ਦਾ ਮੌਕਾ ਮਿਲਦਾ ਹੈ ਤਾਂ ਅਸੀਂ ਐਸੇ ਅਨੁਭਵੀ ਸਿੱਖਾਂ ਦੇ ਤਜ਼ਰਬੇ ਦਾ ਗੁਰਦੁਆਰਾ ਫਰੀਮਾਂਟ ਦੇ ਲਟਕ ਰਹੇ ਉਸਾਰੀ ਪ੍ਰਾਜੈਕਟ ਪੂਰੇ ਕਰਨ ਵਿਚ ਭਰਪੂਰ ਫਾਇਦਾ ਲੈਣ ਦੀ ਕੋਸ਼ਿਸ਼ ਕਰਾਂਗੇ।

**ਵਲੋਂ: ਬੇ ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ**

Paid Advt.



## ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ

ਪੀ ਓ ਐਸ ਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ




**Upgrade your Security Cameras to High Definition at very reasonable prices**

*For a Free Demo of our new HD Cameras*
*Please Contact us*: Balbir S Sidhu

209-495-3905 (Cell)

www.dvrunlimited.com

Toll Free (888) 233-4566

**DVRunlimited Inc.** | Installation Available

# ਪਾਣੀਆਂ ਨੇ ਚਾੜ੍ਹਿਆ ਪੰਜਾਬ ਦਾ ਸਿਆਸੀ ਪਾਰਾ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਉਤੇ ਪਾਣੀਆਂ ਦਾ ਮਸਲਾ ਹਾਵੀ ਹੈ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਆਮ ਆਦਮੀ ਪਾਰਟੀ ਪਾਣੀਆਂ ਦੇ ਮਸਲੇ ਉਤੇ ਬਿਆਨਬਾਜ਼ੀ ਕਰ ਰਹੀਆਂ ਹਨ। ਕੈਪਟਨ ਅਮਰਿੰਦਰ ਸਿੰਘ ਪਾਣੀਆਂ ਦੇ ਸਭ ਤੋਂ ਵੱਡੇ ਚੈਂਪੀਅਨ ਬਣ ਰਹੇ ਹਨ। ਪ੍ਰਕਾਸ਼ ਸਿੰਘ ਬਾਦਲ ਪਾਣੀਆਂ ਲਈ ਕੁਰਬਾਨੀ ਦਾ ਇਤਿਹਾਸ ਦੱਸ ਰਹੇ ਹਨ। ਕਮਲ ਸ਼ਰਮਾ ਦੀ ਪਾਣੀਆਂ ਦੇ ਮਸਲੇ ਉਤੇ ਦਾਅਵੇਦਾਰੀ ਠੋਕ ਰਹੇ ਹਨ। ਆਮ ਆਦਮੀ ਪਾਰਟੀ ਭਾਵੇਂ ਸਿੱਧੀ ਬਿਆਨਬਾਜ਼ੀ ਤਾਂ ਨਹੀਂ ਕਰ ਰਹੀ, ਪਰ ਉਹ ਵੀ ਪੰਜਾਬ ਦੇ ਹਰ ਮਸਲੇ ਨੂੰ ਹੱਲ ਕਰਨ ਦੀ ਹਾਮੀ ਭਰ ਰਹੀ ਹੈ। ਦਰਅਸਲ, ਪੰਜਾਬ ਦੀ ਅਗਲੀ ਵਿਧਾਨ ਸਭਾ ਚੋਣ ਵਿਚ ਪਾਣੀਆਂ ਦਾ ਮਸਲਾ ਅਹਿਮ ਰਹਿਣ ਜਾ ਰਿਹਾ ਹੈ। ਇਸੇ ਲਈ ਕਾਂਗਰਸ ਪਾਰਟੀ ਇਸ ਨੂੰ ਵੱਡੇ ਪੱਧਰ ਉਤੇ ਉਠਾ ਹੈ।

ਸੂਤਰਾਂ ਮੁਤਾਬਕ ਕਾਂਗਰਸ ਦੀ ਰਣਨੀਤੀ ਹੈ ਕਿ ਆਮ ਆਦਮੀ ਪਾਰਟੀ ਨੂੰ ਪਾਣੀਆਂ ਦੇ ਮਸਲੇ ਉਤੇ ਬਹੁਤ ਤਿੱਖੇ ਢੰਗ ਨਾਲ ਘੇਰਿਆ ਜਾ ਸਕਦਾ ਹੈ। ਇਸੇ ਲਈ ਕੈਪਟਨ ਵਾਰ-ਵਾਰ ਕੇਜਰੀਵਾਲ ਨੂੰ ਪੁੱਛ ਰਹੇ ਹਨ ਕਿ ਉਹ ਹਰਿਆਣੇ ਦੇ ਹੋ ਕੇ ਪੰਜਾਬ ਦੇ ਪਾਣੀਆਂ ਨਾਲ ਕਿਵੇਂ ਹੋ ਸਕਦੇ ਹਨ। ਇਸ ਦੇ ਨਾਲ ਹੀ ਕੈਪਟਨ ਐਸ.ਵਾਈ.ਐਲ. ਨਹਿਰ ਦੇ ਨਾਲ ਯਾਤਰਾ ਵੀ ਕਰਨ ਜਾ ਰਹੇ ਹਨ। ਹੁਣ ਅਕਾਲੀ ਦਲ ਨੂੰ ਵੀ ਇਹੀ ਲੱਗਣ ਲੱਗਾ ਹੈ ਕਿ ਪੰਥਕ ਮੁੱਦੇ ਨੂੰ ਵੱਧ ਤੋਂ ਵੱਧ ਉਭਾਰਿਆ ਜਾਵੇ ਕਿਉਂਕਿ ਇਸ ਨਾਲ ਅਕਾਲੀ ਦਲ ਮਜ਼ਬੂਤ ਹੋਵੇਗੀ। ਅਕਾਲੀ ਦਲ ਦੇ ਏਜੰਡੇ 'ਤੇ ਵੀ ਪਾਣੀਆਂ ਦੀ ਵੰਡ ਹੈ। ਇਸੇ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਹਿ ਰਹੇ ਹਨ ਕਿ ਪੰਜਾਬੀ ਕਿਸੇ ਹੋਰ ਰਾਜ ਨੂੰ ਇਕ ਬੂੰਦ ਵੀ ਪਾਣੀ ਦੀ ਨਹੀਂ ਦੇਣਗੇ।

ਦੱਸਣਯੋਗ ਹੈ ਕਿ ਕੇਂਦਰ ਨੇ ਪੰਜਾਬ ਦੇ ਦਰਿਆਈ ਪਾਣੀ ਦੇ ਮੁੱਦੇ ਉਤੇ ਸੁਪਰੀਮ ਕੋਰਟ ਵਿਚ ਪੰਜਾਬ ਖਿਲਾਫ਼ ਸਟੈਂਡ ਲਿਆ ਹੈ। ਕੇਂਦਰ ਨੇ ਪੰਜਾਬ ਸਰਕਾਰ ਵੱਲੋਂ 2004 ਵਿਚ ਹਰਿਆਣਾ ਸਮੇਤ ਹੋਰ ਗੁਆਂਢੀ ਸੂਬਿਆਂ ਨੂੰ ਪਾਣੀ ਦੇਣ ਵਾਲੇ ਸਮਝੌਤੇ ਰੱਦ ਕਰਨ ਲਈ ਬਣਾਏ ਗਏ ਕਾਨੂੰਨ ਨੂੰ ਸੁਪਰੀਮ ਕੋਰਟ ਦੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦਾ ਕੰਮ ਮੁਕੰਮਲ ਕਰਨ ਸਬੰਧੀ ਹੁਕਮਾਂ ਖਿਲਾਫ਼ ਦੱਸਿਆ ਸੀ। ਕੈਪਟਨ ਅਮਰਿੰਦਰ ਸਰਕਾਰ ਵੱਲੋਂ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ-2004 ਤਹਿਤ ਦੂਜੇ ਰਾਜਾਂ ਨੂੰ ਪਾਣੀ ਦੇਣ ਦੇ ਸਮਝੌਤੇ ਰੱਦ ਕੀਤੇ ਸਨ।



### ਪਾਣੀਆਂ ਦੀ ਰਾਖੀ ਲਈ ਕੁਰਬਾਨੀ ਦੇਣ ਨੂੰ ਤਿਆਰ: ਢੀਂਡਸਾ


**ਲਹਿਰਾਗਾਗਾ:** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਨੂੰ ਤਿਆਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਪਾਰਟੀ ਹਰ ਤਰ੍ਹਾਂ ਦੇ ਸਖਤ ਫੈਸਲੇ ਲੈਣ ਲਈ ਤਿਆਰ ਹੈ।

### ਅਕਾਲੀ ਦਲ ਲਈ ਮੁਸ਼ਕਿਲ ਦੀ ਘੜੀ

**ਜਲੰਧਰ:** ਅਕਾਲੀ ਦਲ ਦਾ ਪਹਿਲਾਂ ਇਸ ਕਰਕੇ ਗੁਜ਼ਾਰਾ ਹੁੰਦਾ ਰਿਹਾ ਹੈ ਕਿ ਆਪਣੀ ਹਰ ਨਾਕਾਮੀ ਲਈ ਕਾਂਗਰਸ ਨੂੰ ਪੰਜਾਬ ਵਿਰੋਧੀ ਗਰਦਾਨ ਕੇ ਆਪਣਾ ਬਚਾਅ ਕਰ ਲਿਆ ਜਾਂਦਾ ਰਿਹਾ ਹੈ, ਪਰ ਹੁਣ ਹਾਲਾਤ ਬਦਲ ਗਏ ਹਨ। ਸੁਪਰੀਮ ਕੋਰਟ ਵਿਚ ਸੁਣਵਾਈ ਰੁਕਵਾਉਣ ਲਈ ਪਾਣੀ ਸਮਝੌਤੇ ਰੱਦ ਕਰਵਾਉਣ ਵਾਲਾ ਕਾਨੂੰਨ ਪਾਸ ਕਾਂਗਰਸ ਦੀ ਕੈਪਟਨ ਸਰਕਾਰ ਨੇ ਕੀਤਾ ਸੀ ਤੇ ਇਸ ਨੂੰ ਗ਼ੈਰ ਸੰਵਿਧਾਨਕ ਕਹਿਣ ਵਾਲੀ ਮੋਦੀ ਸਰਕਾਰ ਹੈ। ਅਕਾਲੀ ਦਲ ਲਈ ਹੁਣ ਹਾਲਾਤ ਮੁਸੀਬਤ ਭਰੇ ਬਣ ਗਏ ਹਨ।

## ਆਸਟਰੇਲੀਆ ਵਿਚ ਭਾਰਤੀ ਰੈਸਟੋਰੈਂਟ ਨਸਲੀ ਨਫਰਤ ਦਾ ਸ਼ਿਕਾਰ

**ਮੈਲਬਰਨ :** ਆਸਟਰੇਲੀਆ ਦੇ ਸ਼ਹਿਰ ਮੈਲਬਾਰਨ ਦੇ ਫੁੱਟਸਕੁਏਅਰ ਇਲਾਕੇ ਵਿਚ ਭਾਰਤੀ ਰੇਸਤਰਾਂ ਤੇ ਹੋਰ ਦੁਕਾਨਾਂ ਉਤੇ ਅਣਪਛਾਤੇ ਅਨਸਰਾਂ ਵੱਲੋਂ ਨਸਲੀ ਟਿੱਪਣੀਆਂ ਲਿਖਣ ਦਾ ਮਾਮਲਾ ਸਾਹਮਣਾ ਆਇਆ ਹੈ। ਇਸ ਘਟਨਾ ਕਾਰਨ ਵਪਾਰਕ ਅਦਾਰਿਆਂ ਦੇ ਮਾਲਕਾਂ ਸਮੇਤ ਭਾਰਤੀ ਭਾਈਚਾਰੇ ਵਿਚ ਰੋਸ ਹੈ।




ਫੁੱਟਸਕੁਏਅਰ ਇਲਾਕੇ ਦੀ ਬਰਕਲੇ ਸਟਰੀਟ ਉਤੇ ਭਾਰਤੀ ਰੈਸਟੋਰੈਂਟ, ਕਰਿਆਨੇ ਦੀਆਂ ਦੁਕਾਨਾਂ ਤੇ ਭਾਰਤੀ ਮੂਲ ਦੇ ਲੋਕਾਂ ਦੇ ਵਪਾਰਕ ਦਫਤਰ ਹਨ। ਇਨ੍ਹਾਂ ਵਿਚੋਂ ਆਂਗਨ ਰੈਸਟੋਰੈਂਟ, ਡੋਸਾ ਕਾਰਨਰ, ਤੰਦੂਰੀ ਫਲੇਮਜ਼, ਥਾਈ ਕਾਰਨਰ ਅਤੇ ਇਕ ਚੀਨੀ ਦੁਕਾਨ ਉਤੇ ਨਸਲੀ ਟਿੱਪਣੀਆਂ ਲਿਖੀਆਂ ਗਈਆਂ। ਪੁਲਿਸ ਵੱਲੋਂ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਇਲਾਕੇ ਵਿਚ ਇਹ ਘਟਨਾ ਹੋਈ ਉਥੇ ਜ਼ਿਆਦਾਤਰ ਭਾਰਤੀ ਭਾਈਚਾਰਾ ਰਹਿੰਦਾ ਹੈ।

# ਚੰਡੀਗੜ੍ਹੀਏ ਦੇ ਹੱਥ ਹੋਏਗੀ ਅਮਰੀਕੀ ਨਿਆਂ ਦੀ ਚਾਬੀ?

**ਚੰਡੀਗੜ੍ਹ:** ਚੰਡੀਗੜ੍ਹ ਵਾਸੀਆਂ ਲਈ ਵੱਡੀ ਖੁਸ਼ੀ ਦੀ ਖਬਰ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸੁਪਰੀਮ ਕੋਰਟ ਦੇ ਜੱਜ ਦੇ ਅਹੁਦੇ ਲਈ ਨਾਮਜ਼ਦ ਕੀਤੇ ਜਾਣ ਵਾਲੇ ਤਿੰਨ ਸੰਭਾਵੀ ਉਮੀਦਵਾਰਾਂ ਵਿਚੋਂ ਇਕ ਚੰਡੀਗੜ੍ਹ ਦੇ ਜੰਮੇ ਸ੍ਰੀਨਿਵਾਸਨ ਹਨ।

ਉਨ੍ਹਾਂ ਤੋਂ ਇਲਾਵਾ ਦੋ ਹੋਰ ਨਾਵਾਂ ਵਿਚ ਮੈਰਿਕ ਬੀ ਗਾਰਲੈਂਡ ਤੇ ਕੇਟਾਨੀਜ਼ ਬ੍ਰਾਊਨ ਜੈਕਸ਼ਨ ਸ਼ਾਮਲ ਹਨ। ਇਨ੍ਹਾਂ ਤਿੰਨਾਂ ਬਾਰੇ ਐਫ.ਬੀ.ਆਈ. ਨੇ ਵੀ ਪੂਰੀ ਜਾਂਚ ਕਰ ਲਈ ਹੈ ਤੇ ਇਸ ਬਾਰੇ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਜਸਟਿਸ ਐਂਟੋਨਿਨ ਸਕਾਲੀਆ ਦੇ ਦੇਹਾਂਤ ਤੋਂ ਬਾਅਦ ਇਹ ਅਸਾਮੀ ਖਾਲੀ ਹੋਈ ਸੀ। ਜਸਟਿਸ ਸਕਾਲੀਆ ਦੀ ਮੌਤ ਦੇ ਕੁਝ ਘੰਟਿਆਂ ਬਾਅਦ ਹੀ ਚੰਡੀਗੜ੍ਹ ਵਿਚ ਜੰਮੇ ਸ੍ਰੀਨਿਵਾਸਨ ਦਾ ਨਾਂ ਇਸ ਅਹੁਦੇ ਦੇ ਮਜ਼ਬੂਤ ਦਾਅਵੇਦਾਰ ਵਜੋਂ ਸਾਹਮਣੇ ਆਇਆ ਸੀ। ਸ੍ਰੀਨਿਵਾਸਨ 'ਦਿ ਯੂਨਾਈਟਿਡ ਸਟੇਟਸ ਕੋਰਟ ਆਫ ਅਪੀਲਜ਼ ਫਾਰ ਦਿ ਡਿਸਟ੍ਰਿਕਟ ਆਫ ਕੋਲੰਬੀਆ' ਸਰਕਟ ਵਿਚ ਜੱਜ ਹਨ, ਜਿਸ ਨੂੰ ਬਹੁਤ ਸਾਰੇ ਲੋਕ ਸੁਪਰੀਮ ਕੋਰਟ ਲਈ ਪੌੜੀ ਮੰਨਦੇ ਹਨ। ਉਨ੍ਹਾਂ ਨੂੰ ਨਾ ਸਿਰਫ ਓਬਾਮਾ ਦਾ ਪਸੰਦੀਦਾ ਉਮੀਦਵਾਰ ਸਮਝਿਆ ਜਾਂਦਾ ਹੈ ਬਲਕਿ ਕੋਰਟ ਆਫ ਅਪੀਲਜ਼ ਵਿਚ ਉਨ੍ਹਾਂ ਦੀ ਨਿਯੁਕਤੀ 97-0 ਵੋਟਾਂ ਦੇ ਰਿਕਾਰਡ ਨਾਲ ਹੋਈ ਸੀ। ਸ੍ਰੀ ਸ੍ਰੀਨਿਵਾਸਨ ਨੇ ਅਮਰੀਕਾ ਦੀ ਅਪੀਲੀ ਅਦਾਲਤ ਦੇ ਜੱਜ ਵਜੋਂ ਸਹੁੰ ਚੁੱਕ ਕੇ ਭਾਰਤ ਦਾ ਨਾਂ ਰੋਸ਼ਨ ਕੀਤਾ ਸੀ। ਸ੍ਰੀਕਾਂਤ ਦਾ ਪਿਤਾ ਕਾਨਸ ਯੂਨੀਵਰਸਿਟੀ ਵਿਚ ਹਿਸਾਬ ਦੇ ਪ੍ਰੋਫੈਸਰ ਸਨ।

# ਪਾਕਿਸਤਾਨ ਦੀ ਪਰਮਾਣੂ ਧਾਂਕ ਅਮਰੀਕਾ ਲਈ ਚੁਣੌਤੀ

**ਵਾਸ਼ਿੰਗਟਨ:** ਪਾਕਿਸਤਾਨ ਦੀ ਵਧਦੀ ਪਰਮਾਣੂ ਤਾਕਤ ਤੋਂ ਅਮਰੀਕਾ ਫਿਕਰਮੰਦ ਹੋ ਗਿਆ ਹੈ। ਅਮਰੀਕਾ ਦੀ ਇਸ ਚਿੰਤਾ ਦਾ ਪ੍ਰਗਟਾਵਾ ਪੈਂਟਾਗਨ ਦੇ ਸੀਨੀਅਰ ਅਧਿਕਾਰੀ ਨੇ ਇਕ ਇੰਟਰਵਿਊ ਵਿਚ ਕੀਤਾ ਹੈ। ਅਮਰੀਕੀ ਡਿਫੈਂਸ ਇੰਟੈਲੀਜੈਂਸ ਏਜੰਸੀ ਦੇ ਨਿਰਦੇਸ਼ਕ ਲੈਫਟੀਨੈਂਟ ਜਨਰਲ ਵੀਸੈਂਟ ਸਟੀਵਰਟ ਨੇ ਕਾਂਗਰਸ ਵਿਚ ਭਾਸ਼ਣ ਦੌਰਾਨ ਆਖਿਆ ਕਿ ਪਾਕਿਸਤਾਨ ਦਾ ਪਰਮਾਣੂ ਭੰਡਾਰ ਲਗਾਤਾਰ ਵਧਦਾ ਜਾ ਰਿਹਾ ਹੈ ਜੋ ਚਿੰਤਾਜਨਕ ਹੈ।

ਸਟੀਵਰਟ ਅਨੁਸਾਰ ਪਾਕਿਸਤਾਨ ਦੇ ਇਸ ਪਰਮਾਣੂ ਪ੍ਰੋਗਰਾਮ ਨਾਲ ਹਾਦਸੇ ਦਾ ਖਤਰਾ ਲਗਾਤਾਰ ਵਧਦਾ ਜਾ ਰਿਹਾ ਹੈ। ਸਟੀਵਰਟ ਅਨੁਸਾਰ ਪਾਕਿਸਤਾਨ ਦੀ ਇਸ ਪਿੱਛੇ ਦਲੀਲ ਹੈ ਕਿ ਉਹ ਪਰਮਾਣੂ ਸੁਰੱਖਿਆ ਵਿਚ ਸੁਧਾਰ ਲਿਆਉਣ ਲਈ ਇਹ ਕਦਮ ਚੁੱਕ ਰਿਹਾ ਹੈ। ਸਟੀਵਰਟ ਅਨੁਸਾਰ ਪਾਕਿਸਤਾਨ ਦੇ ਪਰਮਾਣੂ ਪ੍ਰੋਗਰਾਮ ਉਤੇ ਕੱਟੜਪੰਥੀਆਂ ਦਾ ਲਗਾਤਾਰ ਖਤਰਾ ਮੰਡਰਾ ਰਿਹਾ ਹੈ। ਅਮਰੀਕੀ ਡਿਫੈਂਸ ਏਜੰਸੀ ਦੇ ਮੁਖੀ ਨੇ ਇਸ ਗੱਲ ਦਾ ਵੀ ਖਦਸ਼ਾ ਪ੍ਰਗਟਾਇਆ ਹੈ ਕਿ ਪਾਕਿਸਤਾਨ ਦੀ ਅੰਦਰੂਨੀ ਸੁਰੱਖਿਆ ਨੂੰ ਇਸ ਸਾਲ ਦਹਿਸ਼ਤਗਰਦਾਂ, ਕੱਟੜਪੰਥੀਆਂ ਤੇ ਵੱਖਵਾਦੀ ਗੁੱਟਾਂ ਤੋਂ ਖਤਰਾ ਹੈ ਕਿਉਂਕਿ ਆਈ.ਐਸ. ਤੇ ਅਲ-ਕਾਇਦਾ ਦਾ ਖਤਰਾ ਪਾਕਿਸਤਾਨ ਉਤੇ ਟਲਿਆ ਨਹੀਂ ਹੈ। ਅਮਰੀਕਾ ਅਨੁਸਾਰ ਪਾਕਿਸਤਾਨ ਨੇ ਆਪਣੀ ਪਰਮਾਣੂ ਹਥਿਆਰ ਵਿਕਸਤ ਕਰਨ ਦੀ ਰਫਤਾਰ ਵਿਚ ਕੋਈ ਤਬਦੀਲੀ ਨਹੀਂ ਕੀਤੀ ਹੈ। ਸਟੀਵਰਟ ਅਨੁਸਾਰ ਅਮਰੀਕਾ



ਨੇ ਪਾਕਿਸਤਾਨ ਨੂੰ ਇਸ ਬਾਰੇ ਅਪੀਲ ਵੀ ਕੀਤੀ ਸੀ ਜਿਸ ਨੂੰ ਉਸ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।

# ਭਾਰਤ ਨੇ ਅਮਰੀਕੀ ਧਾਰਮਿਕ ਆਜ਼ਾਦੀ ਕਮਿਸ਼ਨ ਦਾ ਰਾਹ ਡੱਕਿਆ

**ਵਾਸ਼ਿੰਗਟਨ:** ਭਾਰਤ ਵਿਚ ਧਾਰਮਿਕ ਆਜ਼ਾਦੀ ਦੀ ਸਥਿਤੀ ਉਤੇ ਚਰਚਾ ਕਰਨ ਅਤੇ ਇਸ ਬਾਰੇ ਰਿਪੋਰਟ ਤਿਆਰ ਕਰਨ ਲਈ ਭਾਰਤ ਯਾਤਰਾ ਉਤੇ ਆਉਣ ਵਾਲੇ ਇਕ ਅਮਰੀਕੀ ਧਾਰਮਿਕ ਆਜ਼ਾਦੀ ਕਮਿਸ਼ਨ ਨੂੰ ਭਾਰਤ ਸਰਕਾਰ ਨੇ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਦੇ ਤਿੰਨ ਮੈਂਬਰੀ ਇਕ ਵਫਦ ਭਾਰਤ ਦੇ ਸਰਕਾਰੀ ਅਧਿਕਾਰੀਆਂ, ਧਾਰਮਿਕ ਨੇਤਾਵਾਂ ਅਤੇ ਕਾਰਕੁਨਾਂ ਨੂੰ ਮਿਲਣ ਲਈ ਇਕ ਹਫਤੇ ਵਾਸਤੇ ਭਾਰਤ ਆਉਣਾ ਚਾਹੁੰਦਾ ਸੀ।

ਕਮਿਸ਼ਨ ਦੇ ਮੁਖੀ ਰਾਬਰਟ ਪੀ.ਜਾਰਜ ਨੇ ਇਕ ਬਿਆਨ ਵਿਚ ਕਿਹਾ ਕਿ ਅਸੀਂ ਭਾਰਤ ਸਰਕਾਰ ਵੱਲੋਂ ਵੀਜ਼ਾ ਨਾ ਦੇਣ ਦੇ ਫੈਸਲੇ ਤੋਂ ਬੇਹੱਦ ਨਿਰਾਸ਼ ਹਾਂ। ਇਕ ਬਹੁਲਵਾਦੀ, ਧਰਮ ਨਿਰਪੱਖ ਲੋਕਤੰਤਰੀ ਦੇਸ਼ ਅਤੇ ਅਮਰੀਕਾ ਦੇ ਕਰੀਬੀ ਸਹਿਯੋਗੀ ਹੋਣ ਦੇ ਨਾਤੇ ਭਾਰਤ ਨੂੰ ਸਾਨੂੰ ਯਾਤਰਾ ਕਰਨ ਦੀ ਇਜਾਜ਼ਤ ਦੇਣ ਦਾ ਵਿਸ਼ਵਾਸ ਰੱਖਣਾ ਚਾਹੀਦਾ ਹੈ। ਇਹ ਪਹਿਲਾ ਮੌਕਾ ਨਹੀਂ ਜਦੋਂ ਅਮਰੀਕੀ ਧਾਰਮਿਕ ਕਮਿਸ਼ਨ ਦੇ ਮੈਂਬਰਾਂ ਨੂੰ ਵੀਜ਼ਾ ਜਾਰੀ ਨਹੀਂ ਕੀਤਾ ਗਿਆ। ਵਿਸ਼ਵ ਭਰ ਵਿਚ ਧਾਰਮਿਕ ਆਜ਼ਾਦੀ 'ਤੇ ਸਾਲਾਨਾ ਰਿਪੋਰਟ ਤਿਆਰ ਕਰਨ ਵਾਲੇ ਮੈਂਬਰਾਂ ਨੂੰ ਪਹਿਲੀ ਵਾਰ ਪਿਛਲੀ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ ਵੀ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।

### ਮੋਦੀ ਨਫਰਤ ਫੈਲਾਉਣ ਵਾਲਿਆਂ ਨੂੰ ਕਾਬੂ ਕਰਨ: ਆਮਿਰ ਖਾਨ


**ਨਵੀਂ ਦਿੱਲੀ:** ਆਪਣੀ ਅਸਹਿਣਸ਼ੀਲਤਾ ਵਾਲੀ ਟਿੱਪਣੀ ਤੋਂ ਕਈ ਦਿਨਾਂ ਬਾਅਦ ਬਾਲੀਵੁੱਡ ਅਦਾਕਾਰ ਆਮਿਰ ਖਾਨ ਨੇ ਕਿਹਾ ਕਿ ਭਾਰਤ 'ਬਹੁਤ ਸਹਿਣਸ਼ੀਲ' ਦੇਸ਼ ਹੈ, ਪਰ ਇਥੇ ਕਈ ਅਜਿਹੇ ਲੋਕ ਹਨ ਜੋ ਨਫਰਤ ਫੈਲਾ ਰਹੇ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਨਫਰਤ ਫੈਲਾਉਣ ਵਾਲੇ ਲੋਕਾਂ ਉਤੇ ਲਗਾਮ ਲਗਾਉਣ।



ਭਾਵੇਂ ਆਮਿਰ ਖਾਨ ਨੂੰ ਅਤੁੱਲਯ ਭਾਰਤ ਦੇ ਬ੍ਰਾਂਡ ਅੰਬੈਸਡਰ ਵਜੋਂ ਹਟਾ ਦਿੱਤਾ ਗਿਆ ਹੈ, ਪਰ ਆਮਿਰ ਖਾਨ ਨੂੰ ਲੱਗਦਾ ਹੈ ਉਹ ਹੁਣ ਵੀ ਦੇਸ਼ ਦੇ ਬ੍ਰਾਂਡ ਅੰਬੈਸਡਰ ਹਨ। ਆਮਿਰ ਖਾਨ ਨੇ ਇਕ ਟੀ.ਵੀ. ਚੈਨਲ ਦੇ ਸ਼ੋਅ ਦੌਰਾਨ ਕਿਹਾ ਕਿ ਸਾਡਾ ਦੇਸ਼ ਬਹੁਤ ਸਹਿਣਸ਼ੀਲ ਹੈ, ਪਰ ਇਥੇ ਕੁਝ ਲੋਕ ਹਨ ਨਫਰਤ ਫੈਲਾਉਣ ਵਿਚ ਲੱਗੇ ਹੋਏ ਹਨ।

### ਦੇਸ਼ ਧਰੋਹੀਆਂ ਨੂੰ ਦੇਸ਼ ਭਗਤ ਦਿਖਾਉਣ ਦੀ ਹੋ ਰਹੀ ਹੈ ਕੋਸ਼ਿਸ਼: ਸ਼ਾਹ

**ਵ੍ਰਿੰਦਾਵਨ:** ਵ੍ਰਿੰਦਾਵਨ ਵਿਚ ਭਾਰਤੀ ਜਨਤਾ ਪਾਰਟੀ ਯੁਵਾ ਮੋਰਚਾ ਦੇ ਰਾਸ਼ਟਰੀ ਸੰਮੇਲਨ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਜੇ.ਐਨ.ਯੂ. ਮਾਮਲੇ 'ਤੇ ਸਖਤੀ ਨਾਲ ਵਿਅੰਗ ਕੱਸਿਆ। ਉਨ੍ਹਾਂ ਕਿਹਾ ਦੇਸ਼ 'ਚ ਅਜੀਬ ਵਿਵਹਾਰ ਸ਼ੁਰੂ ਹੋ ਗਿਆ ਹੈ। ਦੇਸ਼ ਵਿਰੋਧੀ ਲੋਕ ਹੁਣ ਵਿਅਕਤੀਗਤ ਆਜ਼ਾਦੀ ਦੇ ਕੱਪੜੇ ਪਾ ਕੇ ਘੁੰਮ ਰਹੇ ਹਨ। ਉਨ੍ਹਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ 'ਤੇ ਹਮਲਾ ਬੋਲਦਿਆਂ ਕਿਹਾ ਕਿ ਕਾਂਗਰਸ 'ਸ਼ਰਮ ਕਰੇ' ਰਾਹੁਲ ਗਾਂਧੀ ਇਹ ਜਵਾਬ ਦੇਣ ਕਿ ਕੀ ਉਹ ਦੇਸ਼ ਧ੍ਰੋਹੀ ਨਾਅਰੇ ਲਗਾਉਣ ਵਾਲਿਆਂ ਦੇ ਨਾਲ ਹਨ।



# ਲੋਕ ਰੋਹ ਨੇ ਫਿਕਰਾਂ 'ਚ ਡੋਬੇ ਅਕਾਲੀ



**ਮੌੜ ਮੰਡੀ:** ਪੰਜਾਬ ਸਰਕਾਰ ਪ੍ਰਤੀ ਆਮ ਲੋਕਾਂ ਦਾ ਰੋਹ ਵਧਦਾ ਜਾ ਰਿਹਾ ਹੈ। ਇਸ ਰੋਹ ਦਾ ਸ਼ਿਕਾਰ ਹੁਣ ਪਿੰਡ ਕੁੱਤੀਵਾਲ ਖੁਰਦ ਵਿਚ ਹਲਕਾ ਵਿਧਾਇਕ ਤੇ ਲੋਕ ਨਿਰਮਾਣ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ ਹੋਣਾ ਪਿਆ। ਸਥਾਨਕ ਲੋਕਾਂ ਨੇ ਪਿੰਡ ਆਏ ਸੇਖੋਂ ਨੂੰ ਘੇਰ ਲਿਆ ਤੇ ਨਾਅਰੇਬਾਜ਼ੀ ਕੀਤੀ। ਲੋਕਾਂ ਨੇ ਪਿੰਡ ਦੀਆਂ ਮੰਗਾਂ ਨੂੰ ਲੈ ਕੇ ਰੋਸ ਜਤਾਇਆ। ਨਾਰਾਜ਼ ਲੋਕਾਂ ਨਾਅਰੇਬਾਜ਼ੀ ਕਰਨ ਦੇ ਨਾਲ-ਨਾਲ ਪੱਥਰਬਾਜ਼ੀ ਸ਼ੁਰੂ ਕਰ ਦਿੱਤੀ।

ਪਿੰਡ ਵਾਸੀਆਂ ਮਨਜਿੰਦਰ ਸਿੰਘ, ਸਰਦਾਰਾ ਸਿੰਘ, ਜਗਦੇਵ ਸਿੰਘ, ਤਾਰਾ ਸਿੰਘ ਤੇ ਮੇਜਰ ਸਿੰਘ ਦਾ ਕਹਿਣਾ ਸੀ ਕਿ ਲੋਕਾਂ ਨੇ ਮੰਤਰੀ ਨੂੰ ਕਈ ਮਹੀਨਿਆਂ ਤੋਂ ਪਿੰਡ ਦੇ ਮੁੱਖ ਰਸਤੇ 'ਤੇ ਸਿਆਸੀ ਦਖ਼ਲ-ਅੰਦਾਜ਼ੀ ਕਾਰਨ ਜਮ੍ਹਾਂ ਹੋ ਰਹੇ ਗੰਦੇ ਪਾਣੀ ਬਾਰੇ ਜਾਣਕਾਰੀ ਦਿੱਤੀ ਤੇ ਮੌਕਾ ਦੇਖਣ ਦੀ ਅਪੀਲ ਕੀਤੀ, ਪਰ ਮੰਤਰੀ ਨੇ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਇਹ ਕੰਮ ਐਸ.ਡੀ.ਐਮ. ਕਰਨਗੇ।

ਇਸ ਤੋਂ ਬਾਅਦ ਮੰਤਰੀ ਤੇ ਪੰਜਾਬ ਸਰਕਾਰ ਵਿਰੁਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਨਾਅਰੇਬਾਜ਼ੀ ਕਰਨ ਵਾਲਿਆਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਇਸ ਕਾਰਨ ਸਮੁੱਚੇ ਪਿੰਡ ਵਾਸੀ ਭੜਕ ਗਏ ਤੇ ਉਨ੍ਹਾਂ ਨੇ ਮੰਤਰੀ ਦੇ ਕਾਫਲੇ 'ਤੇ ਪਥਰਾਅ ਸ਼ੁਰੂ ਕਰ ਦਿੱਤਾ। ਇਹ ਪਥਰਾਅ ਹੋਣ ਤੋਂ ਪਹਿਲਾਂ ਮੰਤਰੀ ਉਥੋਂ ਜਾ ਚੁੱਕੇ ਸਨ, ਪਰ ਇਕ ਪੱਥਰ ਡੀ.ਐਸ.ਪੀ. ਦੀ ਗੱਡੀ ਨੂੰ ਲੱਗਿਆ, ਜਿਸ ਕਾਰਨ ਉਸ ਦਾ ਪਿਛਲਾ ਸ਼ੀਸ਼ਾ ਟੁੱਟ ਗਿਆ। ਪੁਲਿਸ ਅਧਿਕਾਰੀ ਨੇ ਫੁਰਤੀ ਦਿਖਾਈ ਤੇ ਆਪਣੀ ਗੱਡੀ ਲੈ ਗਏ।

# ਕੈਪਟਨ ਅਮਰਿੰਦਰ ਸਿੰਘ 19 ਅਪਰੈਲ ਨੂੰ ਅਮਰੀਕਾ ਪਹੁੰਚਣਗੇ

**ਨਿਊ ਯਾਰਕ (ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ 19 ਅਪਰੈਲ ਤੋਂ 7 ਮਈ ਤੱਕ ਅਮਰੀਕਾ ਦੇ ਦੌਰੇ 'ਤੇ ਆ ਰਹੇ ਹਨ ਅਤੇ ਇਸ ਲਈ ਮੁਕੰਮਲ ਪ੍ਰਬੰਧ ਕਰ ਲਏ ਗਏ ਹਨ। ਉਨ੍ਹਾਂ ਦਾ ਪਹਿਲਾ ਪੜਾਅ ਸ਼ਿਕਾਗੋ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਅਮਰੀਕਾ) ਦੇ ਪ੍ਰਧਾਨ ਸ. ਮਹਿੰਦਰ ਸਿੰਘ ਗਿਜਲੀਆਂ ਨੇ ਦੱਸਿਆ ਕਿ ਇਸ ਫੇਰੀ ਦੌਰਾਨ ਅਮਰੀਕਾ ਵੱਸਦੇ ਪੰਜਾਬੀਆਂ ਦੀਆਂ ਕੈਪਟਨ ਅਮਰਿੰਦਰ ਸਿੰਘ ਨਾਲ ਮੀਟਿੰਗਾਂ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਇਸ ਫੇਰੀ ਦਾ ਮਕਸਦ ਅਮਰੀਕਾ ਵਿਚ ਰਹਿੰਦੇ ਪੰਜਾਬੀਆਂ ਨੂੰ ਮਿਲ ਕੇ ਉਨ੍ਹਾਂ ਦੇ ਭਾਰਤ ਵਸਦੇ ਪਰਿਵਾਰਾਂ ਨੂੰ ਕਾਂਗਰਸ ਪਾਰਟੀ ਨਾਲ ਜੋੜਨਾ ਹੈ ਤਾਂ ਜੋ ਪੰਜਾਬ ਵਿਚੋਂ ਅਕਾਲੀ-ਭਾਜਪਾ ਦੀ ਲੋਟੂ ਸਰਕਾਰ ਨੂੰ ਖਦੇੜਿਆ ਜਾ ਸਕੇ। ਪਰਵਾਸੀ ਪੰਜਾਬੀਆਂ ਨੂੰ ਭਾਰਤ ਫੇਰੀ ਦੌਰਾਨ ਦਰਪੇਸ਼ ਸਮੱਸਿਆਂ ਬਾਰੇ ਜਾਣਕਾਰੀ ਹਾਸਲ ਕਰ ਕੇ ਉਨ੍ਹਾਂ ਦੇ ਹੱਲ ਲਈ ਸੁਝਾਅ ਲਏ ਜਾਣਗੇ। ਉਨ੍ਹਾਂ ਕਿਹਾ ਕਿ ਅੱਜ ਪਰਵਾਸੀ ਪੰਜਾਬੀ ਆਪਣੇ ਹੀ ਘਰ ਪੰਜਾਬ ਆਉਣ ਤੋਂ ਡਰਦਾ ਹੈ ਕਿਉਂਕਿ ਮੌਜੂਦਾ ਸਰਕਾਰ ਸਮੇਂ ਉਨ੍ਹਾਂ ਦੀ ਜ਼ਮੀਨ-ਜਾਇਦਾਦ ਸੁਰੱਖਿਅਤ ਨਹੀਂ ਹੈ ਤੇ ਜਿਨ੍ਹਾਂ 'ਤੇ ਨਾਜਾਇਜ਼ ਕਬਜ਼ੇ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਮੀਟਿੰਗਾਂ ਅਮਰੀਕਾ ਵਿਚ ਵਧੇਰੇ ਪੰਜਾਬੀ ਵਸੋਂ ਵਾਲੇ ਸ਼ਹਿਰਾਂ ਵਿਚ ਕਰਵਾਏ ਜਾਣ ਦੀ ਰੂਪ-ਰੇਖਾ ਉਲੀਕੀ ਗਈ ਹੈ।

ਸ. ਗਿਲਜੀਆਂ ਜੋ ਕਿ ਇਸ ਵਕਤ ਪੰਜਾਬ ਗਏ ਹੋਏ ਹਨ, ਨੇ ਇਕ ਬਿਆਨ ਵਿਚ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਉਤਰੀ ਅਮਰੀਕਾ ਫੇਰੀ ਸਬੰਧੀ ਉਨ੍ਹਾਂ ਦੀ ਇਕ ਵਿਸ਼ੇਸ਼ ਮੀਟਿੰਗ ਉਨ੍ਹਾਂ ਨਾਲ ਹੋਈ ਜਿਸ ਦੌਰਾਨ ਉਨ੍ਹਾਂ ਵੱਖ ਵੱਖ ਪਹਿਲੂਆਂ 'ਤੇ ਵਿਚਾਰ ਕੀਤੀ। ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਬਣਨ 'ਤੇ ਪਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ 'ਤੇ ਹੋਏ ਨਾਜਾਇਜ਼ ਕਬਜ਼ੇ ਛੁਡਵਾਏ ਜਾਣਗੇ।



*ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਦੌਰਾਨ ਮਹਿੰਦਰ ਸਿੰਘ ਗਿਲਜੀਆਂ*

ਸ. ਗਿਲਜੀਆਂ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੇ ਅਮਰੀਕਾ-ਕੈਨੇਡਾ ਦੌਰੇ ਸਬੰਧੀ ਇਕ ਮੀਟਿੰਗ ਵੀ ਕੀਤੀ ਗਈ। ਮੀਟਿੰਗ ਵਿਚ ਪਾਰਟੀ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਵਿਧਾਇਕ ਕੇਵਲ ਸਿੰਘ ਢਿੱਲੋਂ, ਰਾਣਾ ਗੁਰਜੀਤ ਸਿੰਘ ਸੋਢੀ, ਸੰਗਤ ਸਿੰਘ ਗਿਲਜੀਆਂ, ਤ੍ਰਿਪਤ ਰਜਿੰਦਰ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਬਲਬੀਰ ਸਿੰਘ ਸਿੱਧੂ ਅਤੇ ਕਿੱਕੀ ਢਿੱਲੋਂ, ਕੈਪਟਨ ਸੰਦੀਪ ਸੰਧੂ, ਦਲਜੀਤ ਗਿਲਜੀਆਂ ਤੇ ਕਸ਼ਮੀਰ ਸਿੰਘ ਹਾਜ਼ਰ ਸਨ। ਮੀਟਿੰਗ ਦੌਰਾਨ ਇਹ ਸੁਝਾਅ ਦਿੱਤਾ ਗਿਆ ਕਿ ਚੋਣ ਮੈਨੀਫੈਸਟੋ ਵਿਚ ਪਰਵਾਸੀ ਪੰਜਾਬੀਆਂ ਦੇ ਮੁੱਦਿਆਂ ਨੂੰ ਵੀ ਸ਼ਾਮਲ ਕੀਤਾ ਜਾਵੇ ਅਤੇ ਚੋਣ ਮੁਹਿੰਮ ਵਿਚ ਪਰਵਾਸੀ ਪੰਜਾਬੀਆਂ ਨੂੰ ਭਾਈਵਾਲ ਬਣਾਇਆ ਜਾਵੇ।

ਆਮ ਆਦਮੀ ਪਾਰਟੀ ਦੀ ਗੱਲ ਕਰਦਿਆਂ ਸ. ਗਿਲਜੀਆਂ ਨੇ ਕਿਹਾ ਕਿ ਇਹ ਇਕ ਅਨੁਭਵਹੀਣ ਪਾਰਟੀ ਹੈ ਅਤੇ ਫੋਕੇ ਸ਼ੋਸ਼ੇ ਛੱਡ ਕੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣ ਲਈ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ ਜਦੋਂ ਕਿ ਮੋਦੀ ਸਰਕਾਰ ਤੋਂ ਪਰਵਾਸੀ ਭਾਰਤੀਆਂ ਦਾ ਮੋਹ ਪੂਰੀ ਤਰ੍ਹਾਂ ਭੰਗ ਹੋ ਚੁਕਾ ਹੈ।

# ਹਰਜੋਤ ਸਿੰਘ ਖਾਲਸਾ ਵਿਰੁਧ ਮਾਣਹਾਨੀ ਕੇਸ ਵਿਚ ਅਪੀਲ ਖਾਰਜ

**ਸੈਨ ਹੋਜ਼ੇ (ਬਿਊਰੋ):** ਕੈਲੀਫੋਰਨੀਆ ਦੀ ਛੇਵੀਂ ਅਪੀਲ ਕੋਰਟ ਨੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵਲੋਂ 'ਅੰਮ੍ਰਿਤਸਰ ਟਾਈਮਜ਼' ਅਤੇ ਸ. ਹਰਜੋਤ ਸਿੰਘ ਖਾਲਸਾ ਵਿਰੁਧ ਕੀਤੇ ਮਾਣਹਾਨੀ ਦੇ ਕੇਸ ਵਿਚ ਕੀਤੀ ਅਪੀਲ ਰੱਦ ਕਰਦਿਆਂ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰਾ ਰਖਿਆ ਹੈ ਅਤੇ ਕਿਹਾ ਕਿ ਹੇਠਲੀ ਅਦਾਲਤ ਨੇ ਸਾਰੇ ਤੱਥਾਂ ਅਤੇ ਗਵਾਹੀਆਂ ਦੇ ਆਧਾਰ ਉਤੇ ਹੀ ਹਰਜੋਤ ਸਿੰਘ ਖਾਲਸਾ ਵਿਰੁਧ ਕਮੇਟੀ ਵਲੋਂ ਕੀਤੇ ਗਏ ਕੇਸ ਨੂੰ ਰੱਦ ਕੀਤਾ ਹੈ ਜੋ ਕਿ ਸਹੀ ਹੁਕਮ ਹੈ।

ਜ਼ਿਕਰਯੋਗ ਹੈ ਕਿ ਭੁਪਿੰਦਰ (ਬਾਬ) ਸਿੰਘ ਢਿਲੋਂ ਦੀ ਅਗਵਾਈ ਹੇਠਲੀ ਪ੍ਰਬੰਧਕ ਕਮੇਟੀ ਨੇ ਸਤੰਬਰ 2009 ਵਿਚ ਅੰਮ੍ਰਿਤਸਰ ਪਬਲੀਕ੍ਰੇਸ਼ਨ ਐਂਡ ਮੀਡੀਆ ਗਰੁੱਪ ਐਲ ਐਲ ਸੀ (ਅਖ਼ਬਾਰ ਅੰਮ੍ਰਿਤਸਰ ਟਾਈਮਜ਼) ਖਿਲਾਫ਼ ਮਾਣਹਾਨੀ ਕੇਸ ਕਰਕੇ ਦੋਸ਼ ਲਾਇਆ ਸੀ ਕਿ 'ਅੰਮ੍ਰਿਤਸਰ ਟਾਈਮਜ਼' ਨੇ ਸਤੰਬਰ-ਅਕਤੂਬਰ 2008 ਦੌਰਾਨ 7 ਲਿਖਤਾਂ ਛਾਪੀਆਂ ਜਿਨ੍ਹਾਂ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਗੁਰਦੁਆਰਾ ਸਾਹਿਬ ਦੇ ਬਾਈ ਲਾਅਜ ਦੀ ਉਲੰਘਣਾ ਕਰਨ ਅਤੇ ਗੁਰੂ ਘਰ ਦੀ ਉਸਾਰੀ ਵਿਚ ਘਪਲੇ ਕਰਨ ਦੇ ਬੇਬੁਨਿਆਦ ਦੋਸ਼ ਲਾਏ ਗਏ ਹਨ। ਹਰਜੋਤ ਸਿੰਘ ਖਾਲਸਾ ਵਿਰੁਧ ਦੋਸ਼ ਲਾਇਆ ਗਿਆ ਕਿ ਉਸ ਨੇ ਨਿੱਜੀ ਹਿੱਤਾਂ ਅਤੇ ਅਖ਼ਬਾਰ ਨਾਲ ਜੁੜੇ ਹੋਣ ਕਾਰਨ ਗੁਰਦੁਆਰਾ ਸਾਹਿਬ ਅਤੇ ਪ੍ਰਬੰਧਕ ਕਮੇਟੀ ਨੂੰ ਬਦਨਾਮ ਕਰਨ ਦੀ ਨੀਅਤ ਨਾਲ ਉਕਤ ਲਿਖਤਾਂ ਛਾਪਣ ਵਿਚ ਦਿਲਚਸਪੀ ਵਿਖਾਈ ਪਰ ਹੇਠਲੀ ਅਦਾਲਤ ਨੇ ਲੋੜੀਂਦੇ ਸਬੂਤ ਨਾ ਹੋਣ ਦੀ ਬਿਨਾ 'ਤੇ ਕੇਸ 21 ਜਨਵਰੀ 2014 ਨੂੰ ਰੱਦ ਕਰ ਦਿੱਤਾ ਸੀ। ਇਸੇ ਫੈਸਲੇ ਵਿਰੁਧ ਉਪਰੋਕਤ ਅਪੀਲ ਦਾਇਰ ਕੀਤੀ ਗਈ।


**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

**ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ**



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

**Call today for your FREE, no-obligation quote: 1-408-771-2438**
satwant@satwantins.com



**Golden State Realty**

9912 Kapalua Ln., Elk Grove, CA 95624

*Please Contact For*
**Commercial or Residential Needs**



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

***Serving all over California***

# ਵਿਦੇਸ਼ਾਂ ਵਿਚ ਸਿੱਖਾਂ ਵਿਰੁਧ ਨਸਲੀ ਹਿੰਸਾ ਨੇ ਵਧਾਈ ਚਿੰਤਾ

**ਅੰਮ੍ਰਿਤਸਰ:** ਵਿਦੇਸ਼ਾਂ ਵਿਚ ਸਿੱਖਾਂ 'ਤੇ ਹਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ। ਹੁਣ ਆਸਟਰੇਲੀਆ ਵਿਚ ਇਕ ਅੰਮ੍ਰਿਤਧਾਰੀ ਵਿਦਿਆਰਥੀ ਉਤੇ ਨਸਲੀ ਹਮਲੇ ਨੇ ਫਿਰ ਚਰਚਾ ਛੇੜ ਦਿੱਤੀ ਹੈ। ਪੂਰਬੀ ਮੈਲਬਰਨ ਵਿਚ ਬੱਸ ਸਫਰ ਦੌਰਾਨ ਇਕ ਸਿੱਖ ਵਿਦਿਆਰਥੀ ਨਸਲੀ ਹਮਲੇ ਦਾ ਸ਼ਿਕਾਰ ਹੋ ਗਿਆ। ਇਸ ਹਮਲੇ ਵਿਚ 13 ਸਾਲਾ ਹਰਜੀਤ ਸਿੰਘ ਦੀ ਪੱਗ ਉਤਾਰ ਦਿੱਤੀ ਗਈ, ਉਸ ਦਾ ਮਜ਼ਾਕ ਉਡਾਇਆ ਗਿਆ ਤੇ ਚਾਕੂ ਨਾਲ ਵਾਰ ਕਰਕੇ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ।

ਸਕੂਲ ਤੋਂ ਹੋਰ ਵਿਦਿਆਰਥੀਆਂ ਨਾਲ ਘਰ ਵਾਪਸ ਆ ਰਹੇ ਇਸ ਬੱਚੇ ਨੂੰ ਨਸਲੀ ਨਫਰਤ ਦਾ ਨਿਸ਼ਾਨਾ ਬਣਾਉਣ ਵਾਲੇ ਅਫਰੀਕੀ ਲੱਗ ਰਹੇ ਦੋ ਮੁੰਡੇ ਤੇ ਇਕ ਕੁੜੀ ਸਨ। ਹਰਜੀਤ ਮੁਤਾਬਕ ਬੱਸ 'ਚ ਚੜ੍ਹੇ ਇਹ ਤਿੰਨ ਜਣੇ ਖਾਸ ਤੌਰ ਉਤੇ ਲੜਕੀ ਉਸ ਦੀ ਦਸਤਾਰ ਸਬੰਧੀ ਟਿੱਪਣੀ ਕਰਨ ਲੱਗੇ ਤੇ ਉਸ ਦੀ ਦਸਤਾਰ ਨੂੰ ਉਤਾਰ ਦਿੱਤਾ ਤੇ ਕੁੱਟਣ ਦੀਆਂ ਧਮਕੀਆਂ ਦਿੱਤੀਆਂ। ਬੱਸ ਦੇ ਡਰਾਈਵਰ ਤੇ ਹੋਰ ਸਵਾਰੀਆਂ ਵਿਚੋਂ ਕਿਸੇ ਨੇ ਉਸ ਦੀ ਮਦਦ ਨਹੀਂ ਕੀਤੀ, ਜਿਸ ਕਾਰਨ ਉਹ ਰਸਤੇ ਵਿਚ ਹੀ ਉੱਤਰ ਗਿਆ। ਇਸ ਘਟਨਾ ਮਗਰੋਂ ਸਹਿਮੇ ਬੱਚੇ ਨੂੰ ਉਸ ਦੇ ਆਸਟਰੇਲੀਅਨ ਜਮਾਤੀ ਦੀ ਮਾਂ ਨੇ ਆਪਣੀ ਕਾਰ ਵਿਚ ਘਰ ਪਹੁੰਚਾਇਆ। ਡੌਨਕਾਸਟਰ ਸੈਕੰਡਰੀ ਕਾਲਜ 'ਚ ਪੜ੍ਹਦੇ ਹਰਜੀਤ ਸਿੰਘ ਦੀ ਮਾਤਾ ਰਜਿੰਦਰ ਕੌਰ ਗਿੱਲ ਦਾ ਕਹਿਣਾ ਹੈ ਕਿ ਉਸ ਦਾ ਪੁੱਤ ਹਮਲੇ ਕਾਰਨ ਸਦਮੇ ਵਿਚ ਹੈ। ਉਹ ਸਿਰਫ ਆਪਣੇ ਪੁੱਤ ਲਈ ਹੀ ਨਹੀਂ ਸਗੋਂ ਸਮੁੱਚੇ ਭਾਈਚਾਰੇ ਦੇ ਬੱਚਿਆਂ ਦੀ ਸੁਰੱਖਿਆ ਬਾਰੇ ਚਿੰਤਤ ਹੈ।

ਪੁਲਿਸ ਅਧਿਕਾਰੀ ਪੌਲ ਟਰਨਰ ਮੁਤਾਬਕ ਨਸਲੀ ਹਮਲੇ ਦੀ ਜਾਂਚ ਮੁੱਢਲੇ ਦੌਰ 'ਚ ਹੈ ਤੇ ਇਹ ਕਿਸੇ ਨਾਲ ਸਾਂਝੀ ਨਹੀਂ ਕੀਤੀ ਜਾ ਸਕਦੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਐਸ.ਜੀ.ਪੀ.ਸੀ. ਨੂੰ ਵਿਦੇਸ਼ਾਂ ਵਿਚ ਵੀ ਸਿੱਖਾਂ ਦੀ ਵੱਖਰੀ ਪਛਾਣ ਤੋਂ ਜਾਣੂ ਕਰਵਾਉਣ ਬਾਰੇ ਵਿਸ਼ੇਸ਼ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਸਿੰਘ ਸਾਹਿਬ ਨੇ ਕਿਹਾ ਕਿ ਆਸਟਰੇਲੀਆ 'ਚ ਸਿੱਖ ਬੱਚੇ ਹਰਜੀਤ ਸਿੰਘ ਨਾਲ ਸਕੂਲ ਤੋਂ ਵਾਪਸ ਆਉਣ ਸਮੇਂ ਨਸਲੀ ਵਿਤਕਰੇ ਦੀ ਜੋ ਘਟਨਾ ਵਾਪਰੀ ਹੈ, ਉਹ ਅਤਿ ਦੁਖਦਾਈ ਤੇ ਨਿੰਦਣਯੋਗ ਹੈ। ਸਿੱਖ ਸੰਸਥਾਵਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਤੀਨਿਧਾਂ ਨੂੰ ਆਸਟਰੇਲੀਆ ਵਿਚ ਸਿੱਖ ਧਰਮ ਦੀ ਪਛਾਣ ਨੂੰ ਦੱਸਣ ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਉਹ ਲੋਕ ਸਿੱਖ ਧਰਮ ਤੇ ਸਿੱਖੀ ਪਹਿਰਾਵੇ ਤੋਂ ਜਾਣੂ ਹੋ ਸਕਣ।



### ਹਮਲਾ ਕਰਨ ਵਾਲਿਆਂ ਦੀਆਂ ਤਸਵੀਰਾਂ ਜਾਰੀ

**ਮੈਲਬਰਨ** : ਆਸਟਰੇਲੀਆ ਵਿਚ ਇਕ ਅੰਮ੍ਰਿਤਧਾਰੀ ਵਿਦਿਆਰਥੀ ਉੱਤੇ ਨਸਲੀ ਹਮਲਾ ਕਰਨ ਵਾਲੇ ਗੋਰਿਆਂ ਦੀਆਂ ਤਸਵੀਰਾਂ ਪੁਲਿਸ ਨੇ ਜਾਰੀ ਕਰ ਦਿੱਤੀਆਂ ਹਨ। ਤਸਵੀਰਾਂ ਦੋ ਮੁੰਡਿਆਂ ਅਤੇ ਇਕ ਲੜਕੀ ਦੀਆਂ ਹਨ। ਵਿਕਟੋਰੀਆ ਪੁਲਿਸ ਨੇ ਬੱਸ ਵਿਚ ਲੱਗੇ ਸੀ.ਸੀ.ਟੀ.ਵੀ. ਦੀ ਮਦਦ ਨਾਲ ਇਹ ਤਸਵੀਰਾਂ ਜਾਰੀ ਕੀਤੀਆਂ ਹਨ ਅਤੇ ਆਮ ਲੋਕਾਂ ਨੂੰ ਇਸ ਵਿਚ ਸਹਿਯੋਗ ਕਰਨ ਲਈ ਆਖਿਆ ਹੈ। ਤਸਵੀਰਾਂ ਤੋਂ ਹਮਲਾਵਰ ਨਾਬਾਲਗ ਦਿਖ ਰਹੇ ਹਨ। ਹਰਜੀਤ ਸਿੰਘ ਅਨੁਸਾਰ ਬੱਸ ਵਿਚ ਉਸ ਦੀ ਦਸਤਾਰ ਨੂੰ ਲੈ ਕੇ ਦੋ ਮੁੰਡਿਆਂ ਤੇ ਇਕ ਕੁੜੀ ਨੇ ਨਸਲੀ ਟਿੱਪਣੀਆਂ ਕੀਤੀਆਂ।

### ਰਾਜ ਸਭਾ ਵਿਚ ਗੂੰਜਿਆਂ ਨਸਲੀ ਹਮਲੇ ਦਾ ਮਾਮਲਾ

**ਨਵੀਂ ਦਿੱਲੀ:** ਭਾਜਪਾ ਆਗੂ ਅਵਿਨਾਸ਼ ਰਾਏ ਖੰਨਾ ਨੇ ਮੈਲਬਰਨ ਵਿਚ ਇਕ 13 ਸਾਲਾ ਸਿੱਖ ਬੱਚੇ ਦਾ ਮਜ਼ਾਕ ਉਡਾਏ ਦਾ ਮੁੱਦਾ ਰਾਜ ਸਭਾ ਵਿਚ ਚੁੱਕਿਆ। ਉਨ੍ਹਾਂ ਸਰਕਾਰ ਨੂੰ ਇਹ ਮਾਮਲਾ ਆਸਟਰੇਲੀਅਨ ਸਰਕਾਰ ਕੋਲ ਚੁੱਕਣ ਲਈ ਕਿਹਾ ਹੈ। ਸਿਫਰ ਕਾਲ ਦੌਰਾਨ ਸ੍ਰੀ ਖੰਨਾ ਨੇ ਕਿਹਾ ਕਿ ਭਾਰਤ ਨੂੰ ਆਸਟਰੇਲੀਅਨ ਸਰਕਾਰ ਤੋਂ ਪੰਜਾਬੀ, ਸਿੱਖਾਂ ਤੇ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਵਾਉਣੀ ਚਾਹੀਦੀ ਹੈ ਤਾਂ ਜੋ ਅਜਿਹੀ ਮੰਦਭਾਗੀ ਘਟਨਾ ਮੁੜ ਨਾ ਵਾਪਰੇ। ਇਸ ਤਰ੍ਹਾਂ ਦੇ ਮਸਲੇ 'ਤੇ ਤੁਰਤ ਕਾਰਵਾਈ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਉਦੋਂ ਤੱਕ ਨਹੀਂ ਰੁਕਣਗੀਆਂ ਜਦੋਂ ਤਕ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਨਹੀਂ ਹੁੰਦੀ।

### ਸ਼੍ਰੋਮਣੀ ਕਮੇਟੀ ਵੱਲੋਂ ਹਮਲੇ ਦੀ ਨਿਖੇਧੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਸਟਰੇਲੀਆ ਵਿਚ 13 ਸਾਲਾ ਸਿੱਖ ਵਿਦਿਆਰਥੀ ਹਰਜੀਤ ਸਿੰਘ ਉਤੇ ਬੱਸ ਵਿਚ ਸਫਰ ਦੌਰਾਨ ਨਸਲੀ ਹਮਲਾ ਕਰਨ ਤੇ ਜਾਨੋਂ ਮਾਰਨ ਦੀਆਂ ਧਮਕੀ ਦੇਣ ਦੀ ਨਿਖੇਧੀ ਕੀਤੀ ਹੈ। ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਹਰਜੀਤ ਸਿੰਘ ਨਾਲ ਬੱਸ ਵਿਚ ਧੱਕਾ-ਮੁੱਕੀ ਕਰਨੀ ਤੇ ਉਸ ਦੀ ਦਸਤਾਰ ਬਾਰੇ ਮਾੜੇ ਸ਼ਬਦ ਆਖਣੇ ਅਤਿ ਨਿੰਦਣਯੋਗ ਘਟਨਾ ਹੈ।

## ਵਰਿਆਮ ਸਿੰਘ ਨੇ ਰਿਹਾਈ ਦਾ ਸਿਹਰਾ ਰਾਮੂਵਾਲੀਆ ਸਿਰ ਬੰਨ੍ਹਿਆ

**ਅੰਮ੍ਰਿਤਸਰ:** ਪਿਛਲੇ ਤਕਰੀਬਨ 25 ਸਾਲਾਂ ਤੋਂ ਉੱਤਰ ਪ੍ਰਦੇਸ਼ ਦੀ ਬਰੇਲੀ ਜੇਲ੍ਹ ਵਿਚ ਬੰਦ ਸਿੱਖ ਕੈਦੀ ਵਰਿਆਮ ਸਿੰਘ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਵਰਿਆਮ ਸਿੰਘ ਨੇ ਆਪਣੀ ਰਿਹਾਈ ਪਿੱਛੇ ਯੂ.ਪੀ. ਦੇ ਜੇਲ੍ਹ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੀ ਅਹਿਮ ਭੂਮਿਕਾ ਦੱਸੀ। ਵਰਿਆਮ ਸਿੰਘ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਵੀ ਸਿੱਖ ਕੈਦੀਆਂ ਦੀ ਰਿਹਾਈ ਲਈ ਉਪਰਾਲੇ ਤੇਜ਼ ਕਰੇ। ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਬਾਪੂ ਸੂਰਤ ਸਿੰਘ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ।



ਵਰਿਆਮ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਰਿਹਾਈ ਸਿਰਫ ਤੇ ਸਿਰਫ ਬਲਵੰਤ ਸਿੰਘ ਰਾਮੂਵਾਲੀਆ ਵੱਲੋਂ ਕੀਤੇ ਗਏ ਉਪਰਾਲਿਆਂ ਸਦਕਾ ਹੋਈ ਹੈ। ਵਰਿਆਮ ਸਿੰਘ ਨੇ ਦੱਸਿਆ ਕੇ ਉਸ ਦੀ ਮਾਲੀ ਹਾਲਤ ਵੀ ਬਹੁਤ ਖਰਾਬ ਹੈ ਜਿਸ ਲਈ ਯੂ.ਕੇ. ਦੀ ਸਿੱਖ ਸੰਸਥਾ ਐਸ.ਓ.ਪੀ.ਡਬਲਿਊ ਸਿੱਖ ਆਰਗੇਨਾਈਜੇਸ਼ਨ ਫਾਰ ਪ੍ਰੀਜ਼ਨਰਜ਼ ਨੇ ਉਨ੍ਹਾਂ ਦੇ ਪਰਿਵਾਰ ਦੀ ਮਦਦ ਕੀਤੀ। ਸੰਸਥਾ ਦੇ ਨੁਮਾਇੰਦੇ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਜੇਲ੍ਹਾਂ ਵਿਚ ਬੰਦ ਰਾਜਸੀ ਕੈਦੀਆਂ ਦੇ ਪਰਿਵਾਰਾਂ ਦੀ ਮਾਲੀ ਮਦਦ ਦੇ ਨਾਲ ਜੇਲ੍ਹਾਂ ਵਿਚੋਂ ਰਿਹਾਅ ਹੋਣ ਤੋਂ ਬਾਅਦ ਇਨ੍ਹਾਂ ਕੈਦੀਆਂ ਦੇ ਮੁੜ ਵਸੇਬੇ ਦਾ ਵੀ ਪ੍ਰਬੰਧ ਕਰਦੀ ਹੈ। ਉਨ੍ਹਾਂ ਕਿਹਾ ਕਿ ਸੰਸਥਾ ਇਹ ਸਾਰਾ ਕੰਮ ਸੰਗਤਾਂ ਦੇ ਸਹਿਯੋਗ ਨਾਲ ਕਰਦੀ ਹੈ ਜਦਕਿ ਇਹ ਕੰਮ ਸਰਕਾਰਾਂ ਦਾ ਬਣਦਾ ਹੈ।

## 15 ਮਾਰਚ ਨੂੰ ਪੇਸ਼ ਹੋਵੇਗਾ ਪੰਜਾਬ ਦਾ ਬਜਟ

**ਚੰਡੀਗੜ੍ਹ:** ਪੰਜਾਬ ਦੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਆਪਣਾ ਬਜਟ 15 ਮਾਰਚ ਨੂੰ ਪੇਸ਼ ਕਰੇਗੀ। ਰਾਜਪਾਲ ਦੇ ਭਾਸ਼ਣ ਉਤੇ ਬਹਿਸ 11 ਤੇ 14 ਮਾਰਚ ਨੂੰ ਜਦ ਕਿ ਬਜਟ 'ਤੇ ਚਰਚਾ 16 ਅਤੇ 18 ਮਾਰਚ ਨੂੰ ਹੋਵੇਗੀ। ਇਹ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਕੈਬਨਿਟ ਦੀ ਹੋਈ ਮੀਟਿੰਗ ਵਿਚ ਲਿਆ ਗਿਆ। ਇਸ ਮੀਟਿੰਗ ਵਿਚ ਲੁਧਿਆਣਾ ਤੇ ਪਟਿਆਲਾ ਜ਼ਿਲ੍ਹਿਆਂ ਵਿਚ ਪੰਜ ਸੌ ਏਕੜ ਵਿਚ ਦੋ ਸਨਅਤੀ ਫੋਕਲ ਪੁਆਇੰਟ ਸਥਾਪਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ।

ਪੰਜਾਬ ਰਾਜ ਉਦਯੋਗਿਕ ਬਰਾਮਦ ਨਿਗਮ ਵੱਲੋਂ ਲੁਧਿਆਣਾ ਦੇ ਪਿੰਡ ਧਨਾਸੂ ਤੇ ਰਾਜਪੁਰਾ ਦੇ ਪਿੰਡ ਤਕਖੂਮਾਜਰਾ ਤੇ ਭਾਬਰਾ ਵਿਚ ਸਨਅਤੀ ਫੋਕਲ ਪੁਆਇੰਟ ਸਥਾਪਤ ਕਰਨ ਦੀ ਤਜਵੀਜ਼ ਰੱਖੀ ਗਈ। ਇਸ ਦੇ ਨਾਲ ਇੰਡੀਅਨ ਨਰਸਿੰਗ ਕੌਂਸਲ ਨਾਲ ਸਬੰਧਤ ਅੰਮ੍ਰਿਤਸਰ ਅਤੇ ਪਟਿਆਲਾ ਦੇ ਸਰਕਾਰੀ ਨਰਸਿੰਗ ਕਾਲਜਾਂ ਵਿਚ ਨਰਸਿੰਗ ਟੀਚਿੰਗ ਫੈਕਲਟੀ ਦੀਆਂ 130 ਅਸਾਮੀਆਂ ਭਰਨ ਅਤੇ ਪੋਸਟ ਗਰੈਜੂਏਟ ਡਿਗਰੀ ਅਤੇ ਡਿਪਲੋਮਾ ਕੋਰਸ ਸ਼ੁਰੂ ਕਰਨ ਵਿਚ ਵੀ ਮਦਦ ਮਿਲੇਗੀ।

## ਪੰਜਾਬੀ 'ਤੇ ਹਮਲਾ ਕਰਨ ਵਾਲੇ ਨੇ ਖੁਦ ਨੂੰ ਬੇਕਸੂਰ ਦੱਸਿਆ

**ਨਿਊ ਯਾਰਕ:** ਸਿੱਖ ਬੱਸ ਡਰਾਈਵਰ ਉਤੇ ਹਮਲੇ ਕਾਰਨ ਨਸਲੀ ਅਪਰਾਧ ਦੇ ਦੋਸ਼ਾਂ ਦਾ ਸਾਹਮਣੇ ਕਰ ਰਹੇ ਅਮਰੀਕੀ ਨੇ ਖੁਦ ਨੂੰ ਬੇਕਸੂਰ ਦੱਸਿਆ ਹੈ। ਮੁਕਾਮੀ ਮੀਡੀਆ ਮੁਤਾਬਕ ਮੁਲਜ਼ਮ ਕੇਸੀ ਟਾਰਡ (34) ਨੇ ਕੈਲੀਫੋਰਨੀਆ ਦੀ ਅਦਾਲਤ ਵਿਚ ਅਰਜ਼ੀ ਦਾਖਲ ਕੀਤੀ ਹੈ। ਲਾਂਸ ਏਂਜਲਸ ਵਿਚ ਇੰਗਲਵੁੱਡ ਜ਼ਿਲ੍ਹਾ ਅਟਾਰਨੀ ਦਫਤਰ ਨੇ ਟਾਰਡ ਵਿਰੁੱਧ ਨਸਲੀ ਅਪਰਾਧ ਦੇ ਦੋਸ਼ਾਂ ਤਹਿਤ ਚਾਰਜਸ਼ੀਟ ਦਾਖਲ ਕੀਤੀ ਸੀ। ਉਸ ਉਤੇ ਬੱਸ ਡਰਾਈਵਰ ਬਲਵਿੰਦਰਜੀਤ ਸਿੰਘ ਦੀ ਕੁੱਟਮਾਰ ਕਰਨ ਤੇ ਉਸ ਨੂੰ 'ਅਤਿਵਾਦੀ' ਤੇ 'ਆਤਮਘਾਤੀ ਹਮਲਾਵਰ' ਸੱਦਣ ਦਾ ਦੋਸ਼ ਹੈ।

ਪਿਛਲੇ ਸਾਲ ਛੇ ਨਵੰਬਰ ਨੂੰ ਹੋਏ ਹਮਲੇ ਵਿਚ ਬਲਵਿੰਦਰਜੀਤ ਦੇ ਕਾਫੀ ਗੰਭੀਰ ਸੱਟਾਂ ਲੱਗੀਆਂ ਅਤੇ ਉਸ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਉਸ ਦੇ ਚਿਹਰੇ 'ਤੇ ਕੁੱਟਮਾਰ ਦੇ ਨਿਸ਼ਾਨਾਂ ਤੋਂ ਇਲਾਵਾ ਇਕ ਅੱਖ ਵਿਚ ਇਨਫੈਕਸ਼ਨ ਹੋ ਗਿਆ। ਜਨਵਰੀ ਵਿਚ ਸਿੱਖ ਕੁਲੀਸ਼ਨ ਜਥੇਬੰਦੀ ਦੀ ਕਾਨੂੰਨੀ ਟੀਮ ਨੇ ਮਾਮਲੇ ਵਿਚ ਦਖਲ ਦਿੱਤਾ ਅਤੇ ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਨੂੰ ਮਾਮਲੇ ਦੀ ਨਸਲੀ ਅਪਰਾਧ ਦੇ ਕੇਸ ਵਜੋਂ ਜਾਂਚ ਕਰਨ ਲਈ ਕਿਹਾ।

## ਦੁਨੀਆਂ ਦੀ ਸਭ ਤੋਂ ਛੋਟੀ ਉਮਰ ਦੀ ਅਮੀਰ ਮੁਟਿਆਰ ਬਣੀ ਅਲੈਗਜ਼ੈਂਡਰਾ

**ਲੰਡਨ:** ਅਮੀਰ ਲੋਕਾਂ ਦੀ ਜਾਰੀ ਨਵੀਂ ਸੂਚੀ ਵਿਚ 19 ਸਾਲਾ ਅਲੈਗਜ਼ੈਂਡਰਾ ਐਂਡਰਸਨ ਦੁਨੀਆਂ ਦੀ ਸਭ ਤੋਂ ਛੋਟੀ ਉਮਰ ਦੀ ਅਮੀਰ ਲੜਕੀ ਬਣੀ ਹੈ। ਨਾਰਵੇ ਮੂਲ ਦੀ ਜਰਮਨੀ ਵਿਚ ਰਹਿਣ ਵਾਲੀ ਇਹ ਲੜਕੀ ਘੋੜਿਆਂ ਦੀ ਸ਼ੌਕੀਨ ਹੈ। ਇਸ ਦੀ ਕੁਲ ਸੰਪਤੀ 1.2 ਅਰਬ ਡਾਲਰ ਹੈ। ਅਲੈਗਜ਼ੈਂਡਰਾ ਤੇ ਉਸ ਦੀ ਭੈਣ 20 ਸਾਲਾ ਕੈਥਰੀਨਾ ਪਹਿਲੀ ਵਾਰ ਇਸ ਸੂਚੀ ਵਿਚ ਸ਼ਾਮਲ ਹੋਈਆਂ ਹਨ ਤੇ ਦੁਨੀਆਂ ਦੇ ਅਮੀਰ ਲੋਕਾਂ ਦੀ ਸੂਚੀ ਵਿਚ ਉਸ ਦਾ 1475ਵਾਂ ਸਥਾਨ ਹੈ। ਐਂਡਰਸਨ ਦੇ ਪਿਤਾ ਜੋਹਨ ਐਫ ਐਂਡਰਸਨ ਨੇ ਨਾਰਵੇ ਦੀ ਵੱਡੀ ਕੰਪਨੀ ਵਿਚ ਨਿਵੇਸ਼ ਕੀਤਾ ਸੀ। ਐਂਡਰਸਨ ਦੇ ਪਿਤਾ ਨੇ ਆਪਣੀ ਕੰਪਨੀ ਦਾ 80 ਫੀਸਦੀ ਹਿੱਸਾ ਅਲੈਗਜ਼ੈਂਡਰਾ ਤੇ ਉਸ ਦੀ ਭੈਣ ਕੈਥਰੀਨਾ ਦੇ ਨਾਂ ਕੀਤਾ ਸੀ।


# ਵਾਸ਼ਿੰਗਟਨ ਦੇ ਗੁਰਦੁਆਰੇ ਵਿਚ ਗੋਰੇ ਦੀ ਸ਼ਰਮਨਾਕ ਕਰਤੂਤ

**ਵਾਸ਼ਿੰਗਟਨ:** ਅਮਰੀਕੀ ਸੂਬੇ ਵਾਸ਼ਿੰਗਟਨ ਦੇ ਸ਼ਹਿਰ ਸਪੋਕੇਨ ਵਿਚ ਇਕ 'ਨਿਰਵਸਤਰ' ਵਿਅਕਤੀ ਨੇ ਗੁਰਦੁਆਰੇ ਅੰਦਰ ਦਾਖਲ ਹੋ ਕੇ ਉਥੇ ਰੱਖੀਆਂ ਪਵਿੱਤਰ ਨਿਸ਼ਾਨੀਆਂ ਦੀ ਬੇਅਦਬੀ ਕਰ ਦਿੱਤੀ। ਇਹ ਮਾਮਲਾ ਨਫਰਤੀ ਜੁਰਮ ਦਾ ਜਾਪਦਾ ਹੈ। ਸਿੱਖ ਭਾਈਚਾਰੇ ਨੇ ਇਸ ਘਟਨਾ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਜੈਫਰੀ ਸੀ ਪਿਟਮੈਨ (44) ਗੁਰਦੁਆਰੇ ਅੰਦਰ ਦਾਖਲ ਹੋਇਆ ਸੀ। ਗੁਰਦੁਆਰੇ ਦੇ ਪ੍ਰਬੰਧਕਾਂ ਨੇ ਕਿਹਾ ਕਿ ਪਿਟਮੈਨ ਨੂੰ ਜਦੋਂ ਸਵੇਰੇ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਦੇ ਸਰੀਰ 'ਤੇ ਇਕ ਚਾਦਰ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੀ। ਇਹ ਚਾਦਰ ਵੀ ਉਸ ਨੇ ਗੁਰਦੁਆਰੇ ਅੰਦਰੋਂ ਚੁੱਕੀ ਸੀ।

ਉਸ ਦੇ ਹੱਥਾਂ ਵਿਚ ਗੁਰਦੁਆਰੇ ਅੰਦਰੋਂ ਚੁੱਕੀ ਗਈ ਰਵਾਇਤੀ ਕਿਰਪਾਨ ਵੀ ਸੀ। ਪ੍ਰਬੰਧਕਾਂ ਮੁਤਾਬਕ ਉਸ ਨੇ ਗੁਰਦੁਆਰੇ ਦੀਆਂ ਪਵਿੱਤਰ ਵਸਤਾਂ ਦੀ ਬੇਅਦਬੀ ਵੀ ਕੀਤੀ। 'ਦਿ ਸਿਆਟਲ ਗਲੋਬਲਿਸਟ' ਦੀ ਖਬਰ ਮੁਤਾਬਕ ਪਿਟਮੈਨ ਖਿਲਾਫ਼ ਚੋਰੀ, ਸ਼ਰਾਰਤ ਤੇ ਸ਼ੋਸ਼ਣ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਹ ਮਾਮਲਾ ਸੂਬੇ ਦੇ ਨਫਰਤੀ ਅਪਰਾਧ ਕਾਨੂੰਨ ਤਹਿਤ ਦਰਜ ਕੀਤਾ ਗਿਆ ਹੈ। ਸਪੋਕੇਨ ਸ਼ਹਿਰ ਦੇ ਸ਼ੈਰਿਫ਼ ਓਜ਼ੀ ਨੇਜ਼ੋਵਿਚ ਨੇ ਇਕ ਬਿਆਨ ਵਿਚ ਕਿਹਾ ਕਿ ਸਾਰੇ ਧਰਮਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਕਿਸੇ ਦੇ ਧਾਰਮਿਕ ਵਿਸ਼ਵਾਸ ਕਾਰਨ ਕੀਤੇ ਗਏ ਕਿਸੇ ਵੀ ਜੁਰਮ ਦੀ ਪਹਿਲ ਦੇ ਆਧਾਰ 'ਤੇ ਮੁਕੰਮਲ ਜਾਂਚ ਕੀਤੀ ਜਾਏਗੀ।

ਉਨ੍ਹਾਂ ਕਿਹਾ ਕਿ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਥੋੜੀ ਬਹਿਸ ਤੋਂ ਬਾਅਦ ਉਸ ਨੂੰ ਫੜ ਲਿਆ। ਗੁਰਦੁਆਰੇ 'ਚ ਕਈ ਹਜ਼ਾਰਾਂ ਡਾਲਰ ਦਾ ਨੁਕਸਾਨ ਹੋਇਆ ਹੈ। ਗੁਰਦੁਆਰੇ ਦੇ ਗ੍ਰੰਥੀ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਪੁਲਿਸ ਦੇ ਆਉਣ ਤੋਂ ਪਹਿਲਾਂ ਇਸ ਵਿਅਕਤੀ ਨੂੰ ਫੜ ਲਿਆ ਗਿਆ ਸੀ। ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਘਟਨਾ 'ਤੇ ਰੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਜਿਹੀਆਂ ਘਟਨਾਵਾਂ ਆਮ ਵਾਂਗ ਨਾ ਵਾਪਰਨ ਲੱਗ ਪੈਣ। ਇਸ ਲਈ ਪਹਿਲਾਂ ਤੋਂ ਹੀ ਉਪਰਾਲੇ ਕਰ ਲੈਣੇ ਚਾਹੀਦੇ ਹਨ।

### ਗੁਰੂ ਘਰ ਵਿਚ ਪਵਿੱਤਰ ਨਿਸ਼ਾਨੀਆਂ ਦੀ ਬੇਅਦਬੀ




### ਆਸਟਰੇਲਿਆਈ ਸਾਈਮਨ ਸਿੱਖਾਂ ਲਈ ਡਟਿਆ

**ਸਿਡਨੀ:** ਆਸਟਰੇਲੀਅਨ ਗੋਰੇ ਸਾਈਮਨ ਕੈਸਟ ਨੇ ਦੇਸ਼ ਵਾਸੀਆਂ ਅੰਦਰ ਪਰਵਾਸੀ ਸਿੱਖਾਂ ਦੀ ਪਛਾਣ ਬਾਰੇ ਦੁਬਿਧਾ ਦੂਰ ਕਰਨ ਦਾ ਹੋਕਾ ਦਿੱਤਾ ਹੈ। ਉਸ ਨੇ ਗੁਰਸਿੱਖੀ ਜੀਵਨ ਨੂੰ ਅਪਨਾਉਣ ਹੋਏ ਸਿੱਖ ਬਣਨ ਦੀ ਖਾਹਸ਼ ਵੀ ਪ੍ਰਗਟਾਈ ਹੈ। ਸਾਈਮਨ ਦੀ ਇਹ ਭਾਵਨਾ ਸੋਸ਼ਲ ਮੀਡੀਆ 'ਤੇ ਆਉਣ ਬਾਅਦ ਪਰਵਾਸੀ ਸਿੱਖਾਂ ਤੇ ਸਥਾਨਕ ਭਾਈਚਾਰੇ ਨੇ ਉਸ ਦੀ ਪ੍ਰਸੰਸਾ ਕੀਤੀ ਹੈ। ਉਹ ਕਿੱਤੇ ਵਜੋਂ ਫੋਰਕ ਲਿਫਟ ਡਰਾਈਵਰ ਹੈ। ਵਾਈਨ ਫੈਕਟਰੀ 'ਚ ਕੰਮ ਕਰਦੇ ਸਮੇਂ ਉਹ ਪਹਿਲੀ ਵਾਰ ਪੰਜਾਬੀ ਸਿੱਖ, ਜੋ ਫੈਕਟਰੀ 'ਚ ਟਰੱਕ ਲੈ ਕੇ ਆਇਆ ਸੀ, ਨੂੰ ਮਿਲਿਆ। ਸਾਰੇ ਕਰਮਚਾਰੀ ਉਸ ਦੀ ਦਿਖ ਤੇ ਪਛਾਣ ਨੂੰ ਜਿਹਾਦੀ ਨਾਲ ਜੋੜਦੇ ਹੋਏ ਪਾਸਾ ਵੱਟਣ ਲੱਗੇ। ਸਾਈਮਨ ਨੇ ਦੱਸਿਆ ਕਿ ਉਸ ਨੇ ਟਰੱਕ ਡਰਾਈਵਰ ਨੇ ਆਪਣੇ ਆਪ ਨੂੰ ਸਿੱਖ ਦੱਸਦੇ ਹੋਏ ਸਿਰ ਉਪਰ ਬੰਨ੍ਹੇ ਕੱਪੜੇ ਨੂੰ ਪੱਗ ਦੱਸਿਆ। ਇਸ ਆਸਟਰੇਲੀਅਨ ਨੇ ਕਿਹਾ ਕਿ ਉਹ ਭਾਰਤ ਵਿਚਲੇ ਹਿੰਦੂ ਧਰਮ ਤੋਂ ਜਾਣੂ ਸੀ, ਪਰ ਸਿੱਖ ਧਰਮ ਬਾਰੇ ਹੋਰ ਜਾਣਨ ਦੀ ਇੱਛਾ ਹੋਈ। ਸਿੱਖ ਇਤਿਹਾਸ ਪੜ੍ਹ ਕੇ ਉਹ ਇੰਨਾ ਪ੍ਰਭਾਵਿਤ ਹੋਇਆ ਕਿ ਇਹ ਕੌਮ ਬਗੈਰ ਕਿਸੇ ਪੱਖ ਪਾਤ ਤੋਂ ਮਨੁੱਖਤਾ ਦਾ ਭਲਾ ਮੰਗਦੀ ਹੈ ਤੇ ਭੁੱਖਿਆਂ ਦਾ ਢਿੱਡ ਵੀ ਭਰਦੀ ਹੈ। ਉਸ ਨੇ ਕਿਹਾ ਕਿ ਆਸਟਰੇਲਿਆਈ ਲੋਕਾਂ ਨੂੰ ਸਿੱਖਾਂ ਪ੍ਰਤੀ ਹੋਰ ਜਾਗਰੂਕ ਕਰਨ ਦੀ ਲੋੜ ਹੈ। ਉਸ ਨੇ ਹਰਿਮੰਦਰ ਸਾਹਿਬ ਜਾਣ ਤੇ ਸਿੱਖ ਬਣਨ ਦੀ ਇੱਛਾ ਜ਼ਾਹਰ ਕੀਤੀ।

## ਵਿਪਸਾਅ ਬੇਅ-ਏਰੀਆ ਦੀ ਮੀਟਿੰਗ 12 ਨੂੰ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ), ਕੈਲੀਫੋਰਨੀਆ ਦੀ ਬੇਅ-ਏਰੀਆ ਇਕਾਈ ਦੀ ਮਹੀਨੇਵਾਰ ਮੀਟਿੰਗ 12 ਮਾਰਚ ਨੂੰ ਦੁਪਹਿਰ 12 ਤੋਂ 4 ਵਜੇ ਤੱਕ ਇਥੇ ਕਿਡਾਂਗੋ (43100 ਆਈਲ ਰੌਇਲ ਸਟਰੀਟ) ਵਿਚ ਹੋਏਗੀ।

ਵਿਪਸਾਅ ਵਲੋਂ ਜਾਰੀ ਇਕ ਬਿਆਨ ਅਨੁਸਾਰ ਮੀਟਿੰਗ ਦੌਰਾਨ ਭਾਰਤ ਤੋਂ ਆਏ ਗ਼ਜ਼ਲਗੋ ਇੱਕਵਿੰਦਰ ਢੱਟ ਨਾਲ ਖਾਸ ਵਿਦਾਇਗੀ ਵਾਰਤਾਲਾਪ ਕੀਤਾ ਜਾਏਗਾ। ਵਿਪਸਾਅ ਦੇ ਸਮੂਹ ਮੈਂਬਰਾਂ ਅਤੇ ਕੈਲੀਫੋਰਨੀਆ ਦੇ ਹੋਰ ਸਾਹਿਤਕਾਰਾਂ ਨੂੰ ਇਸ ਬੈਠਕ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ। ਹੋਰ ਜਾਣਕਾਰੀ ਵਾਈਸ ਚੇਅਰਮੈਨ ਕੁਲਵਿੰਦਰ (925-723-1191) ਜਾਂ ਸਹਾਇਕ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ (510-676-1565) ਪਾਸੋਂ ਲਈ ਜਾ ਸਕਦੀ ਹੈ।

## ਗੁਰੂ ਰਵਿਦਾਸ ਦਾ ਗੁਰਪੁਰਬ ਮਨਾਇਆ

**ਫਰਿਜ਼ਨੋ (ਬਿਊਰੋ):** ਮਿਹਨਤੀਆਂ ਦੇ ਮਸੀਹਾ ਅਤੇ ਗੁਲਾਮ ਸਾਮਰਾਜ ਵਿਰੁਧ ਆਵਾਜ਼ ਉਠਾਉਣ ਵਾਲੇ ਸ੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਦਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ। ਪ੍ਰਸਿੱਧ ਢਾਡੀ ਗੁਰਨਾਮ ਸਿੰਘ ਭੰਡਾਲ ਦੇ ਜਥੇ ਨੇ ਢਾਡੀ ਵਾਰਾਂ ਰਾਹੀਂ ਗੁਰੂ ਰਵਿਦਾਸ ਦੀ ਮਹਿਮਾ ਕੀਤੀ।



*ਕੀਰਤਨ ਕਰਦੇ ਹੋਏ ਭਾਈ ਜਸਵੀਰ ਸਿੰਘ ਜੀ ਖਾਲਸਾ ਅਤੇ ਸਾਥੀ।*

ਭਾਈ ਜਸਵੀਰ ਸਿੰਘ ਖਾਲਸਾ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸ਼ਰ ਦੇ ਹਜ਼ੂਰੀ ਜਥੇ, ਸਥਾਨਕ ਰਾਗੀ ਭਾਈ ਦਾਰਾ ਸਿੰਘ ਅਤੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਸਮਾਗਮ ਦੌਰਾਨ ਸਮੁੱਚੇ ਕੈਲੀਫੋਰਨੀਆ ਤੋਂ ਪਹੁੰਚੇ ਵੱਖ-ਵੱਖ ਗੁਰੂਘਰਾਂ ਦੇ ਪ੍ਰਤੀਨਿਧੀਆਂ ਅਤੇ ਗੁਰੂਘਰ ਦੀ ਸਾਬਕਾ ਕਮੇਟੀ ਦੇ ਮੈਂਬਰਾਂ ਦਾ ਭਾਈਚਾਰਕ ਸੇਵਾਵਾਂ ਬਦਲੇ ਸਨਮਾਨ ਕੀਤਾ ਗਿਆ। ਸਟੇਜ ਦੀ ਸੇਵਾ ਭਾਈ ਅਮਰਜੀਤ ਸਿੰਘ ਦੜੌਚ ਨੇ ਨਿਭਾਈ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਵੱਖ-ਵੱਖ ਸਟਾਲ ਅਤੇ ਦੁਕਾਨਾਂ ਮੇਲੇ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ।

## ਢੀਂਡਸਾ ਤੇ ਗੁਜਰਾਲ ਰਾਜ ਸਭਾ ਲਈ ਅਕਾਲੀ ਦਲ ਦੇ ਉਮੀਦਵਾਰ

**ਚੰਡੀਗੜ੍ਹ:** ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਤੇ ਨਰੇਸ਼ ਗੁਜਰਾਲ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਤੋਂ ਰਾਜ ਸਭਾ ਲਈ ਉਮੀਦਵਾਰ ਬਣ ਗਏ ਹਨ। ਰਾਜ ਸਭਾ ਦੀਆਂ ਪੰਜਾਬ ਤੋਂ ਖਾਲੀ ਹੋਣ ਵਾਲੀਆਂ ਸੀਟਾਂ ਲਈ ਐਲਾਨੇ ਗਏ ਪ੍ਰੋਗਰਾਮ ਅਨੁਸਾਰ 21 ਮਾਰਚ ਨੂੰ ਚੋਣ ਹੋਣੀ ਹੈ।

ਦੋਵੇਂ ਲੀਡਰ ਪਹਿਲਾਂ ਵੀ ਰਾਜ ਸਭਾ ਵਿਚ ਅਕਾਲੀ ਦਲ ਦੇ ਨੁਮਾਇੰਦਿਆਂ ਵਜੋਂ ਮੈਂਬਰ ਹਨ ਅਤੇ ਦਲ ਵੱਲੋਂ ਉਨ੍ਹਾਂ ਨੂੰ ਹੀ ਦੁਬਾਰਾ ਰਾਜ ਸਭਾ ਵਿਚ ਭੇਜਣ ਦਾ ਫੈਸਲਾ ਕੀਤਾ ਗਿਆ ਹੈ। ਰਾਜ ਸਭਾ ਲਈ ਪੰਜਾਬ ਤੋਂ ਖਾਲੀ ਹੋਣ ਵਾਲੀਆਂ ਦੂਜੀਆਂ ਦੋ ਸੀਟਾਂ ਵਿਚੋਂ ਇੱਕ ਭਾਜਪਾ ਨੂੰ ਦਿੱਤੀ ਜਾਣੀ ਹੈ, ਜਦੋਂਕਿ ਦੂਜੀ ਸੀਟ ਕਾਂਗਰਸ ਨੂੰ ਮਿਲਣ ਦੀ ਸੰਭਾਵਨਾ ਹੈ।

## ਇਰਾਕ ਵਿਚ ਆਤਮਘਾਤੀ ਹਮਲਾ; 60 ਮੌਤਾਂ

**ਬਗ਼ਦਾਦ:** ਮੱਧ ਇਰਾਕ ਦੇ ਬੇਬੀ ਲੋਨ ਸੂਬੇ ਦੀ ਰਾਜਧਾਨੀ ਹਿਲ੍ਹਾ ਵਿਚ ਆਤਮਘਾਤੀ ਹਮਲੇ ਵਿਚ 60 ਮੌਤਾਂ ਤੇ 70 ਹੋਰ ਗੰਭੀਰ ਜਖ਼ਮੀ ਹੋ ਗਏ। ਇਕ ਅਧਿਕਾਰੀ ਨੇ ਦੱਸਿਆ ਕਿ ਆਤਮਘਾਤੀ ਹਮਲਾਵਰਾਂ ਵੱਲੋਂ ਵਿਸਫੋਟਕ ਪਦਾਰਥ ਨਾਲ ਭਰਿਆ ਟਰੱਕ ਇਕ ਇਰਾਕੀ ਪੁਲਿਸ ਚੌਕੀ ਵਿਚ ਮਾਰਿਆ ਜਿਸ ਨਾਲ 60 ਲੋਕਾਂ ਦੀ ਮੌਤ ਹੋ ਗਈ।

## ਸਵਾਈਨ ਫਲੂ ਨਾਲ ਪੰਜਾਬ ਵਿਚ 61 ਮੌਤਾਂ

**ਚੰਡੀਗੜ੍ਹ:** ਬੀਤੇ ਮਹੀਨੇ ਪੰਜਾਬ 'ਚ ਸਵਾਈਨ ਨਾਲ 61 ਮੌਤਾਂ ਹੋ ਗਈਆਂ ਜਦਕਿ ਐਚ.ਵਨ ਐਨ.ਵਨ ਵਾਇਰਸ ਨਾਲ ਪੀੜਤ 30 ਮਰੀਜ਼ ਸਨ। ਨੋਡਲ ਅਫਸਰ ਡਾ. ਗਗਨਦੀਪ ਸਿੰਘ ਗਰੋਵਰ ਨੇ ਦੱਸਿਆ ਕਿ ਪੰਜਾਬ 'ਚ ਸਵਾਈਨ ਫਲੂ ਨਾਲ 61 ਵਿਅਕਤੀਆਂ ਦੇ ਮਰਨ ਦੀ ਖਬਰ ਹੈ ਜਦਕਿ ਕੱਲ੍ਹ ਤੱਕ 163 ਮਰੀਜ਼ ਪੀੜਤ ਨਿਕਲੇ ਹਨ। ਮਰਨ ਵਾਲਿਆਂ 'ਚ ਜ਼ਿਆਦਾਤਰ ਬਠਿੰਡਾ, ਫਿਰੋਜ਼ਪੁਰ, ਫਰੀਦਕੋਟ, ਲੁਧਿਆਣਾ, ਮੋਗਾ ਤੇ ਮੁਕਤਸਰ ਜ਼ਿਲ੍ਹਿਆਂ ਨਾਲ ਸਬੰਧਿਤ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਪਿਛਲੇ ਮਹੀਨੇ ਹੀ ਰਾਜ ਪੱਧਰੀ ਸਲਾਹਕਾਰ ਕਮੇਟੀ ਬਣਾਈ ਹੈ ਜਿਸ ਨੇ ਰਾਜ ਵਿਚ ਐਚ.ਵਨ ਐਨ.ਵਨ ਵਾਇਰਸ ਦੀ ਸਥਿਤੀ 'ਤੇ ਨਜ਼ਰ ਰੱਖਣ ਅਤੇ ਇਸ ਬਿਮਾਰੀ ਦੀ ਰੋਕਥਾਮ ਤੇ ਇਸ ਨੂੰ ਫੈਲਣ ਤੋਂ ਰੋਕਣ ਲਈ ਢੁਕਵੇਂ ਕਦਮ ਚੁੱਕਣ ਲਈ ਸਰਕਾਰ ਨੂੰ ਸਲਾਹ ਦਿੱਤੀ ਹੈ।

## Matrimonial

### ਲੜਕੀ ਦੀ ਲੋੜ ਹੈ

Wanted suitable girl preferable in medical field for a US Citizen Kharti Sikh boy, Age 30, Bachelor in premed biology. Contact, Ph: 630-506-7888 11-

ਰਵਿਦਾਸੀਏ ਸਿੱਖ, ਉਮਰ 28 ਸਾਲ, 5'-11", ਫਾਰਮੇਸੀ ਡਿਗਰੀ ਅਤੇ ਐਮ ਬੀ ਏ ਵਰਕ ਪਰਮਿਟ 'ਤੇ ਆਏ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 972-814-4087 9-12

ਅਰੋੜਾ ਖਤਰੀ ਸਿੱਖ (ਕਲੀਨ ਸ਼ੇਵਨ) ਅਮਰੀਕੀ ਸਿਟੀਜ਼ਨ, ਨਿਊ ਯਾਰਕ ਵਿਚ ਰੇਲਵੇ ਅਫਸਰ ਲਗੇ ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲੜਕੇ ਉਮਰ 38 ਸਾਲ, ਕੱਦ 5' 5" ਲਈ ਪੜੀ ਲਿਖੀ ਲੜਕੀ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 646-932-1646

*To Advertise with Punjab Times*
***Call: 847-359-0746***

ਰੈਸਟੋਰੈਂਟ ਲੀਜ਼ 'ਤੇ ਉਪਲਬਧ
ਫਲੋਰਿਡਾ ਵਿਚ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਲੀਜ਼ 'ਤੇ ਉਪਲਬਧ ਹੈ
ਸੇਲ: $60,000 ਪ੍ਰਤੀ ਮਹੀਨਾ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 850-510-3466

WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਨਾਜਾਇਜ਼ ਹੋਟਲਾਂ ਨੂੰ ਜਾਇਜ਼ ਬਣਾਉਣ ਦੀ ਤਿਆਰੀ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਬਣੇ ਤਕਰੀਬਨ 125 ਹੋਟਲਾਂ ਦੀਆਂ ਇਮਾਰਤਾਂ, ਜਿਨ੍ਹਾਂ ਨੂੰ ਨਗਰ ਨਿਗਮ ਵੱਲੋਂ ਨਾਜਾਇਜ਼ ਕਰਾਰ ਦਿੱਤਾ ਗਿਆ ਹੈ, ਨੂੰ ਕਾਨੂੰਨੀ ਘੇਰੇ ਵਿਚ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦੂਜੇ ਪਾਸੇ ਇਸ ਨੀਤੀ ਨੂੰ ਅਦਾਲਤ ਵਿਚ ਚੁਣੌਤੀ ਦੇਣ ਦੀ ਵੀ ਤਿਆਰੀ ਹੋ ਰਹੀ ਹੈ। ਅਸਲ ਵਿਚ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਬਣੇ ਹੋਟਲ ਅਸਰ-ਰਸੂਖ ਵਾਲੇ ਲੋਕਾਂ ਦੇ ਹਨ ਤੇ ਹਾਈ ਕੋਰਟ ਦੇ ਹੁਕਮਾਂ 'ਤੇ ਪ੍ਰਸ਼ਾਸਨ ਕਈ ਵਾਰ ਇਨ੍ਹਾਂ ਨੂੰ ਤੋੜਨ ਵੀ ਪਹੁੰਚਿਆ ਸੀ, ਪਰ ਹੋਟਲ ਮਾਲਕਾਂ ਦੇ ਰੋਹ ਕਾਰਨ ਪਿੱਛੇ ਹਟਣਾ ਪਿਆ।




ਪੰਜਾਬ ਮਨੁੱਖੀ ਅਧਿਕਾਰ ਜਥੇਬੰਦੀ ਦੇ ਆਗੂ ਸਰਬਜੀਤ ਸਿੰਘ ਵੇਰਕਾ, ਜਿਨ੍ਹਾਂ ਨੇ ਪਹਿਲਾਂ ਵੀ ਸਾਲ 2010 ਵਿਚ ਹੋਟਲਾਂ ਦੀਆਂ ਇਨ੍ਹਾਂ ਇਮਾਰਤਾਂ ਖਿਲਾਫ਼ ਕਾਰਵਾਈ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ, ਵੱਲੋਂ ਮੁੜ ਇਕ ਹੋਰ ਚੁਣੌਤੀ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਫਿਲਹਾਲ ਅਦਾਲਤ ਵਿਚ ਵਿਚਾਰ ਅਧੀਨ ਹੈ ਤੇ ਸਰਕਾਰ ਵੱਲੋਂ ਇਸੇ ਦੌਰਾਨ ਇਨ੍ਹਾਂ ਹੋਟਲਾਂ ਦੀਆਂ ਨਾਜਾਇਜ਼ ਇਮਾਰਤਾਂ ਨੂੰ ਕਾਨੂੰਨੀ ਘੇਰੇ ਵਿਚ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਸਰਕਾਰ ਵੱਲੋਂ ਇਕ ਅਜਿਹੀ ਨੀਤੀ ਬਣਾਈ ਜਾ ਰਹੀ ਹੈ, ਜਿਸ ਤਹਿਤ ਨਾਜਾਇਜ਼ ਇਮਾਰਤਾਂ ਸਬੰਧੀ ਇਕਮੁਸ਼ਤ ਜੁਰਮਾਨਾ ਲੈ ਕੇ ਇਨ੍ਹਾਂ ਨੂੰ ਕਾਨੂੰਨੀ ਕਰਾਰ ਦੇ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਨੀਤੀ ਨੂੰ ਜਥੇਬੰਦੀ ਵੱਲੋਂ ਪੰਜਾਬ ਤੇ ਹਰਿਆ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ।

ਸ੍ਰੀ ਵੇਰਕਾ ਨੇ ਆਖਿਆ ਕਿ ਇਹ ਇਮਾਰਤਾਂ ਮਿਊਂਸਪਲ ਬਿਲਡਿੰਗ ਐਕਟ ਦੇ ਨਿਯਮਾਂ ਦੀ ਉਲੰਘਣਾ ਕਰ ਕੇ ਬਣਾਈਆਂ ਗਈਆਂ ਹਨ ਤੇ ਇਨ੍ਹਾਂ ਵਿਚੋਂ ਵਧੇਰੇ ਇਮਾਰਤਾਂ ਸਿਆਸਤਦਾਨਾਂ ਤੇ ਹੋਰ ਪ੍ਰਭਾਵਸ਼ਾਲੀ ਵਿਅਕਤੀਆਂ ਦੀਆਂ ਹਨ। ਇਨ੍ਹਾਂ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਆਪਣਾ ਅਸਰ-ਰਸੂਖ ਵਰਤਦਿਆਂ ਸਰਕਾਰ ਨੂੰ ਇਸ ਮਾਮਲੇ ਵਿਚ ਨਵੀਂ ਨੀਤੀ ਬਣਾਉਣ ਲਈ ਸਹਿਮਤ ਕਰ ਲਿਆ ਹੈ। ਇਸ ਨਾਲ ਇਨ੍ਹਾਂ ਵਿਅਕਤੀਆਂ ਨੂੰ ਕਰੋੜਾਂ ਰੁਪਏ ਦਾ ਲਾਭ ਹੋਵੇਗਾ।

ਉਨ੍ਹਾਂ ਆਖਿਆ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ 30 ਫੁੱਟ ਦੇ ਘੇਰੇ ਵਿਚ ਬਣਾਇਆ ਗਿਆ ਗਲਿਆਰਾ ਸੁਰੱਖਿਆ ਦੇ ਮੰਤਵ ਨਾਲ ਬਣਾਇਆ ਗਿਆ ਸੀ। ਨਿਯਮਾਂ ਮੁਤਾਬਕ ਕਿਸੇ ਵੀ ਇਮਾਰਤ ਦਾ ਦਰਵਾਜ਼ਾ ਗਲਿਆਰੇ ਵਾਲੇ ਪਾਸੇ ਨਹੀਂ ਖੁੱਲ੍ਹ ਸਕਦਾ, ਪਰ ਇਨ੍ਹਾਂ ਇਮਾਰਤਾਂ ਦੇ ਦਰਵਾਜ਼ੇ ਗਲਿਆਰੇ ਵਾਲੇ ਪਾਸੇ ਖੋਲ੍ਹੇ ਗਏ ਹਨ। ਅਜਿਹੀਆਂ 21 ਇਮਾਰਤਾਂ ਦੀ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਸ਼ਨਾਖਤ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਨੇ ਨਿਯਮਾਂ ਨੂੰ ਛਿੱਕੇ ਟੰਗ ਕੇ ਨਾ ਸਿਰਫ ਗਲਿਆਰੇ ਵਾਲੇ ਪਾਸੇ ਦਰਵਾਜ਼ੇ ਕੱਢੇ, ਸਗੋਂ ਫੁੱਟਪਾਥ ਤੇ ਹੋਰ ਥਾਂ ਉਤੇ ਵੀ ਨਾਜਾਇਜ਼ ਕਬਜ਼ਾ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਣਵਾਈ ਅਧੀਨ ਇਸ ਮਾਮਲੇ ਦੀ ਅਗਲੀ ਤਰੀਕ 22 ਅਪਰੈਲ ਹੈ, ਜਿਸ ਵਿਚ ਸਰਕਾਰ ਕੋਲੋਂ ਨਾਜਾਇਜ਼ ਇਮਾਰਤਾਂ ਖਿਲਾਫ਼ ਕੀਤੀ ਕਾਰਵਾਈ ਦੀ ਰਿਪੋਰਟ ਮੰਗੀ ਗਈ ਹੈ। ਦੂਜੇ ਪਾਸੇ ਸਰਕਾਰ ਵੱਲੋਂ ਇਕਮੁਸ਼ਤ ਜੁਰਮਾਨੇ ਵਾਲੀ ਨੀਤੀ ਨੂੰ ਹਰੀ ਝੰਡੀ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਯੋਜਨਾ ਨੂੰ ਨਗਰ ਨਿਗਮ ਦੇ ਜਨਰਲ ਹਾਊਸ ਵੱਲੋਂ ਪਹਿਲਾਂ ਹੀ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਇਸ ਤੋਂ ਬਾਅਦ ਪੰਜਾਬ ਮੰਤਰੀ ਮੰਡਲ ਦੀ ਬੈਠਕ ਵਿਚ ਵੀ ਇਸ ਨੀਤੀ 'ਤੇ ਸਹਿਮਤੀ ਬਣ ਚੁੱਕੀ ਹੈ ਤੇ ਹੁਣ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਨਵੀਂ ਨੀਤੀ 'ਤੇ ਮੋਹਰ ਲਾਏ ਜਾਣ ਦੀ ਸੰਭਾਵਨਾ ਹੈ। ਮਗਰੋਂ ਇਹ ਨੀਤੀ ਅਦਾਲਤ ਵਿਚ ਸਰਕਾਰ ਦੀ ਕਾਰਵਾਈ ਰਿਪੋਰਟ ਵਜੋਂ ਪੇਸ਼ ਕੀਤੀ ਜਾਵੇਗੀ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੀ ਚੁਣੌਤੀ ਨਾਲ ਹੋਟਲਾਂ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਉਣ ਦੇ ਮਾਮਲੇ ਵਿਚ ਖੜੋਤ ਆ ਸਕਦੀ ਹੈ।

## ਸਿੱਖ ਰੈਫਰੈਂਸ ਲਾਇਬਰੇਰੀ ਬਾਰੇ ਮੁੜ ਬੱਝੀ ਆਸ

**ਅੰਮ੍ਰਿਤਸਰ:** ਜੂਨ 1984 ਵਿਚ ਦਰਬਾਰ ਸਾਹਿਬ ਸਮੂਹ ਉਤੇ ਹੋਏ ਫੌਜੀ ਹਮਲੇ ਦੌਰਾਨ ਗਾਇਬ ਹੋਈ ਸਿੱਖ ਰੈਫਰੈਂਸ ਲਾਇਬਰੇਰੀ ਦੀ ਸਮੱਗਰੀ ਦੀ ਵਾਪਸੀ ਲਈ ਲੰਬੇ ਸਮੇਂ ਤੋਂ ਜੱਦੋ ਜਹਿਦ ਕਰ ਰਹੀ ਸ਼੍ਰੋਮਣੀ ਕਮੇਟੀ ਨੂੰ ਉਸ ਵੇਲੇ ਆਸ ਬੱਝੀ, ਜਦੋਂ ਭਾਰਤੀ ਫੌਜ ਦੇ ਮੁਖੀ ਜਨਰਲ ਦਲਬੀਰ ਸਿੰਘ ਸੁਹਾਗ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੂੰ ਭਰੋਸਾ ਦਿੱਤਾ ਕਿ ਉਹ ਇਸ ਮਾਮਲੇ ਦੀ ਘੋਖ ਕਰਨਗੇ। ਫੌਜ ਮੁਖੀ ਇਥੇ ਆਪਣੇ ਪਰਿਵਾਰ ਸਮੇਤ ਨਤਮਸਤਕ ਹੋਣ ਆਏ ਸਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੇ ਦੱਸਿਆ ਕਿ ਫੌਜ ਮੁਖੀ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਖੁਦ ਇਸ ਮਾਮਲੇ ਵਿਚ ਦਖਲ ਦੇ.ਕੇ. ਪਤਾ ਕਰਨ ਕਿ ਸਿੱਖ ਕੌਮ ਦਾ ਅਨਮੁੱਲਾ ਖਜ਼ਾਨਾ ਕਿਥੇ ਗਿਆ। ਇਸ ਸਮੱਗਰੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਧਾਰਮਿਕ ਪੁਸਤਕਾਂ, ਹੱਥ ਲਿਖਤ ਖਰੜੇ, ਪੁਰਾਤਨ ਸਰੂਪ ਤੇ ਹੋਰ ਦਸਤਾਵੇਜ਼ ਸ਼ਾਮਲ ਸਨ ਤੇ ਫੌਜ ਇਨ੍ਹਾਂ ਨੂੰ ਆਪਣੇ ਨਾਲ ਲੈ ਗਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਫੌਜ ਮੁਖੀ ਨੇ ਦੱਸਿਆ ਕਿ ਉਨ੍ਹਾਂ ਦੀ ਜਾਣਕਾਰੀ ਮੁਤਾਬਕ ਇਸ ਸਮੱਗਰੀ ਦਾ ਵੱਡਾ ਹਿੱਸਾ ਸੀ.ਬੀ.ਆਈ. ਜਾਂ ਆਈ.ਬੀ. ਲੈ ਗਈ ਸੀ, ਇਸ ਦੇ ਬਾਵਜੂਦ ਉਹ ਮਾਮਲੇ ਦੀ ਘੋਖ ਕਰਨਗੇ।

# ਮੁਜ਼ੱਫਰਨਗਰ ਦੰਗੇ: ਸਿਆਸੀ ਆਗੂਆਂ ਨੂੰ ਮੁਆਫੀ!

**ਨਵੀਂ ਦਿੱਲੀ:** ਮੁਜ਼ੱਫਰਨਗਰ ਵਿਚ ਸਾਲ 2013 ਵਿਚ ਹੋਏ ਦੰਗਿਆਂ ਬਾਰੇ ਜਾਂਚ ਕਮਿਸ਼ਨ ਦੀ ਰਿਪੋਰਟ ਆ ਗਈ ਹੈ। ਇਸ ਰਿਪੋਰਟ ਵਿਚ ਸਿਆਸੀ ਆਗੂਆਂ ਨੂੰ ਕਲੀਨ ਚਿਟ ਦੇ ਦਿੱਤੀ ਗਈ ਜਦਕਿ ਅਧਿਕਾਰੀਆਂ ਨੂੰ ਦੋਸ਼ੀ ਮੰਨਿਆ ਹੈ। ਰਿਪੋਰਟ ਮੁਤਾਬਕ ਉਸ ਸਮੇਂ ਦੇ ਐਸ.ਐਸ.ਪੀ ਸੁਭਾਸ਼ ਚੰਦਰ ਦੂਬੇ ਤੇ ਸਥਾਨਕ ਇੰਟੈਲੀਜੈਂਸ ਇੰਸਪੈਕਟਰ ਪ੍ਰਬਲ ਪ੍ਰਤਾਪ ਸਿੰਘ ਨੂੰ ਸਿੱਧੇ ਤੌਰ ਉਤੇ ਦੰਗਿਆਂ ਲਈ ਜ਼ਿੰਮੇਵਾਰ ਮੰਨਿਆ ਗਿਆ ਹੈ।




ਇਸ ਦੇ ਨਾਲ ਹੀ ਰਿਪੋਰਟ ਵਿਚ ਉਸ ਸਮੇਂ ਦੇ ਜ਼ਿਲ੍ਹਾ ਮੁਖੀ ਕੌਸ਼ਲ ਰਾਜ ਕੁਮਾਰ ਦੀ ਭੂਮਿਕਾ ਨੂੰ ਵੀ ਸ਼ੱਕੀ ਮੰਨਿਆ ਗਿਆ ਹੈ। ਭਾਜਪਾ ਵਿਧਾਇਕ ਸੰਗੀਤ ਸੋਮ ਦੀ ਭੂਮਿਕਾ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੰਗੀਤ ਸੋਮ ਸਮੇਤ 200 ਲੋਕਾਂ 'ਤੇ ਫੇਕ ਵੀਡੀਓ ਮਾਮਲੇ ਵਿਚ ਜਾਂਚ ਚੱਲ ਰਹੀ ਹੈ। ਸਰਕਾਰ ਵੱਲੋਂ ਇਸ 'ਤੇ ਵੀ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭੜਕਾਊ ਭਾਸ਼ਣ ਦੇਣ ਦੇ ਮਾਮਲੇ ਵਿਚ ਸਿੱਧੇ ਤੌਰ ਉਤੇ ਕੋਈ ਵੀ ਲੀਡਰ ਜ਼ਿੰਮੇਵਾਰ ਨਹੀਂ ਹੈ। ਜ਼ਿਆਦਾਤਰ ਮਹਾਂ ਪੰਚਾਇਤ ਵਿਚ ਲੋਕਲ ਇੰਟੈਲੀਜੈਂਸ ਯੂਨਿਟ ਦੀ ਅਸਫਲਤਾ ਹੈ। ਜਿਸ ਕਾਰਨ ਪੰਚਾਇਤ ਵਿਚ ਆਉਣ ਵਾਲੀ ਭੀੜ ਦਾ ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਿਆ। ਰਿਪੋਰਟ 'ਚ ਲੀਡਰਾਂ ਨੂੰ ਕਲੀਨ ਚਿਟ ਦਿੰਦਿਆਂ ਸਥਾਨਕ ਪੰਚਾਇਤ ਤੇ ਪੁਲਿਸ ਨੂੰ ਇਸ ਦੰਗੇ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਇਨ੍ਹਾਂ ਦੰਗਿਆਂ ਵਿਚ 62 ਵਿਅਕਤੀ ਮਾਰੇ ਗਏ ਸਨ। 700 ਸਫਿਆਂ ਦੀ ਰਿਪੋਰਟ ਨੂੰ ਉੱਤਰ ਪ੍ਰਦੇਸ਼ ਵਿਧਾਨ ਸਭਾ ਵਿਚ ਰੱਖਿਆ ਗਿਆ। ਰਿਪੋਰਟ 'ਚ ਕਿਹਾ ਗਿਆ ਹੈ ਕਿ ਘੱਟ ਗਿਣਤੀਆਂ ਦੇ ਨੌਜਵਾਨ ਵੱਲੋਂ ਕਾਵਲ ਕਸਬੇ ਵਿਚ ਦੋ ਵਿਅਕਤੀਆਂ ਦੀ ਹੱਤਿਆ ਤੋਂ ਬਾਅਦ ਦੰਗੇ ਭੜਕੇ ਕਿਉਂਕਿ ਖੁਫ਼ੀਆ ਇਕਾਈ ਦੇ ਤਤਕਾਲੀ ਇੰਸਪੈਕਟਰ ਪ੍ਰਬਲ ਪ੍ਰਤਾਪ ਸਿੰਘ ਮੰਦੌਰ ਵਿਚ ਹੋਣ ਵਾਲੀ ਮਹਾ ਪੰਚਾਇਤ 'ਚ ਪੁੱਜਣ ਵਾਲੇ ਲੋਕਾਂ ਦੀ ਸਹੀ ਗਿਣਤੀ ਨਹੀਂ ਦੱਸ ਸਕੇ। ਇਸ ਮਹਾ ਪੰਚਾਇਤ ਦੀ ਕਾਰਵਾਈ ਨੂੰ ਰਿਕਾਰਡ ਵੀ ਨਹੀਂ ਕੀਤਾ ਗਿਆ।

# ਸਰਕਾਰੀ ਮਗਰਮੱਛਾਂ ਅੱਗੇ ਡਟੇ ਕਿਸਾਨ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਵਿਸ਼ਵ ਪ੍ਰਸਿੱਧ ਹਰੀਕੇ ਝੀਲ ਵਿਚ ਮਗਰਮੱਛ ਛੱਡੇ ਜਾਣ ਦੀ ਯੋਜਨਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਆ ਗਈ ਹੈ। ਝੀਲ ਵਿਚ ਘੜਿਆਲ ਛੱਡਣ ਦੇ ਫੈਸਲੇ ਦਾ ਬਿਆਸ ਦਰਿਆ ਨਾਲ ਲਗਦੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੇ ਵਿਰੋਧ ਕੀਤਾ ਹੈ। ਕਿਸਾਨਾਂ ਨੇ ਸਰਕਾਰ ਕੋਲ ਇਸ ਫੈਸਲੇ ਨੂੰ ਵਾਪਸ ਲੈਣ ਦੀ ਗੁਹਾਰ ਲਗਾਈ ਹੈ। ਕਿਸਾਨਾਂ ਨੇ ਜੰਗਲਾਤ ਮਹਿਕਮੇ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਇਲਾਕੇ ਵਿਚ ਘੜਿਆਲ ਨਾਂ ਛੱਡੇ ਜਾਣ।



ਜਾਣਕਾਰੀ ਮੁਤਾਬਕ ਮੱਧ ਪ੍ਰਦੇਸ਼ ਦੀ ਮੁਰੈਨਾ ਸੈਂਚਰੀ ਵਿਚੋਂ 50 ਘੜਿਆਲ ਲਿਆ ਕੇ ਹਰੀਕੇ ਝੀਲ ਵਿਚ ਛੱਡਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਘੜਿਆਲ ਬਿਆਸ ਦਰਿਆ ਦੇ ਨਾਲ ਲੱਗਦੇ ਚੰਬਾ ਕਲਾਂ ਪਿੰਡ ਦੇ ਨਜ਼ਦੀਕ ਛੱਡੇ ਜਾਣਗੇ। ਚਾਰ ਫੁੱਟ ਦੇ ਘੜਿਆਲ ਦਰਿਆ ਵਿਚ ਛੱਡਣ ਦੀ ਯੋਜਨਾ ਹੈ ਜੋ ਕਿ 15-20 ਫੁੱਟ ਤੱਕ ਵਧ ਸਕਦੇ ਹਨ।

ਜੰਗਲਾਤ ਵਿਭਾਗ ਵੱਲੋਂ ਦਰਿਆ ਵਿਚ ਘੜਿਆਲ ਛੱਡੇ ਜਾਣ ਦੀਆਂ ਤਿਆਰੀਆਂ ਬਾਰੇ ਜਦੋਂ ਕਿਸਾਨਾਂ ਨੂੰ ਜਾਣਕਾਰੀ ਮਿਲੀ ਤਾਂ ਉਨ੍ਹਾਂ ਇਸ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਪਹਿਲਾਂ ਹੀ ਹਰ ਸਾਲ ਉਨ੍ਹਾਂ ਦੀ ਫਸਲ ਜੰਗਲੀ ਜਾਨਵਰਾਂ ਕਾਰਨ ਨੁਕਸਾਨੀ ਜਾਂਦੀ ਹੈ। ਇਸ ਤੋਂ ਇਲਾਵਾ ਸੈਂਕੜੇ ਕਿਸਾਨ ਹਰ ਰੋਜ਼ ਆਪਣੀਆਂ ਦਰਿਆ ਪਾਰ ਜ਼ਮੀਨਾਂ ਵਿਚ ਜਾਣ ਲਈ ਆਪਣੇ ਪਸ਼ੂਆਂ ਸਮੇਤ ਦਰਿਆ ਪਾਰ ਕਰਕੇ ਜਾਂਦੇ ਹਨ। ਦਰਿਆ ਵਿਚ ਘੜਿਆਲ ਛੱਡੇ ਜਾਣ ਨਾਲ ਕਿਸਾਨਾਂ ਦੀ ਜਾਨ ਮਾਲ ਨੂੰ ਵੀ ਖਤਰਾ ਹੈ। ਉਧਰ, ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਹਰ ਫੈਸਲੇ ਤੋਂ ਪਹਿਲਾਂ ਕਿਸਾਨਾਂ ਦੀ ਸਹਿਮਤੀ ਲਈ ਜਾਵੇਗੀ ਤੇ ਉਨ੍ਹਾਂ ਦੇ ਜਾਨ ਮਾਲ ਨੂੰ ਮੁੱਖ ਰੱਖਦਿਆਂ ਹੀ ਹਰ ਫੈਸਲਾ ਕੀਤਾ ਜਾਵੇਗਾ।

# ਯਮਨ: ਬਿਰਧ ਆਸ਼ਰਮ 'ਤੇ ਹਮਲੇ 'ਚ ਭਾਰਤੀ ਨਰਸਾਂ ਸਣੇ 16 ਹਲਾਕ

**ਅਦਨ:** ਯਮਨ ਦੇ ਮੁੱਖ ਦੱਖਣੀ ਸ਼ਹਿਰ ਅਦਨ ਵਿਚ ਇਕ ਬਿਰਧ ਆਸ਼ਰਮ 'ਤੇ ਕੀਤੇ ਗਏ ਹਮਲੇ ਵਿਚ ਚਾਰ ਭਾਰਤੀ ਨਰਸਾਂ ਸਮੇਤ ਘੱਟ ਤੋਂ ਘੱਟ 16 ਵਿਅਕਤੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਅਦਨ ਦੇ ਸ਼ੇਖ ਓਥਮਨ ਜ਼ਿਲ੍ਹੇ ਵਿਚ ਸਥਿਤ ਬਿਰਧ ਆਸ਼ਰਮ ਉਤੇ ਚਾਰ ਹਥਿਆਰਬੰਦ ਹਮਲਾਵਰਾਂ ਨੇ ਹਮਲਾ ਕੀਤਾ। ਉਨ੍ਹਾਂ ਨੇ ਇਕ ਗਾਰਡ ਦੀ ਹੱਤਿਆ ਕਰ ਦਿੱਤੀ ਤੇ ਇਸ ਬਾਅਦ ਲੋਕਾਂ 'ਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਹਮਲੇ ਲਈ ਇਸਲਾਮਿਕ ਸਟੇਟ ਨੂੰ ਦੋਸ਼ੀ ਠਹਿਰਾਇਆ ਗਿਆ ਹੈ, ਜੋ ਪਿਛਲੇ ਕੁਝ ਸਮੇਂ ਤੋਂ ਅਦਨ ਵਿਚ ਪੈਰ ਪੈਰੀ ਹੋ ਰਹੀ ਹੈ। ਦੱਸਣਯੋਗ ਹੈ ਕਿ ਆਲਮੀ ਪੱਧਰ 'ਤੇ ਮਾਨਤਾ ਰੱਖਣ ਵਾਲੀ ਯਮਨ ਸਰਕਾਰ ਨੂੰ ਇਰਾਨ ਦੇ ਸਮਰਥਨ ਵਾਲੇ ਬਾਗੀਆਂ ਤੇ ਮੁਲਕ ਵਿਚ ਵਧ ਰਹੇ ਜਹਾਦੀਆਂ ਨਾਲ ਦੋ ਹੱਥ ਕਰਨੇ ਪੈ ਰਹੇ ਹਨ।

ਰਾਸ਼ਟਰਪਤੀ ਅਬੇਦਰੱਬੋ ਮਨਸੂਰ ਹਾਦੀ ਨੇ ਅਦਨ ਨੂੰ ਯਮਨ ਦੀ ਆਰਜ਼ੀ ਰਾਜਧਾਨੀ ਐਲਾਨ ਦਿੱਤਾ ਹੈ ਕਿਉਂਕਿ ਸਨ ਸਤੰਬਰ, 2014 ਤੋਂ ਹੋਤੀ ਬਾਗੀਆਂ ਦੇ ਕਬਜ਼ੇ ਹੇਠ ਹੈ। ਸਰਕਾਰ ਤੇ ਉਸ ਦਾ ਸਮਰਥਨ ਕਰਨ ਵਾਲੇ ਸਾਊਦੀ ਦੀ ਅਗਵਾਈ ਹੇਠਲੇ ਗੱਠਜੋੜ ਵੱਲੋਂ ਹੋਤੀ ਬਾਗੀਆਂ ਤੇ ਉਸ ਦੇ ਹਮਾਇਤੀਆਂ ਨਾਲ ਟੱਕਰ ਲਈ ਜਾ ਰਹੀ ਹੈ। ਇਸ ਦੌਰਾਨ ਅਲ-ਕਾਇਦਾ ਤੇ ਆਈ.ਐਸ. ਵੱਲੋਂ ਵੀ ਹਮਲੇ ਕੀਤੇ ਜਾ ਰਹੇ ਹਨ।

## ਸੰਤ ਦਾਦੂਵਾਲ ਜੇਲ੍ਹ 'ਚੋਂ ਰਿਹਾ

**ਹੁਸ਼ਿਆਰਪੁਰ:** ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਇਥੋਂ ਦੀ ਜ਼ਿਲ੍ਹਾ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ। ਉਹ ਦੇਸ਼ ਧ੍ਰੋਹ ਦੇ ਕੇਸ ਵਿਚ ਪਿਛਲੇ ਸਾਲ 11 ਨਵੰਬਰ ਤੋਂ ਨਿਆਇਕ ਹਿਰਾਸਤ ਵਿਚ ਸਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੰਤ ਦਾਦੂਵਾਲ ਨੂੰ 17 ਫਰਵਰੀ ਨੂੰ ਜ਼ਮਾਨਤ ਦਿੱਤੀ ਸੀ। ਇਸ ਤੋਂ ਪਹਿਲਾਂ ਕਿ ਉਹ ਬਾਹਰ ਆਉਂਦੇ ਮਖੂ ਪੁਲਿਸ ਉਨ੍ਹਾਂ ਨੂੰ ਇਕ ਹੋਰ ਕੇਸ ਵਿਚ ਗ੍ਰਿਫਤਾਰ ਕਰਕੇ ਲੈ ਗਈ। ਜੇਲ੍ਹ ਵਿਚੋਂ ਬਾਹਰ ਆਉਣ 'ਤੇ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਤੇ ਵੱਡੀ ਗਿਣਤੀ ਵਿਚ ਸੰਤ ਦਾਦੂਵਾਲ ਦੇ ਸਮਰਥਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਪੰਥਕ ਕਹਾਉਣ ਵਾਲੀ ਸਰਕਾਰ ਸਿੱਖਾਂ 'ਤੇ ਦੇਸ਼ ਧ੍ਰੋਹ ਦੇ ਝੂਠੇ ਕੇਸ ਪਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਬੱਤ ਖਾਲਸਾ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ।

# ਬੇਰੁਜ਼ਗਾਰਾਂ ਵੱਲੋਂ ਬਾਦਲ ਦੀ ਰਿਹਾਇਸ਼ ਅੱਗੇ ਧਾਵਾ

**ਚੰਡੀਗੜ੍ਹ:** ਪਿਛਲੇ 14 ਸਾਲਾਂ ਤੋਂ ਨਿਯੁਕਤੀ ਪੱਤਰਾਂ ਦੀ ਉਡੀਕ ਕਰ ਰਹੇ ਬੇਰੁਜ਼ਗਾਰ ਲਾਈਨਮੈਨਾਂ ਦੇ ਪਰਿਵਾਰਕ ਮੈਂਬਰਾਂ ਨੇ ਅਚਨਚੇਤ ਇਥੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਅੱਗੇ ਧਾਵਾ ਬੋਲ ਕੇ ਨਾਅਰੇਬਾਜ਼ੀ ਕੀਤੀ।

ਬੇਰੁਜ਼ਗਾਰ ਲਾਈਨਮੈਨਾਂ ਦੀਆਂ ਪਤਨੀਆਂ ਤੇ ਮਾਪੇ ਚੁਪ-ਚਪੀਤੇ ਢੰਗ ਨਾਲ ਸ. ਬਾਦਲ ਦੀ ਕੋਠੀ ਮੂਹਰੇ ਪਹੁੰਚ ਗਏ ਤੇ ਗੇਟ ਅੱਗੇ ਬੈਠ ਕੇ ਧਰਨਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਸੁਰੱਖਿਆ ਮੁਲਾਜ਼ਮ ਹੈਰਾਨ ਰਹਿ ਗਏ ਅਤੇ ਤਕਰੀਬਨ ਅੱਧਾ ਘੰਟਾ ਸ. ਬਾਦਲ ਦੇ ਦਰ ਮੂਹਰੇ ਨਾਅਰੇਬਾਜ਼ੀ ਚੱਲਦੀ ਰਹੀ। ਬਾਅਦ ਵਿਚ ਚੰਡੀਗੜ੍ਹ ਪੁਲਿਸ ਨੂੰ ਸੂਚਿਤ ਕੀਤਾ ਗਿਆ ਤੇ ਪ੍ਰਦਰਸ਼ਨਕਾਰੀਆਂ ਨੂੰ ਗੱਡੀਆਂ ਵਿਚ ਲਿਜਾ ਕੇ ਥਾਣੇ ਬੰਦ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਵਿਚ ਨੌਂ ਮਹਿਲਾਵਾਂ ਤੇ ਦੋ ਬਜ਼ੁਰਗ ਸਨ।

ਦੱਸਣਯੋਗ ਹੈ ਕਿ ਬੇਰੁਜ਼ਗਾਰ ਲਾਈਨਮੈਨਾਂ ਵੱਲੋਂ ਪਿਛਲੇ 63 ਦਿਨਾਂ ਤੋਂ ਪਟਿਆਲਾ ਵਿਚ ਧਰਨਾ ਦਿੱਤਾ ਜਾ ਰਿਹਾ ਹੈ। ਇਸ ਸੰਘਰਸ਼ ਦੌਰਾਨ ਦੋ ਬੇਰੁਜ਼ਗਾਰ ਲਾਈਨਮੈਨ ਖੁਦਕੁਸ਼ੀਆਂ ਵੀ ਕਰ ਚੁੱਕੇ ਹਨ। ਯੂਨੀਅਨ ਦੇ ਮੁੱਖ ਸਲਾਹਕਾਰ ਸੋਮਾ ਸਿੰਘ ਭੜੋ ਮੁਤਾਬਕ ਸਾਲ 2011 ਵਿਚ ਸਰਕਾਰ ਨੇ 14 ਹਜ਼ਾਰ ਲਾਈਨਮੈਨਾਂ ਦੀ ਭਰਤੀ ਲਈ ਚੋਣ ਕੀਤੀ ਸੀ। ਇਨ੍ਹਾਂ ਵਿਚੋਂ 10 ਹਜ਼ਾਰ ਲਾਈਨਮੈਨਾਂ ਨੂੰ ਉਸ ਸਮੇਂ ਹੀ ਨਿਯੁਕਤੀ ਪੱਤਰ ਦੇ ਦਿੱਤੇ ਸਨ ਜਦਕਿ ਚਾਰ ਹਜ਼ਾਰ ਦੇ ਕਰੀਬ ਲਾਈਨਮੈਨ ਅੱਜ ਤੱਕ ਵੀ ਨਿਯੁਕਤੀ ਪੱਤਰਾਂ ਦੀ ਉਡੀਕ ਕਰ ਰਹੇ ਹਨ।



# ਪੰਜਾਬ ਵਿਚ ਪੰਚਾਇਤਾਂ ਦੀ ਨਸ਼ਿਆਂ ਖਿਲਾਫ ਮੁਹਿੰਮ ਨੂੰ ਪਿਆ ਬੂਰ

**ਬਠਿੰਡਾ:** ਇਸ ਵਾਰ ਨਸ਼ਿਆਂ ਖਿਲਾਫ ਮੁਹਿੰਮ ਦਾ ਸੁਨੇਹਾ ਦੇਣ ਲਈ 70 ਫੀਸਦੀ ਪੰਚਾਇਤਾਂ ਦੇ ਮਤੇ ਪ੍ਰਵਾਨ ਕਰ ਲਏ ਗਏ ਹਨ, ਜਿਨ੍ਹਾਂ ਨੇ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਦਾ ਫੈਸਲਾ ਲਿਆ ਸੀ। ਪੰਜਾਬ ਵਿਚ ਨਸ਼ਿਆਂ ਦਾ ਮਾਮਲਾ ਭਖਣ ਕਰ ਕੇ ਐਤਕੀਂ ਸਭ ਤੋਂ ਜ਼ਿਆਦਾ 232 ਪੰਚਾਇਤਾਂ ਨੇ ਸ਼ਰਾਬ ਦੇ ਠੇਕਿਆਂ ਖਿਲਾਫ਼ ਮਤੇ ਪਾਸ ਕੀਤੇ ਸਨ, ਜਿਨ੍ਹਾਂ ਵਿਚੋਂ 163 ਪੰਚਾਇਤਾਂ ਦੇ ਮਤੇ ਪ੍ਰਵਾਨ ਕਰ ਲਏ ਗਏ ਹਨ ਤੇ ਇਨ੍ਹਾਂ ਪਿੰਡਾਂ ਵਿਚ ਸਾਲ 2016-17 ਦੌਰਾਨ ਸ਼ਰਾਬ ਦੇ ਠੇਕੇ ਨਹੀਂ ਖੁੱਲ੍ਹਣਗੇ।



ਮਿਲੇ ਵੇਰਵਿਆਂ ਅਨੁਸਾਰ ਬਹੁਤੇ ਪਿੰਡਾਂ ਦੇ ਠੇਕੇ ਪੰਚਾਇਤੀ ਰਜ਼ਾਮੰਦੀ ਨਾਲ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਵਿਚ ਸਾਲ 2015-16 ਦੌਰਾਨ 135 ਪਿੰਡਾਂ ਨੇ ਠੇਕੇ ਬੰਦ ਕਰਾਉਣ ਵਾਸਤੇ ਪੰਚਾਇਤੀ ਮਤੇ ਸਰਕਾਰ ਨੂੰ ਭੇਜੇ ਸਨ, ਜਿਨ੍ਹਾਂ 'ਚੋਂ 89 ਪਿੰਡਾਂ ਦੇ ਠੇਕੇ ਬੰਦ ਕੀਤੇ ਗਏ ਸਨ। ਸਾਲ 2014-15 ਵਿਚ 128 ਪੰਚਾਇਤਾਂ ਨੇ ਮਤਾ ਪਾਸ ਕੀਤੇ ਸਨ, ਜਿਨ੍ਹਾਂ ਵਿਚੋਂ ਸਿਰਫ 22 ਪਿੰਡਾਂ ਦੇ ਠੇਕੇ ਬੰਦ ਕੀਤੇ ਗਏ ਸਨ। ਉਸ ਤੋਂ ਪਹਿਲਾਂ ਸਾਲ 2013-14 ਵਿਚ ਪੰਜਾਬ ਦੇ 127 ਪਿੰਡਾਂ ਨੇ ਮਤੇ ਪਾਸ ਕੀਤੇ ਸਨ, ਜਿਨ੍ਹਾਂ ਵਿਚੋਂ ਸਿਰਫ 32 ਪਿੰਡਾਂ ਦੀ ਗੱਲ ਮੰਨੀ ਗਈ ਸੀ। ਇਸੇ ਤਰ੍ਹਾਂ ਸਾਲ 2012-13 ਵਿਚ 89 ਪਿੰਡਾਂ 'ਚੋਂ ਸਿਰਫ 32 ਪਿੰਡਾਂ ਵਿਚੋਂ ਠੇਕੇ ਬੰਦ ਹੋਏ ਸਨ।

ਐਤਕੀਂ ਪਹਿਲਾ ਮੌਕਾ ਬਣਿਆ ਹੈ ਕਿ ਕਈ ਜ਼ਿਲ੍ਹਿਆਂ ਦੇ ਸੌ ਫੀਸਦੀ ਪੰਚਾਇਤੀ ਮਤੇ ਪ੍ਰਵਾਨ ਕੀਤੇ ਗਏ ਹਨ। ਜ਼ਿਲ੍ਹਾ ਪਟਿਆਲਾ ਦੇ 18 ਪਿੰਡਾਂ ਨੇ ਪੰਚਾਇਤੀ ਮਤੇ ਪਾਸ ਕੀਤੇ ਸਨ, ਜਿਨ੍ਹਾਂ ਵਿਚੋਂ 17 ਪਿੰਡਾਂ ਵਿਚ ਠੇਕੇ ਨਾ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਇਕ ਪਿੰਡ ਦਾ ਠੇਕਾ ਤਬਦੀਲ ਕੀਤਾ ਜਾਣਾ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਚਾਰ ਪਿੰਡਾਂ ਨੇ ਮਤੇ ਪਾਸ ਕੀਤੇ ਸਨ, ਜੋ ਪ੍ਰਵਾਨ ਕਰ ਲਏ ਗਏ ਹਨ। ਜ਼ਿਲ੍ਹਾ ਮੁਹਾਲੀ ਦੇ ਸੱਤ ਪਿੰਡਾਂ ਨੇ ਠੇਕੇ ਬੰਦ ਕਰਨ ਦੀ ਗੱਲ ਰੱਖੀ ਸੀ ਤੇ ਸਾਰੇ ਪਿੰਡਾਂ ਵਿਚ ਠੇਕੇ ਨਾ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਜ਼ਿਲ੍ਹਾ ਮੁਕਤਸਰ ਦੀਆਂ ਅੱਧੀ ਦਰਜਨ ਪੰਚਾਇਤਾਂ ਨੇ ਮਤੇ ਪਾਸ ਕੀਤੇ ਸਨ, ਜਿਨ੍ਹਾਂ 'ਚੋਂ ਪਿੰਡ ਡੋਕ, ਮਾਨਾ ਅਤੇ ਮਾਗਰਕੇਟ ਵਿਚ ਐਤਕੀਂ ਠੇਕੇ ਨਹੀਂ ਖੁੱਲ੍ਹਣਗੇ।

ਬਾਕੀ ਤਿੰਨ ਪਿੰਡਾਂ ਦੇ ਠੇਕੇ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 (1) ਤਹਿਤ ਕੋਈ ਵੀ ਪੰਚਾਇਤ ਆਪਣੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹੇ ਜਾਣ ਦਾ ਫੈਸਲਾ ਲੈ ਸਕਦੀ ਹੈ। ਆਬਕਾਰੀ ਅਤੇ ਪੁਲਿਸ ਮਹਿਕਮੇ ਵੱਲੋਂ ਪੰਚਾਇਤੀ ਮਤੇ ਮਗਰੋਂ ਪਿੰਡ ਦੀ ਰਿਪੋਰਟ ਲਈ ਜਾਂਦੀ ਹੈ। ਵੇਰਵਿਆਂ ਅਨੁਸਾਰ ਐਤਕੀਂ ਜ਼ਿਲ੍ਹਾ ਬਠਿੰਡਾ ਦੇ ਦਰਜਨ ਪਿੰਡਾਂ ਨੇ ਠੇਕਿਆਂ ਖਿਲਾਫ਼ ਮਤੇ ਪਾਏ ਸਨ, ਜਿਨ੍ਹਾਂ ਵਿਚੋਂ ਪਿੰਡ ਲੂਲਬਾਈ, ਬਦਿਆਲਾ, ਖੋਖਰ ਅਤੇ ਘੜੈਲੀ ਦਾ ਠੇਕਾ ਬੰਦ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਪਿੰਡ ਖੋਖਰ ਦੇ ਸਰਪੰਚ ਸੁਰਜੀਤ ਸਿੰਘ ਦਾ ਕਹਿਣਾ ਹੈ ਕਿ ਪਿੰਡ ਦੇ ਲੋਕਾਂ ਤੇ ਪੰਚਾਇਤ ਨੇ ਸਾਂਝੇ ਤੌਰ 'ਤੇ ਪਿੰਡ ਦਾ ਠੇਕਾ ਬੰਦ ਕਰਾਉਣ ਦਾ ਫੈਸਲਾ ਕੀਤਾ ਸੀ। ਜ਼ਿਲ੍ਹਾ ਮਾਨਸਾ ਦੇ ਛੇ ਪਿੰਡਾਂ ਨੇ ਠੇਕੇ ਬੰਦ ਕਰਾਉਣ ਲਈ ਪਹੁੰਚ ਕੀਤੀ ਸੀ, ਪਰ ਸਿਰਫ ਪਿੰਡ ਕੱਲੋ ਦਾ ਮਤਾ ਪ੍ਰਵਾਨ ਕੀਤਾ ਗਿਆ ਹੈ। ਸੂਤਰ ਆਖਦੇ ਹਨ ਕਿ ਭਾਵੇਂ ਠੇਕੇ ਬੰਦ ਕਰਨ ਨਾਲ ਸਰਕਾਰ ਦੀ ਆਮਦਨ ਨੂੰ ਸੱਟ ਵੱਜੇਗੀ, ਪਰ ਸਰਕਾਰ ਨੇ ਆਪਣੀ ਭੱਲ ਬਣਾਉਣ ਖਾਤਰ ਐਤਕੀਂ ਪੰਚਾਇਤਾਂ ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਹੈ, ਜਦਕਿ ਪਹਿਲਾਂ ਇੰਨੇ ਠੇਕੇ ਕਦੇ ਬੰਦ ਨਹੀਂ ਕੀਤੇ ਗਏ ਸਨ।

ਜ਼ਿਲ੍ਹਾ ਬਰਨਾਲਾ ਦੀਆਂ 16 ਪੰਚਾਇਤਾਂ ਵਿਚੋਂ 10 ਪੰਚਾਇਤਾਂ ਦੇ ਮਤਿਆਂ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਪੰਜਾਬ ਭਰ ਵਿਚੋਂ ਠੇਕਿਆ ਖਿਲਾਫ਼ ਝੰਡਾ ਚੁੱਕਣ ਵਾਲੇ ਜ਼ਿਲ੍ਹਾ ਸੰਗਰੂਰ ਦੇ 34 ਪਿੰਡਾਂ ਵਿਚ ਐਤਕੀਂ ਠੇਕੇ ਨਹੀਂ ਖੁੱਲ੍ਹਣਗੇ ਜਦਕਿ ਇਸ ਜ਼ਿਲ੍ਹੇ ਦੇ 69 ਪਿੰਡਾਂ ਨੇ ਮਤੇ ਪਾਸ ਕੀਤੇ ਸਨ। ਬਾਕੀ ਜ਼ਿਲ੍ਹਿਆਂ ਦੇ ਵੀ ਬਹੁਗਿਣਤੀ ਮਤੇ ਪ੍ਰਵਾਨ ਕਰ ਲਏ ਗਏ ਹਨ। ਦੱਸਣਯੋਗ ਹੈ ਕਿ ਮਹਿਕਮੇ ਨੇ ਪੰਚਾਇਤਾਂ ਨੂੰ 18,19 ਅਤੇ 23 ਫਰਵਰੀ ਨੂੰ ਨਿੱਜੀ ਸੁਣਵਾਈ 'ਤੇ ਸੱਦਿਆ ਸੀ, ਜਿਸ ਮਗਰੋਂ ਹੁਣ ਇਹ ਫੈਸਲਾ ਲਿਆ ਗਿਆ ਹੈ। ਵਧੀਕ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਨੀਲਮ ਚੌਧਰੀ ਨੇ ਕਿਹਾ ਕਿ ਐਤਕੀਂ ਜ਼ਿਆਦਾ ਪਿੰਡਾਂ ਨੇ ਠੇਕਿਆਂ ਖਿਲਾਫ਼ ਮਤੇ ਪਾਸ ਕੀਤੇ ਸਨ, ਜਿਨ੍ਹਾਂ 'ਚੋਂ 163 ਪਿੰਡਾਂ ਵਿਚ ਅਗਲੇ ਮਾਲੀ ਵਰ੍ਹੇ ਦੌਰਾਨ ਠੇਕੇ ਨਾ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ।

# ਅਮਰੀਕੀ ਅਦਾਲਤ ਦਾ ਸਿੱਖਾਂ ਦੇ ਹੱਕ ਵਿਚ ਫੈਸਲਾ

**ਵਾਸ਼ਿੰਗਟਨ:** ਅਮਰੀਕਾ ਦੀ ਅਦਾਲਤ ਨੇ ਸਿੱਖਾਂ ਦੇ ਹੱਕ ਵਿਚ ਅਹਿਮ ਫੈਸਲਾ ਦਿੱਤਾ ਹੈ। ਅਮਰੀਕਾ ਦੀ ਸੈਨਾ ਵਿਚ ਸ਼ਾਮਲ ਸਿੱਖ ਕੈਪਟਨ ਸਿਮਰਤਪਾਲ ਸਿੰਘ ਦੀ ਪਟੀਸ਼ਨ ਉਤੇ ਗੌਰ ਕਰਦਿਆਂ ਅਮਰੀਕੀ ਅਦਾਲਤ ਨੇ ਆਖਿਆ ਹੈ ਕਿ ਅਮਰੀਕੀ ਸੈਨਾ ਵਿਚ ਉਨ੍ਹਾਂ ਨੂੰ ਆਪਣੇ ਧਰਮ ਦਾ ਪਾਲਣ ਕਰਨ ਦਾ ਪੂਰਾ ਅਧਿਕਾਰ ਮਿਲਣਾ ਚਾਹੀਦਾ ਹੈ।



ਕੈਪਟਨ ਸਿਮਰਤਪਾਲ ਸਿੰਘ ਨੇ ਡਿਊਟੀ ਸਮੇਂ ਦਾੜ੍ਹੀ ਰੱਖਣ ਤੇ ਦਸਤਾਰ ਸਜਾਉਣ ਦੀ ਆਗਿਆ ਪੱਕੇ ਤੌਰ ਉਤੇ ਦਿੱਤੇ ਜਾਣ ਦੇ ਮੁੱਦੇ ਨੂੰ ਲੈ ਕੇ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਸੀ। ਇਸ ਪਟੀਸ਼ਨ ਉਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਆਖਿਆ ਹੈ ਕਿ ਆਰਮੀ ਵਿਚ ਕਈ ਲੋਕਾਂ ਨੂੰ ਸਿਹਤ ਤੇ ਹੋਰ ਕਾਰਨਾਂ ਕਰਕੇ ਲੰਬੇ ਵਾਲ, ਦਾੜ੍ਹੀ ਰੱਖਣ ਦੀ ਆਗਿਆ ਹੈ। ਸਿੱਖਾਂ ਨੂੰ ਵੀ ਧਰਮ ਦਾ ਪਾਲਨ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ।

ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਅਮਰੀਕੀ ਸੈਨਾ ਨੇ ਕੈਪਟਨ ਸਿਮਰਤਪਾਲ ਨੂੰ ਦਸਤਾਰ ਨਾਲ ਡਿਊਟੀ ਕਰਨ ਦੀ ਦਿੱਤੀ ਅਸਥਾਈ ਆਗਿਆ 31 ਮਾਰਚ ਤੱਕ ਵਧਾ ਦਿੱਤੀ ਹੈ। ਸਿਮਰਤਪਾਲ ਇਹ ਆਗਿਆ ਪੱਕੇ ਤੌਰ ਉਤੇ ਚਾਹੁੰਦਾ ਹੈ। ਇਸ ਮੰਗ ਨੂੰ ਲੈ ਕੇ ਇਹ ਅਦਾਲਤ ਵਿਚ ਗਿਆ ਸੀ।

# 'ਚਾਚੀ ਅਤਰੋ' ਦਾ ਦੇਹਾਂਤ

**ਬਠਿੰਡਾ:** ਮਾਲਵਾ ਦੇ ਪ੍ਰਸਿੱਧ ਕਾਮੇਡੀ ਕਲਾਕਾਰ ਸਰੂਪ ਪਰਿੰਦਾ ਉਰਫ ਚਾਚੀ ਅਤਰੋ ਦਾ ਬਠਿੰਡਾ ਵਿਖੇ ਉਨ੍ਹਾਂ ਦੇ ਘਰ ਵਿਚ ਦਿਹਾਂਤ ਹੋ ਗਿਆ। 85 ਸਾਲ ਦੇ ਸਰੂਪ ਪਰਿੰਦਾ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸਨ। ਚਤਰੋ (ਮਰਹੂਮ ਦੇਸ ਰਾਜ) ਅਤੇ ਅਤਰੋ ਦੀ ਕਮੇਡੀ ਜੋੜੀ ਦੇਸ਼ ਵਿਦੇਸ਼ ਵਿਚ ਕਾਫੀ ਪ੍ਰਸਿੱਧ ਸੀ। ਚਤਰੋ ਦਾ ਪਹਿਲਾਂ ਹੀ ਦਿਹਾਂਤ ਹੋ ਚੁੱਕਾ ਸੀ।



ਸਰੂਪ ਪਰਿੰਦਾ ਪੰਜਾਬੀ ਹਾਸਰਸ ਕਲਾਕਾਰ ਤੇ ਅਦਾਕਾਰ ਸੀ। ਦੇਸ਼ ਵਿਦੇਸ਼ ਵਿਚ ਉਸ ਦੇ ਚਾਚੀ ਅਤਰੋ ਦੇ ਕਿਰਦਾਰ ਨੂੰ ਲੋਕਾਂ ਨੇ ਕਾਫੀ ਪ੍ਰਸਿੱਧ ਕੀਤਾ ਸੀ। ਟੀ.ਵੀ. ਤੋਂ ਇਲਾਵਾ ਚਾਚੀ ਅਤਰੋ ਕਈ ਫਿਲਮਾਂ ਵਿਚ ਕੰਮ ਕੀਤੀ ਸੀ। ਸਰੂਪ ਪਰਿੰਦਾ ਨੇ 25 ਦੇ ਤਕਰੀਬਨ ਪੰਜਾਬੀ ਫਿਲਮਾਂ ਵਿਚ ਕੰਮ ਕੀਤਾ ਸੀ। ਅਤਰੋ ਅਤੇ ਚਤਰੋ ਦੀ ਪ੍ਰਸਿੱਧੀ ਦਾ ਅੰਦਾਜ਼ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅਤਰੋ-ਚਤਰੋ ਬਰਾਂਡ ਦੇ ਕੱਪੜੇ ਵੀ ਵਿਕਣ ਲੱਗ ਪਏ ਸਨ। ਸਰੂਪ ਪਰਿੰਦਾ ਨੇ ਆਪਣੇ ਅਦਾਕਾਰੀ ਦੇ ਸਫਰ ਦੀ ਸ਼ੁਰੂਆਤ ਬਠਿੰਡਾ ਦੀ ਰਾਮ ਲੀਲਾ ਤੋਂ ਕੀਤਾ ਸੀ।

# ਚਾਰ ਸੂਬਿਆਂ ਤੇ ਪੁਡੂਚੇਰੀ ਵਿਚ ਚੋਣਾਂ ਦਾ ਐਲਾਨ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਚਾਰ ਸੂਬਿਆਂ ਪੱਛਮੀ ਬੰਗਾਲ (294 ਸੀਟਾਂ), ਤਾਮਿਲ ਨਾਡੂ (234), ਕੇਰਲਾ (140), ਅਸਾਮ (126) ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪੁਡੂਚੇਰੀ (30) ਵਿਚ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਤੇ ਭਾਜਪਾ ਲਈ ਇਹ ਚੋਣਾਂ ਨੱਕ ਦਾ ਸਵਾਲ ਬਣੀਆਂ ਹੋਈਆਂ ਹਨ। ਵੋਟਾਂ ਚਾਰ ਅਪਰੈਲ ਤੋਂ 16 ਮਈ ਤੱਕ 43 ਦਿਨਾਂ ਅੰਦਰ ਪੈਣਗੀਆਂ। ਸਾਰੇ ਸੂਬਿਆਂ 'ਚ ਵੋਟਾਂ ਦੀ ਗਿਣਤੀ 19 ਮਈ ਨੂੰ ਹੋਵੇਗੀ। ਚਾਰ ਰਾਜਾਂ ਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਦੇ 17 ਕਰੋੜ ਵੋਟਰ ਇਕ ਲੱਖ 18 ਹਜ਼ਾਰ ਤੋਂ ਵੱਧ ਪੋਲਿੰਗ ਸਟੇਸ਼ਨਾਂ ਉਤੇ ਆਪਣੇ ਹੱਕ ਦੀ ਵਰਤੋਂ ਕਰਨਗੇ। ਇਸ ਦੇ ਨਾਲ ਇਨ੍ਹਾਂ ਸਾਰੀਆਂ ਥਾਂਵਾਂ ਉਤੇ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ।

ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਨੇ ਤਰੀਕਾਂ ਦਾ ਐਲਾਨ ਕਰਦਿਆਂ ਦੱਸਿਆ ਕਿ ਤਾਮਿਲ ਨਾਡੂ, ਕੇਰਲਾ ਤੇ ਪੁਡੂਚੇਰੀ ਵਿਚ ਇਕੋ ਦਿਨ 16 ਮਈ ਨੂੰ ਵੋਟਾਂ ਪੈਣਗੀਆਂ ਜਦਕਿ ਪੱਛਮੀ ਬੰਗਾਲ 'ਚ ਛੇ ਤੇ ਅਸਾਮ ਵਿਚ ਦੋ ਪੜਾਵਾਂ ਤਹਿਤ ਵੋਟਿੰਗ ਹੋਵੇਗੀ। ਅਸਾਮ ਅਤੇ ਕੇਰਲਾ ਵਿਚ ਕਾਂਗਰਸ ਸੱਤਾ ਵਿਚ ਹੈ। ਭਾਜਪਾ ਨੇ ਅਸਾਮ 'ਚ ਇਸ ਵਾਰ ਅਸਮ ਗਣ ਪ੍ਰੀਸ਼ਦ (ਏ.ਜੀ.ਪੀ.) ਤੇ ਹੋਰ ਛੋਟੀਆਂ ਪਾਰਟੀਆਂ ਨਾਲ ਰਲ ਕੇ ਵਿਧਾਨ ਸਭਾ ਚੋਣ ਲੜਨ ਦਾ ਐਲਾਨ ਕੀਤਾ ਹੈ। ਭਾਜਪਾ ਦੀ ਅੱਖ ਪੱਛਮੀ ਬੰਗਾਲ 'ਤੇ ਵੀ ਹੈ ਜਿਥੇ ਕਾਂਗਰਸ ਦੇ ਖੱਬੇ ਪੱਖੀਆਂ ਨਾਲ ਮਿਲ ਕੇ ਹੁਕਮਰਾਨ ਤ੍ਰਿਣਮੂਲ ਕਾਂਗਰਸ ਨੂੰ ਚੁਣੌਤੀ ਦੇਣ ਲਈ ਕਮਰ ਕੱਸੀ ਜਾ ਰਹੀ ਹੈ। ਸਾਲ 2011 ਵਾਂਗ ਇਸ ਵਾਰ ਵੀ ਪੱਛਮੀ ਬੰਗਾਲ 'ਚ ਛੇ ਪੜਾਵੀ ਚੋਣਾਂ ਹੋਣਗੀਆਂ। ਪਹਿਲੇ ਪੜਾਅ ਤਹਿਤ ਨਕਸਲ ਪ੍ਰਭਾਵਿਤ ਇਲਾਕਿਆਂ ਵਿਚ ਚਾਰ ਤੇ 11 ਅਪਰੈਲ ਨੂੰ ਵੋਟਾਂ ਪੈਣਗੀਆਂ। ਬਾਕੀ ਗੇੜਾਂ ਤਹਿਤ 17, 21, 25 ਤੇ 30 ਅਪਰੈਲ ਅਤੇ ਪੰਜ ਮਈ ਨੂੰ ਚੋਣਾਂ ਹੋਣਗੀਆਂ।

# ਪੰਜਾਬੀ ਨੇ ਕਤਲ ਦਾ ਗੁਨਾਹ ਕਬੂਲਿਆ

**ਵੈਨਕੂਵਰ:** ਪੰਜ ਸਾਲ ਪਹਿਲਾਂ ਸਰੀ ਸਥਿਤ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਕੈਂਪਸ ਵਿਚ ਮਿੱਤਰ ਵੱਲੋਂ ਗੋਲੀਆਂ ਮਾਰ ਕੇ ਮਾਰੀ ਗਈ 19 ਸਾਲਾ ਮੁਟਿਆਰ ਮੈਪਲ ਬਟਾਲੀਆ ਦੇ ਮਾਮਲੇ ਵਿਚ ਗੁਰਜਿੰਦਰ ਉਰਫ ਗੈਰੀ ਧਾਲੀਵਾਲ ਨੇ ਬੀ.ਸੀ. ਸੁਪਰੀਮ ਕੋਰਟ ਵਿਚ ਦੋਸ਼ ਮੰਨ ਲਿਆ ਹੈ। ਗੈਰੀ ਨੇ ਅਦਾਲਤ ਵਿਚ ਕਿਹਾ ਕਿ ਉਸ ਦਾ ਆਪਣੀ ਦੋਸਤ ਨੂੰ ਮਾਰਨ ਦਾ ਕੋਈ ਇਰਾਦਾ ਨਹੀਂ ਸੀ, ਪਰ ਮੌਕੇ 'ਤੇ ਬਣੇ ਹਾਲਾਤ ਕਾਰਨ ਉਹ ਆਪਣੇ ਆਪ ਨੂੰ ਕਾਬੂ 'ਚ ਨਾ ਰੱਖ ਸਕਿਆ।

ਇਸੇ ਮਾਮਲੇ ਵਿਚ ਉਸ ਦੀ ਮਦਦ ਕਰਨ ਵਾਲੇ ਗੁਰਸਿਮਰ ਬੇਦੀ ਦਾ ਮਾਮਲਾ ਅਗਲੇ ਹਫਤੇ ਵਿਚਾਰਿਆ ਜਾਵੇਗਾ। ਇਸ ਤੋਂ ਪਹਿਲਾਂ ਅਦਾਲਤੀ ਫੈਸਲੇ ਵਿਚ ਹੋ ਰਹੀ ਦੇਰੀ ਕਾਰਨ ਮੈਪਲ ਦੇ ਪਰਿਵਾਰ ਵੱਲੋਂ ਨਾਖ਼ੁਸ਼ੀ ਪ੍ਰਗਟਾਈ ਜਾ ਰਹੀ ਸੀ। ਮੈਪਲ ਬਟਾਲੀਆ ਯੂਨੀਵਰਸਿਟੀ ਵਿਚ ਹੈਲਥ ਸਾਇੰਸ ਦੀ ਵਿਦਿਆਰਥਣ ਸੀ ਤੇ ਉਹ ਗੈਰੀ ਦੀ ਦੋਸਤ ਸੀ। ਸਾਲ-2011 'ਚ ਸ਼ਾਮ ਵੇਲੇ ਗੈਰ ਉਸ ਨੂੰ ਯੂਨੀਵਰਸਿਟੀ ਪਾਰਕਿੰਗ ਵਿਚ ਕਿਸੇ ਹੋਰ ਲੜਕੇ ਨਾਲ ਵੇਖ ਕੇ ਤਲਖੀ ਵਿਚ ਆ ਗਿਆ।

ਇਸ ਕਰਨ ਗੈਰੀ ਨੇ ਮੈਪਲ ਨੂੰ ਗੋਲੀਆਂ ਮਾਰ ਦਿੱਤੀਆਂ ਤੇ ਮੌਕੇ ਤੋਂ ਫਰਾਰ ਹੋ ਗਿਆ ਸੀ। ਮੈਪਲ ਪੜ੍ਹਾਈ ਦੇ ਨਾਲ ਮਾਡਲਿੰਗ ਵੀ ਕਰਦੀ ਸੀ। ਗੈਰੀ ਵਿਰੁੱਧ ਪਹਿਲਾ ਦਰਜਾ ਕਤਲ ਦੇ ਦੋਸ਼ ਲਾਏ ਗਏ। ਮਾਮਲਾ ਪੰਜ ਸਾਲ ਤੋਂ ਅਦਾਲਤ ਵਿਚ ਸੀ ਤੇ ਇਸ ਦੀ ਸੁਣਵਾਈ ਕਈ ਵਾਰ ਮੁਲਤਵੀ ਕੀਤੀ ਜਾਂਦੀ ਰਹੀ। ਪੀੜਤ ਪਰਿਵਾਰ ਨੇ ਇਨਸਾਫ ਖਾਤਰ ਆਨਲਾਈਨ ਪਟੀਸ਼ਨ ਵੀ ਸ਼ੁਰੂ ਕੀਤੀ ਸੀ।

# ਪਰਵਾਸੀਆਂ ਬਾਰੇ ਨੀਤੀ ਉਤੇ ਘਿਰਿਆ ਟਰੰਪ

**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਲਈ ਰਿਪਬਲੀਕਨ ਪਾਰਟੀ ਦੀ ਉਮੀਦਵਾਰੀ ਦੇ ਦਾਅਵੇਦਾਰ ਡੋਨਲਡ ਟਰੰਪ ਵੱਲੋਂ ਪਰਵਾਸੀਆਂ ਦੀ ਆਮਦ ਬਾਰੇ ਦਿੱਤੇ ਜਾ ਰਹੇ ਬਿਆਨਾਂ ਨੂੰ ਵਿਰੋਧੀਆਂ ਨੇ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ। ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰੀ ਲਈ ਜ਼ੋਰ ਲਗਾ ਰਹੀ ਹਿਲੇਰੀ ਕਲਿੰਟਨ ਨੇ ਟਰੰਪ ਦੇ ਨਫਰਤ ਭਰੇ ਨਜ਼ਰੀਏ ਦੀ ਆਲੋਚਨਾ ਕਰਦਿਆਂ ਕਿਹਾ ਕਿ ਰੀਅਲ ਅਸਟੇਟ ਦਾ ਇਹ ਮਹਾਰਥੀ ਦਹਿਸ਼ਤ ਪੈਦਾ ਕਰਨ 'ਤੇ ਤੁਲਿਆ ਹੋਇਆ ਹੈ।



ਟਰੰਪ ਦੇ ਵਿਰੋਧੀ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਇਸ ਰੀਅਲ ਅਸਟੇਟ ਵਾਲੇ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਹਿਲੇਰੀ ਕਲਿੰਟਨ ਨੇ ਈਮੇਲ ਵਿਚ ਕਿਹਾ ਕਿ ਟਰੰਪ ਦਾ ਨਜ਼ਰੀਆ ਬੜਾ ਨਫਰਤ ਭਰਿਆ ਹੈ ਤੇ ਉਹ ਕਾਫੀ ਦਹਿਸ਼ਤ ਪੈਦਾ ਕਰਨ ਵਾਲਾ ਲੱਗ ਰਿਹਾ ਹੈ। ਉਨ੍ਹਾਂ ਕਿਹਾ, 'ਮੈਨੂੰ ਉਸ ਦੇ ਇਸ ਨਜ਼ਰੀਏ ਤੋਂ ਚਿੜ ਹੈ। ਉਹ ਅਜਿਹਾ ਵਿਅਕਤੀ ਹੈ ਜੋ ਆਪਣੀ ਸਹੂਲਤ ਮੁਤਾਬਕ ਔਰਤਾਂ, ਸਿਆਹਫਾਮ ਤੇ ਹੋਰ ਦੇਸ਼ਾਂ ਦਾ ਅਪਮਾਨ ਕਰਦਾ ਹੈ।' ਯਾਦ ਰਹੇ ਕਿ ਹਾਲ ਹੀ ਵਿਚ ਐਚ-1ਬੀ ਵੀਜ਼ੇ ਦੇ ਮਾਮਲੇ ਬਾਰੇ ਟਰੰਪ ਨੇ ਇਹ ਕਹਿ ਕੇ ਹੈਰਾਨ ਕਰ ਦਿੱਤਾ ਸੀ ਕਿ ਉਨ੍ਹਾਂ ਦਾ ਸਟੈਂਡ ਇਸ ਮਸਲੇ ਉਤੇ ਨਰਮ ਪੈ ਗਿਆ ਹੈ, ਪਰ ਬਾਅਦ ਵਿਚ ਕਿਹਾ ਕਿ ਉਹ ਆਪਣੇ ਪਹਿਲਾਂ ਵਾਲੇ ਸਟੈਂਡ ਉਤੇ ਕਾਇਮ ਹਨ।

ਵਿਰੋਧੀ ਧਿਰ ਨੇ ਇਸ ਨੂੰ ਟਰੰਪ ਦੀ ਦੋਗਲੀ ਨੀਤੀ ਦੱਸਿਆ ਹੈ। ਟਰੰਪ ਨੇ ਡੈਟਰੋਇਟ ਵਿਚ ਇਕ ਬਹਿਸ ਦੌਰਾਨ ਕਿਹਾ ਕਿ ਉਨ੍ਹਾਂ ਦਾ ਐਚ-1ਬੀ ਵੀਜ਼ੇ ਬਾਰੇ ਸਟੈਂਡ ਨਰਮ ਹੈ, ਪਰ ਬਾਅਦ ਵਿਚ ਜਦੋਂ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਕਿਹਾ, 'ਨਹੀਂ-ਨਹੀਂ ਇਹ ਗੱਲ ਨਹੀਂ।' ਅਸਲ ਵਿਚ ਉਹ ਕਹਿਣਾ ਚਾਹੁੰਦੇ ਹਨ ਕਿ ਅਮਰੀਕਾ ਨੂੰ ਅਤਿ ਪ੍ਰਤਿਭਾਸ਼ਾਲੀ ਲੋਕਾਂ ਦੀ ਲੋੜ ਹੈ। ਜੇ ਅਜਿਹੇ ਲੋਕ ਇਥੇ ਨਹੀਂ ਮਿਲੇ ਤਾਂ ਬਾਹਰੋਂ ਲਿਆਂਦੇ ਜਾਣਗੇ ਪਰ ਸਿਲੀਕਾਨ ਵੈਲੀ ਵਿਚ ਅਜਿਹਾ ਨਹੀਂ ਕੀਤਾ ਜਾਵੇਗਾ। ਇਸ ਵੀਜ਼ੇ ਦਾ ਲਾਭ ਲੈਣ ਵਾਲਿਆਂ ਵਿਚ ਭਾਰਤੀ ਵੀ ਮੋਹਰੀ ਹਨ। ਟਰੰਪ ਦੀ ਵੈੱਬਸਾਈਟ ਉਤੇ ਵੀ ਐਚ-1ਬੀ ਵੀਜ਼ੇ ਦਾ ਵਿਰੋਧ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਇਹ ਆਵਾਸ ਵੀਜ਼ਾ ਨਹੀਂ ਹੈ ਤੇ ਨਾ ਹੀ ਅਤਿ ਪ੍ਰਤਿਭਾਸ਼ਾਲੀ ਲੋਕਾਂ ਨੂੰ ਇਹ ਦਿੱਤਾ ਜਾਂਦਾ ਹੈ। ਇਹ ਇਕ ਅਜਿਹਾ ਜ਼ਰੀਆ ਹੈ ਜਿਸ ਰਾਹੀਂ ਕੱਚੇ ਤੌਰ 'ਤੇ ਵਿਦੇਸ਼ੀਆਂ ਨੂੰ ਅਮਰੀਕਾ 'ਦਰਾਮਦ' ਕੀਤਾ ਜਾਂਦਾ ਹੈ।

## ਭਾਰਤੀ ਮਹਿਲਾ ਨੇ ਪਾਈਆਂ ਲੁਟੇਰੇ ਨੂੰ ਭਾਜੜਾਂ

**ਨਿਊ ਯਾਰਕ:** ਅਮਰੀਕਾ ਵਿਚ ਇਕ ਭਾਰਤੀ ਮੂਲ ਦੀ ਮਹਿਲਾ ਨੇ ਸਟੋਰ ਲੁੱਟਣ ਆਏ ਲੁਟੇਰੇ ਦੀ ਚੰਗੀ ਭੁਗਤ ਸਵਾਰੀ। ਮਹਿਲਾ ਦੀ ਇਸ ਬਹਾਦਰੀ ਕਾਰਨ ਜਿਥੇ ਉਸ ਨੇ ਸਟੋਰ ਨੂੰ ਲੁੱਟਣ ਤੋਂ ਬਚਾਇਆ, ਉਥੇ ਲੁਟੇਰੇ ਨੂੰ ਕਾਬੂ ਕਰ ਕੇ ਪੁਲਿਸ ਹਵਾਲੇ ਵੀ ਕਰ ਦਿੱਤਾ।

ਜਾਣਕਾਰੀ ਅਨੁਸਾਰ ਭਾਰਤੀ ਮੂਲ ਦੀ ਭੂਮਿਕਾ ਪਟੇਲ ਜਾਰਜੀਆ ਦੀ ਬੁਰੂਕ ਕਾਊਂਟੀ ਇਲਾਕੇ ਵਿਚ ਸਟੋਰ ਚਲਾਉਂਦੀ ਹੈ। ਇਸ ਦੌਰਾਨ ਇਕ ਲੁਟੇਰਾ ਸਟੋਰ ਵਿਚ ਆਇਆ ਤੇ ਉਸ ਨੇ ਪਿਸਤੌਲ ਤਾਣ ਲਈ ਤੇ ਪੈਸੇ ਦੇਣ ਲਈ ਆਖਿਆ। ਇਸ ਦੌਰਾਨ ਔਰਤ ਨੇ ਘਬਰਾਉਣ ਦੀ ਥਾਂ ਲੁਟੇਰੇ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਲੁਟੇਰੇ ਦੇ ਮੂੰਹ ਉਤੇ ਥੱਪੜ ਮਾਰਿਆ ਜਿਸ ਕਾਰਨ ਲੁਟੇਰਾ ਘਬਰਾ ਗਿਆ।ਦੋਹਾਂ ਵਿਚਾਲੇ ਕੁਝ ਦੇਰ ਹੱਥੋਪਾਈ ਵੀ ਹੋਈ। ਕੋਈ ਵਾਹ ਨਾ ਚੱਲਦੀ ਦੇਖ ਲੁਟੇਰੇ ਨੇ ਭੱਜਣ ਵਿਚ ਹੀ ਭਲਾਈ ਸਮਝੀ। ਇਸ ਦੌਰਾਨ ਭੂਮਿਕਾ ਨੇ ਖਾਲੀ ਹੱਥ ਲੁਟੇਰੇ ਦਾ ਪਿੱਛਾ ਕੀਤਾ ਤੇ ਕਾਬੂ ਕਰ ਕੇ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ। ਭੂਮਿਕਾ ਦੀ ਇਸ ਬਹਾਦਰੀ ਦੀ ਅਮਰੀਕਾ ਦੇ ਮੀਡੀਆ ਵਿਚ ਕਾਫੀ ਚਰਚਾ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 12 ਮਾਰਚ 2016

## ਪੰਜਾਬ 'ਚ ਪਹਿਰੇਦਾਰੀ ਤੇ ਪਹਿਲਕਦਮੀ

ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਵੱਲੋਂ ਆਪਣੀਆਂ ਸਾਲ ਭਰ ਦੀਆਂ ਪ੍ਰਾਪਤੀਆਂ ਦੀ ਧੂੰਆਂ-ਧਾਰ ਇਸ਼ਤਿਹਾਰਬਾਜ਼ੀ ਤੋਂ ਬਾਅਦ ਹੁਣ ਪੰਜਾਬ ਦੀ ਸੱਤਾਧਾਰੀ ਧਿਰ, ਸ਼੍ਰੋਮਣੀ ਅਕਾਲੀ ਦਲ ਦੀ ਨੀਂਦ ਵੀ ਟੁੱਟੀ ਹੈ। ਕੇਜਰੀਵਾਲ ਵਾਲੀ ਤਰਜ਼ ਉਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਸਰਕਾਰ ਦੀਆਂ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਗਿਣਵਾਉਣੀਆਂ ਸ਼ੁਰੂ ਕੀਤੀਆਂ ਹਨ। ਉਨ੍ਹਾਂ ਦਾ ਇਹ ਦਾਅਵਾ ਵੀ ਹੈ ਕਿ ਉਨ੍ਹਾਂ ਪਿਛਲੀ ਵਾਰ ਚੋਣਾਂ ਮੌਕੇ ਜਿੰਨੇ ਵਾਅਦੇ ਕੀਤੇ ਸਨ, ਉਨ੍ਹਾਂ ਵਿਚੋਂ ਤਕਰੀਬਨ 95 ਫੀਸਦੀ ਪੂਰੇ ਹੋ ਚੁੱਕੇ ਹਨ ਅਤੇ ਰਹਿੰਦੇ ਵਾਅਦੇ ਹੁਣ ਇਕ ਸਾਲ ਵਿਚ ਪੂਰੇ ਕਰ ਦਿੱਤੇ ਜਾਣਗੇ। ਇਸ ਦਾਅਵੇ ਦਾ ਦੂਜਾ ਅਰਥ ਇਹ ਨਿਕਲਦਾ ਹੈ ਕਿ ਇਹ ਲੋਕ ਆਪਣਾ ਕੰਮ ਹੁਣ ਨਿਬੇੜ ਚੁੱਕੇ ਹਨ; ਅਗਾਂਹ ਇਸ ਦਾ ਸਿਆਸੀ ਅਰਥ ਕਿਸੇ ਹੋਰ ਲਈ ਮੈਦਾਨ ਛੱਡਣਾ ਬਣ ਜਾਂਦਾ ਹੈ। ਉਂਜ ਇਕ ਗੱਲ ਐਨ ਸਾਫ ਹੈ ਕਿ ਇਹ ਧਿਰ ਅਜੇ ਵੀ ਸੱਤਾ ਵਿਚ ਟਿਕੇ ਰਹਿਣ ਦਾ ਸੁਫਨਾ ਲੈ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਉਤੇ 25 ਸਾਲ ਰਾਜ ਕਰਨ ਬਾਰੇ ਆਪਣੀ ਲਲਕ ਪਹਿਲਾਂ ਹੀ ਜ਼ਾਹਿਰ ਕੀਤੀ ਹੋਈ ਹੈ, ਪਰ ਹੁਣ ਮਸਲਾ ਇਹ ਹੈ ਕਿ ਇਸ ਧਿਰ ਕੋਲ ਲੋਕਾਂ ਨਾਲ ਕਰਨ ਲਈ ਵਾਅਦੇ ਬਹੁਤ ਥੋੜ੍ਹੇ ਬਚੇ ਹਨ। ਨਾਲੇ ਪੰਜਾਬ ਦਾ ਆਵਾਮ ਇਨ੍ਹਾਂ ਤੋਂ ਜਿਹੜੇ ਸਵਾਲਾਂ ਦੇ ਜਵਾਬ ਮੰਗ ਰਿਹਾ ਹੈ, ਉਨ੍ਹਾਂ ਬਾਰੇ ਇਹ ਮੁਲਕ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਾਂਗ ਉਕਾ ਹੀ ਖਾਮੋਸ਼ ਹਨ। ਅੱਜ ਪੰਜਾਬ ਦਾ ਆਵਾਮ ਸਰਪਲਸ ਬਿਜਲੀ ਬਾਰੇ ਨਹੀਂ ਸੋਚ ਰਿਹਾ। ਇਹ ਤਾਂ ਉਹ ਕਾਰਜ ਹੈ ਜੋ ਸਰਕਾਰ ਦੀ ਬੁਨਿਆਦੀ ਜ਼ਿੰਮੇਵਾਰੀ ਹੁੰਦਾ ਹੈ। ਅੱਜ ਸਵਾਲ ਸੂਬੇ ਅੰਦਰ ਵਗ ਰਹੇ ਨਸ਼ਿਆਂ ਦੇ ਦਰਿਆ ਦਾ ਹੈ ਜਿਸ ਬਾਰੇ ਅਕਾਲੀ ਆਗੂ ਅਜੇ ਵੀ ਲੋਕਾਂ ਤੋਂ ਤੱਥ ਲੁਕੋ ਰਹੇ ਹਨ ਅਤੇ ਇਸ ਸਮੱਸਿਆ ਨੂੰ ਸਮੱਸਿਆ ਮੰਨਣ ਤੋਂ ਮੁੱਢੋਂ ਹੀ ਇਨਕਾਰੀ ਹਨ। ਬੇਰੁਜ਼ਗਾਰੀ ਦੀ ਮਾਰ ਬਾਰੇ ਅੰਕੜੇ ਸਾਹਮਣੇ ਲਿਆਉਣੇ ਤਾਂ ਦੂਰ ਦੀ ਗੱਲ ਹੈ, ਇਹ ਧਿਰ ਤਾਂ ਇਸ ਮਸਲੇ ਬਾਰੇ ਗੱਲ ਕਰ ਕੇ ਵੀ ਰਾਜ਼ੀ ਨਹੀਂ। ਸਿੱਖਿਆ ਤੇ ਸਿਹਤ ਦੇ ਖੇਤਰ ਦੀ ਗੱਡੀ ਲੀਹੋਂ ਲਹਿ ਚੁੱਕੀ ਹੈ ਅਤੇ ਇਹ ਦੋਵੇਂ ਸਹੂਲਤਾਂ ਹੁਣ ਸਿਰਫ ਪੈਸੇ ਵਾਲਿਆਂ ਲਈ ਰਹਿ ਗਈਆਂ ਹਨ। ਪਿਛਲੇ ਕੁਝ ਮਹੀਨਿਆਂ ਤੋਂ ਖੁਦਕੁਸ਼ੀਆਂ ਦਾ ਦੈਂਤ ਪਹਿਲਾਂ ਨਾਲੋਂ ਵੀ ਵਿਕਰਾਲ ਰੂਪ ਵਿਚ ਦਨਦਨਾ ਰਿਹਾ ਹੈ ਅਤੇ ਸਰਕਾਰ ਕੋਲ ਇਸ ਬਾਰੇ ਕੁਝ ਵੀ ਤੱਥ ਮੌਜੂਦ ਨਹੀਂ ਹਨ। ਗੋਡਿਆਂ ਭਾਰ ਹੋਈ ਕਿਸਾਨੀ ਨੂੰ ਸਹਾਰਾ ਦੇਣ ਬਾਰੇ ਕੋਈ ਪ੍ਰੋਗਰਾਮ ਜਾਂ ਨੀਤੀ ਵੀ ਨਹੀਂ ਹੈ। ਨਕਲੀ ਬੀਜ ਤੇ ਦਵਾਈਆਂ ਵੇਚ-ਵੇਚ ਕੇ ਜੇਬਾਂ ਭਰਨ ਵਾਲੇ ਅਤੇ ਕਿਸਾਨਾਂ ਨੂੰ ਕੰਗਾਲ ਕਰਨ ਵਾਲਿਆਂ ਖਿਲਾਫ ਕਿਤੇ ਕੋਈ ਕਾਰਵਾਈ ਨਹੀਂ। ਉਪਰੋਂ-ਉਪਰੋਂ ਲਿਪ-ਪੋਚ ਕੇ 'ਸਭ ਅੱਛਾ' ਹੋਣ ਦਾ ਨਾਟਕ ਲਗਾਤਾਰ ਖੇਡਿਆ ਜਾ ਰਿਹਾ ਹੈ। ਆਵਾਮ ਦੇ ਸਵਾਲ ਇਨ੍ਹਾਂ ਹੀ ਮੁੱਦਿਆਂ ਬਾਰੇ ਹਨ ਅਤੇ ਸੱਤਾ ਧਿਰ ਇਨ੍ਹਾਂ ਬਾਰੇ ਮੂੰਹ ਨਹੀਂ ਖੋਲ੍ਹ ਰਹੀ।

ਅਸਲ ਵਿਚ ਸੱਤਾ ਧਾਰੀ ਆਗੂ ਹੁਣ ਸਿਰਫ ਇਕ ਗੱਲ ਉਤੇ ਟੇਕ ਲਾ ਕੇ ਮੁੜ ਸੱਤਾ ਵਿਚ ਆਉਣ ਲਈ ਘਾਤ ਲਾਈ ਬੈਠੇ ਹਨ ਅਤੇ ਰਣਨੀਤੀ ਬਣਾਈ ਜਾ ਰਹੀ ਹੈ ਕਿ ਕਿਵੇਂ ਸੱਤਾ ਵਿਰੋਧੀ ਵੋਟਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਵੰਡੀਆਂ ਜਾਣ। ਪਿਛਲੀਆਂ ਚੋਣਾਂ ਵਿਚ ਸੱਤਾਧਾਰੀ ਅਕਾਲੀ ਦਲ ਨੂੰ ਇਸੇ ਵੰਡ ਦਾ ਹੀ ਕੁਝ ਕੁ ਲਾਭ ਪਹੁੰਚਿਆ ਸੀ ਜਦੋਂ ਸੱਤਾ ਵਿਰੋਧੀ ਵੋਟਾਂ ਕਾਂਗਰਸ ਅਤੇ ਮਨਪ੍ਰੀਤ ਸਿੰਘ ਬਾਦਲ ਵਾਲੀ ਪੰਜਾਬ ਪੀਪਲਜ਼ ਪਾਰਟੀ ਵਿਚਕਾਰ ਵੰਡੀਆਂ ਗਈਆਂ ਸਨ, ਪਰ ਐਤਕੀਂ ਸੂਬੇ ਦੇ ਸਿਆਸੀ ਹਾਲਾਤ ਪਿਛਲੀ ਵਾਰ ਵਾਲੀਆਂ ਚੋਣਾਂ ਵਾਲੇ ਨਹੀਂ। ਇਸ ਵਾਰ ਆਮ ਆਦਮੀ ਪਾਰਟੀ ਸੂਬੇ ਵਿਚ ਤਕੜੀ ਹਾਜ਼ਰੀ ਲਾ ਰਹੀ ਹੈ ਅਤੇ ਹਰ ਤਬਕਾ ਇਸ ਨੂੰ ਹੁੰਗਾਰਾ ਭਰ ਰਿਹਾ ਹੈ। ਇਸ ਦੀ ਇਕ ਮਿਸਾਲ ਇਸ ਦੇ ਉਘੇ ਆਗੂ ਐਡਵੋਕੇਟ ਐੱਚ.ਐੱਸ. ਫੂਲਕਾ ਦਾ ਕੈਨੇਡਾ ਦੌਰਾ ਹੈ। ਖਾਲਿਸਤਾਨ ਪੱਖੀਆਂ ਵੱਲੋਂ ਬਾਈਕਾਟ ਅਤੇ ਸੱਤਾਧਾਰੀ ਅਕਾਲੀ ਦਲ ਦੇ ਵਿਰੋਧ ਦੇ ਬਾਵਜੂਦ ਉਥੇ ਰਿਕਾਰਡਤੋੜ ਗਿਣਤੀ ਵਿਚ ਲੋਕ, ਪਾਰਟੀ ਦੇ ਜਲਸਿਆਂ ਵਿਚ ਸ਼ਾਮਲ ਹੋਏ। ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਪੰਜਾਬ ਦੌਰੇ ਨੂੰ ਜਿਸ ਤਰ੍ਹਾਂ ਦਾ ਹੁੰਗਾਰਾ ਮਿਲਿਆ ਅਤੇ ਜਿਸ ਤਰ੍ਹਾਂ ਦੋਵੇਂ ਵੱਡੀਆਂ ਪਾਰਟੀਆਂ-ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਹੱਥਾਂ-ਪੈਰਾਂ ਦੀਆਂ ਪਈਆਂ ਹੋਈਆਂ ਹਨ, ਉਸ ਤੋਂ ਇਹ ਲੱਖਣ ਲਾਉਣਾ ਕੋਈ ਔਖਾ ਨਹੀਂ ਕਿ ਸੂਬੇ ਦੇ ਲੋਕ ਸੱਤਾ ਤਬਦੀਲੀ ਲਈ ਤਾਂਘ ਰਹੇ ਹਨ। ਪਿਛਲੀਆਂ ਚੋਣਾਂ ਤੋਂ ਐਨ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਨੇ ਨਿਜ਼ਾਮ ਤਬਦੀਲੀ ਦਾ ਸੱਦਾ ਦਿੱਤਾ ਸੀ। ਆਮ ਆਦਮੀ ਪਾਰਟੀ ਨੇ ਵੀ ਆਪਣੀ ਸਿਆਸਤ ਨਿਜ਼ਾਮ ਵਿਚ ਤਬਦੀਲੀ ਦੀ ਤਾਂਘ ਤੋਂ ਹੀ ਕੀਤੀ ਸੀ। ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਪੰਜਾਬ ਵਿਚ ਇਸ ਦੀ ਸਮੁੱਚੀ ਸਰਗਰਮੀ ਦੱਸਦੀ ਹੈ ਕਿ ਫਿਲਹਾਲ ਹੋਕਾ ਨਿਜ਼ਾਮ ਦੀ ਤਬਦੀਲੀ ਦਾ ਨਹੀਂ, ਸੱਤਾ ਦੀ ਤਬਦੀਲੀ ਦਾ ਹੈ। ਪੰਜਾਬ ਵਿਚ ਸੱਤਾ ਦੀ ਤਬਦੀਲੀ ਦਾ ਇਹ ਹੋਕਾ ਇੰਨਾ ਜ਼ੋਰਦਾਰ ਤੇ ਅਸਰਦਾਰ ਰਿਹਾ ਹੈ ਕਿ ਕਾਂਗਰਸ ਨੂੰ ਦਿੱਲੀ ਦੇ ਲੀਡਰ ਪੰਜਾਬ ਢੋਣੇ ਪਏ ਹਨ ਅਤੇ ਅਕਾਲੀ ਦਲ ਨੂੰ ਆਪਣੀ ਕੋਰ ਕਮੇਟੀ ਦੀਆਂ ਮੀਟਿੰਗਾਂ ਆਏ ਦਿਨ ਕਰਨੀਆਂ ਪੈ ਰਹੀਆਂ ਹਨ। ਚੋਣਾਂ ਤੋਂ ਸਾਲ ਪਹਿਲਾਂ ਹੀ ਭਖੇ ਇਸ ਸਿਆਸੀ ਪਿੜ ਵਿਚ ਕਿਸ ਧਿਰ ਦੇ ਪੈਰ ਜੰਮਦੇ ਹਨ ਅਤੇ ਕਿਸ ਦੇ ਉਖੜਦੇ ਹਨ, ਇਹ ਤਾਂ ਸਮੇਂ ਨੇ ਹੀ ਦੱਸਣਾ ਹੈ, ਪਰ ਅੱਜ ਪੰਜਾਬ ਸੱਚਮੁੱਚ ਤਬਦੀਲੀ ਲਈ ਤਾਂਘ ਰਿਹਾ ਹੈ। ਇਸ ਤਬਦੀਲੀ ਨਾਲ ਹੀ ਪੰਜਾਬ ਦੇ ਲੀਹ ਉਤੇ ਪੈਣ ਦੀਆਂ ਸੰਭਾਵਨਾਵਾਂ ਜੁੜੀਆਂ ਹੋਈਆਂ ਹਨ। ਵੱਖ-ਵੱਖ ਧਿਰਾਂ ਦੀਆਂ ਨੀਤੀਆਂ-ਰਣਨੀਤੀਆਂ ਅਤੇ ਆਗੂਆਂ ਦੀ ਪਹੁੰਚ, ਤਬਦੀਲੀ ਦੀ ਇਸ ਤਾਂਘ ਨੂੰ ਕਿਥੇ ਤੱਕ ਲੈ ਕੇ ਜਾਂਦੀ ਹੈ, ਉਸ ਤੋਂ ਹੀ ਪੰਜਾਬ ਦਾ ਅਗਲਾ ਪਿੜ ਬੱਝੇਗਾ। ਇਸ ਪਿੜ ਵਿਚ ਲੋਕਾਂ ਦੇ ਮਸਲਿਆਂ ਉਤੇ ਪਹਿਰਾ ਦੇਣ ਦੇ ਮੁੱਦੇ ਅਤੇ ਇਸ ਮਾਮਲੇ ਵਿਚ ਪਹਿਲਕਦਮੀ ਦਾ ਅਹਿਮ ਯੋਗਦਾਨ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚਾਨਣ ਵਿਚ ਠੇਡੇ?

ਕੀ ਲਾਭ ਉਸ ਸਾਹਿਤ ਨੂੰ ਪੜ੍ਹਨ ਦਾ ਵੀ, ਮਨ ਢਹਿੰਦੀਆਂ ਕਲਾਂ ਵਿਚ ਜਾਈ ਜਾਵੇ।
ਉਸ ਪ੍ਰਚਾਰ ਦੇ ਕੋਲੋਂ ਤਾਂ ਦੂਰ ਚੰਗਾ, ਭੰਬਲਭੂਸੇ ਜੋ ਲੋਕਾਂ ਨੂੰ ਪਾਈ ਜਾਵੇ।
ਲਾਗੇ ਜਾਈਏ ਨਾ ਸੰਤ-ਮਹਾਤਮਾ ਦੇ, ਜਿਹੜਾ ਨਫਰਤ ਦੀ ਪੱਟੀ ਪੜ੍ਹਾਈ ਜਾਵੇ।
ਉਹਦੀ ਸਿਆਸਤ ਨੂੰ ਪਾਓ ਜੀ ਲੱਖ ਲਾਹਣਤਾਂ, ਆਗੂ ਹੋ ਕੇ ਜੋ ਲੂਤੀਆਂ ਲਾਈ ਜਾਵੇ।
ਸ਼ਾਂਤੀ ਲੱਭਣੀ ਉਸ ਰੁਜ਼ਗਾਰ 'ਚੋਂ ਕੀ, ਅੱਠੇ ਪਹਿਰ ਜੋ ਨਾਚ ਨਚਾਈ ਜਾਵੇ।
ਕਾਹਦਾ ਤਰਸ ਉਸ ਕੌਮ-ਇਨਸਾਨ ਉਤੇ, ਚਾਨਣ ਹੁੰਦਿਆਂ ਠੇਡੇ ਜੋ ਖਾਈ ਜਾਵੇ।

# ਸ਼ਰਧਾ ਦੇ ਦੌਰ ਵਿਚ ਕਨ੍ਹੱਈਆ ਕੁਮਾਰ ਦੀ ਤਕਰੀਰ

*ਆਪਣੀ ਤਕਰੀਰ ਵਿਚ ਕਨ੍ਹੱਈਆ ਕੁਮਾਰ ਨੇ ਬਹੁਤ ਸਾਰੇ ਸੁਆਲ ਹਵਾ ਵਿਚ ਉਛਾਲ ਦਿੱਤੇ ਹਨ ਜੋ ਹੁਕਮਰਾਨ ਧਿਰ ਦੇ ਬੁਲਾਰਿਆਂ ਲਈ ਟੈਲੀਵਿਜ਼ਨ ਸਟੂਡੀਓ ਵਿਚ ਪਸ਼ੇਮਾਨੀ ਦਾ ਸਬੱਬ ਬਣੇ ਹਨ। ਇਸ ਤੋਂ ਜ਼ਿਆਦਾ ਇਸ ਤਕਰੀਰ ਦੇ ਕੀ ਮਾਅਨੇ ਹਨ? ਇਸ ਤਕਰੀਰ ਨਾਲ ਆਵਾਮ ਦੀ ਬੰਦ-ਖ਼ਲਾਸੀ ਅਤੇ ਸਿਆਸੀ ਵੰਨ-ਸੁਵੰਨਤਾ ਦੇ ਸੁਆਲ ਕਿਵੇਂ ਜੁੜਦੇ ਹਨ? ਇਸ ਤਕਰੀਰ ਦੀਆਂ ਕੀ ਪ੍ਰਾਪਤੀਆਂ ਹਨ ਅਤੇ ਇਸ ਵਿਚ ਕੀ ਝੋਲਾਂ ਹਨ? ਇਨ੍ਹਾਂ ਸਾਰੇ ਸੁਆਲਾਂ ਨੂੰ ਪੁੱਛਣਾ ਅਤੇ ਇਨ੍ਹਾਂ ਦੇ ਜੁਆਬ ਦੇਣਾ ਸਿਰਫ਼ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਰਵਾਇਤ ਨੂੰ ਅੱਗੇ ਤੋਰਨ ਦਾ ਸੁਆਲ ਨਹੀਂ ਹੈ। ਇਹ ਆਵਾਮੀ ਮਸਲਿਆਂ ਉਤੇ ਸੰਵਾਦ ਨੂੰ ਜਾਰੀ ਰੱਖਣ ਦਾ ਵੀ ਸੁਆਲ ਹੈ।*

ਭਾਰਤ ਵਿਚ ਸਿਆਸੀ ਚਰਚਾ ਦੇ ਮੰਚ ਉਤੇ ਇਸੇ ਵੇਲੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਅਹਿਮ ਕਿਰਦਾਰ ਹੈ। ਸ਼ਰਧਾ ਦੇ ਦੌਰ ਵਿਚ ਕਿਸੇ ਵਿਦਿਅਕ ਅਦਾਰੇ ਦਾ ਚਰਚਾ ਦਾ ਕੇਂਦਰ ਹੋਣਾ ਆਪਣੇ-ਆਪ ਵਿਚ ਅਹਿਮ ਘਟਨਾ ਹੋ ਜਾਂਦਾ ਹੈ। ਵਿਦਿਆਰਥੀ ਆਗੂ ਕਨ੍ਹੱਈਆ ਕੁਮਾਰ ਦੀ ਗ੍ਰਿਫ਼ਤਾਰੀ ਅਤੇ ਬਾਅਦ ਵਿਚ ਆਰਜ਼ੀ ਜ਼ਮਾਨਤ ਮੀਡੀਆ ਦੀ ਦਿਲਚਸਪੀ ਦਾ ਸਬੱਬ ਬਣੀ ਹੈ। ਆਰਜ਼ੀ ਜ਼ਮਾਨਤ ਤੋਂ ਬਾਅਦ ਕਨ੍ਹੱਈਆ ਕੁਮਾਰ ਦੀ ਤਕਰੀਰ ਲਗਾਤਾਰ ਚਰਚਾ ਵਿਚ ਹੈ। ਇਹ ਕਿਹਾ ਜਾ ਰਿਹਾ ਹੈ ਕਿ ਉਹ ਤਕਰੀਰ ਨਵੇਂ ਸਿਆਸੀ ਸੂਰਜ ਦੀ ਲਿਸ਼ਕੋਰ ਹੈ। ਬਹੁਤ ਸਾਰੇ ਵਿਦਵਾਨ ਇਸ ਨੂੰ ਵਕਤੀ



ਦਲਜੀਤ ਅਮੀ
ਫੋਨ: +91-97811-21873

ਉਭਾਰ ਕਰਾਰ ਦਿੰਦੇ ਹਨ। ਕੁਝ ਸਿਆਸੀ ਮਾਹਰ ਉਸ ਦੀ ਤਕਰੀਰ ਵਿਚ ਬਹੁਤ ਤਰ੍ਹਾਂ ਦੇ ਝੋਲ ਵੇਖਦੇ ਹਨ। ਕਨ੍ਹੱਈਆ ਕੁਮਾਰ ਦੀ ਤਕਰੀਰ ਦਾ ਸਮਾਂ, ਸਥਾਨ, ਵਿਸ਼ਾ, ਲਹਿਜ਼ਾ ਅਤੇ ਅੰਦਾਜ਼ ਉਸ ਨੂੰ ਭਾਰਤੀ ਟੈਲੀਵਿਜ਼ਨ ਦੇ ਇਤਿਹਾਸ ਦੀ ਅਹਿਮ ਤਕਰੀਰ ਬਣਾ ਦਿੰਦੇ ਹਨ। ਇਸ ਦੀ ਇਤਿਹਾਸਕ ਅਹਿਮੀਅਤ ਬਾਰੇ ਤਾਂ ਲਗਾਤਾਰ ਬਹਿਸ ਹੁੰਦੀ ਰਹੇਗੀ, ਪਰ ਭਾਰਤੀ ਟੈਲੀਵਿਜ਼ਨ ਦੇ ਇਤਿਹਾਸ ਵਿਚ ਇਹ ਕਿਸੇ ਨੌਜਵਾਨ ਆਗੂ ਦੀ ਸਭ ਤੋਂ ਅਹਿਮ ਤਕਰੀਰ ਜਾਪਦੀ ਹੈ।

ਟੈਲੀਵਿਜ਼ਨ ਦੀ ਸਨਸਨੀ ਫੈਲਾਉਣ ਦੀ ਸਮਰੱਥਾ ਲਾਸਾਨੀ ਹੈ। ਕਿਸੇ ਅਸਲ ਜਾਂ ਖ਼ਿਆਲੀ ਘਟਨਾ ਨੂੰ ਵੱਡੀ ਜਾਂ ਛੋਟੀ ਬਣਾ ਕੇ ਅਹਿਸਾਸ-ਏ-ਤਵਾਜ਼ਨ ਤੋਂ ਬਾਹਰ ਕੱਢ ਦੇਣਾ ਟੈਲੀਵਿਜ਼ਨ ਦਾ ਖ਼ਾਸਾ ਹੈ। ਕੁਝ ਸਾਲ ਪਹਿਲਾਂ ਹਰਿਆਣਾ ਵਿਚ ਪ੍ਰਿੰਸ ਨਾਮ ਦਾ ਬੱਚਾ ਬੋਰ-ਵੈੱਲ ਵਿਚ ਗਿਰ ਗਿਆ ਸੀ ਤਾਂ ਮੀਡੀਆ ਨੇ ਕਈ ਦਿਨ ਅੱਖੀਂ ਦੇਖਿਆ ਹਾਲ ਨਸ਼ਰ ਕੀਤਾ ਸੀ। ਕਿਸੇ ਸਾਧੂ ਨੇ ਮੁਲਕ ਦਾ ਕਰਜ਼ਾ ਉਤਾਰਨ ਲਈ ਲੋੜੀਂਦਾ ਸੋਨਾ ਧਰਤੀ ਵਿਚੋਂ ਲੱਭਣ ਦੀ ਗੱਲ ਕੀਤੀ ਤਾਂ ਸਾਰਾ ਮੀਡੀਆ ਮੌਕੇ ਦਾ ਗਵਾਹ ਬਣਨ/ਬਣਾਉਣ ਲਈ ਪੱਬਾਂ ਭਾਰ ਹੋ ਗਿਆ ਸੀ। 'ਧਰਤੀ ਦੇ ਖ਼ਤਮ' ਹੋਣ ਦਾ ਐਲਾਨ ਹੋਇਆ ਤਾਂ ਕੁਝ ਚੈਨਲ ਇਸੇ ਦੁਆਲੇ ਹੋ ਗਏ ਸਨ। ਅੰਨਾ ਹਜ਼ਾਰੇ ਦੀ ਅਗਵਾਈ ਵਿਚ ਭ੍ਰਿਸ਼ਟਾਚਾਰ ਖ਼ਿਲਾਫ਼ ਲਹਿਰ ਨੇ ਦਿੱਲੀ ਵਿਚ ਮੁਕਾਮ ਕੀਤਾ ਤਾਂ 'ਅੰਨਾ ਹੀ ਭਾਰਤ ਹੈ' ਜਾਂ 'ਭਾਰਤ ਅੰਨਾ ਹੈ' ਜਾਂ 'ਮੈਂ ਵੀ ਅੰਨਾ' ਦੇ ਗਾਣ ਵਿਚ ਮੀਡੀਆ ਨੇ ਇੱਕ-ਦੂਜੇ ਨੂੰ ਪਛਾੜਨ ਦੀ ਦੌੜ ਲਗਾ ਦਿੱਤੀ ਸੀ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ 'ਮੇਕ ਇਨ ਇੰਡੀਆ' ਵਿਦੇਸ਼ੀ ਤਕਰੀਰਾਂ ਢੁਕਵੀਆਂ ਮਿਸਾਲਾਂ ਹਨ। ਦੇਸ਼ ਭਗਤੀ, ਅਤਿਵਾਦ ਜਾਂ ਔਰਤਾਂ ਖ਼ਿਲਾਫ਼ ਹਿੰਸਾ ਦੇ ਮਾਮਲੇ ਵਿਚ ਇਹ ਮਸ਼ਕ ਮੀਡੀਆ ਲਗਾਤਾਰ ਕਰਦਾ ਰਹਿੰਦਾ ਹੈ।

ਮੀਡੀਆ ਦਾ ਇਹੋ ਖ਼ਾਸਾ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਹਵਾਲੇ ਨਾਲ ਨਜ਼ਰ ਆਉਂਦਾ ਹੈ। ਬਿਨਾਂ ਮਾਮਲੇ ਦੀ ਘੋਖ ਕੀਤਿਆਂ ਦੇਸ਼ ਧਰੋਹ, ਅਤਿਵਾਦ, ਵੱਖਵਾਦ ਅਤੇ ਨਕਸਲਵਾਦ ਦਾ ਸ਼ੋਰ ਖੜ੍ਹਾ ਕਰਨ ਵਿਚ ਜ਼ੀ ਟੈਲੀਵਿਜ਼ਨ ਅਤੇ ਟਾਈਮਜ਼ ਨਾਓ ਨੇ ਜਾਅਲੀ ਵੀਡੀਓ ਚਲਾਏ। ਇਨ੍ਹਾਂ ਵੀਡੀਓਜ਼ ਦੇ ਆਧਾਰ ਉਤੇ ਪੁਲਿਸ ਨੇ ਸ਼ਿਕਾਇਤ ਦਰਜ ਕੀਤੀ। ਸ਼ਿਕਾਇਤ ਵਿਚ ਮੁਲਜ਼ਮ ਬਣਾਏ ਗਏ ਵਿਦਿਆਰਥੀ ਬਾਬਤ ਦਾਅਵੇ ਕੀਤੇ ਗਏ ਜਿਨ੍ਹਾਂ ਦੀ ਤੱਥਾਂ, ਸਬੂਤਾਂ ਜਾਂ ਗਵਾਹਾਂ ਨਾਲ ਹਮਾਇਤ ਕਰਨੀ ਮੁਸ਼ਕਲ ਸੀ। ਇਸ ਨਾਲ ਅਜਿਹਾ ਮਾਹੌਲ ਬਣਿਆ ਜਿਸ ਵਿਚ ਕਨ੍ਹੱਈਆ ਕੁਮਾਰ ਉਤੇ ਪੁਲਿਸ ਹਿਰਾਸਤ ਦੌਰਾਨ ਅਦਾਲਤ ਵਿਚ ਹਮਲਾ ਹੋਇਆ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ, ਪੱਤਰਕਾਰਾਂ ਅਤੇ ਸਿਆਸੀ ਕਾਰਕੁਨਾਂ ਨੂੰ ਅਦਾਲਤ ਵਿਚ ਕੁੱਟਿਆ ਗਿਆ। ਕੁੱਟ-ਮਾਰ ਕਰਨ ਵਾਲਿਆਂ ਅਤੇ ਉਨ੍ਹਾਂ ਦੀ ਹਮਾਇਤ ਕਰਨ ਵਾਲਿਆਂ ਦੀ 'ਦੇਸ਼ ਭਗਤੀ' ਨੂੰ ਨਸ਼ਰ ਕਰਨ ਲਈ ਫ਼ੌਜ, ਨੀਮ-ਫ਼ੌਜੀ ਅਤੇ ਪੁਲਿਸ ਦੀਆਂ 'ਕੁਰਬਾਨੀਆਂ' ਦਾ ਹਵਾਲਾ ਦਿੱਤਾ ਗਿਆ। ਵੱਖ-ਵੱਖ ਸ਼ਬਦਾਂ ਵਿਚ ਇਸ ਦਲੀਲ ਆਮ ਹੋ ਗਈ ਕਿ 'ਫ਼ੌਜੀ ਸਰਹੱਦ ਉਤੇ ਮੁਲਕ ਦੀ ਰਾਖੀ ਲਈ ਜਾਨ ਕੁਰਬਾਨ ਕਰ ਦਿੰਦੇ ਹਨ, ਦੇਸ਼ ਧਰੋਹੀ ਸਰਕਾਰੀ ਪੈਸੇ ਉਤੇ ਜਵਾਹਰਲਾਲ ਯੂਨੀਵਰਸਿਟੀ ਵਿਚ ਪੜ੍ਹਦੇ ਹਨ ਅਤੇ ਮੁਲਕ ਦੇ ਟੁਕੜੇ ਕਰਨ ਦੀਆਂ ਸਾਜ਼ਿਸ਼ਾਂ ਕਰਦੇ ਹਨ।'

ਇਸ ਮਾਮਲੇ ਵਿਚ ਮੀਡੀਆ ਦੀ ਸਮੁੱਚੀ ਕਾਰਗੁਜ਼ਾਰੀ ਇਸ ਦੇ ਸਨਸਨੀ ਪੈਦਾ ਕਰਨ ਵਾਲੇ ਖ਼ਾਸੇ ਨਾਲ ਮੇਲ ਖਾਂਦੀ ਹੈ। ਮੀਡੀਆ ਦੀ ਤਕਨੀਕੀ ਮੁਹਾਰਤ ਅਤੇ ਪੇਸ਼ਕਾਰੀ ਦਾ ਹੁਨਰ ਹਰ ਖ਼ਬਰ ਉਤੇ ਲੱਗਦਾ ਹੈ। ਇਹ ਖ਼ਬਰ ਨੂੰ ਛੋਟੀ-ਵੱਡੀ ਜਾਂ ਅਹਿਸਾਸ-ਏ-ਤਵਾਜ਼ਨ ਤੋਂ ਬਾਹਰ ਕੱਢਣ ਦੇ ਕੰਮ ਆਉਂਦਾ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਮਾਮਲੇ ਵਿਚ ਇਸੇ ਮੁਹਾਰਤ ਅਤੇ ਹੁਨਰ ਦੀ ਨੁਮਾਇਸ਼ ਦੇਖਣ ਨੂੰ ਮਿਲੀ। ਮੀਡੀਆ ਲਈ ਇਸ ਖ਼ਬਰ ਵਿਚ ਸਭ ਤੱਤ ਸਨ। ਦੇਸ਼ ਧਰੋਹ ਅਤੇ ਦੇਸ਼ ਭਗਤੀ ਦੀ ਸਨਸਨੀ ਸੀ। ਨੌਜਵਾਨ ਤਬਕੇ ਨੂੰ ਮੁੱਖ ਰੱਖ ਕੇ ਬਣਾਏ ਗਏ ਇਸ਼ਤਿਹਾਰ ਲਈ ਲੋੜੀਂਦੇ ਤਬਕੇ ਦੀ ਖ਼ਬਰ ਵਿਚ ਦਿਲਚਸਪੀ ਸੀ। ਇਹ ਵੱਖਰੀ ਗੱਲ ਹੈ ਕਿ 'ਪੈਪਸੀ' ਪਿਲਾ ਕੇ ਵਿਦਿਆਰਥੀਆਂ ਦੀ ਹੜਤਾਲ ਤੁੜਵਾਉਣ ਦਾ ਤਰੱਦਦ ਕਰਨ ਵਾਲੀ ਇਸ਼ਤਿਹਾਰ ਸਨਅਤ ਦੀ ਦਿਲਚਸਪੀ ਇਸ ਮਾਮਲੇ ਵਿਚ ਕਿਵੇਂ ਬਣਦੀ ਹੈ! ਇਸ਼ਤਿਹਾਰ ਸਨਅਤ ਹਮੇਸ਼ਾਂ ਨੌਜਵਾਨ ਦਾ ਧਿਆਨ ਖਿੱਚਣ ਦੀ ਮਸ਼ਕ ਕਰਦੀ ਹੈ। ਇਸ ਮਾਮਲੇ ਵਿਚ ਨੌਜਵਾਨ ਤਬਕੇ ਦੀ ਸਰਗਰਮੀ ਸੀ ਅਤੇ ਸਮੁੱਚੇ ਮਸਲੇ ਦੀ ਦਿਲਚਸਪੀ ਇਸ ਨੂੰ ਸਰਗਰਮੀ ਜਾਂ ਵਿਦਿਆਰਥੀਆਂ ਜਾਂ ਦਿੱਲੀ ਦੇ ਘੇਰੇ ਤੋਂ ਬਾਹਰ ਲਿਜਾ ਰਹੀ ਸੀ।

ਇਸ ਤੋਂ ਬਾਅਦ ਮੀਡੀਆ ਦੀ ਮੱਧ ਵਰਗ ਨਾਲ ਜਮਾਤੀ ਸਾਂਝ ਹੈ। ਜ਼ਿਆਦਾਤਰ ਪੱਤਰਕਾਰ ਆਪਣੇ-ਆਪ ਸ਼ਹਿਰੀ-ਨੌਜਵਾਨ-ਸਰਗਰਮ-ਵਿਦਿਆਰਥੀ ਤਬਕੇ ਨਾਲ ਜੋੜਦੇ ਹਨ। 'ਆਪਣੇ ਵਰਗਿਆਂ' ਦੀ ਖ਼ਬਰ ਵਿਚ ਦਿਲਚਸਪੀ ਹੋਣ ਨੂੰ ਪੱਤਰਕਾਰ ਵੀ ਸੁਭਾਵਿਕ ਮੰਨਦੇ ਹਨ। ਅੰਨਾ ਹਜ਼ਾਰੇ ਦੀ ਮੁਹਿੰਮ ਵਿਚ ਇਸ 'ਆਪਣੇ ਵਰਗਿਆਂ' ਵਾਲੇ ਪੱਖ ਦਾ ਬਹੁਤ ਯੋਗਦਾਨ ਸੀ। ਇਸ ਤੋਂ ਬਾਅਦ ਮੀਡੀਆ ਦੀ ਸਹੂਲਤ ਦਾ ਸੁਆਲ ਹੈ; ਮੀਡੀਆ ਆਪਣੇ ਖ਼ਰਚੇ ਘਟਾਉਣ ਅਤੇ ਦਰਸ਼ਕ ਵਧਾਉਣ ਦੀ ਮਸ਼ਕ ਲਗਾਤਾਰ ਕਰਦਾ ਹੈ। ਨਤੀਜੇ ਵਜੋਂ ਜ਼ਿਆਦਾਤਰ ਖ਼ਬਰਾਂ ਸ਼ਹਿਰ ਜਾਂ ਮਹਾਨਗਰ ਮੁਖੀ ਰਹਿੰਦੀਆਂ ਹਨ ਜਿਸ ਨਾਲ ਖ਼ਬਰ ਤੱਕ ਪਹੁੰਚਣ ਜਾਂ ਲਿਆਉਣ ਦਾ ਸਮੁੱਚਾ ਤਰੱਦਦ ਬਚ ਜਾਂਦਾ ਹੈ। ਇਹ ਸਮੁੱਚਾ ਮਾਮਲਾ ਦਿੱਲੀ ਵਿਚ ਸੀ ਜੋ ਮੀਡੀਆ ਦਾ ਘਰ ਹੈ, ਸੋ ਮੀਡੀਆ ਲਈ 'ਘਰੋਂ ਕੰਮ ਕਰਨ' ਦੀ ਸਹੂਲਤ ਬਣ ਆਈ ਸੀ।

ਇਨ੍ਹਾਂ ਸਾਰੇ ਤੱਥਾਂ ਤੋਂ ਬਾਅਦ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਾਲਾ ਮਾਮਲਾ ਨਿਆਰਾ ਹੈ। ਇਸ ਵਾਰ ਪਹਿਲੀ ਵਾਰ ਮੀਡੀਆ ਵਿਚ ਵਿਚਾਰਕ ਪਾੜਾ ਸਾਫ਼ ਨਜ਼ਰ ਆਇਆ। ਸਨਸਨੀ ਅਤੇ ਸੰਜੀਦਗੀ ਵਿਚ ਫ਼ਰਕ ਨਜ਼ਰ ਆਇਆ। ਆਮ ਤੌਰ 'ਤੇ ਮੀਡੀਆ ਇੱਕ-ਦੂਜੇ ਦੀਆਂ ਗ਼ਲਤੀਆਂ ਨੂੰ ਨਜ਼ਰਅੰਦਾਜ਼ ਕਰਦਾ ਹੈ ਜਾਂ ਦਬੀ ਸੁਰ ਵਿਚ ਪਾਸਾ ਵੱਟ ਜਾਂਦਾ ਹੈ। ਇਸ ਵਾਰ ਦੇਸ਼ ਭਗਤੀ ਅਤੇ ਦੇਸ਼ ਧਰੋਹ ਦੇ ਨਾਮ ਉਤੇ ਤਿੱਖੀ ਤਕਰਾਰ ਸਾਹਮਣੇ ਆਈ। ਕੁਝ ਟੈਲੀਵਿਜ਼ਨ ਚੈਨਲਾਂ ਦੀ ਜਾਅਲੀ ਵੀਡੀਓ ਚਲਾਉਣ ਕਾਰਨ ਦੂਜੇ ਚੈਨਲਾਂ ਨੇ ਤਿੱਖਾ ਵਿਰੋਧ ਕੀਤਾ। ਰਵੀਸ਼ ਕੁਮਾਰ ਨੇ ਮੀਡੀਆ ਦੇ ਸਮੁੱਚੇ ਮਾਮਲੇ ਨੂੰ ਆਤਮ-ਪੜਚੋਲ ਤੱਕ ਲਿਜਾਣ ਦਾ ਉਪਰਾਲਾ ਕੀਤਾ। ਇਸ ਵਾਰ ਮਾਮਲਾ ਨਿਰੋਲ ਸਨਸਨੀ ਜਾਂ ਭ੍ਰਿਸ਼ਟਾਚਾਰ ਜਾਂ ਸਰਕਾਰੀ ਪ੍ਰਚਾਰ ਜਾਂ 'ਮੇਕ ਇੰਨ ਇੰਡੀਆ' ਦੀ ਵਿਦੇਸ਼ੀ ਤਕਰੀਰ ਜਾਂ 'ਮਨ ਕੀ ਬਾਤ' ਦਾ ਨਹੀਂ ਸੀ। ਬਾਕੀ ਸਾਰੇ ਤੱਤਾਂ ਨਾਲ ਇਹ ਸਿਆਸੀ ਮਾਮਲਾ ਸੀ। ਇਸ ਵਿਚ ਪ੍ਰਿੰਸ ਦੀ ਕਹਾਣੀ ਵਿਚਲਾ ਤੱਤ ਹੈ, ਪਰ ਉਹ ਬੇਵੱਸ ਜੁਆਕ ਨਹੀਂ, ਸਗੋਂ ਸਚੇਤ ਨੌਜਵਾਨ ਹੈ। ਇਸ ਵਿਚ ਨਰੇਂਦਰ ਮੋਦੀ ਵਾਂਗ ਤਕਰੀਰ ਦਾ ਹੁਨਰ ਹੈ, ਪਰ ਉਹ ਸਰਕਾਰ ਦੀ ਥਾਂ ਆਵਾਮ ਦੇ ਪੱਖ ਵਿਚ ਹੈ। ਕਨ੍ਹੱਈਆ ਕੁਮਾਰ ਦੀ ਤਕਰੀਰ ਦਾ ਸਮਾਂ ਟੈਲੀਵਿਜ਼ਨ ਦਾ ਪਰਾਈਮ ਟਾਈਮ ਸੀ, ਪਰ ਉਸ ਨੇ ਇਸ ਵਿਚ ਇਸ਼ਤਿਹਾਰ ਦੀ ਗੁੰਜਾਇਸ਼ ਨਹੀਂ ਛੱਡੀ। ਅਜਿਹੀਆਂ ਨਿਰਵਿਘਨ ਤਸਵੀਰਾਂ ਸਰਕਾਰੀ ਸਿਆਸਤਦਾਨਾਂ ਜਾਂ ਧਰਮ ਪ੍ਰਚਾਰਕਾਂ ਦੀਆਂ ਹੀ ਦੇਖਣ ਨੂੰ ਮਿਲਦੀਆਂ ਹਨ ਅਤੇ ਉਨ੍ਹਾਂ ਤਸਵੀਰਾਂ ਦਾ ਅਰਥਚਾਰਾ ਸਰਕਾਰੀ ਖ਼ਜ਼ਾਨੇ, ਸਰਕਾਰੀ/ਸਿਆਸੀ ਸਰਪ੍ਰਸਤੀ ਵਾਲੇ ਕਾਰੋਬਾਰ ਜਾਂ ਸ਼ਰਧਾ ਦੇ ਕਾਰੋਬਾਰ ਨਾਲ ਜੁੜਦਾ ਹੈ। ਕਨ੍ਹੱਈਆ ਦੀ ਤਕਰੀਰ ਇਨ੍ਹਾਂ ਸਾਰੀਆਂ ਵਿੱਤੀ ਧਾਰਨਾਵਾਂ ਨੂੰ ਪਲਟਣ ਵਿਚ ਕਾਮਯਾਬ ਹੋਈ ਹੈ। ਵਿਵਾਦ ਦਾ ਸਬੱਬ ਬਣੇ ਸਮਾਗਮ ਤੋਂ ਲੈ ਕੇ ਕਨ੍ਹੱਈਆ ਕੁਮਾਰ ਦੀ ਆਰਜ਼ੀ ਜ਼ਮਾਨਤ ਮਿਲਣ ਤੱਕ ਮੀਡੀਆ ਨੇ ਵੇਗ ਖੜ੍ਹਾ ਕਰ ਦਿੱਤਾ ਜੋ ਖੜ੍ਹੇ ਪੈਰ ਰਾਤ ਦੇ ਪਹਿਲੇ ਪਹਿਰ ਵਿਚ ਬੋਚਣਾ ਮੁਸ਼ਕਲ ਸੀ। ਇਸੇ ਵੇਗ ਵਿਚ ਕਨ੍ਹੱਈਆ ਦੀ ਤਕਰੀਰ ਦਾ ਸਮਾਂ ਸੀ ਜੋ ਮੀਡੀਆ ਦੀਆਂ ਸਾਰੀਆਂ ਗਿਣਤੀਆਂ-ਮਿਣਤੀਆਂ ਨੂੰ ਬੇਮਾਅਨਾ ਕਰਨ ਦਾ ਨਿਆਰਾ ਸਬੱਬ ਹੋ ਨਿਬੜਿਆ। ਇਸ ਤੋਂ ਬਾਅਦ ਮੀਡੀਆ ਸਿਰਫ਼ ਕਨ੍ਹੱਈਆ ਕੁਮਾਰ ਦੇ ਅਕਸ ਨੂੰ ਧੁੰਦਲਾ ਕਰਨ ਦਾ ਤਰਦੱਦ ਕਰ ਸਕਦਾ ਸੀ, ਪਰ ਇਸ ਲਈ ਵੀ ਅਗਲੀ ਸਵੇਰ ਦੀ ਉਡੀਕ ਕਰਨੀ ਪੈਣੀ ਸੀ। ਇਸ ਤਰ੍ਹਾਂ ਕਨ੍ਹੱਈਆ ਦੀ ਤਕਰੀਰ ਨੂੰ ਪੂਰੀ ਰਾਤ ਉਤੇ ਰਾਜ ਕਰਨ ਤੋਂ ਰੋਕਣਾ ਮੀਡੀਆ ਦੇ ਵੱਸੋਂ ਬਾਹਰ ਸੀ।

ਇਸ ਤਕਰੀਰ ਨੂੰ ਟੈਲੀਵਿਜ਼ਨ ਦੇ ਹਵਾਲੇ ਨਾਲ ਨਿਆਰੇ ਮਾਮਲੇ ਵਜੋਂ ਹੀ ਵੇਖਿਆ ਜਾ ਸਕਦਾ ਹੈ। ਇਸ ਨੂੰ ਨੇਮ ਨਹੀਂ ਬਣਾਇਆ ਜਾ ਸਕਦਾ। ਇਸ ਮੌਕੇ ਉਤੇ ਕਨ੍ਹੱਈਆ ਕੁਮਾਰ ਨੇ ਬਹੁਤ ਸਾਰੇ ਸੁਆਲ ਹਵਾ ਵਿਚ ਉਛਾਲ ਦਿੱਤੇ ਹਨ ਜੋ ਹੁਕਮਰਾਨ ਧਿਰ ਦੇ ਬੁਲਾਰਿਆਂ ਲਈ ਟੈਲੀਵਿਜ਼ਨ ਸਟੂਡੀਓ ਵਿਚ ਪਸ਼ੇਮਾਨੀ ਦਾ ਸਬੱਬ ਬਣੇ ਹਨ। ਇਸ ਤੋਂ ਜ਼ਿਆਦਾ ਇਸ ਤਕਰੀਰ ਦੇ ਕੀ ਮਾਅਨੇ ਹਨ? ਇਸ ਤਕਰੀਰ ਨਾਲ ਆਵਾਮ ਦੀ ਬੰਦ-ਖ਼ਲਾਸੀ ਅਤੇ ਸਿਆਸੀ ਵੰਨ-ਸੁਵੰਨਤਾ ਦੇ ਸੁਆਲ ਕਿਵੇਂ ਜੁੜਦੇ ਹਨ? ਇਸ ਤਕਰੀਰ ਦੀਆਂ ਕੀ ਪ੍ਰਾਪਤੀਆਂ ਹਨ ਅਤੇ ਇਸ ਵਿਚ ਕੀ ਝੋਲਾਂ ਹਨ? ਇਨ੍ਹਾਂ ਸਾਰੇ ਸੁਆਲਾਂ ਨੂੰ ਪੁੱਛਣਾ ਅਤੇ ਇਨ੍ਹਾਂ ਦੇ ਜੁਆਬ ਦੇਣਾ ਸਿਰਫ਼ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਰਵਾਇਤ ਨੂੰ ਅੱਗੇ ਤੋਰਨ ਦਾ ਸੁਆਲ ਨਹੀਂ ਹੈ। ਇਹ ਆਵਾਮੀ ਮਸਲਿਆਂ ਉਤੇ ਸੰਵਾਦ ਨੂੰ ਜਾਰੀ ਰੱਖਣ ਦਾ ਵੀ ਸੁਆਲ ਹੈ। ਕਨ੍ਹੱਈਆ ਕੁਮਾਰ ਨੇ ਸ਼ਰਧਾ ਦੇ ਦੌਰ ਵਿਚ ਦਲੀਲ ਨਾਲ ਮੀਡੀਆ-ਇਸ਼ਤਿਹਾਰ-ਸਰਕਾਰ-ਸਿਆਸਤ ਦੇ ਸਨਸਨੀਤੰਤਰ ਵਿਚ ਪਾੜ ਪਾਇਆ ਹੈ। ਇਹ ਪਾੜ ਭਾਵੇਂ ਕਿੰਨਾ ਵੀ ਵਕਤੀ ਹੋਵੇ, ਪਰ ਕਨ੍ਹੱਈਆ ਕੁਮਾਰ ਦੀ ਤਕਰੀਰ ਇਤਿਹਾਸ ਦਾ ਅਹਿਮ ਹਿੱਸਾ ਰਹੇਗੀ। ਇਹ ਤਕਰੀਰ ਸ਼ਰਧਾ ਦੇ ਘੇਰੇ ਵਿਚ ਨਹੀਂ ਰਹਿ ਸਕਦੀ। ਇਸ ਤਕਰੀਰ ਦੀ ਅਹਿਮੀਅਤ ਜੇ ਸੁਆਲ ਉਛਾਲਣ ਵਿਚ ਹੈ ਤਾਂ ਸੁਆਲਾਂ ਨੂੰ ਸੱਦਾ ਦੇਣ ਵਿਚ ਵੀ ਹੈ।

# ਹਰਿਆਣੇ ਦਾ ਨਾਕਾਬਲ ਸਵੈਮਸੇਵਕ

***ਬਤੌਰ ਮੁੱਖ ਮੰਤਰੀ ਖੱਟਰ ਦੀਆਂ ਸਾਰੀਆਂ ਤਰਜੀਹਾਂ ਆਰ.ਐੱਸ.ਐੱਸ. ਦੀ ਸਿਖਲਾਈ ਵਾਲੇ ਦਾਇਰੇ ਮੁਤਾਬਕ ਮਿੱਥੀਆਂ ਹੋਈਆਂ ਹਨ। ਆਪਣੀ ਸਾਰੀ ਕਲਪਨਾ ਅਤੇ ਪਹਿਲਕਦਮੀਆਂ ਉਨ੍ਹਾਂ ਨੇ ਕਲਪਿਤ ਨਦੀ (ਸਰਸਵਤੀ) ਲੱਭਣ; ਅਫ਼ਸਰਾਂ, ਅਧਿਆਪਕਾਂ, ਮੰਤਰੀਆਂ ਤੇ ਵਿਧਾਇਕਾਂ ਨੂੰ ਯੋਗ ਕਲਾਸਾਂ ਵਿਚ ਤਾੜਨ; ਰਾਹਾਂ-ਗੋਹਰਾਂ ਵਿਚ ਘੁੰਮਦੀਆਂ ਫਿਰਦੀਆਂ ਗਊਆਂ ਫੜਨ ਤੇ ਗਊਸ਼ਾਲਾਵਾਂ ਬਣਾਉਣ ਅਤੇ ਗੀਤਾ ਪ੍ਰਵਚਨਾਂ ਦੇ ਲੇਖੇ ਲਾ ਦਿੱਤੀਆਂ ਹਨ। ਜਦੋਂ ਔਖੀ ਘੜੀ ਆਈ ਤਾਂ ਇਹ ਸਵੈਮਸੇਵਕ ਡੌਰ-ਭੌਰ ਅਤੇ ਭੈਅਭੀਤ ਹੋ ਗਿਆ।***




'ਇੰਡੀਅਨ ਐਕਸਪ੍ਰੈੱਸ' ਨੇ ਹਾਲ ਹੀ ਵਿਚ ਮੁਲਕ ਦੀਆਂ 100 ਸਭ ਤੋਂ ਵੱਧ ਪ੍ਰਭਾਵਸ਼ਾਲੀ ਸ਼ਖਸੀਅਤਾਂ ਦੀ ਸਾਲਾਨਾ ਸੂਚੀ ਨਸ਼ਰ ਕੀਤੀ ਹੈ। ਇਸ ਸੂਚੀ ਵਿਚ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਸਰਸੰਘਚਾਲਕ ਮੋਹਨ ਭਾਗਵਤ ਨੂੰ ਦੂਜੇ ਥਾਂ 'ਤੇ ਰੱਖਿਆ ਗਿਆ ਹੈ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਸਿਰਫ਼ ਇੱਕ ਦਰਜਾ ਹੇਠਾਂ ਅਤੇ ਸੱਤਾਧਾਰੀ ਜਮਾਤ, ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ (ਅਮਿਤ ਸ਼ਾਹ) ਤੋਂ ਇੱਕ ਦਰਜਾ ਉਤਾਂਹ। ਉਨ੍ਹਾਂ ਦਾ ਦਰਜਾ ਬੇਹੱਦ ਪ੍ਰਭਾਵਸ਼ਾਲੀ ਵਿੱਤ ਮੰਤਰੀ ਅਰੁਣ ਜੇਤਲੀ ਤੋਂ ਵੀ ਉੱਪਰ ਮੰਨਿਆ ਗਿਆ ਹੈ। ਇਸ ਹਿਸਾਬ ਨਾਲ ਮੋਹਨ ਭਾਗਵਤ ਸੰਵਿਧਾਨ ਤੋਂ ਬਾਹਰੀ ਤਾਕਤ ਦੇ ਸਭ ਤੋਂ ਅਸਰਦਾਰ ਸ਼ਖ਼ਸ ਹੋ ਗਏ ਹਨ। ਇਹ ਚੰਗੀ ਗੱਲ ਹੀ



**ਹਰੀਸ਼ ਖਰੇ**

ਹੈ। ਆਰ.ਐੱਸ.ਐੱਸ. ਜਾਂ ਭਾਜਪਾ ਹੁਣ ਬਹੁਤੀ ਦੇਰ ਇਹ ਦਾਅਵਾ ਨਹੀਂ ਕਰ ਸਕਦੀਆਂ ਕਿ ਨਾਗਪੁਰ ਤੋਂ ਚੱਲਦੀ ਇਹ ਕੋਈ ਸੱਭਿਆਚਾਰਕ ਜਥੇਬੰਦੀ ਹੈ। ਇਸ ਭਗਵੀ ਜਥੇਬੰਦੀ ਨੇ ਭਾਵੇਂ ਆਪਣੇ ਆਪ ਨੂੰ ਅਜੇ ਚੋਣ ਕਮਿਸ਼ਨ ਦੇ ਤਹਿਤ ਨਹੀਂ ਕੀਤਾ ਹੈ, ਪਰ ਚੋਣ ਰਾਜਨੀਤੀ ਵਿਚ ਸ਼ਾਮਲ ਨਾ ਹੋਣ ਦੇ ਇਸ ਦੇ ਸਦਾਚਾਰਕ ਦੰਭ ਦਾ ਹੁਣ ਭੋਗ ਪੈ ਚੁੱਕਾ ਹੈ। ਸੱਤਾ ਦੀ ਸਿਆਸਤ ਦੀਆਂ ਸਾਜ਼ਿਸ਼ਾਂ ਅਤੇ ਸੱਤਾ ਨਾਲ ਜੁੜੀਆਂ ਘਿਨਾਉਣੀਆਂ ਮੰਗਾਂ ਦੀ ਖੇਡ ਵਿਚ ਇਹ ਪੂਰੀ ਤਰ੍ਹਾਂ ਗ਼ਲਤਾਨ ਹੈ।

ਆਰ.ਐੱਸ.ਐੱਸ. ਪ੍ਰੇਰਿਤ ਧਰਮ ਸ਼ਾਸਤਰ ਵਿਚ, ਖਾਕੀ ਨਿੱਕਰਾਂ ਅਤੇ ਕਾਲੀਆਂ ਟੋਪੀਆਂ ਵਾਲੇ ਬੰਦੇ ਸੁਪਰ-ਕੌਮਪ੍ਰਸਤਾਂ ਨਾਲ ਸਬੰਧ ਰੱਖਦੇ ਹਨ ਜਿਹੜੇ ਭਾਰਤ ਮਾਤਾ ਨਾਲ ਕਦੀ ਨਾ ਘੱਟ ਹੋਣ ਵਾਲੇ ਆਦਰਸ਼ਵਾਦ ਤੇ ਪਿਆਰ ਵਿਚ ਗੜੁੱਚ ਹਨ। ਇਹ ਗੱਲ ਵੀ ਹੈ ਕਿ ਇਹ ਖ਼ਾਸ ਬੰਦੇ ਤੀਖਣ ਬੁੱਧੀ ਵਾਲੇ ਗੁਣਾਂ ਨਾਲ ਲਬਰੇਜ਼ ਹਨ। ਇਸ ਦਾ ਸੁਭਾਵਿਕ ਨਤੀਜਾ ਇਹੀ ਹੈ ਕਿ ਕੋਈ ਵੀ ਸਵੈਮਸੇਵਕ ਕਿਤੇ ਵੀ ਪ੍ਰਸ਼ਾਸਕੀ ਕਾਰਜ ਜਾਂ ਕੋਈ ਵੀ ਜ਼ਿੰਮੇਵਾਰੀ ਵਧੀਆ ਢੰਗ ਨਾਲ ਨਿਭਾਅ ਸਕਦਾ ਹੈ, ਪਰ ਪਿਛਲੇ ਮਹੀਨੇ ਇਹ ਮਿੱਥ ਤੂੰਬਾ-ਤੂੰਬਾ ਹੋ ਗਈ। ਜਦੋਂ ਹਰਿਆਣਾ ਗੋਡਿਆਂ ਪਰਨੇ ਹੋਇਆ ਤਾਂ "ਆਰ.ਐੱਸ.ਐੱਸ. ਸ਼ਕਸੀਅਤ" ਦੇ ਉੱਤਮ ਹੋਣ ਵਾਲੀ ਮਿੱਥ, ਮਨੁੱਖ ਵੱਲੋਂ ਸਹੇੜੀ ਤਬਾਹੀ ਦੇ ਮਲਬੇ ਹੇਠ ਦੱਬੀ ਗਈ।

ਹਰਿਆਣਾ ਨੂੰ ਹੁਣ ਵੀ ਮਨਹੋਰ ਲਾਲ ਖੱਟਰ ਨਾਂ ਦੇ ਸ਼ਖਸ ਦੇ ਰਹਿਮੋ-ਕਰਮ ਉਤੇ ਛੱਡ ਦਿੱਤਾ ਗਿਆ ਹੈ। ਉਹ ਪਹਿਲੀ ਵਾਰ ਵਿਧਾਇਕ ਬਣੇ ਹਨ। ਉਂਜ ਇਹ ਕੋਈ ਘਾਟ ਵਾਲੀ ਗੱਲ ਨਹੀਂ ਮੰਨੀ ਜਾ ਸਕਦੀ। ਜਦੋਂ ਮੋਦੀ ਨੂੰ ਗਾਂਧੀਨਗਰ (ਗੁਜਰਾਤ) ਵਿਚ ਮੁੱਖ ਮੰਤਰੀ ਦੀ ਕੁਰਸੀ ਉਤੇ ਬਿਠਾਇਆ ਗਿਆ ਸੀ, ਉਹ ਤਾਂ ਉਦੋਂ ਵਿਧਾਇਕ ਵੀ ਨਹੀਂ ਸਨ। ਜਦੋਂ ਹਰਿਆਣਾ ਵਿਚ ਖੱਟਰ ਨੂੰ ਮੁੱਖ ਮੰਤਰੀ ਵਜੋਂ ਚੁਣਿਆ ਗਿਆ ਤਾਂ ਸ਼ਾਇਦ ਉਨ੍ਹਾਂ ਦੇ ਹੱਕ ਵਿਚ ਸਿਰਫ਼ ਇੱਕ ਹੀ ਗੱਲ ਸੀ ਕਿ ਉਹ ਆਰ.ਐੱਸ.ਐੱਸ. ਦੇ ਮੈਂਬਰ ਸਨ। ਉਹ ਸ਼ਾਸਨ ਕਲਾ ਤੋਂ ਕੋਰੇ ਸਨ ਅਤੇ ਹੁਣ ਵੀ ਕੋਰੇ ਹੀ ਹਨ। ਉਹ ਆਰ.ਐੱਸ.ਐੱਸ. ਦਾ ਸਭ ਤੋਂ ਦਲਿੱਦਰੀ ਇਸ਼ਤਿਹਾਰ ਸਾਬਤ ਹੋਏ ਹਨ ਅਤੇ ਇਸ ਵੱਲੋਂ ਸਮਰੱਥਾ ਤੇ ਹੈਸੀਅਤ ਬਾਰੇ ਪ੍ਰਚਾਰੇ ਜਾਂਦੇ ਦਾਅਵੇ ਵੀ ਠੁੱਸ ਹੋ ਗਏ ਹਨ।

ਜਾਟ ਅੰਦੋਲਨ ਕਾਰਨ ਹਰਿਆਣਾ ਵਿਚ ਬੇਅੰਤ ਤਬਾਹੀ ਹੋਈ। ਸਵੈਮਸੇਵਕ ਦੀ ਹਕੂਮਤ ਦੇ ਬਾਵਜੂਦ ਕਈ ਦਿਨ ਗਲੀਆਂ-ਮੁਹੱਲਿਆਂ ਵਿਚ ਬਦਮਾਸ਼ਾਂ ਨੇ ਚੰਮ ਦੀਆਂ ਚਲਾਈਆਂ। ਕਾਨੂੰਨ ਨੂੰ ਸਿੱਧਿਆਂ ਹੀ ਵੰਗਾਰਿਆ ਗਿਆ। ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਦਾ ਜਹਾਦੀ ਕਾਡਰ ਵੀ ਸ਼ਾਇਦ ਕਿਤੇ ਇੰਨਾ ਜ਼ਿਆਦਾ ਨੁਕਸਾਨ ਨਾ ਕਰ ਸਕਦਾ। ਕਿਸੇ ਭਾਰਤੀ ਸਟੇਟ ਦਾ ਇਕਬਾਲ ਸ਼ਾਇਦ ਹੀ ਕਦੀ ਇਸ ਤਰ੍ਹਾਂ ਖ਼ਤਮ ਹੋਇਆ ਹੋਵੇ ਜਿਵੇਂ ਹਰਿਆਣੇ ਵਿਚ ਹੋਇਆ, ਇਹ ਸਭ ਸਵੈਮਸੇਵਕ ਦੀਆਂ ਨਜ਼ਰਾਂ ਦੇ ਐਨ ਸਾਹਮਣੇ ਹੋਇਆ।

ਬਤੌਰ ਮੁੱਖ ਮੰਤਰੀ ਖੱਟਰ ਦੀਆਂ ਸਾਰੀਆਂ ਤਰਜੀਹਾਂ ਆਰ.ਐੱਸ.ਐੱਸ. ਦੀ ਸਿਖਲਾਈ ਵਾਲੇ ਦਾਇਰੇ ਮੁਤਾਬਕ ਮਿੱਥੀਆਂ ਹੋਈਆਂ ਹਨ। ਆਪਣੀ ਸਾਰੀ ਕਲਪਨਾ ਅਤੇ ਪਹਿਲਕਦਮੀਆਂ ਉਨ੍ਹਾਂ ਨੇ ਕਲਪਿਤ ਨਦੀ (ਸਰਸਵਤੀ) ਲੱਭਣ; ਅਫ਼ਸਰਾਂ, ਅਧਿਆਪਕਾਂ, ਮੰਤਰੀਆਂ ਤੇ ਵਿਧਾਇਕਾਂ ਨੂੰ ਯੋਗ ਕਲਾਸਾਂ ਵਿਚ ਤਾੜਨ; ਰਾਹਾਂ-ਗੋਹਰਾਂ ਵਿਚ ਘੁੰਮਦੀਆਂ ਫਿਰਦੀਆਂ ਗਊਆਂ ਫੜਨ ਤੇ ਗਊਸ਼ਾਲਾਵਾਂ ਬਣਾਉਣ ਅਤੇ ਗੀਤਾ ਪ੍ਰਵਚਨਾਂ ਦੇ ਲੇਖੇ ਲਾ ਦਿੱਤੀਆਂ ਹਨ। ਜਦੋਂ ਔਖੀ ਘੜੀ ਆਈ ਤਾਂ ਇਹ ਸਵੈਮਸੇਵਕ ਡੌਰ-ਭੌਰ ਅਤੇ ਭੈਅਭੀਤ ਹੋ ਗਿਆ। ਹੁਣ ਇਹ ਦਲੀਲ ਦੇਣੀ ਐਨ ਢੁੱਕਵੀਂ ਹੈ ਕਿ ਇਕ ਸਾਲ ਦੇ ਅੰਦਰ ਹੀ, ਮੁੱਖ ਮੰਤਰੀ ਅਤੇ ਉਸ ਦੇ ਮੰਤਰੀ ਸਾਥੀਆਂ ਦੇ ਰੂੜੀਵਾਦੀ ਰੁਝੇਵਿਆਂ ਕਾਰਨ, ਪ੍ਰਸ਼ਾਸਕੀ ਊਰਜਾ ਅਤੇ ਅਸਰ ਬਹੁਤ ਵੱਡੇ ਪੱਧਰ ਉਤੇ ਤਬਾਹ ਹੋ ਗਏ। ਨਤੀਜੇ ਵਜੋਂ ਅਧਿਕਾਰੀਆਂ ਨੂੰ ਸੰਕਟ ਦੀ ਪੇਸ਼ੀਨਗੋਈ ਬਾਰੇ ਜੋ ਸਿਖਲਾਈ ਦਿੱਤੀ ਹੁੰਦੀ ਹੈ, ਉਹ ਸਮਰੱਥਾ ਹੀ ਖਤਮ ਹੋ ਗਈ।

ਜ਼ਿਲ੍ਹਾ ਪੱਧਰੀ ਪੁਲੀਸ ਅਤੇ ਸਿਵਲ ਅਫ਼ਸਰਾਂ ਨੂੰ ਬਦਮਾਸ਼ਾਂ ਵੱਲੋਂ ਵੱਡੀ ਪੱਧਰ 'ਤੇ ਕੀਤੀ ਜਾ ਰਹੀ ਤਿਆਰੀ ਦੀ ਭਿਣਕ ਤੱਕ ਨਾ ਪਈ। ਇਹ ਤਿਆਰੀਆਂ ਕਿਤੇ ਦੂਰ-ਦੁਰਾਡੇ ਸਰਹੱਦੀ ਇਲਾਕੇ ਵਿਚ ਨਹੀਂ ਸਨ ਹੋ ਰਹੀਆਂ। ਜ਼ਰਾ ਸੋਚੋ, ਫ਼ੌਜੀਆਂ ਨੂੰ ਸਬੰਧਤ ਥਾਂ ਉਤੇ ਹੀ ਤਾਂ ਉਤਾਰਨਾ ਸੀ! ਰੋਹਤਕ ਅਨੰਤਨਾਗ ਨਹੀਂ ਹੈ ਅਤੇ ਨਾ ਸੋਨੀਪਤ, ਸ੍ਰੀਨਗਰ ਹੈ। ਹੁਣ ਜਾਂ ਤਾਂ ਬਦਮਾਸ਼ਾਂ ਨਾਲ ਕੋਈ ਮਿਲੀਭੁਗਤ ਸੀ, ਤੇ ਜਾਂ ਵਧੇਰੇ ਸੰਭਾਵਨਾ ਇਹ ਹੈ ਕਿ ਅਫ਼ਸਰਾਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਸਵੈਮਸੇਵਕਾਂ ਵਿਚ ਪਏ ਰੱਫੜ ਦੀ ਸੂਹ ਪੈ ਗਈ ਸੀ।

ਸਿੱਧਾ ਜਿਹਾ ਮਸਲਾ ਹੈ। ਮੁੱਖ ਮੰਤਰੀ ਹੀ ਮੰਤਰੀ ਮੰਡਲ ਦਾ ਮੁਖੀ ਹੁੰਦਾ ਹੈ, ਉਸ ਦਾ ਕੰਮ ਆਪਣੇ ਮੰਤਰੀ ਸਾਥੀਆਂ ਨਾਲ ਤਾਲਮੇਲ ਰੱਖਣਾ ਹੁੰਦਾ ਹੈ। ਨਿਰਸਵਾਰਥ ਸਵੈਮਸੇਵਕ ਵਾਲੇ ਸਭ ਗੁਣਾਂ ਦੇ ਬਾਵਜੂਦ ਖੱਟਰ ਨਾ ਤਾਂ ਆਪਣੇ ਮੰਤਰੀ ਸਾਥੀਆਂ ਤੇ ਸਵੈਮਸੇਵਕਾਂ ਨੂੰ ਪ੍ਰੇਰ ਸਕੇ ਅਤੇ ਨਾ ਹੀ ਉਨ੍ਹਾਂ ਤੋਂ ਖੁਦ ਮਾਣ-ਸਤਿਕਾਰ ਹਾਸਲ ਕਰ ਸਕੇ। ਮੁੱਖ ਮੰਤਰੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਵਿਚਕਾਰ ਇਹ ਸੰਤੁਲਨ ਤਬਾਹਕੁਨ ਜਾਟ ਅੰਦੋਲਨ ਤੋਂ ਬਾਅਦ ਬਦਤਰ ਹੋ ਗਿਆ।

ਇਹ ਦਲੀਲ ਦੇਣੀ ਸੌਖੀ ਹੈ ਕਿ ਜਾਟ ਅੰਦੋਲਨ ਕੋਈ ਸਿਆਸੀ ਸਾਜ਼ਿਸ਼ ਸੀ ਜੋ ਕਾਂਗਰਸ ਅਤੇ ਇਸ ਦੇ ਸੂਬਾਈ ਲੀਡਰ ਭੁਪਿੰਦਰ ਸਿੰਘ ਹੁੱਡਾ ਨੇ ਰਚੀ ਹੋ ਸਕਦੀ ਹੈ, ਪਰ ਸਿਆਸੀ ਅਤੇ ਪ੍ਰਸ਼ਾਸਕੀ ਲੀਡਰਸ਼ਿਪ ਦਾ ਸਭ ਤੋਂ ਅਹਿਮ ਕੰਮ ਇਹੀ ਤਾਂ ਹੁੰਦਾ ਹੈ ਕਿ ਉਹ ਕਿਸੇ ਨੂੰ ਸੰਕਟ ਨੂੰ ਸੁੰਘ ਲੈਣ ਅਤੇ ਹਾਲਾਤ ਵਿਗੜਨ ਤੋਂ ਪਹਿਲਾਂ ਹੀ ਸੁਲਝਾ ਲੈਣ। ਕੋਈ ਸ਼ਾਸਕ ਮਹਿਜ਼ ਮਾਤਮ ਮਨਾ ਕੇ ਖਹਿੜਾ ਨਹੀਂ ਛੁਡਾ ਸਕਦਾ। ਮੁੱਖ ਮੰਤਰੀ ਦੀ ਵੱਡੀ ਜ਼ਿੰਮੇਵਾਰੀ ਸਰਕਾਰੀ ਸੰਸਥਾਵਾਂ ਅਤੇ ਇਸ ਦੇ ਕਾਨੂੰਨਾਂ ਵਿਚ ਲੋਕਾਂ ਦਾ ਭਰੋਸਾ ਬਰਕਰਾਰ ਰੱਖਣ ਪ੍ਰਸ਼ਾਸਕੀ ਸਾਧਨਾਂ ਦੀ ਅਗਵਾਈ ਕਰਨ ਦੀ ਹੁੰਦੀ ਹੈ। ਇਸ ਦੀ ਥਾਂ ਉਹ ਸੀਨੀਅਰ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਫ਼ਸਰਾਂ ਵੱਲੋਂ ਸੁਝਾਏ ਰਾਹਾਂ (ਅਕਸਰ ਕੁਰਾਹਾਂ) ਉਤੇ ਤੁਰਦੇ ਰਹੇ। ਮੂਰਥਲ ਕਾਂਡ ਦੀ ਮਿਸਾਲ ਸਾਡੇ ਸਾਹਮਣੇ ਹੀ ਹੈ। ਕੋਈ ਹੋਰ ਮੁੱਖ ਮੰਤਰੀ ਲੋੜੀਂਦੇ ਸਿਆਸੀ ਹੁਨਰ ਨਾਲ, ਅੰਦੋਲਨ ਅਤੇ ਇਸ ਦੇ ਲੀਡਰਾਂ ਬਾਰੇ ਸਮਾਜ ਦੀ ਨਾਰਾਜ਼ਗੀ ਮੁਤਾਬਕ ਕੋਈ ਕਾਰਵਾਈ ਕਰਦਾ, ਪਰ ਉਨ੍ਹਾਂ ਨੇ ਅਫਸਰਾਂ ਨੂੰ ਆਪਣੀ ਗੱਲ ਮਨਵਾਉਣ ਦਿੱਤੀ।

ਇਸ ਡਾਵਾਂਡੋਲ ਸਵੈਮਸੇਵਕ ਦੇ ਡਾਵਾਂਡੋਲ ਪ੍ਰਬੰਧਾਂ ਦੀ ਇੱਕ ਗੰਭੀਰ ਘਾਟ ਹੋਰ ਵੀ ਹੈ: ਫ਼ੌਜ ਦੇ ਵੱਕਾਰ ਨੂੰ ਵੀ ਢਾਹ ਲੱਗੀ। ਫੌਜ ਸੱਦ ਤਾਂ ਲਈ, ਪਰ ਸਿਆਸੀ ਅਤੇ ਪ੍ਰਸ਼ਾਸਕੀ ਘਬਰਾਹਟ ਕਾਰਨ ਇਸ ਨੂੰ ਕੰਮ ਨਹੀਂ ਕਰਨ ਦਿੱਤਾ ਗਿਆ। ਨਤੀਜਾ ਇਹ ਨਿਕਲਿਆ ਕਿ ਇਹ ਗੱਲ ਫੈਲ ਗਈ ਕਿ ਸਰਕਾਰ ਬੁਰਛਾਗਰਦ ਜਾਟਾਂ ਖ਼ਿਲਾਫ਼ ਸਖਤ ਕਾਰਵਾਈ ਨਹੀਂ ਕਰਨਾ ਚਾਹੁੰਦੀ। ਲੋਕ ਤਾਂ ਹੁਣ ਥਲ ਸੈਨਾ ਦੇ ਮੁਖੀ ਬਾਰੇ ਵੀ ਘੁਸਰ-ਮੁਸਰ ਕਰ ਰਹੇ ਹਨ ਜੋ ਇਸੇ ਇਲਾਕੇ ਨਾਲ ਸਬੰਧਤ ਹਨ।

ਹੋਰ ਸੂਬਿਆਂ ਵਾਂਗ ਹਰਿਆਣਾ ਵਿਚ ਵੀ ਰਾਜਪਾਲ ਹੈ, ਪਰ ਉਹ ਵੀ ਆਰ.ਐੱਸ.ਐੱਸ. ਵਾਲੇ ਕੁਨਬੇ ਤੋਂ ਆਇਆ ਹੈ। ਆਸ ਮੁਤਾਬਕ ਉਹ ਵੀ ਖੱਟਰ ਸਰਕਾਰ ਨੂੰ ਜਗਾਉਣ ਵਿਚ ਨਾਕਾਮ ਰਿਹਾ। ਗ਼ੈਰ-ਭਾਜਪਾ ਸੂਬਿਆਂ ਵਿਚ ਰਾਜਪਾਲ ਮਾੜੀ-ਮੋਟੀ ਗੱਲ ਉਤੇ ਹੀ ਸਪੀਕਰ ਬਣ ਜਾਂਦੇ ਹਨ, ਪਰ ਹਰਿਆਣਾ ਦਾ ਰਾਜਪਾਲ ਖ਼ਾਮੋਸ਼ ਹੀ ਰਿਹਾ। ਸ਼ਾਇਦ ਉਹ ਵੀ ਭੈਅਭੀਤ ਹੋਵੇ ਅਤੇ ਉਸ ਦੀ ਜ਼ੁਬਾਨ ਵੀ ਠਾਕੀ ਗਈ ਹੋਵੇ ਤੇ ਦਿੱਲੀ ਵਿਚ ਆਰ.ਐੱਸ.ਐੱਸ. ਦੇ ਸਰਬਰਾਹ ਕੀ ਕਰ ਰਹੇ ਸਨ? ਕੋਈ ਹੋਰ ਦਿਨ ਜਾਂ ਮੌਕਾ ਹੁੰਦਾ, ਤਾਂ ਭਾਰਤ ਸਰਕਾਰ ਦੇ ਜੁਆਇੰਟ ਸਕੱਤਰ ਪੱਧਰ ਦੇ ਕਿਸੇ ਅਫ਼ਸਰ ਨੇ ਆਕਾਸ਼ਬਾਣੀ ਸ਼ੁਰੂ ਕਰ ਦੇਣੀ ਸੀ; ਪਰ, ਝੰਡਿਆਂ ਵਾਲੇ ਲੋਕ ਸਰਕਾਰੀ ਕੰਮ-ਵਿਹਾਰ ਉਤੇ ਵੀ ਕਾਠੀ ਪਾ ਚੁੱਕੇ ਸਨ।

ਹਰਿਆਣਾ ਵਿਚ ਜੋ ਕੁਝ ਵਾਪਰਿਆ, ਉਹ ਮੱਧਕਾਲੀ ਸਮਿਆਂ ਵਿਚ ਧਾੜਵੀਆਂ ਦੇ ਹਮਲਿਆਂ ਦੌਰਾਨ ਹੀ ਵਾਪਰ ਸਕਦਾ ਸੀ। ਰਾਏਸੀਨਾ ਹਿਲ ਵਿਚ ਇਕ ਹੋਰ ਸਵੈਮਸੇਵਕ ਦੇ ਦਫ਼ਤਰ ਤੋਂ ਸੌ ਕੁ ਮੀਲ ਦੂਰ ਕਿੰਨੀ ਜ਼ਿਆਦਾ ਤਬਾਹੀ ਹੋਈ! ਇਹ ਤਬਾਹੀ ਅਸਲ ਵਿਚ ਵਿਰਾਟ ਪੱਧਰ ਉਤੇ ਫੈਲਾਈ ਨਾਕਾਬਲੀਅਤ ਦੀ ਸਾਜ਼ਿਸ਼ ਸੀ।

# ਰਾਖਵਾਂਕਰਨ, ਜਾਟਾਂ ਦੀ ਖਾਪਵਾਦੀ ਹਿੰਸਾ ਤੇ ਹਾਕਮ ਜਮਾਤੀ ਸਿਆਸਤ

ਰਾਖਵੇਂਕਰਣ ਦੀ ਮੰਗ ਨੂੰ ਲੈ ਕੇ ਹਰਿਆਣੇ ਦੇ ਜਾਟ ਭਾਈਚਾਰੇ ਦੀ ਹਾਲੀਆ ਹਿੰਸਾ ਨਾਲ ਖੁੱਲ੍ਹੀ ਮੰਡੀ ਦਾ ਆਰਥਿਕ ਮਾਡਲ ਇਕ ਵਾਰ ਫਿਰ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। ਇਸ ਨੇ ਆਰਥਿਕਤਾ ਅਤੇ ਰਾਜਸੀ ਦਬਦਬੇ ਵਾਲੇ ਜਾਟਾਂ ਅੰਦਰ ਵਿਆਪਕ ਆਰਥਿਕ ਅਸੁਰੱਖਿਆ ਪੈਦਾ ਕਰ ਦਿੱਤੀ ਹੈ। ਹਰਿਆਣਾ ਵਿਚ ਜਾਟ ਭਾਈਚਾਰਾ ਨਾ ਸਿਰਫ਼ ਆਰਥਿਕਤਾ, ਸਮਾਜ ਤੇ ਸਿਆਸੀ-ਰਾਜਕੀ ਢਾਂਚੇ ਅੰਦਰ ਭਾਰੂ ਹੈ ਸਗੋਂ ਆਬਾਦੀ ਦਾ 29 ਫੀਸਦੀ ਹਿੱਸਾ ਹੋਣ ਕਰ ਕੇ ਵੋਟ ਸਮੀਕਰਨਾਂ ਅੰਦਰ ਵੀ ਵੱਡੀ ਅਹਿਮੀਅਤ

**ਬੂਟਾ ਸਿੰਘ**
ਫੋਨ: +91-94634-74342

ਰੱਖਦਾ ਹੈ। ਹੁਣ ਉਨ੍ਹਾਂ ਵਿਚ ਆਰਥਿਕ ਦੇ ਨਾਲ-ਨਾਲ ਸਿਆਸੀ ਅਸੁਰੱਖਿਆ ਦੀ ਭਾਵਨਾ ਵੀ ਜ਼ੋਰ ਫੜ ਚੁੱਕੀ ਹੈ ਕਿਉਂਕਿ ਖੱਟਰ ਸਰਕਾਰ ਵਿਚ ਸੈਣੀ ਤੇ ਹੋਰ ਭਾਈਚਾਰਿਆਂ ਦੀ ਪੁੱਗਤ ਬਣਨ ਨਾਲ ਸਟੇਟ ਦੇ ਆਰਥਿਕ ਵਸੀਲਿਆਂ ਦਾ ਫ਼ਾਇਦਾ ਉਠਾਉਣ ਦੀ ਉਨ੍ਹਾਂ ਦੀ ਰਵਾਇਤੀ ਜਕੜ ਤੇ ਪਕੜ ਕਮਜ਼ੋਰ ਹੋਈ ਹੈ। ਇਸ ਸਮਾਜੀ ਵਿਸਫੋਟ ਦੇ ਕੇਂਦਰ ਵਿਚ ਦਿਨੋ-ਦਿਨ ਵਧ ਰਹੀ ਵਿਕਰਾਲ ਰੂਪ ਅਖ਼ਤਿਆਰ ਕਰ ਰਹੀ ਬੇਕਾਰੀ ਦਾ ਵੱਡਾ ਮਸਲਾ ਹੈ ਜਿਸ ਨੂੰ ਉਹ ਓ.ਬੀ.ਸੀ. ਦਰਜਾ (ਹੋਰ ਪੱਛੜੀਆਂ ਸ਼੍ਰੇਣੀਆਂ ਦੀ ਤਰ੍ਹਾਂ ਕੇਂਦਰੀ ਨੌਕਰੀਆਂ ਵਿਚ 27 ਫ਼ੀਸਦੀ ਨੌਕਰੀ ਕੋਟਾ) ਹਾਸਲ ਕਰ ਕੇ ਹੱਲ ਕਰਨ ਦਾ ਭਰਮ ਪਾਲ ਰਹੇ ਹਨ।

ਜਾਟ ਭਾਈਚਾਰਾ ਉਨ੍ਹਾਂ ਸਮਾਜੀ ਸਮੂਹਾਂ ਵਿਚੋਂ ਇਕ ਹੈ ਜੋ ਗੁਜਰਾਤ ਦੇ ਪਟੇਲਾਂ ਵਾਂਗ ਰਾਖਵੇਂਕਰਨ ਦੀ ਬੁਨਿਆਦੀ ਧਾਰਨਾ ਦੇ ਹਮੇਸ਼ਾ ਘੋਰ ਵਿਰੋਧੀ ਹਨ ਅਤੇ ਆਰਥਿਕ ਆਧਾਰ 'ਤੇ ਰਾਖਵੇਂਕਰਨ ਦੀ ਮੰਗ ਕਰਦੇ ਆ ਰਹੇ ਹਨ। ਉਹ ਸਮਾਜੀ ਤੌਰ 'ਤੇ ਦੱਬੇ-ਕੁਚਲੇ ਲੋਕਾਂ ਲਈ ਰਾਖਵੇਂਕਰਨ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਰਾਖਵੇਂਕਰਨ ਦੇ ਦੋ ਪੂਰੀ ਤਰ੍ਹਾਂ ਵੱਖੋ-ਵੱਖਰੇ ਮਾਮਲਿਆਂ ਨੂੰ ਜਾਣ-ਬੁੱਝ ਕੇ ਰਲਗੱਡ ਕਰਦੇ ਹਨ। ਹੁਣ ਇਸ ਭਾਈਚਾਰੇ ਦਾ ਚੌਧਰੀ ਲਾਣਾ ਰਾਖਵੇਂਕਰਨ ਦੀ ਪ੍ਰਚਲਿਤ ਵਿਵਸਥਾ ਨੂੰ ਬਲੈਕਮੇਲ ਕਰ ਕੇ ਆਪਣੀ ਭਾਰੂ ਹੈਸੀਅਤ ਤੇ ਆਰਥਿਕ ਹਿੱਤ ਮਹਿਫੂਜ਼ ਕਰਨੇ ਚਾਹੁੰਦਾ ਹੈ ਅਤੇ ਇਸ ਲਈ ਆਮ ਜਾਟਾਂ ਵਿਚ ਆਰਥਿਕ ਸੰਕਟ ਕਾਰਨ ਫੈਲੀ ਵਿਆਪਕ ਬੇਚੈਨੀ ਨੂੰ ਬਾਖ਼ੂਬੀ ਇਸਤੇਮਾਲ ਕਰ ਰਿਹਾ ਹੈ। ਇਕ ਤਰ੍ਹਾਂ ਨਾਲ ਇਹ ਉਨ੍ਹਾਂ ਵਲੋਂ ਆਪਣੇ ਰਵਾਇਤੀ ਭਾਰੂ ਸਮਾਜੀ-ਸਿਆਸੀ ਰੁਤਬੇ ਨੂੰ ਮੁੜ-ਹਾਸਲ ਕਰਨ ਦਾ ਯਤਨ ਵੀ ਹੈ।

ਸੈਣੀ ਜਾਤੀ ਦੇ ਹਿੱਸਿਆਂ ਦੀ ਆਰਥਿਕ ਤਰੱਕੀ ਤੇ ਵਧ ਰਹੀ ਹੱਕ-ਜਤਾਈ ਅਤੇ ਜਾਟ ਦਬਦਬੇ ਵਾਲੇ ਰਵਾਇਤੀ ਰਾਜਸੀ ਸਿਲਸਿਲੇ ਤੋਂ ਹਟ ਕੇ ਗ਼ੈਰ-ਜਾਟ ਸਮੂਹਾਂ ਸੈਣੀ, ਬ੍ਰਾਹਮਣ, ਪੰਜਾਬੀ ਆਦਿ ਦੇ ਨਵੇਂ ਰਾਜਸੀ ਗੱਠਜੋੜ ਦਾ ਆਰ.ਐੱਸ.ਐੱਸ. ਦੀ ਖੱਟਰ ਸਰਕਾਰ ਦੇ ਰੂਪ ਵਿਚ ਸੱਤਾਧਾਰੀ ਹੋਣਾ ਉਨ੍ਹਾਂ ਦੀ ਅਸੁਰੱਖਿਆ ਦੀ ਭਾਵਨਾ ਨੂੰ ਹੋਰ ਵਧਾਉਣ ਦਾ ਸਬੱਬ ਬਣੇ ਹਨ। ਇਸ ਨੂੰ ਉਹ ਆਪਣੇ ਰਵਾਇਤੀ ਸਿਆਸੀ ਗ਼ਲਬੇ ਲਈ ਇਕ ਹੋਰ ਖ਼ਤਰਾ ਸਮਝਦੇ ਹਨ। ਉਨ੍ਹਾਂ ਵਲੋਂ ਰਾਖਵੇਂਕਰਨ ਦੇ ਮੁੱਦੇ ਨੂੰ ਇਸ ਕਦਰ ਹਿੰਸਕ ਹੋ ਕੇ ਉਠਾਉਣ ਨੇ ਉਨ੍ਹਾਂ ਦੀ ਰਾਜਸੀ ਸਿਲਸਿਲੇ ਤੋਂ ਭਾਰੀ ਨਾਰਾਜ਼ਗੀ ਨੂੰ ਸਾਹਮਣੇ ਲਿਆਂਦਾ ਹੈ।

ਇਹ ਚੇਤੇ ਰੱਖਣਾ ਹੋਵੇਗਾ ਕਿ ਜਦੋਂ ਸੈਣੀ ਭਾਈਚਾਰੇ ਵਲੋਂ ਭਾਰੂ ਜਾਟਾਂ ਦੀ ਰਾਖਵੇਂਕਰਨ ਦੀ ਮੰਗ ਦਾ ਜਥੇਬੰਦ ਵਿਰੋਧ ਕੀਤਾ ਗਿਆ, ਜੋ ਹਰ ਖੇਤਰ ਵਿਚ ਭਾਰੂ ਚਲੇ ਆ ਰਹੇ ਹਨ, ਤਾਂ ਇਹ ਰਾਖਵੇਂਕਰਨ ਦੇ ਸਹੀ ਹੱਕਦਾਰਾਂ ਦਾ ਆਪਣਾ ਹੱਕ ਖੁੱਸਣ ਦੇ ਡਰ 'ਚੋਂ ਜਾਇਜ਼ ਪ੍ਰਤੀਕਰਮ ਸੀ। ਇਸ ਦੇ ਜਵਾਬ ਵਿਚ ਜਾਟਾਂ ਦੀ ਹਿੰਸਾ ਸਮਾਜਿਕ ਤੌਰ 'ਤੇ ਪੱਛੜੇ ਵਰਗਾਂ ਦੀ ਹੱਕ-ਜਤਾਈ ਨੂੰ ਧੌਂਸ ਨਾਲ ਕੁਚਲਣ ਦੀ ਧੱਕੜ ਮਨਸ਼ਾ ਨਾਲ ਇਕ ਪਿਛਾਖੜੀ ਅੰਦੋਲਨ ਹੈ। 2013 ਵਿਚ ਵੀ ਜਾਟ ਭਾਈਚਾਰਾ ਮੁਜ਼ੱਫਰਨਗਰ ਤੇ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਦਾਬੇ ਦਾ ਸ਼ਿਕਾਰ ਜਾਤਾਂ ਦੇ ਮੁਸਲਿਮ ਦਸਤਕਾਰਾਂ ਤੇ ਵਗਾਰ ਕਰਨ ਵਾਲਿਆਂ ਦੀ ਹੱਕ-ਜਤਾਈ ਪ੍ਰਤੀ ਵੀ ਇਸੇ ਤਰ੍ਹਾਂ ਦੀ ਬੇਰਹਿਮੀ ਨਾਲ ਪੇਸ਼ ਆਇਆ ਸੀ।

1997 ਵਿਚ ਹਰਿਆਣਾ, ਯੂ.ਪੀ. ਅਤੇ ਮੱਧ ਪ੍ਰਦੇਸ਼ ਦੇ ਜਾਟਾਂ ਨੇ ਕੇਂਦਰੀ ਓ.ਬੀ.ਸੀ. ਸੂਚੀ ਵਿਚ ਸ਼ਾਮਲ ਕੀਤੇ ਜਾਣ ਦੀ ਮੰਗ ਕੀਤੀ ਸੀ। ਐੱਨ.ਸੀ.ਬੀ.ਸੀ. (ਪੱਛੜੀਆਂ ਸ਼੍ਰੇਣੀਆਂ ਲਈ ਕੌਮੀ ਕਮਿਸ਼ਨ) ਵਲੋਂ ਉਨ੍ਹਾਂ ਦੀ ਇਹ ਨਵਾਜਬ ਮੰਗ ਸਵੀਕਾਰ ਨਹੀਂ ਕੀਤੀ ਗਈ। ਫਿਰ, ਕਾਂਗਰਸ ਦੀ ਯੂ.ਪੀ.ਏ. ਸਰਕਾਰ ਵਲੋਂ 9 ਸੂਬਿਆਂ ਦੇ ਜਾਟਾਂ ਨੂੰ ਓ.ਬੀ.ਸੀ. ਸੂਚੀ ਵਿਚ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਗਿਆ ਜੋ ਸੁਪਰੀਮ ਕੋਰਟ ਨੇ ਮਾਰਚ 2015 ਵਿਚ ਰੱਦ ਕਰ ਦਿੱਤਾ। ਜਾਟ ਭਾਈਚਾਰੇ ਦੀ ਮੰਗ ਇਨ੍ਹਾਂ ਸ਼੍ਰੇਣੀਆਂ ਲਈ ਰਾਖਵੇਂਕਰਨ ਦੇ ਬੁਨਿਆਦੀ ਪੈਮਾਨੇ ਉਪਰ ਪੂਰਾ ਨਹੀਂ ਉਤਰਦੀ। ਇਸ ਦੇ ਬਾਵਜੂਦ ਦੋਵਾਂ ਹੁਕਮਰਾਨ ਪਾਰਟੀਆਂ, ਕਾਂਗਰਸ ਤੇ ਭਾਜਪਾ ਨੇ ਇਸ ਸਵਾਲ ਉਪਰ ਵੋਟ ਸਿਆਸਤ ਖੇਡਣੀ ਜਾਰੀ ਰੱਖੀ। 2014 'ਚ ਹੁੱਡਾ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਾਟ, ਜੱਟ-ਸਿੱਖ, ਰੋੜ, ਤਿਆਗੀ ਤੇ ਬਿਸ਼ਨੋਈ ਜਾਤਾਂ ਨੂੰ ਵਿਸ਼ੇਸ਼ ਪੱਛੜੀ ਸ਼੍ਰੇਣੀ ਦਾ ਕੋਟਾ ਦੇਣ ਨੂੰ ਮਨਜ਼ੂਰੀ ਦੇ ਦਿੱਤੀ। ਇਸ ਦੀ ਹਮਾਇਤ ਭਾਜਪਾ ਨੇ ਵੀ ਕੀਤੀ, ਪਰ ਸੁਪਰੀਮ ਕੋਰਟ ਤੇ ਐੱਨ.ਸੀ.ਬੀ.ਸੀ. ਨੇ ਹੁੱਡਾ ਸਰਕਾਰ ਦੀਆਂ ਇਹ ਸਿਫ਼ਾਰਸ਼ਾਂ ਨਹੀਂ ਮੰਨੀਆਂ।


***ਜਾਟ ਭਾਈਚਾਰਾ ਉਨ੍ਹਾਂ ਸਮਾਜੀ ਸਮੂਹਾਂ ਵਿਚੋਂ ਇਕ ਹੈ ਜੋ ਗੁਜਰਾਤ ਦੇ ਪਟੇਲਾਂ ਵਾਂਗ ਰਾਖਵੇਂਕਰਨ ਦੀ ਬੁਨਿਆਦੀ ਧਾਰਨਾ ਦੇ ਹਮੇਸ਼ਾ ਘੋਰ ਵਿਰੋਧੀ ਹਨ ਅਤੇ ਆਰਥਿਕ ਆਧਾਰ 'ਤੇ ਰਾਖਵੇਂਕਰਨ ਦੀ ਮੰਗ ਕਰਦੇ ਆ ਰਹੇ ਹਨ। ਉਹ ਸਮਾਜੀ ਤੌਰ 'ਤੇ ਦੱਬੇ-ਕੁਚਲੇ ਲੋਕਾਂ ਲਈ ਰਾਖਵੇਂਕਰਨ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਰਾਖਵੇਂਕਰਨ ਦੇ ਦੋ ਪੂਰੀ ਤਰ੍ਹਾਂ ਵੱਖੋ-ਵੱਖਰੇ ਮਾਮਲਿਆਂ ਨੂੰ ਜਾਣ-ਬੁੱਝ ਕੇ ਰਲਗੱਡ ਕਰਦੇ ਹਨ।***

ਨਿਸ਼ਚੇ ਹੀ ਹਾਕਮ ਜਮਾਤੀ ਵੋਟ ਸਿਆਸਤ ਜਾਟ ਸਮੂਹਾਂ ਨੂੰ ਇਸ ਮੰਗ ਦੀ ਪੂਰਤੀ ਖ਼ਾਤਰ ਅੰਦੋਲਨ ਲਈ ਉਕਸਾਉਣ ਦੀ ਜ਼ਿੰਮੇਦਾਰ ਹੈ। ਕਾਂਗਰਸ ਤੇ ਹਰਿਆਣੇ ਦੇ ਹੋਰ ਰਵਾਇਤੀ ਜਾਟ ਸਿਆਸਤਦਾਨਾਂ ਨੇ ਇਸ ਹਿੰਸਕ ਲਾਮਬੰਦੀ ਵਿਚ ਅਹਿਮ ਭੂਮਿਕਾ ਹੈ ਜੋ ਇਸ ਮੁੱਦੇ ਦੇ ਬਹਾਨੇ ਭਾਜਪਾ ਨੂੰ ਘੇਰਨਾ ਚਾਹੁੰਦੇ ਸਨ। 90 ਖਾਪ ਪੰਚਾਇਤਾਂ ਦੀ ਅਗਵਾਈ ਹੇਠ ਪੂਰੇ ਨੌਂ ਦਿਨ ਹਰਿਆਣੇ ਦੇ ਦਸ ਜ਼ਿਲ੍ਹਿਆਂ ਵਿਚ ਜਾਟ ਹਜੂਮਾਂ ਨੇ ਸੜਕੀ ਤੇ ਰੇਲ ਆਵਾਜਾਈ ਠੱਪ ਕਰ ਕੇ ਹਿੰਸਕ ਹਮਲਿਆਂ ਤੇ ਭਾਰੀ ਸਾੜ-ਫੂਕ ਨੂੰ ਅੰਜਾਮ ਦਿੱਤਾ। ਇਸ ਦੌਰਾਨ ਦਿੱਲੀ ਦੇ ਐਨ ਨੱਕ ਹੇਠ ਮੂਰਥਲ ਇਲਾਕੇ ਵਿਚ ਔਰਤਾਂ ਨਾਲ ਸਮੂਹਿਕ ਜਬਰ-ਜਨਾਹ ਵੀ ਕੀਤੇ ਗਏ ਜੋ ਦਿੱਲੀ ਵਿਚ ਸਿੱਖ ਵਿਰੋਧੀ ਕਤਲੇਆਮ ਅਤੇ ਗੁਜਰਾਤ ਵਿਚ ਮੁਸਲਿਮ ਵਿਰੋਧੀ ਕਤਲੇਆਮ ਵਾਲੀ ਦਰਿੰਦਗੀ ਨਾਲ ਮਿਲਦੇ-ਜੁਲਦੇ ਹਨ। ਹਰਿਆਣੇ ਦੀਆਂ ਖਾਪ ਪੰਚਾਇਤਾਂ ਦੀ ਸਮੂਹਕ ਰਜ਼ਾਮੰਦੀ ਨਾਲ ਇਸ ਬੇਲਗਾਮ ਵਹਿਸ਼ਤ ਵਿਚ ਭਾਜਪਾ ਲੀਡਰਸ਼ਿਪ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ, ਸ਼ਾਤਰ ਰਵੱਈਏ ਅਤੇ ਜਾਟ ਬਹੁ-ਗਿਣਤੀ ਵਾਲੀ ਪੁਲਿਸ-ਪ੍ਰਸ਼ਾਸਨਿਕ ਮਸ਼ੀਨਰੀ ਨੇ ਮੂਕ ਦਰਸ਼ਕ ਬਣ ਕੇ ਪੂਰਾ ਹੱਥ ਵਟਾਇਆ। ਹੁਣ ਭਾਜਪਾ ਨੇ ਅਗਲੇ ਵਿਧਾਨ ਸਭਾ ਸੈਸ਼ਨ ਵਿਚ ਇਹ ਕੋਟਾ ਮੁਹੱਈਆ ਕਰਦਾ ਵਿਸ਼ੇਸ਼ ਬੀ.ਸੀ. ਕੋਟਾ ਬਿਲ ਵਿਧਾਨ ਸਭਾ ਵਿਚ ਪੇਸ਼ ਕਰਨ ਦਾ ਭਰੋਸਾ ਜਾਟ ਸੰਘਰਸ਼ ਸਮਿਤੀ ਨੂੰ ਦਿਵਾਇਆ ਹੈ। ਇਸ ਨਾਲ ਅੰਦੋਲਨ ਵਾਪਸ ਲੈ ਲਿਆ ਗਿਆ ਹੈ। ਕੇਂਦਰੀ ਮੰਤਰੀ ਵੈਂਕੱਈਆ ਨਾਇਡੂ ਦੀ ਅਗਵਾਈ ਵਿਚ ਬਣਾਈ ਵਿਸ਼ੇਸ਼ ਕਮੇਟੀ ਇਸ ਬਿਲ ਦੇ ਰਾਹ ਵਿਚ ਆਉਂਦੇ ਕਾਨੂੰਨੀ ਅੜਿੱਕਿਆਂ ਦਾ ਹੱਲ ਪੇਸ਼ ਕਰੇਗੀ।

ਇਸ ਖ਼ਤਰਨਾਕ ਚਾਲ ਰਾਹੀਂ ਭਾਜਪਾ ਰਾਖਵੇਂਕਰਨ ਨੂੰ ਖ਼ਤਮ ਕਰਨ ਦੇ ਆਪਣੇ ਚਿਰਕਾਲੀ ਮਨਸੂਬੇ ਨੂੰ ਪੂਰਾ ਕਰਨਾ ਚਾਹੇਗੀ, ਕਿਉਂਕਿ ਜਾਟਾਂ ਵਰਗੀਆਂ ਸਮਾਜੀ ਤੌਰ 'ਤੇ ਭਾਰੂ ਜਾਤਾਂ ਨੂੰ ਰਾਖਵਾਂਕਰਨ ਦਿੱਤੇ ਜਾਣ ਨਾਲ ਦੱਬੀ-ਕੁਚਲੇ ਅਤੇ ਹਜ਼ਾਰਾਂ ਸਾਲਾਂ ਤੋਂ ਹਾਸ਼ੀਏ 'ਤੇ ਧੱਕੇ ਸਮਾਜੀ ਸਮੂਹਾਂ ਲਈ ਰਾਖਵੇਂਕਰਨ ਦਾ ਮੂਲ ਸੰਵਿਧਾਨਕ ਆਧਾਰ ਹੀ ਪੇਤਲਾ ਪੈ ਜਾਂਦਾ ਹੈ। ਰਾਖਵੇਂਕਰਨ ਦੀ ਇਹ ਵਿਵਸਥਾ, ਜਿਸ ਨੂੰ ਸਮਾਜੀ ਤੌਰ 'ਤੇ ਭਾਰੂ ਜਾਤਾਂ ਦੇ ਜਾਤਵਾਦੀ ਅਨਸਰਾਂ ਵਲੋਂ ਮੈਰਿਟ ਆਧਾਰਿਤ ਯੋਗਤਾ ਵਾਲਿਆਂ ਨਾਲ ਬਹੁਤ ਵੱਡਾ ਧੱਕਾ ਦੱਸਿਆ ਜਾਂਦਾ ਹੈ ਅਤੇ ਇਉਂ ਕਰਦੇ ਹੋਏ ਰੋਜ਼ਗਾਰ ਦੇ ਅੰਕੜਿਆਂ ਅਤੇ ਤੱਥਾਂ ਨੂੰ ਬਹੁਤ ਹੀ ਚਲਾਕੀ ਨਾਲ ਆਪਣੇ ਸਵਾਰਥ ਅਨੁਸਾਰ ਪੂਰੀ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ, ਨਵੀਆਂ ਆਰਥਿਕ ਨੀਤੀਆਂ ਜ਼ਰੀਏ ਸਰਕਾਰੀ ਨੌਕਰੀਆਂ ਥੋਕ ਰੂਪ 'ਚ ਖ਼ਤਮ ਕੀਤੇ ਜਾਣ ਦੇ ਅਮਲ ਨਾਲ ਪਹਿਲਾਂ ਹੀ ਖ਼ਤਰੇ ਮੂੰਹ ਆਈ ਹੋਈ ਹੈ। ਜਾਟ ਹਜੂਮਾਂ ਵਲੋਂ ਕੀਤੀ ਘਿਨਾਉਣੀ ਹਿੰਸਾ ਅਤੇ ਭਾਜਪਾ ਸਰਕਾਰ ਦੀ ਘਿਨਾਉਣੀ ਭੂਮਿਕਾ ਦੀ ਨਿਖੇਧੀ ਕਰਨ ਦੇ ਨਾਲ-ਨਾਲ ਦਲਿਤ ਤੇ ਹੋਰ ਪੱਛੜੇ ਹਿੱਸਿਆਂ ਵਿਰੋਧੀ, ਇਸ ਖ਼ਤਰਨਾਕ ਸਾਜ਼ਿਸ਼ ਨੂੰ ਸਮਝਣ ਦੀ ਜ਼ਰੂਰਤ ਹੈ।

# ਮਿਲੋ ਜੀ 'ਗਪੌੜ ਸੰਖ' ਨੂੰ...

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਇਹ ਤਾਂ ਚਲੋ ਮੰਨਿਆ ਕਿ ਰੋਟੀ-ਰਾਟੀ ਜਾਂ ਚਾਹ-ਚੂਹ ਵਾਂਗ 'ਗੱਪ' ਦੇ ਨਾਲ ਨਿਰਾਰਥਕ ਸ਼ਬਦ 'ਸ਼ੱਪ' ਜੋੜ ਕੇ 'ਗੱਪ-ਸ਼ੱਪ' ਬਣ ਗਿਆ ਹੋਵੇਗਾ, ਪਰ ਗੱਪ ਤੋਂ ਗਪੌੜ ਬਣੇ ਸ਼ਬਦ ਨਾਲ ਮੰਦਰਾਂ ਵਿਚ ਪੂਜਾ-ਅਰਚਨਾ ਮੌਕੇ ਵਰਤਿਆ ਜਾਂਦਾ 'ਸੰਖ' ਕਿਵੇਂ ਆਣ ਜੁੜਿਆ? ਕਿਥੇ ਝੂਠ-ਤੂਫਾਨ ਦਾ ਦੂਜਾ ਰੂਪ ਗਪੌੜ ਅਤੇ ਕਿਥੇ ਦੁਨੀਆਦਾਰੀ ਦੇ ਝਮੇਲਿਆਂ ਵਿਚ ਫਸੀ ਲੋਕਾਈ ਨੂੰ ਰੱਬ ਚੇਤੇ ਕਰਵਾਉਣ ਵਾਲਾ ਸੰਖ! ਹੈ ਨਾ ਅਚੰਭੇ ਵਾਲੀ ਗੱਲ? ਇਹ ਵੀ ਦਿਲਚਸਪ ਪਹਿਲੂ ਹੈ ਕਿ ਗਲੀਆਂ-ਮੁਹੱਲਿਆਂ ਤੇ ਪਿੰਡਾਂ-ਸ਼ਹਿਰਾਂ ਵਿਚ, ਹਰ ਥਾਂ ਕੋਈ ਨਾ ਕੋਈ 'ਗਪੌੜ ਸੰਖ' ਜ਼ਰੂਰ ਹੁੰਦਾ ਹੈ। ਹਰ ਕਿਸੇ ਦੇ ਅੰਗਾਂ-ਸਾਕਾਂ ਵਿਚ ਕੋਈ ਗਪੌੜ ਸੰਖ ਨਾ ਵੀ ਸਹੀ, ਤਾਂ ਇਸ ਦਾ ਛੋਟਾ-ਵੱਡਾ ਭਾਈ ਜ਼ਰੂਰ ਹੁੰਦਾ ਹੈ। ਇਹ ਵੀ ਸੱਚ ਹੈ ਕਿ ਜੇ ਕਿਸੇ ਨੇ ਗਪੌੜ ਸੰਖ ਦੇ ਪ੍ਰਤੱਖ ਦਰਸ਼ਨ ਕਰਨੇ ਹੋਣ ਤਾਂ ਆਪਣੇ 'ਭਾਰਤ ਮਹਾਨ' ਦੇ ਕਿਸੇ ਕੋਨੇ ਵਿਚ ਹੋ ਰਹੀਆਂ ਚੋਣਾਂ ਮੌਕੇ ਉਥੇ ਚਲੇ ਜਾਣਾ ਚਾਹੀਦਾ ਹੈ। ਖੈਰ! ਹੁਣ ਆਪਾਂ ਵਿਸ਼ੇ ਵੱਲ ਮੁੜੀਏ। ਦੇਖੀਏ ਕਿ ਧਰਮ ਸਥਾਨਾਂ ਦੀ ਸ਼ੋਭਾ ਵਧਾਉਣ ਵਾਲਾ ਸੰਖ, ਗਪੌੜ ਨਾਲ ਕਿਵੇਂ ਨਰੜਿਆ ਗਿਆ!

ਜਿਵੇਂ ਹਰ ਕਹਾਵਤ ਪਿੱਛੇ ਕੋਈ ਨਾ ਕੋਈ ਇਤਿਹਾਸਕ-ਮਿਥਿਹਾਸਕ ਘਟਨਾ ਜਾਂ ਕਹਾਣੀ ਜੁੜੀ ਹੁੰਦੀ ਹੈ, ਇਵੇਂ ਹੀ ਇਸ ਅਨੋਖੇ ਸ਼ਬਦ ਜੋੜ ਪਿੱਛੇ ਵੀ ਕਲਪਿਤ ਕਹਾਣੀ ਜੁੜੀ ਹੋਈ ਹੈ:

ਪੁਰਾਣੇ ਸਮਿਆਂ ਦੀ ਗੱਲ ਹੈ, ਜਦੋਂ ਅਜੇ ਆਵਾਜਾਈ ਦੇ ਸਾਧਨ ਵਿਕਸਤ ਨਹੀਂ ਸਨ ਹੋਏ ਅਤੇ ਸਫਰ ਆਮ ਤੌਰ 'ਤੇ ਪੈਦਲ ਹੀ ਹੁੰਦਾ ਸੀ। ਕਿਸੇ ਗਰੀਬ ਬ੍ਰਾਹਮਣ ਪੁਜਾਰੀ ਦੀ ਮੌਤ ਤੋਂ ਬਾਅਦ ਉਸ ਦਾ ਇਕ ਲੜਕਾ ਵੈਰਾਗ ਵਿਚ ਆ ਕੇ ਘਰੋਂ ਨਿਕਲ ਤੁਰਿਆ। ਕਿਸੇ ਦੂਰ-ਦਰਾਜ ਇਲਾਕੇ ਵਿਚ ਇਕ ਮੰਦਰ ਵਿਚ ਜਾ ਕੇ ਸ਼ਿਵ ਭਗਵਾਨ ਦੀ ਅਰਾਧਨਾ ਕਰਨ ਲੱਗਾ। ਇਕ ਦਿਨ ਭੋਲੇ ਨਾਥ ਜੀ ਆਣ ਪ੍ਰਗਟ ਹੋਏ। ਪ੍ਰਸੰਨ ਹੋ ਕੇ ਲੜਕੇ ਨੂੰ ਕਹਿਣ ਲੱਗੇ ਕਿ ਬੱਚਾ, ਤੇਰੀ ਭਗਤੀ ਪੂਰੀ ਹੋ ਗਈ ਹੈ, ਮੈਥੋਂ ਮੰਗ ਜੋ ਕੁਝ ਮੰਗਣਾ?

ਨਤਮਸਤਕ ਹੋ ਕੇ ਬੜੀ ਨਿਮਰਤਾ ਨਾਲ ਮੁੰਡਾ ਬੋਲਿਆ, "ਹੇ ਭਗਵਾਨ! ਘਰ ਵਿਚ ਬੜੀ ਗਰੀਬੀ ਹੈ, ਕ੍ਰਿਪਾ ਕਰ ਕੇ ਕੋਈ ਐਸੀ ਕਰਾਮਾਤੀ ਵਸਤੂ ਬਖਸ਼ ਦਿਓ ਜੋ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਕਰੇ। ਇਹੋ ਇਕ ਮੰਗ ਪੂਰੀ ਕਰ ਦਿਓ।"

'ਤਥਾ-ਅਸਤੂ' ਕਹਿ ਕੇ ਭੋਲੇ ਨਾਥ ਨੇ ਉਸੇ ਵੇਲੇ ਆਪਣੀ ਝੋਲੀ ਵਿਚੋਂ ਸੰਖ ਕੱਢਿਆ ਤੇ ਮੁੰਡੇ ਨੂੰ ਫੜਾ ਦਿੱਤਾ। ਨਾਲੇ ਵਰ ਦਿੱਤਾ, ਪੁੱਤਰਾ! ਇਹ ਕੋਈ ਆਮ ਨਹੀਂ, ਕਰਾਮਾਤੀ ਸੰਖ ਹੈ। ਜਿਹੜੀ ਵੀ ਚੀਜ਼ ਤੂੰ ਇਸ ਕੋਲੋਂ ਮੰਗੇਂਗਾ, ਤਤਕਾਲ ਪ੍ਰਾਪਤ ਹੋਵੇਗੀ। ਜਾਹ ਤੂੰ ਹੁਣ ਆਪਣੇ ਘਰ ਚਲਾ ਜਾ!


ਅਨੋਖਾ ਸੰਖ ਲੈ ਕੇ ਮੁੰਡਾ ਖੁਸ਼ੀ-ਖੁਸ਼ੀ ਆਪਣੇ ਨਗਰ ਨੂੰ ਵਾਪਸ ਚਲਾ ਗਿਆ। ਪੈਦਲ ਆਉਂਦੇ ਨੂੰ ਰਾਹ ਵਿਚ ਦਿਨ ਛਿਪ ਗਿਆ। ਉਸ ਨੇ ਲਾਗਲੇ ਪਿੰਡ ਰਾਤ ਕੱਟਣ ਦੀ ਸੋਚੀ। ਪਿੰਡ ਦੇ ਬਾਹਰਵਾਰ ਉਸ ਇਕ ਬੂਹਾ ਜਾ ਖੜਕਾਇਆ। ਇਕ ਗਰੀਬਣੀ ਜਿਹੀ ਮਾਈ ਨੇ ਦਰਵਾਜ਼ਾ ਖੋਲ੍ਹਿਆ ਤਾਂ ਇਸ ਨੇ ਰਾਤ ਰਹਿਣ ਬਾਰੇ ਪੁੱਛਿਆ। ਅੱਗਿਓਂ ਬੁਢੜੀ ਮਾਈ ਕਹਿੰਦੀ, ਪੁੱਤਰਾ, ਤੂੰ ਰਾਤ ਤਾਂ ਜੀ ਸਦਕੇ ਰਹਿ, ਪਰ ਮੈਂ ਇੰਨੀ ਗਰੀਬਣੀ ਹਾਂ ਕਿ ਤੈਨੂੰ ਖਾਣ ਨੂੰ ਦੇਣ ਲਈ ਕੁਝ ਨਹੀਂ।

ਮਾਤਾ ਦੀ ਗੱਲ ਸੁਣ ਕੇ ਮੁੰਡੇ ਨੂੰ ਆਪਣੇ ਸੰਖ ਦਾ ਚੇਤਾ ਆ ਗਿਆ। ਮਾਤਾ ਨੂੰ ਕਹਿੰਦਾ, ਬੀਬੀ, ਤੂੰ ਇਸ ਗੱਲ ਦਾ ਫਿਕਰ ਨਾ ਕਰ। ਮੇਰੇ ਕੋਲ ਐਸੀ ਚੀਜ਼ ਹੈ ਜੋ ਸਭ ਕੁਝ ਦੇਊ। ਦੱਸ ਤੈਨੂੰ ਕਿੰਨਾ ਆਟਾ-ਦਾਣਾ, ਦਾਲ ਵਗੈਰਾ ਹੋਰ ਕੀ ਕੁਝ ਚਾਹੀਦਾ ਹੈ। ਹੁਣੇ ਦੱਸ, ਹਾਜ਼ਰ ਹੋਵੇਗਾ।

ਮਾਈ ਬੜੀ ਹੈਰਾਨ ਹੋਈ। ਉਹ ਮੁੰਡੇ ਨੂੰ ਜੋ-ਜੋ ਕਹੀ ਗਈ, ਮੁੰਡਾ ਅੱਗੇ ਸੰਖ ਨੂੰ ਦੱਸੀ ਗਿਆ। ਸਾਰੇ ਸਾਮਾਨ ਦੀਆਂ ਢੇਰੀਆਂ ਲਗਦੀਆਂ ਗਈਆਂ। ਆਟਾ, ਗੁੜ, ਸ਼ੱਕਰ, ਘਿਉ, ਦਾਲਾਂ, ਲੂਣ-ਮਸਾਲਾ ਆਦਿ ਸਭ ਕੁਝ ਸਾਹਮਣੇ ਪਿਆ ਦੇਖ ਕੇ ਮਾਤਾ ਦੀਆਂ ਤਾਂ ਵਾਛਾਂ ਖਿੜ ਗਈਆਂ। ਉਸ ਨੇ ਚਾਈਂ-ਚਾਈਂ ਮੁੰਡੇ ਨੂੰ ਪ੍ਰਸ਼ਾਦਾ ਛਕਾਇਆ ਤੇ ਬਿਸਤਰਾ ਕਰ ਦਿੱਤਾ। ਮੁੰਡੇ ਨੇ ਕੱਪੜੇ ਵਿਚ ਕਰਾਮਾਤੀ ਸੰਖ ਲਪੇਟ ਕੇ ਪੜਛੱਤੀ 'ਤੇ ਰੱਖ ਦਿੱਤਾ ਅਤੇ ਆਪ ਘੂਕ ਸੌਂ ਗਿਆ।

ਉਸ ਦੇ ਲਾਗੇ ਪਈ ਮਾਈ ਨਾ ਸੁੱਤੀ। ਉਸ ਦੇ ਦਿਲ 'ਚ ਲਾਲਚ ਆ ਗਿਆ, ਪੋਲੇ ਪੈਰੀਂ ਉਠੀ ਤੇ ਪਿੰਡ ਵਿਚਲੇ ਮੰਦਰ ਵਿਚੋਂ ਸੰਖ ਚੁੱਕ ਲਿਆਈ। ਘਰੇ ਆ ਕੇ ਉਸ ਨੇ ਮੁੰਡੇ ਦਾ ਕਰਾਮਾਤੀ ਸੰਖ ਝੋਲੇ ਵਿਚੋਂ ਕੱਢ ਕੇ ਆਪਣੀ ਕੋਠੜੀ ਵਿਚ ਰੱਖ ਦਿੱਤਾ ਤੇ ਉਹਦੀ ਥਾਂ ਮੰਦਰ ਤੋਂ ਲਿਆਂਦਾ ਸੰਖ ਰੱਖ ਦਿੱਤਾ। ਸੁਵਖਤੇ ਮੁੰਡਾ ਉਠਿਆ ਤੇ ਮਾਈ ਦਾ ਸ਼ੁਕਰੀਆ ਕਰ ਕੇ ਪਿੰਡ ਨੂੰ ਤੁਰ ਪਿਆ।

ਕਈ ਚਿਰਾਂ ਬਾਅਦ ਘਰੇ ਆਏ ਮੁੰਡੇ ਨੂੰ



ਦੇਖ ਕੇ ਸਾਰਾ ਟੱਬਰ ਬਹੁਤ ਖੁਸ਼ ਹੋਇਆ। ਜਦ ਉਸ ਨੇ ਆਪਣੀ ਗਰੀਬ ਮਾਂ ਨੂੰ ਸ਼ਿਵ ਭਗਵਾਨ ਵੱਲੋਂ ਮਿਲੇ ਕਰਾਮਾਤੀ ਸੰਖ ਬਾਰੇ ਦੱਸਿਆ ਤਾਂ ਉਹ ਫੁੱਲੀ ਨਾ ਸਮਾਵੇ। ਮੁੰਡੇ ਨੇ ਹੁੱਬ-ਹੁੱਬ ਕੇ ਇਹ ਵੀ ਦੱਸਿਆ ਕਿ ਰਾਹ ਵਿਚ ਉਹ ਤਜਰਬਾ ਕਰ ਚੁੱਕਾ ਹੈ ਤੇ ਇਸ ਸੰਖ ਨੇ ਇਕ ਗਰੀਬਣੀ ਮਾਤਾ ਦੇ ਘਰ ਰਾਸ਼ਣ ਪਾਣੀ ਦੀਆਂ ਲਹਿਰਾਂ-ਬਹਿਰਾਂ ਲਾ ਦਿੱਤੀਆਂ ਸਨ।

ਹੁਣ ਉਹ ਮੁੰਡਾ ਆਪਣੇ ਘਰ ਦੀ ਗਰੀਬੀ ਦੂਰ ਕਰਾਉਣ ਲਈ ਕਾਹਲਾ ਪੈਣ ਲੱਗਾ। ਖੁਸ਼ੀ-ਖੁਸ਼ੀ ਉਸ ਨੇ ਚਾਦਰ ਵਿਛਾਈ ਤੇ ਸੰਖ ਦੀ ਪੂਜਾ ਅਰਾਧਨਾ ਕਰ ਕੇ, ਉਸ ਤੋਂ ਸਾਮਾਨ ਮੰਗਣਾ ਸ਼ੁਰੂ ਕੀਤਾ। ਪਰ ਇਹ ਕੀ? ਸੰਖ ਤਾਂ ਕੁਝ ਵੀ ਨਹੀਂ ਸੀ ਦੇ ਰਿਹਾ? ਹੈਰਾਨ ਪਰੇਸ਼ਾਨ ਹੋਇਆ ਮੁੰਡਾ ਸੋਚਣ ਲੱਗਾ ਕਿ ਰਸਤੇ ਵਿਚ ਤਾਂ ਇਸ ਨੇ ਪਲਾਂ ਵਿਚ ਭੰਡਾਰ ਲਾ ਦਿੱਤੇ ਸਨ, ਪਰ ਹੁਣ ਚੂੰ ਨਾ ਚਾਂ!! ਨਿਰਾਸ਼ ਹੋਏ ਮੁੰਡੇ ਨੇ ਸੋਚਿਆ ਕਿ ਰਾਹ ਵਿਚ ਮੇਰੇ ਕੋਲੋਂ ਕੋਈ ਧਾਰਮਿਕ ਅਵੱਗਿਆ ਹੋ ਗਈ ਹੋਊ ਜਿਸ ਕਰ ਕੇ ਸੰਖ 'ਰੁੱਸ' ਗਿਆ!

ਸੋ, ਆਪਣੀ ਮਾਂ ਨਾਲ ਸੋਚ ਵਿਚਾਰ ਕਰ ਕੇ ਮੁੰਡਾ ਫਿਰ ਉਸੇ ਸਥਾਨ ਵੱਲ ਤੁਰ ਪਿਆ, ਜਿਥੇ ਸ਼ਿਵ ਭੋਲੇ ਨੇ ਪ੍ਰਗਟ ਹੋ ਕੇ ਕਰਾਮਾਤੀ ਸੰਖ ਬਖਸ਼ਿਆ ਸੀ। ਉਥੇ ਪਹੁੰਚ ਫਿਰ ਸਮਾਧੀ-ਲੀਨ ਹੋ ਗਿਆ। ਐਤਕੀਂ ਭੋਲੇ ਨਾਥ ਨੇ ਜਲਦੀ ਦਰਸ਼ਨ ਦੇ ਦਿੱਤੇ। ਬਿਨਾਂ ਕੁਝ ਪੁੱਛੇ ਦੱਸੇ, ਉਨ੍ਹਾਂ ਨੇ ਪਹਿਲੇ ਸੰਖ ਨਾਲੋਂ ਜ਼ਿਆਦਾ ਦੁੱਧ-ਚਿੱਟੇ ਤੇ ਵੱਡੇ ਆਕਾਰ ਦਾ ਸੰਖ ਮੁੰਡੇ ਨੂੰ ਸੌਂਪ ਦਿੱਤਾ। ਨਾਲੇ ਪ੍ਰਵਚਨ ਕੀਤੇ ਕਿ ਭਗਤਾ ਨਿਰਾਸ਼ ਨਾ ਹੋ! ਅਸੀਂ ਤੈਨੂੰ ਪਹਿਲੇ ਸੰਖ ਨਾਲੋਂ ਵੀ ਕਿਤੇ ਵੱਧ ਤਾਕਤਵਰ ਸੰਖ ਦੇ ਦਿੱਤਾ ਹੈ। ਪਹਿਲਾ ਸੰਖ ਤਾਂ ਉਤਨੀ ਵਸਤੂ ਹੀ ਦਿੰਦਾ ਸੀ ਜਿੰਨੀ ਮੰਗੀ ਹੁੰਦੀ ਸੀ, ਪਰ ਇਸ ਸੰਖ ਕੋਲੋਂ ਜੇ ਤੂੰ ਸੇਰ ਚੀਜ਼ ਮੰਗੇਗਾ ਤਾਂ ਇਹ ਦੋ ਸੇਰ ਦੇਵੇਗਾ। ਦੋ ਮੰਗੇਗਾ ਚਾਰ, ਜੇ ਚਾਰ ਮੰਗੇ ਤਾਂ ਅੱਠ! ਪਰ ਇਕ ਸ਼ਰਤ ਹੈ। ਮੁੰਡੇ ਨੇ ਹੱਥ ਜੋੜਦਿਆਂ ਸ਼ਰਤ ਪੁੱਛੀ। ਭਗਵਾਨ ਜੀ ਕਹਿੰਦੇ ਕਿ ਵਾਪਸੀ ਮੌਕੇ ਰਾਹ ਵਿਚ ਉਸੇ ਮਾਤਾ ਦੇ ਘਰੇ ਰਹੀਂ। ਇਹ 'ਬਚਨ' ਕਰ ਕੇ ਸ਼ਿਵ ਲੋਪ ਹੋ ਗਏ ਤੇ ਮੁੰਡੇ ਨੇ ਪਿਛਾਂਹ ਨੂੰ ਚਾਲੇ ਪਾ ਦਿੱਤੇ।

ਸ਼ਰਤ ਮੁਤਾਬਕ ਮੁੰਡਾ ਉਸੇ ਮਾਈ ਦੇ ਘਰ ਅੱਗੇ ਪਹੁੰਚ ਗਿਆ। ਬੁਢੜੀ ਨੇ ਜਦੋਂ ਦੇਖਿਆ ਕਿ ਇਹ ਤਾਂ ਉਹੀ ਮੁੰਡਾ ਆ ਗਿਆ ਹੈ, ਸੰਖ ਵਾਲਾ। ਮਾਈ ਠਠੰਬਰ ਗਈ ਕਿ ਇਹ ਆਪਣਾ ਸੰਖ ਵਾਪਸ ਲੈਣ ਆਇਆ ਹੋਵੇਗਾ, ਪਰ ਉਦੋਂ ਮਾਤਾ ਦਾ ਸਾਰਾ ਡਰ ਲੱਥ ਗਿਆ ਜਦੋਂ ਭੋਲੇ ਭਾਅ ਮੁੰਡੇ ਨੇ ਦੱਸਣਾ ਸ਼ੁਰੂ ਕਰ ਦਿੱਤਾ, "ਮਾਤਾ ਜੀ ਤੁਹਾਡੇ ਕੋਲੋਂ ਜਾਂਦਿਆਂ ਮੈਥੋਂ ਕੋਈ ਐਸੀ ਅਵੱਗਿਆ ਹੋ ਗਈ ਹੋਣੀ ਹੈ ਕਿ ਘਰੇ ਜਾ ਕੇ ਸੰਖ ਮੁਰਾਦਾਂ ਪੂਰੀਆਂ ਕਰਨੋਂ ਹਟ ਗਿਆ।"

ਨਾਲੇ ਮੁੰਡੇ ਨੇ ਸ਼ਿਵ ਭਗਵਾਨ ਪਾਸੋਂ ਮਿਲੇ 'ਡਬਲ ਚੀਜ਼ਾਂ' ਦੇਣ ਵਾਲੇ ਨਵੇਂ ਸੰਖ ਬਾਰੇ ਹੁੱਬ-ਹੁੱਬ ਦੱਸਿਆ। ਨਵਾਂ ਲਿਸ਼ਕਦਾ ਵੱਡਾ ਸੰਖ ਦੇਖ ਕੇ ਮਾਤਾ ਖਿਸਿਆਨੀ ਹਾਸੀ ਹੱਸੀ। ਇਸ ਸੰਖ ਦੀ ਸ਼ੋਭਾ ਸੁਣ ਕੇ ਮਾਈ ਦਾ ਦਿਲ ਬੇਈਮਾਨ ਹੋ ਗਿਆ। ਦਿਲ ਹੀ ਦਿਲ ਕੁਝ ਸੋਚ ਕੇ ਮੁੰਡੇ ਨੂੰ ਕਹਿਣ ਲੱਗੀ, "ਵੇ ਪੁੱਤ, ਮੇਰੇ ਕੋਲ ਤਾਂ ਰਾਸ਼ਣ ਪਾਣੀ ਉਦੋਂ ਦਾ ਹੀ ਵਾਧੂ ਪਿਆ ਹੈ, ਜਦ ਤੂੰ ਪਹਿਲੋਂ ਆਇਆ ਸੈਂ। ਹੁਣ ਹੋਰ ਕਾਹਨੂੰ ਲੋਭ ਕਰਨੈਂ ਮੈਂ। ਬੱਸ ਤੂੰ ਰੋਟੀ-ਪਾਣੀ ਛਕ ਤੇ ਅਰਾਮ ਕਰ, ਥੱਕਿਆ ਹੋਵੇਂਗਾ।"

ਪ੍ਰਸ਼ਾਦਾ ਛਕ ਕੇ ਮੁੰਡਾ ਸੌਂ ਗਿਆ। ਚਲਾਕ ਬੁੜ੍ਹੀ ਨੇ ਆਪਣੇ ਕੋਲ ਪਿਆ ਕਰਾਮਾਤੀ ਸੰਖ, ਦੁੱਗਣੀਆਂ ਚੀਜ਼ਾਂ ਦੇਣ ਵਾਲੇ ਸੰਖ ਨਾਲ ਵਟਾ ਲਿਆ। ਅੰਮ੍ਰਿਤ ਵੇਲੇ ਮੁੰਡਾ ਉਠਿਆ ਤੇ ਸੰਖ ਚੁੱਕ ਕੇ ਰਾਹੇ ਪੈ ਗਿਆ। ਮੁੰਡੇ ਦੇ ਜਾਣ ਬਾਅਦ ਜਲਦੀ ਹੀ ਲਾਲਚੀ ਮਾਈ ਨੇ ਖੁਸ਼ੀ ਵਿਚ ਖੀਵੀ ਹੁੰਦਿਆਂ ਨਵਾਂ ਸੰਖ ਚੁੱਕਿਆ, ਧੂਫ ਬੱਤੀ ਕੀਤੀ ਤੇ ਭੋਲੇ ਭੰਡਾਰੀ ਦੀ ਜੈ ਜੈ ਕਾਰ ਕਰਦੀ ਬਹਿ ਗਈ। ਉਹਦੇ ਮੂਹਰੇ ਹੱਥ ਜੋੜ ਕੇ ਦਿਲ ਵਿਚ ਫੁਰੀ ਕਿ ਪਹਿਲਾਂ ਸੋਨਾ ਮੰਗ ਲੈਂਦੀ ਹਾਂ।

"ਹੇ ਸੰਖ ਜੀ ਮਹਾਰਾਜ! ਪਾਈਆ ਸੋਨਾ ਬਖਸ਼ੋ!"

ਤਦੇ ਸੰਖ ਵਿਚੋਂ ਆਵਾਜ਼ ਆਈ, "ਜੀ ਮਾਤਾ, ਪਾਈਆ ਕੁ ਭਰ ਸੋਨੇ ਦਾ ਤੂੰ ਕੀ ਕਰੇਂਗੀ ਭਲਾ? ਅੱਧਾ ਕਿੱਲੋ ਮੰਗੋ ਤਾਂ?"

"ਸਤਿ ਬਚਨ ਮਹਾਰਾਜ! ਠੀਕ ਹੈ ਆਪ ਦਾ ਕਹਿਣਾ ਅੱਧਾ ਕਿੱਲੋ ਸੋਨਾ ਦੇ ਦਿਓ, ਸਾਰੇ ਦਲਿੱਦਰ ਧੋਤੇ ਜਾਣਗੇ।"

ਫੁੱਲ ਕੇ ਕੁੱਪਾ ਹੁੰਦੀ ਮਾਈ ਸੰਖ ਦੇ ਆਲੇ-ਦੁਆਲੇ ਝਾਕਣ ਲੱਗੀ ਕਿ ਕਦੋਂ ਕੁ ਸੋਨੇ ਦੀ ਲਿਸ਼ਕੋਰ ਪੈਂਦੀ ਹੈ, ਪਰ ਅਗਿਉਂ ਫਿਰ ਸੰਖ ਵਿਚੋਂ ਆਵਾਜ਼ ਆਈ, "ਪੂਜਯ ਮਾਤਾ, ਮੈਨੂੰ ਜਾਪਦੈ ਕਿ ਅੱਧਾ ਕਿੱਲੋ ਸੋਨਾ ਵੀ ਕਾਫੀ ਨਹੀਂ ਹੋਣਾ। ਜੇ ਆਖੇਂ ਤਾਂ ਇਕ ਕਿੱਲੋ ਦੇ ਦਿਆਂ?"

ਇਕ ਕਿੱਲੋ ਸੋਨੇ ਦੀ ਗੱਲ ਸੁਣ ਕੇ ਤਾਂ ਮਾਈ ਖਿੜ ਉਠੀ, "ਮਹਾਰਾਜ! ਤੁਸੀਂ ਤਾਂ ਜਾਣੀ-ਜਾਣ ਹੋ, ਜੇ ਇਕ ਕਿੱਲੋ ਸੋਨਾ ਦੇਵੋ, ਫਿਰ ਤਾਂ ਨੌਂ ਨਿਧਾਂ, ਬਾਰਾਂ ਸਿਧਾਂ ਮੇਰੇ ਘਰ ਹੋ ਜਾਣੀਆਂ ਨੇ।" ਇਹ ਗੱਲ ਮੁੱਕਦਿਆਂ ਹੀ ਸੰਖ ਫਿਰ ਬੋਲਿਆ ਕਿ ਮਾਤਾ ਪਿੰਡ ਦੇ ਸਾਰੇ ਗਰੀਬ-ਗੁਰਬਿਆਂ ਦਾ ਵੀ ਭਲਾ ਕਰ ਦੇਈਂ, ਇਸ ਕਰ ਕੇ ਮੈਂ ਤੈਨੂੰ ਕਿੱਲੋ ਦਾ ਦੁੱਗਣਾ ਕਰ ਕੇ ਦੋ ਕਿੱਲੋ ਸੋਨਾ ਦਿੰਦਾ ਹਾਂ। ਐਤਕੀਂ ਮਾਈ ਨੇ ਕੁਝ ਝੁੰਜਲਾ ਕੇ ਕਿਹਾ ਕਿ ਜਿਵੇਂ ਆਪ ਦੀ ਇੱਛਾ, ਦੋ ਕਿੱਲੋ ਹੀ ਪਾ ਦਿਓ ਝੋਲੀ। ਪਲ ਭਰ ਅਟਕ ਕੇ ਸੰਖ ਕਹਿੰਦਾ, "ਚਲੋ ਛੱਡੋ, ਦੋ ਕਿੱਲੋ ਦਾ ਦੁੱਗਣਾ ਚਾਰ ਕਿੱਲੋ ਕਰ ਦਿਆਂ?"

ਹੁਣ ਮਾਈ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਖਿਝ ਕੇ ਕਹਿੰਦੀ, "ਕਦੇ ਪਾਈਆ, ਕਦੇ ਅੱਧਾ ਕਿੱਲੋ, ਕਿੱਲੋ ਦੋ ਕਿੱਲੋ... ਕੁਝ ਦੇਵੇਂਗਾ ਵੀ ਕਿ ਗੱਲਾਂ ਹੀ ਬਣਾਈ ਜਾਵੇਂਗਾ?"

ਸੰਖ ਵਿਚੋਂ ਇਕ ਦਮ ਦੈਂਤਾਂ ਵਰਗਾ ਹਾਸਾ ਛੁੱਟਿਆ, "ਕੁਝ ਦੇਣ ਦਿਵਾਉਣ ਵਾਲਾ ਸੰਖ ਤਾਂ ਤੂੰ ਸਵੇਰੇ ਮੁੰਡੇ ਨੂੰ ਦੇ ਦਿੱਤਾ ਸੀ, ਮੈਂ ਤੈਨੂੰ ਕੀ ਦੇਵਾਂ? ਮੈਂ ਤਾਂ 'ਗਪੌੜ ਸੰਖ' ਹਾਂ!"

ਬੱਸ, ਉਦੋਂ ਤੋਂ ਗੱਪਾਂ ਮਾਰਨ ਵਾਲਿਆਂ ਨੂੰ 'ਗਪੌੜ ਸੰਖ' ਕਿਹਾ ਜਾਣ ਲੱਗਾ।


# ਐਮ.ਐਸ. ਰੰਧਾਵਾ ਮਹਾਂ ਉਤਸਵ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਵਿਹੜੇ ਇਸ ਵਾਰ ਦਾ ਰੰਧਾਵਾ ਉਤਸਵ ਭਾਰਤ ਦੇ ਸਭ ਉਤਸਵਾਂ ਨੂੰ ਮਾਤ ਪਾਉਣ ਵਾਲਾ ਸੀ। ਰੰਧਾਵਾ ਸਾਹਿਬ ਦੇ ਜਨਮ ਦਿਨ 2 ਫਰਵਰੀ ਤੋਂ ਅਕਾਲ ਚਲਾਣੇ ਵਾਲੇ ਦਿਵਸ ਤਿੰਨ ਮਾਰਚ ਤੱਕ ਚੱਲਿਆ ਇਹ ਉਤਸਵ ਰੰਧਾਵਾ ਦੀ ਯਾਦ ਨੂੰ ਸਮਰਪਿਤ ਗੀਤ, ਸੰਗੀਤ, ਨਾਟਕ, ਸੈਮੀਨਾਰਾਂ ਤੇ ਵਰਕਸ਼ਾਪਾਂ ਨਾਲ ਲੱਦਿਆ ਰਿਹਾ। ਜੰਮੂ-ਕਸ਼ਮੀਰ ਕਲਾ ਅਕਾਦਮੀ ਐਨ. ਜ਼ੈਡ ਸੀ.ਸੀ, ਪਟਿਆਲਾ, ਬੌਬੀ ਡਾਂਸ ਅਕਾਦਮੀ ਅਹਿਮਦਾਬਾਦ, ਪ੍ਰਾਚੀਨ ਕਲਾ



*ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵਿਖੇ ਡਾ. ਰੰਧਾਵਾ ਦੀ ਯਾਦ 'ਚ ਹੋਏ ਉਤਸਵ ਵਿਚ ਲੋਕ ਗਾਇਕ ਜਗੀਰ ਸਿੰਘ ਗੀਤ ਪੇਸ਼ ਕਰਦਾ ਹੋਇਆ*

ਕੇਂਦਰ, ਚੰਡੀਗੜ੍ਹ, ਕੇਂਦਰੀ ਪੰਜਾਬੀ ਇਲਮ ਸੰਸਥਾ, ਇੰਡੀਅਨ ਕਾਉਂਸਲ ਆਫ਼ ਕਲਚਰਲ ਰਿਲੇਸ਼ਨਜ਼, ਰਾਜਸਥਾਨ ਸੰਗੀਤ ਨਾਟਕ ਅਕਾਦਮੀ, ਥਿਏਟਰ ਫਾਰ ਥਿਏਟਰ, ਮੰਚ ਰੰਗ ਪ੍ਰੋਗਰਾਮ ਲੈ ਕੇ ਹਰ ਸ਼ਾਮ ਨੂੰ ਚੰਡੀਗੜ੍ਹ, ਪੰਚਕੂਲਾ ਤੇ ਮੁਹਾਲੀ ਦੇ ਕਲਾ ਰਸੀਆਂ ਨੂੰ ਨਿਹਾਲ ਕਰਦੇ ਰਹੇ।

ਇਨ੍ਹਾਂ ਪ੍ਰੋਗਰਾਮਾਂ ਰਾਹੀਂ ਪੰਜਾਬੀ ਨਾਟਕ ਦੀ ਨਕੜ ਦਾਦੀ ਨੋਰ੍ਹਾ ਰਿਚਰਡ, ਇਪਟਾ ਵਾਲਾ ਅਮਰਜੀਤ ਗੁਰਦਾਸ ਪੁਰੀ, ਸ਼ਿਵ ਬਟਾਲਵੀ ਵਾਲਾ ਆਰ.ਡੀ. ਕੈਲੇ, ਅੰਮ੍ਰਿਤਸਰ ਦਾ ਕੇਵਲ ਧਾਲੀਵਾਲ, ਬਨਿੰਦਰਜੀਤ ਬੰਨੀ ਤੋਂ ਬਿਨਾ ਸਾਹਬ ਸਿੰਘ ਲੋਕ ਗਾਇਕੀ ਦਾ ਥੰਮ ਜਸਮੇਰ ਮੀਆਂਪੁਰੀ, ਵਿਨੋਦ ਸਹਿਗਲ, ਸਰਬਜੀਤ ਭਸੀਨ, ਨੀਲੇ ਖਾਂ ਕੱਵਾਲ, ਸ਼ਾਸਤਰੀ ਨ੍ਰਿਤਕਾ ਸ਼ਮੀਰਾ ਕੌਸਰ ਤੇ ਸਾਰੰਗੀ ਜੁਗਲਬੰਦੀ ਵਾਲਾ ਪ੍ਰਕਾਸ਼ ਚੰਦ ਤੇ ਰਾਜੇਸ਼ ਕੁਮਾਰ ਵੱਖੋ-ਵੱਖ ਪ੍ਰੋਗਰਾਮ ਰਚਾ ਕੇ ਡਾ. ਰੰਧਾਵਾ ਦੀ ਯਾਦ ਨੂੰ ਧੁਰ ਆਕਾਸ਼ ਤੱਕ ਲਿਜਾਣ ਵਿਚ ਰੁੱਝੇ ਹੋਏ ਸਨ।

ਇਸ ਉਤਸਵ ਸਮੇਂ ਪੰਜਾਬ ਲਲਿਤ ਕਲਾ ਅਕਾਦਮੀ ਵਲੋਂ ਪੇਸ਼ ਕੀਤੀਆਂ ਗਈਆਂ ਵਿਜੇ ਓਜ਼ੋ, ਗੁਰਸੇਵਕ, ਭੁਪਿੰਦਰ ਅਤੇ ਆਨੰਦ ਸ਼ਰਮਾ, ਪੰਕਜ ਸਰੋਜ, ਸੁਖਰੰਜਨ, ਲਕਸ਼ਮਨ ਤੇ ਚਰਨਜੀਤ ਕੌਰ ਦੀਆਂ ਕਲਾ ਪ੍ਰਦਰਸ਼ਨੀਆਂ ਨੇ ਰੰਧਾਵਾ ਆਰਟ ਗੈਲਰੀ ਦੇ ਚਾਨਣ ਨੂੰ ਮਘਾਈ ਰੱਖਿਆ।

ਚੇਤੇ ਰਹੇ ਰੰਧਾਵਾ ਜੀ ਖੁਦ ਨਾ ਹੀ ਗਾਇਕ ਸਨ ਤੇ ਨਾ ਹੀ ਲਲਿਤ ਕਲਾਕਾਰ, ਪਰ ਉਹ ਕੋਮਲ ਕਲਾ ਨਾਲ ਸਬੰਧਤ ਹਰ ਵਿਧੀ ਦੇ ਰਸੀਏ ਤੇ ਪਾਲਣਹਾਰ ਸਨ। ਅਤਿਅੰਤ ਮੁਸ਼ਕਿਲ ਸਮਿਆਂ ਵਿਚ ਦਿੱਲੀ ਦੀ ਡਿਪਟੀ ਕਮਿਸ਼ਨਰੀ, ਵੰਡ ਪਿਛੋਂ ਲੱਖਾਂ ਸ਼ਰਨਾਰਥੀਆਂ ਦੇ ਮੁੜ ਵਸੇਬੇ ਦੇ ਪ੍ਰਬੰਧ ਉਪਰੰਤ ਚੰਡੀਗੜ੍ਹ ਵਿਚ ਕਲਾ ਪ੍ਰੀਸ਼ਦ ਤੇ ਇਸ ਦੇ ਵਿਹੜੇ ਵਿਚ ਆਰਟ ਗੈਲਰੀ ਦੀ ਸਥਾਪਨਾ ਵੀ ਕੀਤੀ।

ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਰਾਹੀਂ ਹਰੀ ਕ੍ਰਾਂਤੀ ਦੀ ਨੀਂਹ ਰੱਖਣ ਤੇ ਫਿਰੋਜ਼ਸ਼ਾਹ ਵਿਖੇ ਐਂਗਲੋ ਸਿੱਖ ਵਾਰ ਮੈਮੋਰੀਅਲ ਸਥਾਪਤ ਕਰਨ ਵਾਲੀ ਹਸਤੀ ਵੀ ਉਹੀਓ ਸੀ। ਉਨ੍ਹਾਂ ਦੀ ਯਾਦ ਵਿਚ ਇੱਕ ਮਹੀਨੇ ਦਾ ਮਹਾਂ ਉਤਸਵ ਉਲੀਕਣ ਤੇ ਉਨ੍ਹਾਂ ਨੂੰ ਸਫ਼ਲ ਬਣਾਉਣ ਵਿਚ ਪ੍ਰੀਸ਼ਦ ਦੀ ਚੇਅਰਪਰਸਨ ਹਰਜਿੰਦਰ ਕੌਰ ਤੇ ਉਸ ਦੀ ਪੂਰੀ ਟੀਮ ਵਧਾਈ ਦੀ ਹੱਕਦਾਰ ਹੈ। ਉਤਸਵ ਦੇ ਆਖਰੀ ਦਿਨ ਮਲਵਈ ਗਿੱਧੇ ਨੇ ਮੇਲਾ ਲੁੱਟਿਆ ਭਾਵੇਂ ਇਸ ਤੋਂ ਪਹਿਲਾਂ ਸਵਰਨ ਸਿੰਘ, ਗੁਰਚਰਨ ਸਿੰਘ ਬੋਪਾਰਾਏ ਤੇ ਗੁਰਮਿੰਦਰ ਸਿੱਧੂ ਦੇ ਬੋਲਾਂ ਨੇ ਇਸ ਲਈ ਯੋਗ ਜ਼ਮੀਨ ਤਿਆਰ ਕਰ ਛੱਡੀ ਸੀ।

**ਅਮਰਜੀਤ ਸਿੰਘ 'ਅਕਸ' ਦੇ ਤੁਰ ਜਾਣ 'ਤੇ:** ਮੇਰੇ ਨਾਲੋਂ ਦਸ ਸਾਲ ਛੋਟਾ ਅਮਰਜੀਤ ਸਿੰਘ ਇਸ ਧਰਤੀ ਨੂੰ ਬਹੁਤ ਛੇਤੀ ਅਲਵਿਦਾ ਕਹਿ ਗਿਆ ਹੈ। ਉਹ ਦਿੱਲੀ ਵਿਚ ਮੇਰੇ ਘਰ ਵੀ ਰਿਹਾ ਤੇ ਇੱਕ ਪੜਾਅ ਉਤੇ ਮੇਰੇ ਵਾਂਗ 'ਪ੍ਰੀਤਮ' ਅਤੇ 'ਫਤਿਹ' ਦੇ ਸੰਪਾਦਕੀ ਅਮਲੇ ਵਿਚ ਵੀ। ਉਸ ਨੇ ਇਸ ਤੋਂ ਬਿਨਾਂ ਭਾਰਤ ਜਯੋਤੀ, ਪੰਜ ਦਰਿਆ, ਪੰਥ ਪ੍ਰਕਾਸ਼, ਅੰਮ੍ਰਿਤ ਪਤ੍ਰਿਕਾ ਦੀਆਂ ਸੰਪਾਦਕੀਆਂ ਤੋਂ ਤਜਰਬਾ ਲੈ ਕੇ 1975 ਵਿਚ 'ਅਕਸ' ਤੇ 1994 ਵਿਚ 'ਸੁਆਣੀ' ਦੇ ਰਸਾਲੇ ਕੱਢੇ, ਜਿਹੜੇ ਅੱਜ ਤਕ ਵਧੀਆ ਸਮਗਰੀ ਦਿੰਦੇ ਆ ਰਹੇ ਹਨ।

ਪੱਤਰਕਾਰੀ ਤੋਂ ਬਿਨਾਂ ਕਹਾਣੀ ਸੰਗ੍ਰਹਿ



*ਅਮਰਜੀਤ ਸਿੰਘ 'ਅਕਸ'*

'ਕਾਫੀ ਹਾਊਸ ਦੇ ਬਾਹਰ ਖੜਾ ਆਦਮੀ' ਤੇ ਨਾਵਲਿਟ 'ਚਿਹਰੇ' ਦਾ ਰਚਣਹਾਰਾ ਵੀ ਸੀ। ਇਨ੍ਹਾਂ ਪ੍ਰਾਪਤੀਆਂ ਸਦਕਾ ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਉਸ ਨੂੰ ਇੰਡੋ ਕੈਨੇਡੀਅਨ ਟਾਈਮਜ਼, ਵਰਲਡ ਪੰਜਾਬੀ ਕਾਨਫਰੰਸ ਬੈਂਕਾਕ, ਸੈਂਟਰਲ ਐਸੋਸੀਏਸ਼ਨ ਆਫ਼ ਪੰਜਾਬੀ ਰਾਈਟਰਜ਼ ਫਰਿਜ਼ਨੋ, ਇਆਪਾ, ਕੈਨੇਡਾ, ਇੰਡੀਅਨ ਆਰਟਸ ਪ੍ਰੋਮੋਸ਼ਨ ਕੌਂਸਲ ਡੈਨਮਾਰਕ, ਏਸ਼ੀਅਨ ਰਾਈਟਰਜ ਐਸੋਸੀਏਸ਼ਨ ਕੋਪਨਹੈਗਨ, ਸਿੱਖ ਐਜੂਕੇਸ਼ਨ ਕਾਨਫਰੰਸ ਅੰਮ੍ਰਿਤਸਰ, ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਭਾਸ਼ਾ ਵਿਭਾਗ ਪੰਜਾਬ ਵਲੋਂ ਸਨਮਾਨ, ਸਰੋਪੇ ਤੇ ਐਵਾਰਡ ਪ੍ਰਾਪਤ ਹੋਏ।

ਉਸ ਦੇ ਛੇਤੀ ਤੁਰ ਜਾਣ ਨੇ ਉਸ ਨੂੰ ਪੰਜਾਬੀ ਦੇ ਉਨ੍ਹਾਂ ਸਾਹਿਤਕਾਰਾਂ ਵਿਚ ਲਿਜਾ ਖੜਾ ਕੀਤਾ ਹੈ, ਜਿਨ੍ਹਾਂ ਬਾਰੇ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਸੀ,

ਅਸਾਂ ਤਾਂ ਜੋਬਨ ਰੁੱਤੇ ਮਰਨਾ
ਮਰਨੇ ਦੀ ਰੁੱਤ ਸੋਈ
ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾ ਤਾਰਾ।

**ਅੰਤਿਕਾ:**

*(ਜਗਜੀਤ ਭੋਲੀ ਦੀ 'ਮਾਂ ਦਾ ਕਰਜ਼' ਵਿਚੋਂ)*

ਤੇਰੇ ਪੈਰੀਂ ਕੰਡਾ ਚੁੱਭੇ,
ਮਾਂ ਪੈਰੋਂ ਰੱਤ ਚੋਏ,
ਅੰਬਰਾਂ ਦੇ ਤਾਰੇ ਉਹਦੇ
ਪੈਰਾਂ 'ਚ ਖਿਲਾਰੀ ਚੱਲ।
ਮਾਂ ਦੀ ਜਵਾਨੀ ਕਿਸੇ ਪੁੱਤ
ਹਿੱਸੇ ਆਂਵਦੀ ਨਹੀਂ,
ਜਿੰਨਾ ਚਾਹੇ ਉਸ ਦੇ
ਬੁਢਾਪੇ ਨੂੰ ਸੰਵਾਰੀ ਚੱਲ।

# 'ਦਿੱਲੀ' ਦੇ ਕਿੰਗਰਿਆਂ ਨੂੰ ਘੂਰਨ ਵਾਲੇ ਇੱਕ ਹੋਰ ਦੁੱਲੇ ਦੀ ਦਸਤਕ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

'ਦਿੱਲੀ' ਸਿਰਫ ਇੱਕ ਸ਼ਹਿਰ ਨਹੀਂ, ਰਾਜ-ਸ਼ਕਤੀ ਦਾ ਇੱਕ ਏਦਾਂ ਦਾ ਪ੍ਰਤੀਕ ਹੈ, ਜੋ ਲੋਕ ਮਾਨਸਿਕਤਾ ਦੇ ਖਾਤੇ ਵਿਚ ਸਦੀਆਂ ਤੋਂ ਜਬਰ ਦਾ ਅੱਡਾ ਬਣ ਕੇ ਦਰਜ ਹੁੰਦਾ ਰਿਹਾ ਹੈ। ਆਪਣੀ ਕਵਿਤਾ ਵਿਚ ਲੋਕ-ਕਵੀ ਸੰਤ ਰਾਮ ਉਦਾਸੀ ਜਦੋਂ ਇਹ ਲਿਖਦਾ ਹੈ, "ਦਿੱਲੀਏ, ਦਿਆਲਾ ਵੇਖ ਦੇਗ 'ਚ ਉਬਲਦਾ, ਨੀਂ ਅਜੇ ਤੇਰਾ ਚਿੱਤ ਨਾ ਠਰੇ। ਮਤੀ ਦਾਸ ਤਾਂਈਂ ਚੀਰ ਆਰੇ ਵਾਂਗ ਜੀਭ ਤੇਰੀ, ਹਾਲੇ ਮਨ-ਮੱਤੀਆਂ ਕਰੇ।" ਉਸ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ ਕੁਰਬਾਨੀ ਲਈ ਪੇਸ਼ ਹੋਏ ਭਾਈ ਦਿਆਲਾ ਤੇ ਮਤੀ ਦਾਸ ਦੀ ਗੱਲ ਨਹੀਂ ਕਰਦਾ, ਉਨ੍ਹਾਂ ਸਭ ਦਾ ਜ਼ਿਕਰ ਕਰ ਜਾਂਦਾ ਹੈ, ਜਿਹੜੇ ਸਦੀਆਂ ਤੋਂ ਇਸ ਦੇਸ਼ ਵਿਚ ਏਦਾਂ ਉਭਰਦੇ ਰਹੇ ਹਨ ਤੇ ਨਾਲ ਇਹ ਵੀ ਕਿ ਲੋਕਾਂ ਦੀ ਅਗਵਾਈ ਕਰਨ ਵਾਲਿਆਂ ਲਈ 'ਦਿੱਲੀ' ਇਹੋ ਜਿਹਾ ਮਕਤਲ ਬਣਦੀ ਰਹੀ ਹੈ, ਜਿੱਥੇ ਸਿਰਫ 'ਧੱਜ ਸੇ ਮਕਤਲ ਕੋ' ਜਾਣ ਵਾਲੇ ਜਾਂਦੇ ਹਨ। 'ਦਿੱਲੀ' ਦਾ ਕਿਰਦਾਰ ਨਹੀਂ ਬਦਲਿਆ। ਇਸ ਦੇ ਅੱਗੇ ਅੜਨ ਵਾਲਿਆਂ ਦਾ ਵੀ ਨਹੀਂ ਬਦਲਿਆ।

ਬਿਸਮਿਲ ਫਰੀਦਕੋਟੀ ਨੇ ਕਿਹਾ ਸੀ, 'ਹੈ ਦੌਰ ਨਵਾਂ, ਹੀਰ ਪੁਰਾਣੀ ਨਾ ਸੁਣੋ। ਦੁੱਖ ਚਾਕ ਦਾ ਖੇੜੇ ਦੀ ਜ਼ਬਾਨੀ ਨਾ ਸੁਣੋ। ਛੇੜੀ ਹੈ ਜ਼ਮਾਨੇ ਨੇ ਆਵਾਮਾਂ ਦੀ ਕਥਾ, ਰਾਜੇ ਨਵਾਬਾਂ ਦੀ ਕਹਾਣੀ ਨਾ ਸੁਣੋ।' ਜਿਹੜੇ ਦੌਰ ਵਿਚ ਇਹ ਗੱਲ ਉਸ ਨੇ ਲਿਖੀ ਸੀ, ਉਹ ਆਵਾਮ (ਆਮ ਲੋਕਾਂ) ਦੀ ਕਥਾ ਦੀ ਚੜ੍ਹਤ ਦਾ ਦੌਰ ਸੀ। ਫਿਰ ਪਛੇਤ ਪੈਣ ਲੱਗੀ। ਇਹ ਦੌਰ ਕੁਝ ਦੇਰ ਲਈ ਪਛੇਤ ਦਾ ਸ਼ਿਕਾਰ ਹੋ ਸਕਦਾ ਸੀ, ਇਸ ਦੇ ਖਾਤਮੇ ਦੀ ਗੱਲ ਕਹਿਣ ਵਾਲੇ ਤਾਂ ਸਮਾਂ ਪਾ ਕੇ ਖਤਮ ਹੋ ਜਾਇਆ ਕਰਦੇ ਹਨ, ਕਥਾ ਖਤਮ ਨਹੀਂ ਹੁੰਦੀ। ਲੋਕ ਕਦੇ-ਕਦੇ ਕੁਝ ਦੇਰ ਸੌਂ ਜਾਇਆ ਕਰਦੇ ਹਨ। ਫਿਰ ਜਦੋਂ ਕੋਈ ਵੱਡਾ ਝਟਕਾ ਲੱਗੇ ਤਾਂ ਅੱਖਾਂ ਮਲ ਕੇ ਕੁਝ ਕਰਨ ਨੂੰ ਉਠਦੇ ਹਨ। ਅਗਲੇ ਪਾਸੇ ਕੁਝ ਦਿਸਦਾ ਹੋਵੇ ਤਾਂ ਤੁਰੇ ਵੀ ਜਾਂਦੇ ਹਨ, ਪਰ ਜਦੋਂ ਇਹੋ ਜਿਹਾ ਭਰਮ ਪਵੇ ਕਿ ਅਗਵਾਈ ਦੇਣ ਵਾਲਾ ਹੀ ਆਪਣੀ ਏਨੀ ਕੁ ਭੂਮਿਕਾ ਤੋਂ ਸੰਤੁਸ਼ਟ ਹੋ ਕੇ ਬਹਿ ਗਿਆ ਹੈ, ਹੁਣ ਕੁਝ ਕਰਨਾ ਨਹੀਂ ਚਾਹੁੰਦਾ, ਤਾਂ ਮੁੜ ਕੇ ਝਟਕਾ ਲੱਗਣ ਦੀ ਘੜੀ ਤੱਕ ਚਾਰ ਦਿਨ ਨੀਂਦ ਜਿਹੀ ਵਿਚ ਚਲੇ ਜਾਂਦੇ ਹਨ। ਕਦੇ ਉਨ੍ਹਾਂ ਨੂੰ ਕੋਈ ਅੰਨਾ ਹਜ਼ਾਰੇ ਝਟਕਾ ਦੇਵੇ ਤਾਂ ਕਮਰ ਕੱਸ ਕੇ ਉਸ ਦੇ ਪਿੱਛੇ ਉਠ ਤੁਰਦੇ ਹਨ, ਜਿਵੇਂ ਆਖਰੀ ਹੱਲਾ ਮਾਰਨਾ ਹੋਵੇ, ਪਰ ਚਾਰ ਦਿਹਾੜੇ ਅਗਵਾਈ ਕਰਨ ਪਿੱਛੋਂ ਜਦੋਂ ਉਹ ਬਾਬਾ ਰਾਲੇਗਣ ਸਿੱਧੀ ਦੇ ਆਸ਼ਰਮ ਵਿਚ ਯਾਦਵ ਬਾਬਾ ਦੇ ਬੁੱਤ ਨੇੜੇ ਸਮਾਧੀ ਲਾ ਕੇ ਸਿਰਫ ਪ੍ਰਵਚਨ ਕਰਨ ਰੁੱਝ ਜਾਂਦਾ ਹੈ, ਦੇਸ਼ ਦੇ ਲੋਕ ਵੀ ਦੋ ਡੰਗ ਦੀ ਰੋਟੀ ਲਈ ਰੁੱਝ ਜਾਂਦੇ ਹਨ। ਜਦੋਂ ਗੁਰੂ ਗੋਬਿੰਦ ਸਿੰਘ ਇਹ ਕਹਿੰਦੇ ਹਨ ਕਿ 'ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ", ਭਾਵ ਹੈ ਜਦੋਂ 'ਆਵ ਕੀ ਅਉਧ', ਅਰਥਾਤ ਨਿਬੇੜੇ ਦੀ ਘੜੀ ਆਈ, ਉਦੋਂ ਫਿਰ ਲੜਨ ਨੂੰ ਤਿਆਰ ਹਾਂ, ਉਹ ਘੜੀ ਆਉਣ ਤੱਕ ਜਿਉਂਦੇ ਰਹਿਣ ਲਈ ਦੋ ਡੰਗ ਦਾ ਆਹਰ ਵੀ ਕਰਨਾ ਪਵੇਗਾ। ਲੋਕ ਅੰਨਾ ਹਜ਼ਾਰੇ ਦੇ ਅੰਦੋਲਨ ਪਿੱਛੋਂ ਇਸੇ ਕਾਰਨ ਉਸ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨ 'ਚ ਰੁੱਝ ਗਏ ਸਨ। ਏਦਾਂ ਹੀ ਹੋਣਾ ਹੁੰਦਾ ਹੈ।

ਹੁਣ ਉਹ ਲੋਕ ਇੱਕ ਵਾਰ ਫਿਰ ਜਾਗ ਰਹੇ ਹਨ। ਉਨ੍ਹਾਂ ਨੂੰ ਜਾਗਣ ਦਾ ਮੌਕਾ 'ਦਿੱਲੀ' ਆਪ ਖੁਦ ਦਿੰਦੀ ਪਈ ਹੈ। 'ਦਿੱਲੀ' ਸ਼ਹਿਰ ਦਾ ਭਾਵੇਂ ਨਹੀਂ, ਪਰ ਜਾਬਰ ਰਾਜ ਦੀ ਪ੍ਰਤੀਕ 'ਦਿੱਲੀ' ਦਾ ਕਿਰਦਾਰ ਇਹੋ ਹੈ ਕਿ ਇਹ ਲੋਕਾਂ ਨੂੰ ਮੈਦਾਨ ਵਿਚ ਨਿਕਲਣ ਲਈ ਮਜਬੂਰ ਕਰਨੋਂ ਕਦੇ ਨਹੀਂ ਹਟਦੀ। ਇਸ ਵਾਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਜੋ ਕੁਝ ਵਾਪਰਿਆ ਹੈ, ਉਹ 'ਦਿੱਲੀ' ਦੇ ਇਸੇ ਕਿਰਦਾਰ ਦਾ ਨਤੀਜਾ ਹੈ।

ਹੁਣ ਇਹ ਸੱਚ ਕਈ ਪਰਦੇ ਪਾੜ ਕੇ ਬਾਹਰ ਆਉਂਦਾ ਪਿਆ ਹੈ ਕਿ ਸ਼ਰਾਰਤੀ ਰਾਜਨੀਤੀ ਕਰਨ ਵਾਲੇ ਇੱਕ ਪੁਰਾਣੇ ਜਨ ਸੰਘੀ ਅਤੇ ਅੱਜ ਦੇ ਮੁਕੱਦਮੇਬਾਜ਼ ਸਵਾਮੀ ਨੇ ਜਦੋਂ ਕਿਹਾ ਸੀ ਕਿ ਇਸ ਯੂਨੀਵਰਸਿਟੀ ਨੂੰ ਚਾਰ ਮਹੀਨੇ ਲਈ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਉਦੋਂ ਸਵਾਮੀ ਨਹੀਂ ਸੀ ਬੋਲਦਾ, ਉਸ ਦੇ ਪਿੱਛੇ 'ਦਿੱਲੀ' ਬੋਲਦੀ ਸੀ। ਕੁਝ ਦਿਨ ਪਿੱਛੋਂ ਇੱਕ ਗਹਿਰੀ ਸਾਜ਼ਿਸ਼ ਅਧੀਨ ਇੱਕੋ ਦਿਨ ਸਾਰੇ ਦੇਸ਼ ਦੇ ਮੀਡੀਏ ਵਿਚ ਉਹ ਵੀਡੀਓ ਕਲਿੱਪ ਪੇਸ਼ ਕਰਵਾ ਦਿੱਤੀ ਗਈ, ਜਿਸ ਵਿਚ ਕਨ੍ਹਈਆ ਕੁਮਾਰ ਇਸ ਦੇਸ਼ ਦੇ ਟੁਕੜੇ ਕਰਨ ਅਤੇ ਇਸ ਤੋਂ ਵੀ ਅੱਗੇ ਜਾ ਕੇ ਇਸ ਦੀ ਬਰਬਾਦੀ ਕਰਨ ਤੱਕ ਦੀਆਂ ਗੱਲਾਂ ਕਹਿ ਰਿਹਾ ਸੁਣੀਂਦਾ ਸੀ। ਇੱਕ ਪੋਸਟਰ ਸੋਸ਼ਲ ਮੀਡੀਏ ਰਾਹੀਂ ਪੇਸ਼ ਕੀਤਾ ਗਿਆ, ਜਿਸ ਵਿਚ ਕਨ੍ਹਈਆ ਏਦਾਂ ਦੇ ਨਾਅਰਿਆਂ ਵਾਲੇ ਬੈਨਰ ਅੱਗੇ ਖੜਾ ਸੀ। ਫਿਰ ਸੱਚ ਬਾਹਰ ਆ ਗਿਆ ਕਿ ਉਹ ਪੋਸਟਰ ਅਸਲ ਵਿਚ ਕਿਤੇ ਹੈ ਹੀ ਨਹੀਂ, ਸਭ ਤੋਂ ਵੱਧ ਫਿਰਕੂ ਵਿਦਿਆਰਥੀ ਜਥੇਬੰਦੀ ਦੇ ਮੀਡੀਆ ਸੈੱਲ ਦੇ ਇੱਕ ਕਾਰਿੰਦੇ ਨੇ ਕੰਪਿਊਟਰ ਉਤੇ ਬਣਾਇਆ ਸੀ। ਅਗਲੀ ਗੱਲ ਉਸ ਵੀਡੀਓ ਕਲਿੱਪ ਬਾਰੇ ਸਾਹਮਣੇ ਆਈ ਤਾਂ ਪਹਿਲਾਂ ਉਸ ਵਿਚ ਕਨ੍ਹਈਆ ਕੁਮਾਰ ਦਾ ਨਾ ਹੋਣਾ ਤੇ ਕਿਸੇ ਬੇਗਾਨੀ ਵੀਡੀਓ ਨਾਲ ਉਸ ਦਾ ਜੋੜਿਆ ਜਾਣਾ ਸਾਬਤ ਹੋ ਗਿਆ ਤੇ ਫਿਰ ਜਿਹੜਾ 'ਹੋਰ' ਬਣਾ ਕੇ ਉਮਰ ਖਾਲਿਦ ਫੜ ਲਿਆ, ਪਤਾ ਲੱਗਾ ਕਿ ਉਸ ਨੇ ਵੀ ਉਦਾਂ ਦੇ ਨਾਅਰੇ ਲਾਉਣ ਦਾ ਕੰਮ ਨਹੀਂ ਸੀ ਕੀਤਾ। ਫਿਰ ਸੂਈ ਥੋੜ੍ਹਾ ਹੋਰ ਘੁੰਮੀ ਤਾਂ ਇੱਕ ਬੀਬੀ ਦਾ ਨਾਂ ਸਾਹਮਣੇ ਆ ਗਿਆ, ਜਿਸ ਨੇ ਸੋਸ਼ਲ ਮੀਡੀਆ ਦੇ ਆਪਣੇ ਖਾਤੇ ਰਾਹੀਂ ਇਹ ਝੂਠ ਪ੍ਰਚਾਰਿਆ ਸੀ ਤੇ ਉਹ ਬੀਬੀ ਕੇਂਦਰ ਸਰਕਾਰ ਦੀ ਇੱਕ ਵਿਵਾਦਤ ਮੰਤਰੀ ਬੀਬੀ ਨਾਲ ਨੇੜਲੇ ਸਬੰਧਾਂ ਵਾਲੀ ਨਿਕਲ ਆਈ। 'ਦਿੱਲੀ' ਦਾ ਕਿਰਦਾਰ ਇਹੋ ਹੈ।



ਕਨ੍ਹਈਆ ਕੁਮਾਰ

ਜਿਹੜੇ ਕਨ੍ਹਈਆ ਨੂੰ ਅਦਾਲਤ ਵਿਚ ਪੇਸ਼ੀ ਵੇਲੇ ਜੱਜ ਦੇ ਕਮਰੇ ਵਿਚ ਪੁਲਿਸ ਦੇ ਸਾਹਮਣੇ ਕੁੱਟਣ ਦਾ ਗੁਨਾਹ ਵੀ 'ਦਿੱਲੀ' ਦੇ ਸਿਆਸੀ ਵਕੀਲਾਂ ਨੂੰ ਕਾਨੂੰਨ ਦਾ ਉਲੰਘਣ ਨਹੀਂ ਸੀ ਜਾਪਦਾ ਤੇ ਕਹਿੰਦੇ ਸਨ ਕਿ ਕਨ੍ਹਈਆ ਅਦਾਲਤ ਵਿਚ ਦੋਸ਼ੀ ਸਾਬਤ ਹੋਵੇਗਾ, ਉਹ ਸਾਬਤ ਨਾ ਕਰ ਸਕੇ ਤੇ ਹੁਣ ਕਨ੍ਹਈਆ ਬਾਹਰ ਆ ਗਿਆ ਹੈ। ਅਦਾਲਤ ਦਾ ਇਹ ਸਵਾਲ ਜਦੋਂ ਪੁਲਿਸ ਦੇ ਸੰਘ ਵਿਚ ਫਸ ਗਿਆ ਕਿ ਕਨ੍ਹਈਆ ਦਾ ਨਾਅਰੇ ਲਾਉਣਾ ਕਿੱਥੇ ਸਾਬਤ ਹੁੰਦਾ ਹੈ, ਤਾਂ ਉਸ ਦੀ ਜ਼ਮਾਨਤ ਹੋ ਗਈ। ਅਗਲਾ ਪ੍ਰਚਾਰ ਇਹ ਸ਼ੁਰੂ ਹੋ ਗਿਆ ਕਿ ਉਸ ਉਤੇ ਅਦਾਲਤ ਨੇ ਕਈ ਸ਼ਰਤਾਂ ਲਾ ਦਿੱਤੀਆਂ ਹਨ। ਉਹ ਸ਼ਰਤਾਂ ਹਰ ਕਿਸੇ ਉਤੇ ਲਾਗੂ ਹੁੰਦੀਆਂ ਹਨ। ਓਮ ਪ੍ਰਕਾਸ਼ ਚੌਟਾਲਾ ਪਿਛਲੇਰੇ ਸਾਲ ਉਨ੍ਹਾਂ ਸ਼ਰਤਾਂ ਸਮੇਤ ਜੇਲ੍ਹ ਤੋਂ ਨਿਕਲਿਆ ਸੀ, ਵਿਧਾਨ ਸਭਾ ਚੋਣਾਂ ਦੀ ਸਾਰੀ ਮੁਹਿੰਮ ਵਿਚ ਜਲਸਿਆਂ ਵਿਚ ਬੋਲਦਾ ਰਿਹਾ ਤੇ ਆਖਰੀ ਦਿਨ ਜਦੋਂ ਸ਼ਰਤਾਂ ਉਲੰਘਣ ਦੀ ਸ਼ਿਕਾਇਤ ਹੋਈ ਤਾਂ ਜੇਲ੍ਹ ਜਾ ਕੇ ਹਾਜ਼ਰੀ ਪਵਾ ਲਈ ਸੀ। ਕਨ੍ਹਈਆ ਬਾਰੇ ਸ਼ਰਤਾਂ ਦਾ ਪ੍ਰਚਾਰ ਵੀ ਹੱਦ ਤੋਂ ਵੱਧ ਕੀਤਾ ਗਿਆ ਹੈ, ਕਿਉਂਕਿ ਉਸ ਦੇ ਨਾਲ 'ਦਿੱਲੀ' ਨੂੰ ਕੌੜ ਬਹੁਤ ਹੈ।

ਰਾਜ-ਸ਼ਕਤੀ ਦੀ ਕੌੜ ਲਈ ਸਦੀਆਂ ਤੋਂ ਬਦਨਾਮੀ ਖੱਟਦੀ ਆਈ 'ਦਿੱਲੀ' ਨੂੰ ਜੇ ਕਨ੍ਹਈਆ ਨਾਲ ਕੌੜ ਹੈ ਤਾਂ ਉਸ ਨੂੰ ਇਹ ਇਤਿਹਾਸ ਯਾਦ ਕਰਨਾ ਚਾਹੀਦਾ ਹੈ ਕਿ ਉਸ ਦੀ ਕੌੜ ਨੂੰ ਦੇਸ਼ ਕਿਵੇਂ ਭੁਗਤਦਾ ਰਿਹਾ ਹੈ?

ਅਸੀਂ ਰਾਜੇ-ਨਵਾਬਾਂ ਦੀ ਕਹਾਣੀ ਪਾਸੇ ਰੱਖ ਕੇ ਵੇਖੀਏ ਤਾਂ ਰਾਣਾ ਪ੍ਰਤਾਪ ਦੀ ਕਹਾਣੀ ਵੀ ਲੋਕ ਮਾਨਸਿਕਤਾ ਵਿਚ 'ਦਿੱਲੀ' ਦੇ ਵਿਹਾਰ ਦੇ ਵਿਰੋਧ ਦੀ ਕਹਾਣੀ ਸੀ। ਉਸ ਦੇ ਰਿਸ਼ਤੇਦਾਰ ਵੀ ਬਾਦਸ਼ਾਹ ਅਕਬਰ ਨਾਲ ਜਾ ਕੇ ਮਿਲ ਗਏ ਤੇ ਰਾਣਾ ਪ੍ਰਤਾਪ ਦੇ ਖਿਲਾਫ ਲੜਨ ਲਈ ਮੈਦਾਨ ਵਿਚ ਆ ਗਏ ਸਨ। ਇਤਿਹਾਸ ਵਿਚ ਉਨ੍ਹਾਂ ਰਿਸ਼ਤੇਦਾਰਾਂ ਵਿਚੋਂ ਕਿਸੇ ਦਾ ਨਾਂ ਵੀ ਲੋਕਾਂ ਨੂੰ ਚੇਤੇ ਨਹੀਂ, ਪਰ ਰਾਣਾ ਪ੍ਰਤਾਪ ਦਾ ਨਾਂ ਇਸ ਲਈ ਚੇਤੇ ਹੈ ਕਿ ਉਹ ਜ਼ੁਲਮ ਦੀ ਪ੍ਰਤੀਕ 'ਦਿੱਲੀ' ਨਾਲ ਭਿੜਨ ਨਿਕਲਿਆ ਸੀ। ਦੁੱਲਾ ਅੱਜ ਤੱਕ ਲੋਕਾਂ ਦੇ ਚੇਤੇ ਵਿਚ ਹੈ। ਅਕਬਰ ਬਾਦਸ਼ਾਹ ਨੇ ਜਦੋਂ ਉਸ ਦੇ ਦਾਦੇ ਤੋਂ ਬਾਅਦ ਬਾਪ ਨੂੰ ਵੀ ਮੌਤ ਦੀ ਸਜ਼ਾ ਦੇ ਦਿੱਤੀ ਤਾਂ ਦੁੱਲੇ ਨੂੰ ਬਗਾਵਤ ਦੇ ਖਾਨਦਾਨੀ ਰੁਖ ਤੋਂ ਮੋੜਨ ਲਈ ਬੜੇ ਪਾਪੜ 'ਦਿੱਲੀ' ਨੇ ਵੇਲ ਕੇ ਵੇਖੇ ਸਨ। ਦੁੱਲਾ ਫੇਰ ਵੀ ਪਿਓ-ਦਾਦੇ ਦੀ ਲੀਹ ਉਤੇ ਚੱਲ ਪਿਆ। ਉਸ ਨੇ ਜਦੋਂ ਕਿਹਾ ਸੀ ਕਿ "ਮੈਂ ਢਾਹਵਾਂ 'ਦਿੱਲੀ' ਦੇ ਕਿੰਗਰੇ" ਤਾਂ ਇਹ ਐਲਾਨ ਦਿੱਲੀ ਵਿਚ ਵੱਸਦੇ ਲੋਕਾਂ ਦੇ ਘਰਾਂ ਦੇ ਕਿੰਗਰੇ ਤੋੜਨ ਦਾ ਨਹੀਂ, ਉਸ 'ਦਿੱਲੀ' ਵੱਲ ਸੇਧਤ ਸੀ, ਜੋ ਉਦੋਂ ਵੀ ਲੋਕ ਮਨਾਂ ਵਿਚ ਬੇਨਿਆਈਂ ਰਾਜ ਪ੍ਰਬੰਧ ਦੀ ਪ੍ਰਤੀਕ ਸੀ। ਉਹੋ ਜਿਹੀ ਬੇਨਿਆਈਂ ਹੀ ਹੁਣ 'ਦਿੱਲੀ' ਨੂੰ ਫਿਰ ਅਲੋਕਾਰ ਮੋੜ 'ਤੇ ਲੈ ਆਈ ਹੈ।

ਜਿਹੜੀ ਲੋਕ ਮਾਨਸਿਕਤਾ ਕਿਸੇ ਰਾਲੇਗਣ ਵਾਲੇ ਅੰਨਾ ਬਾਬਾ ਵੱਲੋਂ ਇੱਕੋ ਲਲਕਾਰ ਉਤੇ ਮੈਦਾਨ ਵਿਚ ਆਈ ਫਿਰਦੀ ਸੀ ਤੇ ਬਾਬਾ ਅੰਨਾ ਦੇ ਆਰਾਮ ਫੁਰਮਾਉਣ ਕਾਰਨ 'ਆਵ ਕੀ ਅਉਧ' ਵਾਲੀ ਕਿਸੇ ਅਗਲੀ ਘੜੀ ਤੱਕ ਲਈ ਰੋਟੀ ਦੇ ਜੁਗਾੜ ਵਿਚ ਜਾ ਰੁੱਝੀ ਸੀ, ਉਹ ਹੁਣ ਕਨ੍ਹਈਆ ਦੀ ਕੂਕ ਨਾਲ ਫਿਰ ਜਾਗ ਪਈ ਹੈ। ਜੇਲ੍ਹ ਤੋਂ ਮੁੜਨ ਪਿੱਛੋਂ ਕਨ੍ਹਈਆ ਬੋਲਦਾ ਹੈ, ਸਾਰਾ ਦੇਸ਼ ਸੁਣਦਾ ਹੈ। ਬੁੱਧਵਾਰ ਦੇ ਦਿਨ ਰਾਹੁਲ ਗਾਂਧੀ ਨੇ ਭਾਸ਼ਣ ਦਿੱਤਾ। ਵੀਰਵਾਰ ਸਵੇਰ ਤੱਕ ਉਸੇ ਦੀ ਚਰਚਾ ਹੁੰਦੀ ਰਹੀ। ਅਗਲੇ ਦਿਨ ਦੁਪਹਿਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਸ਼ਣ ਸੀ। ਬਹੁਤ ਜ਼ੋਰਦਾਰ ਭਾਸ਼ਣ ਸੀ ਤੇ ਸਾਰੇ ਮੀਡੀਆ ਚੈਨਲਾਂ ਉਤੇ ਛਾ ਗਿਆ ਸੀ, ਪਰ ਰਾਹੁਲ ਨਾਲੋਂ ਵੱਧ ਜ਼ੋਰਦਾਰ ਹੁੰਦਿਆਂ ਵੀ ਸਿਰਫ ਚਾਰ ਘੰਟੇ ਮੀਡੀਏ ਦੀ ਪਹਿਲੀ ਖਬਰ ਬਣ ਸਕਿਆ। ਸ਼ਾਮ ਪੈਣ ਤੱਕ ਉਹ ਦੂਸਰੇ ਨੰਬਰ ਉਤੇ ਖਿਸਕ ਗਿਆ ਤੇ ਹਰ ਚੈਨਲ ਲਈ ਪਹਿਲੀ ਖਬਰ ਕਨ੍ਹਈਆ ਦੀ ਰਿਹਾਈ, ਕਨ੍ਹਈਆ ਦੀ ਯੂਨੀਵਰਸਿਟੀ ਤੱਕ ਪਹੁੰਚ ਤੇ ਕਨ੍ਹਈਆ ਦਾ ਵਿਦਿਆਰਥੀਆਂ ਦੀ ਸਵਾਗਤੀ ਰੈਲੀ ਵਿਚ ਦਿੱਤਾ ਗਿਆ ਭਾਸ਼ਣ ਬਣ ਚੁੱਕਾ ਸੀ। ਜਿਹੜਾ ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਉਸ ਦਾ ਦੁਨੀਆਂ ਵਿਚ ਡੰਕਾ ਵੱਜਦਾ ਹੈ, ਸਿਰਫ ਉਨੱਤੀ ਸਾਲਾਂ ਦੇ ਮੁੰਡੇ ਦੀ ਮਹਿਮਾ ਸਾਹਮਣੇ ਉਸ ਦੇ ਚਾਰ ਘੰਟੇ ਪਹਿਲਾਂ ਪਾਰਲੀਮੈਂਟ ਵਿਚ ਦਿੱਤੇ ਭਾਸ਼ਣ ਦੀ ਭਾਫ ਉਡਦੀ ਸਾਫ ਦਿਖਾਈ ਦਿੰਦੀ ਸੀ। ਮੀਡੀਆ ਆਪਣੇ ਆਪ ਹੀ ਮੋਦੀ ਨਾਲੋਂ ਇਸ ਮੁੰਡੇ ਨੂੰ ਪਹਿਲ ਨਹੀਂ ਸੀ ਦੇ ਰਿਹਾ, ਇਹ ਹਾਲਾਤ ਦੀ ਹਕੀਕਤ ਦਾ ਹਲੂਣਾ ਸੀ।

ਹਾਲੇ ਦੋ ਸਾਲ ਪੂਰੇ ਨਹੀਂ ਹੋਏ, ਜਦੋਂ ਮੋਦੀ ਬੋਲਦਾ ਸੀ, ਮੁਲਕ ਖੜੋ ਕੇ ਸੁਣਦਾ ਸੀ। ਹੁਣ ਕਨ੍ਹਈਆ ਬੋਲਦਾ ਹੈ, ਲੋਕ ਉਸ ਨੂੰ ਸੁਣਦੇ ਹਨ। ਉਦੋਂ ਮੋਦੀ ਇਹ ਕਹਿ ਕੇ ਮੌਕੇ ਦੀ ਬਦਨਾਮ ਸਰਕਾਰ ਵਿਰੁਧ ਆਮ ਲੋਕਾਂ ਦੀ ਨਬਜ਼ ਉਤੇ ਹੱਥ ਰੱਖਦਾ ਸੀ ਕਿ 'ਅੱਛੇ ਦਿਨ ਆਨੇ ਵਾਲੇ ਹੈਂ'। ਹੁਣ ਕਨ੍ਹਈਆ ਇਹ ਦੱਸਦਾ ਹੈ ਕਿ 'ਟੇਸ਼ਨ' ਕੋਲ ਜਾਦੂਗਰ ਜਦੋਂ ਭੀੜ ਅੱਗੇ ਜਾਦੂ ਪੇਸ਼ ਕਰਦਾ ਹੈ ਤਾਂ ਵਿਖਾਉਂਦਾ ਜਾਦੂ ਹੈ, ਪਰ ਅਸਲ ਵਿਚ ਜਾਦੂ ਵਿਖਾਉਣ ਦੇ ਬਹਾਨੇ ਇਹੋ ਜਿਹੀ ਅੰਗੂਠੀ ਵੇਚਦਾ ਹੈ, ਜਿਸ ਬਾਰੇ ਦਾਅਵਾ ਕਰਦਾ ਹੈ ਕਿ ਇਹ ਲੋਕਾਂ ਦੀ ਗਰੀਬੀ ਤੇ ਹਰ ਰੋਗ ਦਾ ਇਲਾਜ ਸਿੱਧ ਹੋਵੇਗੀ। ਕਨ੍ਹਈਆ ਕਹਿੰਦਾ ਹੈ ਕਿ ਜਿਨ੍ਹਾਂ ਨੇ ਜਾਦੂ ਵਿਖਾਉਣ ਬਹਾਨੇ ਜਾਦੂ ਦੀ ਅੰਗੂਠੀ ਵੇਚਣ ਦਾ ਧੋਖਾ ਕੀਤਾ ਸੀ, ਉਸ ਅੰਗੂਠੀ ਦੇ ਬੇਅਸਰ ਹੋਣ ਬਾਰੇ ਲੋਕਾਂ ਵੱਲੋਂ ਕਿੰਤੂ ਕਰਨ ਤੋਂ ਪਹਿਲਾਂ ਅਗਲਾ ਪਾਪ ਕਰਨ ਵੱਲ ਤੁਰ ਪਏ ਹਨ। ਇਹ ਅਗਲਾ ਪਾਪ ਨਰਿੰਦਰ ਮੋਦੀ ਨਾਂ ਦਾ ਕੋਈ ਬੰਦਾ ਨਹੀਂ ਕਰ ਰਿਹਾ, ਉਸ ਨੂੰ ਅੱਗੇ ਲਾ ਕੇ ਉਹ ਹੀ 'ਦਿੱਲੀ' ਕਰਨ ਲੱਗੀ ਹੋਈ ਹੈ, ਜਿਹੜੀ ਸਦੀਆਂ ਤੋਂ ਏਦਾਂ ਕਰਦੀ ਰਹੀ ਹੈ।

'ਦਿੱਲੀ' ਦੀ ਸਭ ਤੋਂ ਵੱਡੀ ਗਲਤੀ ਇਹ ਹੈ ਕਿ ਇਤਿਹਾਸ ਯਾਦ ਨਹੀਂ ਰੱਖਦੀ, ਉਹ ਇਤਿਹਾਸ, ਜਿਹੜਾ ਦੱਸਦਾ ਹੈ ਕਿ ਜੇ 'ਦਿੱਲੀ' ਕਦੀ ਦਿਆਲਿਆਂ ਨੂੰ ਦੇਗ ਵਿਚ ਉਬਾਲਣ ਤੇ ਦੁੱਲਿਆਂ ਨੂੰ ਮਾਰ ਕੇ ਦਫਨਾਉਣ ਤੋਂ ਨਹੀਂ ਹਟਦੀ ਤਾਂ ਦੁੱਲੇ ਜੰਮਣੇ ਵੀ ਬੰਦ ਨਹੀਂ ਕਰਵਾ ਸਕੀ। ਲੱਗਦਾ ਹੈ ਕਿ ਇੱਕ ਹੋਰ ਦੁੱਲਾ ਸਿਰ ਚੁੱਕ ਰਿਹਾ ਹੈ। ਇਹ ਦੁੱਲਾ ਇਤਿਹਾਸ ਦੇ ਹੋਰ ਦੁੱਲਿਆਂ ਤੋਂ ਇਸ ਗੱਲੋਂ ਵੱਖਰਾ ਹੈ ਕਿ ਇਹ ਤੇਗ ਦਾ ਧਨੀ ਨਹੀਂ, ਸਿਰ ਨਾਲ ਸੋਚਣ ਵਾਲਾ ਦੁੱਲਾ ਹੈ ਤੇ 'ਦਿੱਲੀ' ਦੇ ਦੁਖਾਏ ਹੋਏ ਲੋਕਾਂ ਦੇ ਦਿਲ ਨੂੰ ਧੂਹਦਾ ਹੈ। ਇਸ ਦੁੱਲੇ ਦੀ ਚੁਣੌਤੀ ਦਿੱਲੀ ਦੇ ਸ਼ਹਿਰ ਨੂੰ ਨਹੀਂ, ਇਹ ਚੁਣੌਤੀ ਇਸ ਦੇਸ਼ ਨੂੰ ਵੀ ਨਹੀਂ, ਸਗੋਂ ਚੁਣੌਤੀ ਦਿੱਲੀ ਦੀ ਉਸ ਦਿੱਖ ਨੂੰ ਹੈ, ਜਿਹੜੀ ਸੱਤਾ ਦੇ ਘੁਮੰਡ ਵਿਚ ਭਾਰਤ ਦੇਸ਼ ਦੀਆਂ ਸਰਕਾਰਾਂ ਨੇ ਸਦੀਆਂ ਤੋਂ ਬਣਾਈ ਪਈ ਹੈ। ਭਾਰਤ ਹੁਣ ਇਤਿਹਾਸ ਦਾ ਕੋਈ ਅਹਿਮ ਪੰਨਾ ਪਲਟਣ ਵੱਲ ਵਧਦਾ ਵੀ ਸਾਬਤ ਹੋ ਸਕਦਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਮੌਜੂਦਾ ਪ੍ਰਬੰਧਕਾਂ ਵਿਚੋਂ ਭਾਈ ਜਸਦੇਵ ਸਿੰਘ ਦੀ ਕਹਿਣੀ ਕੀ ਅਤੇ ਕਰਨੀ ਕੀ...



ਭਾਈ ਜਸਦੇਵ ਸਿੰਘ

ਸੰਗਤਾਂ ਗੁਰਦਵਾਰਾ ਸਾਹਿਬ ਫਰੀਮਾਂਟ ਦੇ ਪ੍ਰਬੰਧਕਾਂ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਤੋਂ ਭਲੀ ਭਾਂਤ ਵਾਕਿਫ ਹਨ ਕਿ ਕਿਵੇਂ ਇਹ ਵਾਰ ਵਾਰ ਕਹਿੰਦੇ ਆ ਰਹੇ ਹਨ ਕਿ ਅਸੀਂ ਪੰਚਾਇਤ ਵੱਲੋਂ ਗੁਰਮਤੇ ਰਾਹੀਂ ਉਮੀਦਵਾਰ ਚੁਣਦੇ ਹਾਂ ਜਦੋਂ ਕਿ ਅਸਲੀਅਤ ਕੁਝ ਹੋਰ ਹੈ ਜਿਵੇਂ ਕਿ ਮੌਜੂਦਾ ਸੁਪਰੀਮ ਕੌਂਸਲ ਮੈਂਬਰ ਜਸਦੇਵ ਸਿੰਘ ਹਨ ਜਿਨ੍ਹਾਂ ਲਈ ਪੰਜਾਬ ਵਿਚ ਹੁਕਮਨਾਮਾ ਲਿਆ ਗਿਆ ਸੀ ਕਿ ਜਸਦੇਵ ਸਿੰਘ ਇਸ ਵਾਰ ਚੋਣ ਨਹੀਂ ਲੜਨਗੇ। ਪਰ ਆਪੂੰ ਬਣੀ ਪੰਚਾਇਤ ਨੇ ਕਿਹਾ, ਨਹੀਂ ਅਸੀਂ ਮੁੜ ਹੁਕਮਨਾਮਾ ਲੈ ਲੈਂਦੇ ਹਾਂ ਤਾਂ ਕਿ ਤੁਹਾਨੂੰ ਚੋਣਾਂ ਵਿਚ ਉਮੀਦਵਾਰ ਬਣਾਇਆ ਜਾ ਸਕੇ। ਦੁਬਾਰਾ ਹੁਕਮਨਾਮਾ ਲੈਣ 'ਤੇ ਵੀ ਗੁਰੂ ਸਾਹਿਬ ਦਾ ਹੁਕਮ ਇਨ੍ਹਾਂ ਦੀ ਇੱਛਾ ਦੀ ਪੂਰਤੀ ਕਰਨ ਲਈ ਨਹੀਂ ਆਇਆ ਤਾਂ ਇਨ੍ਹਾਂ ਨੇ ਤੀਜੀ ਵਾਰ ਹੁਕਮਨਾਮਾ ਲਿਆ ਤੇ ਕਹਿਣ ਲੱਗੇ, ਹੁਕਮਨਾਮਾ ਸਾਹਿਬ ਆ ਗਿਆ ਹੈ ਹੁਣ ਤੁਹਾਨੂੰ ਉਮੀਦਵਾਰ ਬਣਾਇਆ ਹੀ ਜਾਵੇਗਾ।

ਹੁਣ ਜਸਦੇਵ ਸਿੰਘ ਸੰਗਤਾਂ ਨੂੰ ਇਹ ਦੱਸਣ ਕਿ ਕੀ ਤੁਸੀਂ ਉਨਾ ਚਿਰ ਹੁਕਮਨਾਮੇ ਲੈਂਦੇ ਹੋ ਜਿਨਾਂ ਚਿਰ ਤੁਹਾਡੀ ਇੱਛਾ ਮੁਤਾਬਕ ਨਹੀਂ ਆ ਜਾਂਦਾ। ਕੀ ਬਾਰ ਬਾਰ ਹੁਕਮਨਾਮੇ ਲੈਣੇ ਤੁਹਾਡੀ ਕਿਸੇ ਨਵੀਂ ਮਰਿਆਦਾ ਦਾ ਹਿੱਸਾ ਹੈ, ਜਿਸ ਨੂੰ ਤੁਸੀਂ ਤੇ ਤੁਹਾਡੀ ਪੰਚਾਇਤ ਨੇ ਬਣਾਇਆ ਹੈ?



ਭਾਈ ਦਵਿੰਦਰ ਸਿੰਘ

ਪਿਛਲੇ ਦਿਨੀਂ ਪੰਜਾਬੀ ਰੇਡੀਓ ਯੂ ਐਸ ਏ ਉਤੇ ਮੌਜੂਦਾ ਸੁਪਰੀਮ ਕੌਂਸਲ ਮੈਂਬਰ ਭਾਈ ਜਸਦੇਵ ਸਿੰਘ ਅਤੇ ਪੰਚਾਇਤ ਦੇ ਸਰਪੰਚ ਸ. ਜਸਜੀਤ ਸਿੰਘ ਚੇਲਾ ਨੇ ਇੱਕ ਰੇਡੀਓ ਟਾਕ ਸ਼ੋਅ ਕੀਤਾ ਸੀ, ਜਿਸ ਵਿਚ ਜਸਜੀਤ ਸਿੰਘ ਨੇ ਮੇਰੇ ਬਾਰੇ ਕਿਹਾ ਸੀ ਕਿ ਭੁਪਿੰਦਰ ਸਿੰਘ ਰੰਧਾਵਾ ਨੇ ਤਾਂ ਅਜੇ ਕੁਝ ਸਮਾਂ ਪਹਿਲਾਂ ਹੀ ਅੰਮ੍ਰਿਤ ਛਕਿਆ ਸੀ ਤੇ ਹੁਣੇ ਇਨ੍ਹਾਂ ਨੂੰ ਇਨੀ ਵੱਡੀ ਜ਼ਿੰਮੇਵਾਰੀ ਲਈ ਉਮੀਦਵਾਰ ਬਣਾ ਦਿੱਤਾ ਜੋ ਕਿ ਠੀਕ ਨਹੀਂ। ਮੈਨੂੰ ਪਤਾ ਹੈ, ਜਸਜੀਤ ਸਿੰਘ ਜੀ ਤੁਸੀਂ ਭੁੱਲੇ ਤਾਂ ਨਹੀਂ ਪਰ ਦਿਖਾਵਾ ਇਹ ਕਰ ਰਹੇ ਹੋ ਕਿ ਤੁਹਾਨੂੰ ਤੁਹਾਡੇ ਵੱਲੋਂ ਹੀ ਕੀਤੇ ਕੰਮ ਯਾਦ ਨਹੀਂ ਹਨ, ਪਰ ਮੈਂ ਫਿਰ ਵੀ ਤੁਹਾਨੂੰ ਯਾਦ ਕਰਵਾ ਦਿੰਦਾ ਹਾਂ ਕਿ ਕਿਵੇਂ ਤੁਸੀਂ ਰਾਜਾ ਸਵੀਟਸ ਵਿਚ ਲੱਡੂ ਵੱਟਦੇ ਭਾਈ ਦਵਿੰਦਰ ਸਿੰਘ ਨੂੰ ਲਿਆ ਕੇ ਰਾਤ ਨੂੰ ਅੰਮ੍ਰਿਤ ਛਕਾ ਕੇ ਸਵੇਰ ਨੂੰ ਨੌਰਥ ਅਮਰੀਕਾ ਦੀਆ ਵੱਡੀਆਂ ਸਟੇਜਾਂ ਵਿਚੋਂ ਇਕ ਗੁਰਦਵਾਰਾ ਸਾਹਿਬ ਦਾ ਪ੍ਰਧਾਨ ਬਣਾ ਦਿੱਤਾ ਸੀ। ਤੁਹਾਨੂੰ ਸਿਰਫ ਪ੍ਰਧਾਨਗੀ ਲਈ ਕੁਝ ਘੰਟੇ ਪਹਿਲਾਂ ਅੰਮ੍ਰਿਤ ਛਕਣ ਵਾਲਾ ਤਾਂ ਪ੍ਰਵਾਨ ਹੈ ਪਰ ਕੁਝ ਮਹੀਨੇ ਪਹਿਲਾਂ ਗੁਰੂ ਦੇ ਹੁਕਮ ਅਨੁਸਾਰ ਅੰਮ੍ਰਿਤ ਛਕਣ ਵਾਲਾ ਨਹੀਂ। ਤੁਹਾਨੂੰ ਉਹ ਹਰ ਬੰਦਾ ਪ੍ਰਵਾਨ ਹੈ, ਜੋ ਤੁਹਾਡੇ ਆਸ਼ੇ ਮੁਤਾਬਕ ਕੰਮ ਕਰਦਾ ਹੈ। ਬਾਕੀ ਅੰਮ੍ਰਿਤ ਦੀ ਦਾਤ ਗੁਰੂ ਸਾਹਿਬ ਦੀ ਬਖ਼ਸ਼ਿਸ਼ ਹੈ, ਜਦੋਂ ਮਿਲੀ ਮੈਂ ਲੈ ਲਈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਜੇਕਰ ਗੁਰੂ ਘਰਾਂ ਦੇ ਪ੍ਰਬੰਧਾਂ ਵਿਚ ਆਪਣਾ ਦਖ਼ਲ ਰੱਖਣਾ ਹੀ ਹੈ ਤਾਂ ਜ਼ਰੂਰ ਅੰਮ੍ਰਿਤ ਪਾਨ ਕਰ ਲਵੋ।

## ਆਪੇ ਬਣੀ ਸਿੱਖ ਪੰਚਾਇਤ ਦੇ ਪੜ੍ਹੇ-ਲਿਖੇ ਫਰਜੰਦ ਸੰਗਤ ਨੂੰ ਜਵਾਬ ਦੇਣ ਵੇਲੇ ਹੋਏ ਚੁੱਪ! ਸੰਗਤ ਵਲੋਂ ਕੀਤੇ ਗਏ ਸਵਾਲ ਸਨ:

? ਸਾਲ 2014 ਵਿਚ ਟੈਲੀਫੋਨ ਦਾ ਬਿਲ $17528 ਅਤੇ 2015 ਵਿਚ ਇਹ ਬਿਲ $25948 ਕਿਉਂ? ਬਿਲਾਂ ਦੀ ਕਾਪੀ ਤੇ ਪੇਮੈਂਟ ਰਿਪੋਰਟ ਨਾਲ ਲਾਉਣ ਤੋਂ ਪ੍ਰਬੰਧਕਾਂ ਨੇ ਆਨਾਕਾਨੀ ਕੀਤੀ।

? ਸਾਲ 2014 ਦਾ ਬਿਜਲੀ-ਪਾਣੀ ਦਾ ਬਿਲ $92,373.00 ਅਤੇ 2015 ਦਾ $104,535.23
ਸੋਲਰ ਸਿਸਟਮ ਨਾਲ ਬੱਚਤ ਹੋਈ ਜਾਂ ਖਰਚਾ ਵਧਿਆ? ਸੰਗਤ ਨਾਲ ਝੂਠ ਨਾ ਬੋਲੋ।

? ਸਾਲ 2013 ਤੱਕ ਗੱਡੀਆਂ-ਮੋਟਰਾਂ ਦੀ ਜਾਇਦਾਦ $46,669 ਦੱਸਦੇ ਰਹੇ ਪਰ ਸਾਲ 2013-2014 ਤੇ 2015 ਵਿਚ ਅਚਾਨਕ ਗੱਡੀਆਂ ਮੋਟਰਾਂ ਦੀ ਜਾਇਦਾਦ ਕਿਵੇਂ ਗੁੰਮ ਹੋ ਗਈ?

? ਸਾਲ 2014 ਦੀ ਰਿਪੋਰਟ ਵਿਚ ਕਿਹਾ ਸੀ ਕਿ ਹੋਰ ਫੁਟਕਲ ਖਰਚੇ $192,592.00 ਪਰ ਇਨ੍ਹਾਂ ਇਧਰ-ਉਧਰ ਦੇ ਖਰਚਿਆਂ ਦੀ ਰਸੀਦ, ਪੇਮੈਂਟ ਦਾ ਤਰੀਕਾ ਕਿਉਂ ਨਹੀਂ ਸੰਗਤ ਵਲੋਂ ਮੰਗ ਕਰਨ 'ਤੇ ਰਿਪੋਰਟ ਵਿਚ ਲਾਇਆ?

? ਇਹ ਤਾਂ ਛੋਟੀਆਂ ਛੋਟੀਆਂ ਬਿਲ ਦੀਆਂ ਰਸੀਦਾਂ 'ਤੇ ਪੇਮੈਂਟ ਵੀ ਨਹੀਂ ਕਰ ਸਕੇ। ਹਾਲੇ ਤਾਂ ਲੱਖਾਂ ਡਾਲਰਾਂ 'ਤੇ ਮੂਰਤਾਂ ਦੀ ਘਫਾਈ ਬਹੁਤ ਕੁਝ ਪਿਛੇ ਪਿਆ ਹੈ।

ਸੰਗਤ ਨੂੰ ਬੇਨਤੀ ਹੈ ਕਿ ਅਜਿਹੀ ਗੈਰ ਜਿੰਮੇਂਵਾਰ ਸਿੱਖ ਪੰਚਾਇਤ ਨੂੰ ਵੋਟ ਨਾ ਪਾਓ ਤੇ ਇਨ੍ਹਾਂ ਨੂੰ ਚਲਦੇ ਕਰੋ। ਸੰਗਤ ਦੀ ਭਲਾਈ ਇਸੇ ਵਿਚ ਹੈ।

## ਜਾਰੀ ਕਰਤਾ: ਪੰਥਕ ਸਲੇਟ

*Paid ad on behalf the advertiser who is responsible for the contents and not Punjab Times.*

# ਚੰਡੀਗੜ੍ਹ ਹਵਾਈ ਅੱਡੇ ਦੇ ਨਾਂ ਬਾਰੇ ਸਹਿਮਤੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਅਖੀਰ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਰੱਖਣ ਲਈ ਰਾਜ਼ੀ ਹੋ ਗਏ ਹਨ। ਇਸ ਮੁੱਦੇ 'ਤੇ ਦੋਵੇਂ ਰਾਜਾਂ ਦੀਆਂ ਸਰਕਾਰਾਂ ਨੂੰ ਰਜ਼ਾਮੰਦ ਕਰਨ ਵਾਲੇ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਦਾ ਕਹਿਣਾ ਹੈ ਕਿ ਹਵਾਈ ਅੱਡੇ ਦੇ ਨਾਂ ਉਤੇ ਪੰਜਾਬ ਤੇ ਹਰਿਆਣਾ ਵਿਚ ਸਹਿਮਤੀ ਬਣ ਗਈ ਹੈ।

ਕੇਂਦਰੀ ਸ਼ਹਿਰੀ ਹਵਾਬਾਜ਼ੀ ਬਾਰੇ ਰਾਜ ਮੰਤਰੀ ਮਹੇਸ਼ ਸ਼ਰਮਾ ਨੂੰ ਲਿਖੇ ਪੱਤਰ ਵਿਚ ਪਾਰਟੀ ਨੇ ਮੰਗ ਕੀਤੀ ਹੈ ਕਿ 23 ਮਾਰਚ ਤੋਂ ਪਹਿਲਾਂ ਇਸ ਹਵਾਈ ਅੱਡੇ ਦੇ ਨਾਂ ਨੂੰ ਮਨਜ਼ੂਰੀ ਦਿੱਤੀ ਜਾਵੇ ਕਿਉਂਕਿ ਇਸ ਦਿਨ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਹੈ।

ਪੰਜਾਬ ਪਹਿਲਾਂ ਹੀ ਇਸ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਰੱਖਣਾ ਚਾਹੁੰਦਾ ਸੀ, ਹਰਿਆਣਾ ਸਰਕਾਰ ਨੇ ਇਸ ਹਵਾਈ ਅੱਡੇ ਦਾ ਨਾਂ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਆਗੂ ਮੰਗਲ ਸੈਨ ਦੇ ਨਾਂ ਉਤੇ ਰੱਖਣ ਲਈ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਪੱਤਰ ਲਿਖਿਆ ਸੀ।

M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

ਸੰਜਨਾ ਪ੍ਰਭਾਕਰ
ਸੀਨੀਅਰ ਮਾਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ? ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849
*email: sanjana.prabhakar@gmail.com*



ਸੰਜਨਾ ਪ੍ਰਭਾਕਰ
ਅਨੁਭਵੀ ਮਾਰਟਗੇਜ ਕੰਸਲਟੈਂਟ
NMLS # 378390

Arcus LENDING
*America's Premier Mortgage Experts*
*Arcus NMLS # 1035734*

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰਿਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

*Work with her preferred realtor and save money on real estate closing cost.*

HIGH QUALITY PICTURE
HD TVI, SDI, IP



We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY



Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

H K TRANSPORT INC
*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE



ਅਰਵਿੰਦਰ ਕੌਰ
ARVINDER KAUR



ਜਸਦੇਵ ਸਿੰਘ
JASDEV SINGH



ਗੁਰਿੰਦਰ ਸਿੰਘ
GURINDER SINGH



ਹਰਿੰਦਰਪਾਲ ਸਿੰਘ
HARINDER PAL SINGH



ਪਰਮਿੰਦਰ ਸਿੰਘ
PARMINDER SINGH

ਗੁਰਦੁਆਰਾ ਸਾਹਿਬ ਦਾ ਮੁੱਖ ਮਕਸਦ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਨਾਮ ਅਤੇ ਬਾਣੀ ਨਾਲ ਜੋੜਨਾ ਹੈ। ਅਸੀ ਇਸ ਕਾਰਜ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਲਈ ਵਚਨਵੱਧ ਹਾਂ।

**ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਸੱਭ ਤੋਂ ਪਹਿਲਾਂ ਤਾਂ ਸਾਧ ਸੰਗਤ ਵਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕਰਦੀ ਹੈ। ਸਾਧ ਸੰਗਤ ਦੇ ਸਹਿਯੋਗ ਬਿਨਾਂ ਕੋਈ ਵੀ ਪ੍ਰੋਜੈਕਟ ਨੇਪਰੇ ਚਾੜਨਾ ਸੰਭਵ ਨਹੀਂ।**

**ਸਾਡੇ ਵਲੋਂ ਜੋ 2014 ਦੇ ਚੋਣ ਮੈਨੀਫੈਸਟੋ ਵਿੱਚ ਵਾਅਦੇ ਕੀਤੇ ਗਏ ਸਨ ਉਹ ਤਕਰੀਬਨ ਮੁਕੰਮਲ ਕਰ ਦਿੱਤੇ ਗਏ ਹਨ ਜਾਂ ਕੁੱਝ ਚੱਲ ਰਹੇ ਹਨ। ਅਸੀ ਇਸ ਵਾਰ ਵੀ ਸਿਰਫ ਉਹੀ ਵਾਇਦੇ ਆਪ ਸੰਗਤ ਨਾਲ ਸਾਂਝੇ ਕਰ ਰਹੇ ਜਿਹਨਾਂ ਨੂੰ ਅਸੀ ਮੁਕੰਮਲ ਕਰਨ ਦਾ ਪ੍ਰਣ ਕਰਦੇ ਹਾਂ।**

## ਭਵਿੱਖ ਦੇ ਨਵੇਂ ਪ੍ਰੋਜੈਕਟ

» ਅਗਲੇ ਦੋ ਸਾਲਾਂ ਲਈ ਸਾਡਾ ਸੱਭ ਤੋ ਮਹੱਤਵਪੂਰਨ ਟੀਚਾ ਨੌਜਵਾਨਾਂ ਨੂੰ ਗੁਰਦੁਆਰਾ ਸਾਹਿਬ ਨਾਲ ਜੋੜਨਾ ਹੋਵੇਗਾ। ਨੌਜਵਾਨ ਵਰਗ ਗੁਰਦੁਆਰਾ ਸਾਹਿਬ ਤੋ ਦੂਰ ਹੁੰਦਾ ਜਾ ਰਿਹਾ ਹੈ। ਚੱਲ ਰਹੇ ਵਿਦਿਅਕ ਪ੍ਰੋਗਰਾਮਾਂ ਵਿਚ ਹੋਰ ਵਿਸਥਾਰ ਕਰਕੇ After School Tutoring, Internship, Employment, Co-Funding for selected projects ਵਰਗੇ ਪ੍ਰੋਗਰਾਮ ਚਲਾਏ ਜਾਣਗੇ।

» ਸਕੂਲਾਂ ਵਿਚ ਪੜਦੇ ਬੱਚਿਆਂ ਨਾਲ ਤਾਲ ਮੇਲ ਵਧਾਉਣਾ ਅਤੇ ਕੈਲੀਫੋਰਨੀਆਂ ਦੇ ਸਕੂਲਾਂ ਵਿਚ ਸਿੱਖ ਇਤਹਾਸ ਦੀ ਪੜਾਈ ਬਾਰੇ ਯਤਨ ਜਾਰੀ ਰੱਖਣੇ।

» ਸੰਗਤ ਲਈ 6 Days Short Courses ਧਾਰਮਿਕ ਵਿਦਿਆ ਲਈ ਚਲਾਏ ਜਾਣਗੇ ਜਿਸ ਵਿਚ ਸੰਗਤ ਮੈਂਬਰ ਧਾਰਮਿਕ ਟੀਚਰ ਕੋਲੋ ਆਪਣੇ ਮਨ ਅੰਦਰ ਆਏ ਸੁਆਲਾਂ ਦਾ ਜੁਆਬ ਲੈ ਸਕਣਗੇ ਅਤੇ ਧਰਮ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਕਰ ਸਕਣਗੇ।

» ਕਈ ਘਰਾਂ ਵਿੱਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਯੋਗ ਹੈ ਇਸ ਲਈ Senior Housing ਦਾ ਕੋਈ ਢੁਕਵਾਂ ਹੱਲ ਲਭਿਆ ਜਾਵੇਗਾ।

» ਜਿਵੇਂ ਕਿ ਚੋਣ ਵਿੱਚ ਬੀਬੀਆਂ ਅਤੇ ਨੌਜਵਾਨਾਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ, ਉਸੇ ਤਰਾਂ ਪ੍ਰਬੰਧਕ ਕਮੇਟੀ ਵਿੱਚ ਵੀ ਯੋਗ ਸਥਾਨ ਦਿੱਤਾ ਜਾਵੇਗਾ।

» ਚੱਲ ਰਹੇ ਉਸਾਰੀ ਪ੍ਰੋਜੈਕਟ ਨੂੰ ਅਪ੍ਰੈਲ ਮਹੀਨੇ ਮੁਕੰਮਲ ਕਰਕੇ ਦੂਜੇ ਫੇਜ਼ ਨੂੰ ਜਲਦੀ ਤੋ ਜਲਦੀ ਸ਼ੁਰੂ ਕੀਤਾ ਜਾਵੇਗਾ।

» ਗੈਰ ਪੰਥਕ ਅਨਸਰਾਂ ਦੇ ਪੰਥ ਵਿਰੋਧੀ ਹਮਲਿਆ ਦਾ ਢੁਕਵਾਂ ਜਵਾਬ ਦੇਣਾ।

» ਸਥਾਨਕ ਸਿੱਖੀ ਦੀ ਪਛਾਣ ਨਾਲ ਸਬੰਧਿਤ ਮਸਲਿਆ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨਾ।

» ਪੰਜਾਬ ਜਾਂ ਬਾਕੀ ਦੁਨੀਆ ਵਿਚ ਦਰਪੇਸ਼ ਸਿੱਖ ਮਸਲਿਆ ਵਿਚ ਸਿੱਖ ਭਾਈਚਾਰੇ ਦੀ ਯਥਾ ਸ਼ਕਤਿ ਮੱਦਦ ਕਰਨੀ।

## ਪ੍ਰਾਪਤੀਆਂ

» ਪਿਛਲੇ ਲੰਬੇ ਸਮੇਂ ਤੋਂ ਸਕੂਲ ਦੇ ਬੱਚਿਆਂ ਦੇ ਬੈਠਣ ਲਈ ਜਗਾ ਦੀ ਬਹੁਤ ਤੰਗੀ ਸੀ। ਕਈ ਸਾਲਾਂ ਦੀ ਮਿਹਨਤ ਤੋਂ ਬਾਦ ਹੁਣ ਆਧੁਨਿਕ ਕਿਸਮ ਦੀ ਰਸੋਈ ਅਤੇ ਸਕੂਲ ਲਈ ਕਮਰੇ ਬਣਾਉਣ ਦਾ ਕੰਮ ਲਗਭਗ ਪੂਰਾ ਹੋਣ ਦੇ ਨੇੜੇ ਹੈ। ਸੰਗਤਾਂ ਦਾ ਭਾਰੀ ਸਹਿਯੋਗ ਹੋਣ ਕਾਰਨ 30 ਲੱਖ ਡਾਲਰ ਦੀ ਲਾਗਤ ਵਿਚ ਬਣਨ ਵਾਲੀ ਇਹ ਬਿਲਡਿੰਗ ਬਿਨਾਂ ਕਰਜੇ ਤੋਂ ਬਣ ਰਹੀ ਹੈ।

» ਪਹਿਲੀ ਵਾਰ ਗੁਰੂ ਘਰ ਦੇ ਹਿਸਾਬ ਕਿਤਾਬ ਦਾ ਆਡਿਟ ਪਾਰਦਰਸ਼ੀ ਸਿੱਧ ਹੋਇਆ ਹੈ।

» ਖਾਲਸਾ ਸਕੂਲ ਵਿਚ 600 ਤੋਂ ਵੱਧ ਬੱਚੇ ਹਨ ਜਿਨਾਂ ਨੂੰ ਗੁਰਬਾਣੀ ਅਤੇ ਪੰਜਾਬੀ ਦੀ ਪੜ੍ਹਾਈ ਕਰਾਈ ਜਾਂਦੀ ਹੈ। ਇਸ ਤੋਂ ਇਲਾਵਾ ਗਤਕੇ ਦੀ ਸਿਖਲਾਈ ਅਤੇ ਸੰਗੀਤ ਅਤੇ ਤੰਤੀ ਸਾਜਾਂ ਨਾਲ ਕੀਰਤਨ ਦੀ ਸਿਖਲਾਈ ਵੀ ਦਿਤੀ ਜਾਂਦੀ ਹੈ। SAT ਅਤੇ ਉਚ ਵਿਦਿਆ ਦੀਆਂ ਕਲਾਸਾਂ ਵੀ ਲਗਦੀਆ ਹਨ।

» ਗੁਰੂ ਘਰ ਵਿਚ ਬਿਨਾਂ ਕਿਸੇ ਲਾਗਤ ਦੇ ਸੋਲਰ ਸਿਸਟਮ ਲਗਾ ਦਿਤਾ ਗਿਆ ਹੈ, ਜਿਸ ਨਾਲ ਗੁਰਦਵਾਰਾ ਬਿਜਲੀ ਦੀ ਖਰਚੇ ਵਿਚ ਰਾਹਤ ਮਿਲਦੀ ਹੈ।

» ਫਰੀਮਾਂਟ ਗੁਰੂ ਘਰ ਅਮਰੀਕਾ ਵਿਚ ਇਕੋ ਇਕ ਗੁਰੂ ਘਰ ਹੈ ਜੋ ਕਿ ਸ਼ਹੀਦਾ ਨੂੰ ਸਮਰਪਤਿ ਹੈ। ਇਹ ਗੁਰੂ ਘਰ ਕੌਮੀ ਕਾਰਜਾਂ ਵਿਚ ਹਮੇਸ਼ਾ ਮੋਹਰੀ ਰਿਹਾ ਹੈ। ਕੋਟਕਪੂਰੇ ਦੇ ਗੋਲੀ ਕਾਂਡ ਵਿਚ ਸ਼ਹੀਦ ਹੋਏ ਦੋ ਸਿੰਘਾਂ ਵਿਚੋਂ ਇਕ ਇਸ ਗੁਰੂ ਘਰ ਨਾਲ ਸਬੰਧਿਤ ਸੀ। ਗੁਰੂ ਘਰ ਵਲੋਂ ਇਨਾਂ ਸ਼ਹੀਦ ਪ੍ਰੀਵਾਰਾਂ ਦੀ ਮਦਦ ਪਹਿਲ ਦੇ ਅਧਾਰ ਤੇ ਕੀਤੀ ਗਈ ਸੀ।

» ਕੈਲੀਫੋਰਨੀਆਂ ਦੇ ਗੁਰੂ ਘਰਾਂ ਵਲੋਂ 1984 ਦੇ ਸ਼ਹੀਦਾਂ ਦੀ ਯਾਦ ਵਿਚ ਘੱਲੂਘਾਰਾ ਦਿਵਸ 2014 ਅਤੇ 2015 ਵਿਚ ਸਾਨਫਰਾਂਸਿਸਕੋ ਵਿਚ ਮਨਾਉਣ ਲਈ ਅਗਵਾਈ ਗੁਰੂ ਘਰ ਵਲੋਂ ਕੀਤੀ ਗਈ।

» ਗੁਰਮਤਿ ਕੈਂਪਾਂ ਵਲ ਖਾਸ ਧਿਆਨ ਦਿਤਾ ਜਾਂਦਾ ਹੈ ਤੇ ਸਾਰਾ ਸਾਲ ਕੈਂਪ ਲਗਾਏ ਜਾਂਦੇ ਹਨ। ਨੌਜਵਾਨਾਂ ਲਈ ਰੀਟਰੀਟ ਵੀ ਲਗਾਈ ਗਈ।

» ਗੁਰੂ ਘਰ ਵਿਚ ਮੈਡੀਕਲ ਕੈਂਪ ਅਤੇ ਖੂਨ ਦਾਨ ਕੈਂਪ ਲਗਾਏ ਜਾਂਦੇ ਹਨ।

» ਲ਼ੋਗਨ ਹਾਈ ਸਕੂਲ ਵਿਚ ਪੰਜਾਬੀ ਪ੍ਰੋਗਰਾਮ ਦੀ ਸਹਾਇਤਾ ਕੀਤੀ ਜਾਂਦੀ ਹੈ, ਅਮਰੀਕਾ ਵਿਚ ਪਬਲਿਕ ਸਕੂਲਾਂ ਵਿਚ ਪੰਜਾਬੀ ਦੀ ਪੜਾਈ ਵਿਚ ਇਹ ਇਕ ਪ੍ਰੋਗਰਾਮ ਹੈ।

» ਮਰਗ ਦੇ ਭੋਗ ਲਈ ਲੰਗਰ ਦਾ ਪ੍ਰਬੰਧ ਗੁਰੂ ਘਰ ਵਲੋਂ ਕੀਤਾ ਜਾਂਦਾ ਹੈ।

**ਯਾਦ ਰੱਖਣਾ 13 ਮਾਰਚ 2016 ਨੂੰ ਅਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**ਹੋਰ ਜਾਣਕਾਰੀ ਲਈ ਸੰਪਰਕ ਕਰੋ: (650) 391-4408, (510) 449-3628, (510) 299-7982**

# ਅਕਾਲੀ ਦਲ (ਬਾਦਲ) ਤੇ ਸੈਨ ਹੋਜ਼ੇ ਗੁਰਦੁਆਰਾ ਕਮੇਟੀ ਦਾ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿਚ ਦਖਲ

# ਪੰਥ ਲਈ ਖਤਰੇ ਦੀ ਘੰਟੀ

ਇਹ ਗੱਲ ਕਿਸੇ ਤੋਂ ਲੁੱਕੀ ਛਿਪੀ ਨਹੀਂ ਕਿ ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਅਕਾਲੀ ਦਲ (ਬਾਦਲ) ਦਾ ਅਮਰੀਕਾ ਵਿਚ ਗੜ੍ਹ ਮੰਨਿਆ ਜਾਂਦਾ ਹੈ। ਇਥੋਂ ਦੇ ਕਮੇਟੀ ਮੈਂਬਰਾਂ ਦੀ ਪੰਜਾਬ ਦੌਰਿਆਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਨਿਵਾਜੀ ਅਤੇ ਮਹਿਮਾਨ ਨਿਵਾਜੀ ਦੀਆਂ ਫੋਟੋਆਂ ਤੇ ਖਬਰਾਂ ਅਕਸਰ ਹੀ ਦੇਖੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਅਮਰੀਕਾ ਵਿਚ ਆਏ ਅਕਾਲੀਆਂ ਦਾ ਸਿਰੋਪਿਆਂ ਨਾਲ ਸਨਮਾਨ ਕਰਨ ਦੀਆਂ ਫੋਟੋਆਂ ਵੀ ਅਕਸਰ ਹੀ ਅਖਬਾਰਾਂ ਵਿਚ ਲਗਦੀਆਂ ਰਹਿੰਦੀਆਂ ਹਨ। ਸੈਨ ਹੋਜ਼ੇ ਚੋਣਾਂ ਜਿੱਤਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਅਖਬਾਰਾਂ ਵਿਚ ਬਿਆਨ ਲਾ ਕੇ ਮੌਜੂਦਾ ਕਮੇਟੀ ਨੂੰ ਵਧਾਈ ਵੀ ਦਿੱਤੀ ਸੀ।

ਗੁਰਦੁਆਰਾ ਸਾਹਿਬ ਸੈਨ ਹੋਜ਼ੇ ਅਤੇ ਅਕਾਲੀਆਂ ਵਿਚ ਰਿਸ਼ਤੇ ਦੇ ਸੂਤਰਧਾਰ ਸਰਬਜੋਤ ਸਿੰਘ ਸਵੱਦੀ ਅਤੇ ਪ੍ਰੀਤਮ ਸਿੰਘ ਗਰੇਵਾਲ ਹਨ ਜੋ ਅਕਾਲੀ ਦਲ ਅਮਰੀਕਾ ਦੇ ਅਹੁਦੇਦਾਰ ਹਨ ਅਤੇ ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਦੇ ਪ੍ਰਮੁੱਖ ਮੈਂਬਰ ਵੀ ਹਨ।

ਇਸ ਸਾਰੀ ਸਿਆਸਤ ਤੋਂ ਸਪਸ਼ਟ ਹੈ ਕਿ ਅਕਾਲੀ ਦਲ (ਬਾਦਲ) ਅਤੇ ਬਾਬ ਢਿੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ 'ਤੇ ਵੀ ਕਬਜ਼ਾ ਕਰਨਾ ਚਾਹੁੰਦੇ ਹਨ। ਅਕਾਲੀ ਦਲ ਨੇ ਆਪਣਾ ਉਮੀਦਵਾਰ ਵਿਕਰਮਜੀਤ ਸਿੰਘ ਅਤੇ ਬਾਬ ਢਿੱਲੋਂ ਨੇ ਮਿਲਪੀਟਸ ਗੁਰਦੁਆਰੇ ਦਾ ਧਨਵੰਤ ਸਿੰਘ ਧਾਲੀਵਾਲ ਸਲੇਟ ਵਿਚ ਵੀ ਉਤਾਰੇ ਹਨ।

**ਸਿੱਖ ਪੰਚਾਇਤ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਮੈਂਬਰਾਂ ਨੂੰ ਅਪੀਲ ਕਰਦੀ ਹੈ ਕਿ ਆਪ ਆਪਣਾ ਕੀਮਤੀ ਵੋਟ ਸੰਗਤ ਦੀ ਅਸਲ ਨੁਮਾਇੰਦਾ ਸਲੇਟ ਸਿੱਖ ਪੰਚਾਇਤ ਨੂੰ ਪਾਉ ਤਾਂ ਜੋ ਇਨ੍ਹਾਂ ਨੂੰ ਠੱਲ੍ਹ ਪਾਈ ਜਾ ਸਕੇ।**



ਵਿਕਰਮਜੀਤ ਸਿੰਘ ਜੋ ਧਾਮੀ ਸਲੇਟ ਅਤੇ ਭੁਪਿੰਦਰ ਸਿੰਘ ਰੰਧਾਵਾ ਜੋ ਜੰਡੀ ਸਲੇਟ ਦੇ ਉਮੀਦਵਾਰ ਹਨ, ਅਕਾਲੀ ਦਲ ਦੇ ਸੀਨੀਅਰ ਲੀਡਰ ਸੁਰਜੀਤ ਸਿੰਘ ਰੱਖੜਾ ਨਾਲ। ਬਾਕੀ ਇਸ ਵਿਚ ਸ਼ਾਮਿਲ ਸਾਰੇ ਹੀ ਪਤਵੰਤੇ ਧਾਮੀ ਸਲੇਟ ਦੀ ਮਦਦ ਕਰ ਰਹੇ ਹਨ।



ਸੈਨ ਹੋਜ਼ੇ ਕਮੇਟੀ ਦੇ ਮੈਂਬਰਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਚ ਸਨਮਾਨ ਕਰਦੇ ਹੋਏ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ




ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਥੇਦਾਰ ਭੌਰ, ਰਾਜਿੰਦਰ ਸਿੰਘ ਮਹਿਤਾ ਅਤੇ ਹੋਰ ਪਤੰਵਤੇ ਅਕਾਲੀਆਂ ਦਾ ਗੁਰਦੁਆਰਾ ਸੈਨ ਹੋਜ਼ੇ ਵਿਚ ਸੈਨ ਹੋਜ਼ੇ ਕਮੇਟੀ ਵਲੋਂ ਸਨਮਾਨ ਕਰਦਿਆਂ ਦੀ ਤਸਵੀਰ



ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਦੇ ਬਾਬ ਢਿੱਲੋਂ, ਪ੍ਰੀਤਮ ਗਰੇਵਾਲ, ਸਰਬਜੋਤ ਸਵੱਦੀ ਅਤੇ ਪ੍ਰੀਤਮ ਸਿੰਘ ਜੋਗਾ, ਜਿਨ੍ਹਾਂ ਨੇ ਇਸ ਵਾਰੀ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿਚ ਸਾਰੀ ਸ਼ਤਰੰਜ ਰਚੀ। ਇਨ੍ਹਾਂ ਸਾਰਿਆਂ ਦਾ ਜੋਰ ਅਵਤਾਰ ਸਿੰਘ ਧਾਮੀ ਸਲੇਟ ਨੂੰ ਜਿਤਾਉਣ ਲਈ ਹੈ।



ਇਨ੍ਹਾਂ ਸਾਰਿਆਂ ਨੂੰ ਥਾਪੜਾ ਸੁਖਬੀਰ ਸਿੰਘ ਬਾਦਲ ਦਾ ਹੀ ਲਗਦੈ।



ਧਾਮੀ ਸਲੇਟ ਦੇ ਉਮੀਦਵਾਰ ਤੇ ਕਰਤਾ-ਧਰਤਾ ਅਤੇ ਇਨ੍ਹਾਂ ਸਾਰਿਆਂ ਦਾ ਸੂਤਰਧਾਰ ਪ੍ਰੀਤਮ ਸਿੰਘ। ਸੈਨ ਹੋਜ਼ੇ ਦੀਆਂ ਚੋਣਾਂ ਸਮੇਂ ਬਾਬ ਢਿੱਲੋਂ ਧੜੇ ਦੀ ਮਦਦ ਕਰਨ ਵੇਲੇ ਦੀ ਤਸਵੀਰ।

**For More Info. Call - Jasdev Singh, Ph: (650)391-4408; Gurinder Singh (510)449-3628**

# ਜਾਰੀ ਕਰਤਾ: ਸਿੱਖ ਪੰਚਾਇਤ

*Paid ad on behalf the advertiser who is responsible for the contents and not Punjab Times.*



ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥



# ਗੁਰਦੁਆਰਾ ਸਾਹਿਬ ਫਰੀਮਾਂਟ ਸੁਪਰੀਮ ਕੌਂਸਲ ਚੋਣਾਂ 'ਚ

# ਵੋਟਰਾਂ ਤੇ ਸਪੋਰਟਰਾਂ ਨੂੰ ਅਪੀਲ



ਭਾਈ ਜਸਵਿੰਦਰ ਸਿੰਘ ਜੰਡੀ



ਭਾਈ ਨਿਰਮਲ ਸਿੰਘ ਖਾਲਸਾ



ਭਾਈ ਅਮਰਜੀਤ ਸਿੰਘ



ਭਾਈ ਭੁਪਿੰਦਰ ਸਿੰਘ ਰੰਧਾਵਾ



ਭਾਈ ਹਰਬੰਸ ਸਿੰਘ

## ਪੰਥਕ ਸਲੇਟ ਦੇ ਪੰਥਕ ਉਮੀਦਵਾਰਾਂ ਨੂੰ ਵੋਟ ਤੇ ਸਪੋਰਟ ਦੇ ਕੇ ਕਾਮਯਾਬ ਕਰੋ ਜੀ।

ਬੇਨਤੀ ਕਰਤਾ :


## ਬੇ-ਏਰੀਆ ਸਿੱਖ ਅਲਾਇੰਸ (BASA)

## ਸੀਨੀਅਰ ਲੀਡਰਸ਼ਿੱਪ ਅਤੇ ਸਾਥੀ

# ਪੰਥਕ ਸਲੇਟ ਨੂੰ ਵੋਟ ਪਾਉਣ ਦੀ ਅਪੀਲ




ਭਾਈ ਜਸਵਿੰਦਰ ਸਿੰਘ ਜੰਡੀ


ਭਾਈ ਨਿਰਮਲ ਸਿੰਘ ਖਾਲਸਾ


ਭਾਈ ਅਮਰਜੀਤ ਸਿੰਘ


ਭਾਈ ਭੁਪਿੰਦਰ ਸਿੰਘ ਰੰਧਾਵਾ


ਭਾਈ ਹਰਬੰਸ ਸਿੰਘ


ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ 13 ਮਾਰਚ, ਐਤਵਾਰ ਨੂੰ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਚੋਣ ਵਿਚ ਭਾਈਚਾਰੇ ਦੇ ਸੇਵਾਦਾਰ, ਹੱਥੀਂ ਸੇਵਾ ਵਿਚ ਵਿਸ਼ਵਾਸ ਰੱਖਣ ਵਾਲੇ, ਭਾਈਚਾਰੇ ਦੇ ਹਰ ਦੁੱਖ-ਸੁੱਖ ਵਿਚ ਪਿਛਲੇ 30 ਸਾਲਾਂ ਤੋਂ ਖੜ੍ਹਨ ਵਾਲੇ ਨਿਸ਼ਕਾਮ ਸੇਵਕ ਭਾਈ ਨਿਰਮਲ ਸਿੰਘ ਬਾਠ ਅਤੇ ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਭੁਪਿੰਦਰ ਸਿੰਘ ਰੰਧਾਵਾ, ਭਾਈ ਅਮਰਜੀਤ ਸਿੰਘ ਤੇ ਭਾਈ ਹਰਬੰਸ ਸਿੰਘ ਨੂੰ ਆਪਣੀਆਂ ਵੋਟਾਂ ਪਾ ਕੇ ਅਗਲੇ 2 ਸਾਲ ਲਈ ਸੇਵਾ ਦਾ ਮੌਕਾ ਦਿਓ ਤਾਂ ਕਿ ਗੁਰੂ ਘਰ ਦੇ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾ ਸਕੇ।

ਸਮੁੱਚੇ ਭਾਈਚਾਰੇ ਨੂੰ ਅਪੀਲ ਹੈ ਕਿ ਆਪਣੀ ਵੋਟ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਇਹ ਸੋਚੀਏ ਕਿ ਉਮੀਦਵਾਰਾਂ ਦਾ ਸਾਰਾਂਸ ਕੀ ਹੈ। ਸਾਡੀ ਸਮਝ ਅਨੁਸਾਰ ਭਾਈ ਜਸਵਿੰਦਰ ਸਿੰਘ ਜੰਡੀ ਅਤੇ ਉਨ੍ਹਾਂ ਦੇ ਸਾਥੀਆਂ ਦੀ ਪੰਥਕ ਸਲੇਟ ਦੇ ਸਾਰੇ ਉਮੀਦਵਾਰ ਭਾਈਚਾਰੇ ਦੇ ਹੱਕ ਵਿਚ ਖੜ੍ਹਨ ਵਾਲੇ, ਸਿੱਖ ਸਮਾਜ ਦੇ ਅਕਸ ਨੂੰ ਸੁਧਾਰਨ ਵਿਚ ਪਹਿਲਕਦਮੀ ਕਰਨ ਵਾਲੇ, ਗੁਰਦੁਆਰਾ ਸਾਹਿਬ ਦਾ ਵਿਕਾਸਮਈ ਭਵਿੱਖ ਸਿਰਜਣ ਵਾਲੇ ਹਨ। ਆਸ ਹੈ ਕਿ ਤੁਸੀਂ ਵੀ ਅਜਿਹੀ ਹੀ ਰਾਏ ਰੱਖਦੇ ਹੋਵੋਂਗੇ। ਸਾਡੀ ਤੁਹਾਨੂੰ ਪੁਰਜ਼ੋਰ ਅਪੀਲ ਹੈ ਕਿ 13 ਮਾਰਚ, ਐਤਵਾਰ ਨੂੰ ਪੰਥਕ ਸਲੇਟ ਨੂੰ ਵੋਟ ਪਾ ਕੇ ਕਾਮਯਾਬ ਕਰੋ ਜੀ।

**ਤਰੀਕ:** 13 ਮਾਰਚ 2016 (ਐਤਵਾਰ) **ਸਮਾਂ:** ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ
**ਸਥਾਨ:** 300 ਗੁਰਦੁਆਰਾ ਰੋਡ, ਫਰੀਮਾਂਟ, ਕੈਲੀਫੋਰਨੀਆ 94530

## ਬੇਨਤੀ ਕਰਤਾ


ਡਾ. ਰਾਜੀਵ ਆਹੂਜਾ


ਚਰਨ ਸਿੰਘ ਭੰਡਾਲ


ਡਾ. ਜੋਤਪ੍ਰੀਤ ਸਿੰਘ


ਗੁਰਚਰਨ ਸਿੰਘ ਮਾਨ


ਗੁਰਦਾਵਰ ਸਿੰਘ ਮਹੇੜੂ



ਕੁਲਦੀਪ ਸਿੰਘ ਮਾਨ


ਭੁਪਿੰਦਰ ਸਿੰਘ ਪਰਮਾਰ


ਬਾਬਾ ਬਿੱਕਰ ਸਿੰਘ


ਪਾਲ ਸਿੰਘ ਰਾਏ ਅਤੇ ਸੁਰਨਪਾਲ ਸਿੰਘ ਬੈਂਸ


ਓਂਕਾਰ ਸਿੰਘ ਬਾਹੀਆ


ਮੋਹਿੰਦਰ ਸਿੰਘ ਚੌਹਾਨ


ਅਮਰੀਕ ਸਿੰਘ ਮਦਾਰ


ਜੋਰਾ ਸਿੰਘ ਸੈਂਟਾ ਕਲਾਰਾ


ਸੁਖਪਾਲ ਸਿੰਘ ਭੂਰਾ


ਬਲਕਾਰ ਸਿੰਘ


ਦੀਦਾਰ ਸਿੰਘ



**Election Day March 13th, 2016**

**Time: 8am to 8pm**

**300 Gurdwara Rd Fremont, CA 94530**

# ਪੰਥਕ ਸਲੇਟ ਨੂੰ ਵੋਟ ਪਾਉਣ ਦੀ ਅਪੀਲ

ਗੁਰੂ ਪਿਆਰੀ ਸਿੱਖ ਸੰਗਤ ਜੀ,


ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਮਾਰਚ 13 ਦਿਨ ਐਤਵਾਰ ਨੂੰ ਕਮਿਊਨਟੀ ਦੇ ਸੇਵਾਦਾਰਾਂ ਹੱਥੀਂ ਸੇਵਾ ਵਿਚ ਵਿਸ਼ਵਾਸ ਰੱਖਣ ਵਾਲੇ, ਕਮਿਊਨਟੀ ਦੇ ਹਰ ਦੁੱਖ ਸੁੱਖ ਵਿਚ ਪਿਛਲੇ 30 ਸਾਲਾ ਤੋਂ ਖੜਨ ਵਾਲੇ, ਨਿਸਕਾਮ ਸੇਵਕ ਭਾਈ ਨਿਰਮਲ ਸਿੰਘ ਜੀ ਬਾਠ ਅਤੇ ਭਾਈ ਜਸਵਿੰਦਰ ਸਿੰਘ ਜੰਡੀ , ਭਾਈ ਭੁਪਿੰਦਰ ਸਿੰਘ ਰੰਧਾਵਾ, ਭਾਈ ਅਮਰਜੀਤ ਸਿੰਘ, ਭਾਈ ਹਰਬੰਸ ਸਿੰਘ ਹੋਰਾਂ ਨੂੰ ਆਪਣੀਆ ਵੋਟਾਂ ਪਾ ਕੇ ਅਗਲੇ 2 ਸਾਲ ਲਈ ਸੇਵਾ ਦਾ ਮੌਕਾ ਦਿਓ। ਤਾਂ ਕਿ ਗੁਰੂ ਘਰ ਦੇ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾ ਸਕੇ।



Bhai
Jaswinder Singh Jandi




Bhai
Nirmal Singh Khalsa



Bhai
Amarjit Singh



Bhai Bhupinder Singh
Randhawa



Bhai Harbans Singh



# ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਸਨਿਮਰ ਬੇਨਤੀ



ਦਵਿੰਦਰ ਸਿੰਘ ਚਾਨਾ



ਧਨਵੰਤ ਸਿੰਘ ਧਾਲੀਵਾਲ



ਵਿਕਰਮਜੀਤ ਸਿੰਘ



ਮਹਿੰਦਰ ਸਿੰਘ ਕਲੇਰ



ਅਵਤਾਰ ਸਿੰਘ ਧਾਮੀ

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸਹੀ ਲੀਹਾਂ 'ਤੇ ਚਲਾਉਣ, ਪਾਰਕਿੰਗ ਅਤੇ ਉਸਾਰੀ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ, ਕੁਝ ਸਾਲ ਪਹਿਲਾਂ ਖਰੀਦੀ ਗਈ 100 ਏਕੜ ਜ਼ਮੀਨ ਦੇ ਸਹੀ ਇਸਤੇਮਾਲ, ਪੰਜਾਬੀ ਸਕੂਲ ਨੂੰ ਬਿਹਤਰ ਅਤੇ ਗੁਰੂਘਰ ਦੇ ਹਿਸਾਬ-ਕਿਤਾਬ ਨੂੰ ਪਾਰਦਰਸ਼ੀ ਬਣਾਉਣ ਲਈ

## ਬੇ-ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਦੇ ਉਮੀਦਵਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ



ਬੇਨਤੀ ਕਰਤਾ

**ਆਪਣਾ ਪੰਜਾਬ ਐਸੋਸੀਏਸ਼ਨ** ਅਤੇ

**ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਐਸੋਸੀਏਸ਼ਨ ਫਰੀਮਾਂਟ**

Paid Advt

# ਕਾਠ ਦੀ ਕਵਿਤਾ

## ਸਰਗੇਈ ਬੁਬਕੋਵ ਦੇ ਕਰਾਂ ਦੀ ਕਰਾਮਾਤ




ਕਲਾ ਪਰਿਕਰਮਾ

ਰੂਸ ਦੀ ਰਾਜਧਾਨੀ ਮਾਸਕੋ ਤੋਂ ਤਕਰੀਬਨ 500 ਕਿਲੋਮੀਟਰ ਦੂਰ ਕੋਜ਼ਨੀ ਕਸਬੇ ਵਿਚ ਰਹਿੰਦਾ ਕਲਾਕਾਰ ਸਰਗੇਈ ਬੁਬਕੋਵ ਦੀ ਕਲਾ ਦੀਆਂ ਧੁੰਮਾਂ ਦੂਰ-ਦੂਰ ਤੱਕ ਪਈਆਂ ਹੋਈਆਂ ਹਨ। ਉਹ ਚੀਲ ਦੇ ਦਰੱਖਤਾਂ ਤੋਂ ਅਜਿਹੀਆਂ ਕਲਾਕ੍ਰਿਤੀਆਂ ਸਿਰਜਦਾ ਹੈ ਕਿ ਦੇਖਣ ਵਾਲੇ ਦੰਗ ਰਹਿ ਜਾਂਦੇ ਹਨ। ਇਸ ਕਲਾ ਨੂੰ ਉਹ ਇੰਨੇ ਮਹੀਨ ਰੂਪ ਵਿਚ ਪੇਸ਼ ਕਰਦਾ ਹੈ ਕਿ ਇਹ ਕਲਾਕ੍ਰਿਤੀਆਂ ਸੱਚਮੁੱਚ ਜਿਉਂਦੀਆਂ-ਜਾਗਦੀਆਂ ਜਾਪਦੀਆਂ ਹਨ। ਇਨ੍ਹਾਂ ਕਲਾਕ੍ਰਿਤਾਂ ਦੀ ਸਮੁੱਚੀ ਤਕਨੀਕ ਉਸ ਨੇ ਆਪ ਤਿਆਰ ਕੀਤੀ ਹੈ। ਕੋਈ ਵੀ

**ਜਗਜੀਤ ਸਿੰਘ ਸੇਖੋਂ**

ਕਲਾਕ੍ਰਿਤੀ ਤਿਆਰ ਕਰਨ ਲਈ ਉਹ ਸਭ ਤੋਂ ਪਹਿਲਾਂ ਲੱਕੜ ਤੋਂ ਚਿੱਪਾਂ ਛਿਲਦਾ ਹੈ। ਇਹ ਚਿੱਪਾਂ ਆਮ ਕਰ ਕੇ 2 ਤੋਂ 3 ਇੰਚ ਲੰਮੀਆਂ ਹੁੰਦੀਆਂ ਹਨ। ਫਿਰ ਇਨ੍ਹਾਂ ਨੂੰ ਕਈ ਦਿਨਾਂ ਤੱਕ ਪਾਣੀ ਵਿਚ ਭਿਓਂ ਕੇ ਰੱਖਿਆ ਜਾਂਦਾ ਹੈ। ਇਸ ਤੋਂ ਬਾਅਦ ਫਿਰ ਇਨ੍ਹਾਂ ਨੂੰ ਲੋੜ ਮੁਤਾਬਕ ਆਕਾਰ ਦਿੱਤਾ ਜਾ ਸਕਦਾ ਹੈ!

ਸਰਗੇਈ ਬੁਬਕੋਵ ਇਸ ਅਨੋਖੇ ਕੰਮ ਵਿਚ ਪਿਛਲੇ ਕਈ ਸਾਲਾਂ ਤੋਂ ਲੱਗਿਆ ਹੋਇਆ ਹੈ, ਪਰ ਉਸ ਨੇ ਅਜੇ ਤੱਕ ਸਿਰਫ਼ 11 ਕਲਾਕ੍ਰਿਤੀਆਂ ਹੀ ਤਿਆਰ ਕੀਤੀਆਂ ਹਨ। ਉਹ ਦੱਸਦਾ ਹੈ ਕਿ ਇਕ ਕਲਾਕ੍ਰਿਤੀ ਤਿਆਰ ਕਰਨ ਲਈ ਉਸ ਨੂੰ ਤਕਰੀਬਨ 6 ਮਹੀਨੇ ਲੱਗ ਜਾਂਦੇ ਹਨ ਅਤੇ ਰੋਜ਼ 10 ਤੋਂ 12 ਘੰਟੇ ਕੰਮ ਕਰਨਾ ਪੈਂਦਾ ਹੈ। ਇਕ ਵੀ ਦਿਨ ਛੁੱਟੀ ਵਾਲਾ ਨਹੀਂ ਲੰਘਦਾ।



*ਸਰਗੇਈ ਬੁਬਕੋਵ ਆਪਣੀ ਇਕ ਕਲਾਕ੍ਰਿਤੀ ਨਾਲ।*

ਸਰਗੇਈ ਬੁਬਕੋਵ ਮੁੱਖ ਰੂਪ ਵਿਚ ਜੰਗਲੀ ਜੀਵ-ਜੰਤੂਆਂ ਦੀਆਂ ਕਲਾਕ੍ਰਿਤੀਆਂ ਹੀ ਬਣਾਉਂਦਾ ਹੈ। ਕਲਾਕ੍ਰਿਤੀ ਸ਼ੁਰੂ ਕਰਨ ਤੋਂ ਪਹਿਲਾਂ ਉਹ ਸਬੰਧਤ ਜੀਵ-ਜੰਤੂ ਬਾਰੇ ਖੂਬ ਪੜ੍ਹਦਾ ਹੈ, ਇਨ੍ਹਾਂ ਦੀਆਂ ਆਦਤਾਂ ਅਤੇ ਖਾਣ-ਪੀਣ ਬਾਰੇ ਪਤਾ ਲਗਾਉਂਦਾ ਹੈ। ਇਹ ਕੰਮ ਮਹੀਨਿਆਂ ਬੱਧੀ ਚੱਲਦਾ ਹੈ। ਫਿਰ ਕਿਤੇ ਜਾ ਕੇ ਕਲਾਕ੍ਰਿਤੀ ਦਾ ਮੁੱਢ ਬੱਝਣਾ ਸ਼ੁਰੂ ਹੁੰਦਾ ਹੈ। ਕੁਝ ਲੋਕ ਸਰਗੇਈ ਬੁਬਕੋਵ ਦੀ ਕਲਾ ਨੂੰ ਟੈਕਸੀਡਰਮੀ (ਖੱਲਾਂ ਮੜ੍ਹਨ ਜਾਂ ਭਰਨ ਨਾਲ ਸਬੰਧਤ ਕੰਮ) ਨਾਲ ਜੋੜਦੇ ਹਨ, ਪਰ ਸਰਗੇਈ ਦਾ ਕਹਿਣਾ ਹੈ ਕਿ ਟੈਕਸੀਡਰਮੀ ਅਤੇ ਉਸ ਦੀ ਕਲਾ ਵਿਚਕਾਰ ਜ਼ਮੀਨ ਆਸਮਾਨ ਜਿੰਨਾ ਫਰਕ ਹੈ। ਟੈਕਸੀਡਰਮੀ ਮੌਤ ਨਾਲ ਸਬੰਧਤ ਹੈ, ਪਰ ਉਸ ਦੀਆਂ ਕਲਾਕ੍ਰਿਤਾਂ ਜੀਵਨ ਨਾਲ ਜੁੜੀਆਂ ਹੋਈਆਂ ਹਨ। ਉਸ ਦੀਆਂ ਕਲਾਕ੍ਰਿਤਾਂ ਵਿਚ ਉੱਲੂ, ਕਾਟੋ ਆਦਿ ਜੀਵ-ਜੰਤੂ ਸਭ ਸ਼ਾਮਲ ਹਨ। ਉਸ ਨੂੰ ਇਨ੍ਹਾਂ ਕਲਾਕ੍ਰਿਤੀਆਂ ਦਾ ਖਿਆਲ ਕੁਦਰਤ ਨਾਲ ਪਿਆਰ ਵਿਚੋਂ ਹੀ ਆਇਆ ਅਤੇ ਉਸ ਨੇ ਕੁਦਰਤ ਦੀ ਅਜਿਹੀ ਕਵਿਤਾ ਸਿਰਜੀ ਜਿਹੜੀ ਕਾਠ ਦੀ ਹੋਣ ਦੇ ਬਾਵਜੂਦ ਜੀਵਨ ਦੀ ਗੱਲ ਕਰਦੀ ਹੈ। ਹਰ ਕਲਾਕ੍ਰਿਤ ਲਈ ਉਹ ਕਚਰੇ ਤੋਂ ਸ਼ੁਰੂਆਤ ਕਰਦਾ ਹੈ ਤੇ ਇਹ ਕਚਰਾ ਕਲਾ ਵਿਚ ਵਟਦਾ ਜਾਂਦਾ ਹੈ। ਇਹ ਅਮਲ ਸਰਗੇਈ ਬੁਬਕੋਵ ਨੂੰ ਦਿਲਚਸਪ ਲਗਦਾ ਹੈ। ਇਸੇ ਕਰ ਕੇ ਉਸ ਦੀ ਦਿਲਚਸਪੀ ਲਗਾਤਾਰ ਵਧਦੀ ਜਾਂਦੀ ਹੈ।





*ਕਰਾਂ ਅਤੇ ਕਲਾ ਦੀ ਕਰਾਮਾਤ ਦਿਖਾ ਰਿਹਾ ਰੂਸੀ ਕਲਾਕਾਰ ਸਰਗੇਈ ਬੁਬਕੋਵ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਮਾਰਚ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-212



*ਲੱਖ ਕੋਈ ਨੱਕ ਬੁੱਲ੍ਹ ਕੱਢੇ ਭਾਵੇਂ ਆਖਣ ਸ਼ਹਿਰੀ ਮਾੜਾ,*
*ਇਹ ਹੈ ਮੱਝਾਂ-ਗਾਂਵਾਂ, ਡੰਗਰ-ਵੱਛਾ ਬੰਨਣ ਵਾਲ ਵਾੜਾ।*
*ਪਹਿਲਾਂ ਸੁਆਣੀਆਂ ਗੋਹਾ ਚੁੱਕ ਕੇ ਫੇਰ ਕੱਢਦੀਆਂ ਧਾਰਾਂ,*
*ਚੜ੍ਹ ਕੇ ਚੰਦ 'ਤੇ ਨਹੀਂ ਮਿਲਦੀਆਂ, ਪਿੰਡ ਦੀਆਂ ਇਹੋ ਬਹਾਰਾਂ।*

## ਕੈਪਸ਼ਨ ਮੁਕਾਬਲਾ-210



ਪੰਜ ਸਿਰ 'ਤੇ ਦੋ ਹੱਥਾਂ ਵਿਚ
ਬਾਕੀ ਦੋ ਨੇ ਢਾਕ 'ਤੇ ਲਾਏ।
ਉਚਾ ਨੀਵਾਂ ਬੋਚ ਕੇ ਤੁਰਦੀ
ਭੋਰਾ ਭਰ ਕੋਈ ਹਿੱਲ ਨਾ ਪਾਏ।
ਨਾਲ ਹੈਰਾਨੀ ਦੁਨੀਆਂ ਦੇਖੇ
ਮਜਬੂਰੀ ਬੱਸ ਕਲਾ ਸਿਖਾਏ।
**-ਜਗਮੀਤ ਸਿੰਘ ਪੰਧੇਰ**

---

ਸਿਫਤ ਤਾਂ ਕਰਨੀ ਬਣਦੀ ਏ।
ਪਰ ਇਹ ਕਲਾ ਬਹੁਤ ਪੁਰਾਣੀ ਏ।
ਹੈਰਾਨ ਕਰਨ ਵਾਲੀ ਤਾਂ ਕੋਈ ਗੱਲ ਨਹੀਂ,
ਲਗਭਗ ਹਰ ਔਰਤ ਨੇ ਮਾਣੀ ਏ।
ਖੂਹਾਂ ਉਤੋਂ ਖੇਤਾਂ ਦੇ ਵਿਚ,
ਭੱਤਾ ਜਿਨ੍ਹਾਂ ਨੇ ਢੋਇਆ ਏ।
ਸਿਰ 'ਤੇ ਟੋਕਰੀ ਕੁਛੜ ਨਿਆਣਾ,
ਨੂਰਪੁਰੀ ਇਹ ਸਭ ਵੇਖਿਆ ਹੋਇਆ ਏ।
**-ਗੁਰਦਿਆਲ ਸਿੰਘ ਨੂਰਪੁਰੀ**

---

ਢਿੱਡ ਲਈ ਅਸੀਂ ਵੇਲਦੇ ਪਾਪੜ
ਸਾਡੇ ਕਿਹੜੇ ਬੈਕਾਂ ਵਿਚ ਲਾਕਰ।
ਲੋਕੀਂ ਸਮਝਣ ਇਹ ਕਲਾ ਸਾਡੀ
ਪਾਣੀ ਲਈ ਭਟਕਦੇ ਦੂਰ-ਦੁਰਾਡੀ।
ਵਿਹੜੀ ਸਾਡੇ ਪਿਆ ਰਹਿੰਦਾ ਸੋਕਾ
ਅਮੀਰ ਦੇ ਨਖਰੇ ਪੀਂਦੇ ਕੋਲਾ-ਕੋਕਾ।
ਸੁਪਨੇ ਵਿਚ ਸਾਡੇ ਕੂਲਰ-ਫਰਿੱਜ਼ਰਾਂ
ਕਿਸਮਤ ਵਿਚ ਅਜੇ ਘੜ੍ਹੇ ਤੇ ਗਾਗਰਾਂ।
**-ਸਤਵਿੰਦਰ ਥਾਂਦੀ ਦੌਲਤਪੁਰੀਆ**

---

ਅਸੀਂ ਪਹਾੜੀ ਕਬਾਇਲੀ
ਕੱਖਾਂ-ਕਾਨਿਆਂ ਦੇ ਘਰਾਂ 'ਚ
ਜੁਗਾਂ ਤੋਂ ਰਹਿੰਦੇ ਆਏ।
ਸਿਰੜ, ਸਿਦਕ ਸਾਡਾ ਲਾਜਵਾਬ
ਕਰੜੇ ਹਨ ਸਰੀਰ ਸਾਡੇ।
ਸਿਰਫ ਇਕ ਘੜਾ ਨਹੀਂ
ਪੀਂਜ ਲਾ ਸਕਦੇ ਹਾਂ
ਬਗਲਾਂ ਅਤੇ ਸਿਰ ਉਤੇ।
ਡਿੱਗੇ ਨਾ ਇਕ ਵੀ ਘੜਾ
ਕਲਾ ਦੀ ਜੁਗਤ ਜਾਣਦੇ ਹਾਂ।
**-ਦਰਸ਼ਨਪਾਲ ਦੋਸਾਂਝ**

---

ਮਿਹਨਤ ਦਾ ਇਹ ਕੰਮ ਕਰਨ ਵਾਲਾ
ਬਿਨ ਕੀਤੇ ਨਹੀਂ ਸਰਨ ਵਾਲਾ।
ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਏ
ਦੁੱਖ ਸਰੀਰ 'ਤੇ ਸਹਿਣਾ ਪੈਂਦਾ ਏ।
ਪੰਜ ਚੁੱਕੇ ਸਿਰ ਉਪਰ ਘੜੇ
ਹੱਥ ਵਿਚ ਫੜ੍ਹੇ ਮੈਂ ਚਾਰ।
ਸਾਰੇ ਵਿਕ ਤਾਂ ਮੌਜ ਬਣਜੂ
ਨਹੀਂ ਤਾਂ ਮਿਹਨਤ ਬੇਕਾਰ।
**-ਗੋਰਾ ਪ੍ਰਜਾਪਤ, ਨਿਊ ਯਾਰਕ**

## ਕੈਪਸ਼ਨ ਮੁਕਾਬਲਾ 209

ਰਾਣੋ, ਗੀਤੇ ਤੇ ਜੀਤੇ ਤਿੰਨਾਂ ਰਲ ਕੇ
ਖੇਡਣ ਦੀ ਸਕੀਮ ਬਣਾਈ।
ਇਕ ਸਾਈਕਲ ਦਾ, ਦੋ ਸਕੂਟਰ ਦੇ
ਟਾਇਰ ਲੱਭ ਲਿਆਏ ਭਾਈ।
ਕਹਿੰਦੇ, ਹੁਣ ਇਹੋ ਸਾਡੀ ਗੱਡੀਆਂ।
ਉਮਰ ਛੋਟੀ ਪਰ ਸਕੀਮਾਂ ਨੇ ਵੱਡੀਆਂ।
ਬਚਪਨ ਚੇਤੇ ਆ ਗਿਆ ਏ
ਅਖਬਾਰ 'ਚ ਲੱਗੀ ਫੋਟੋ ਵੇਖ।
ਲੰਘ ਉਹ ਖੇਡਾਂ ਦੀ ਉਮਰ
ਹੁਣ ਹੋ ਗਏ ਆਂ ਬਹੁਤ ਲੇਟ।
**-ਗੋਰਾ ਪ੍ਰਜਾਪਤ, ਨਿਊ ਯਾਰਕ**


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080


AXJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ ।
deep@jfsinc.us
100%
SATISFACTION GUARANTEED
ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986


Need Water? Tired of waiting in Line?
Are you looking for a drilling company to drill water well at your farm?
Hydrotech Solutions do best deep water drilling in shortest time and no one can beat our price.
Hydrotech convert pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street in C21 at Ag Show
Hydrotech Solutlions LLC

# ਅਕਾਲੀ ਲੈ ਗਏ ਮੁਫਤ ਯਾਤਰਾ ਦਾ ਲਾਹਾ

**ਸੰਗਰੂਰ:** ਪੰਜਾਬ ਸਰਕਾਰ ਵੱਲੋਂ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਆਮ ਜਨਤਾ ਦੀ ਥਾਂ ਅਕਾਲੀ ਦਲ ਤੀਰਥ ਯਾਤਰਾ ਬਣ ਕੇ ਰਹਿ ਗਈ ਹੈ। ਸਰਕਾਰ ਨੇ ਇਹ ਸਕੀਮ ਪਹਿਲੀ ਜਨਵਰੀ, 2016 ਨੂੰ ਅੰਮ੍ਰਿਤਸਰ ਤੋਂ ਸ਼ੁਰੂ ਕੀਤਾ ਸੀ। ਇਸ ਦਾ ਮਕਸਦ ਸੂਬੇ ਵਿਚ ਰਹਿਣ ਵਾਲੇ ਵੱਖ-ਵੱਖ ਧਰਮਾਂ ਦੇ ਗਰੀਬ ਲੋਕਾਂ ਨੂੰ ਉਨ੍ਹਾਂ ਦੇ ਤੀਰਥ ਸਥਾਨਾਂ ਦੀ ਮੁਫਤ ਯਾਤਰਾ ਕਰਵਾਉਣਾ ਹੈ। ਲੋਕ ਇਸ ਸਕੀਮ ਤਹਿਤ ਵੱਖ-ਵੱਖ ਤੀਰਥ ਸਥਾਨਾਂ ਦੀ ਯਾਤਰਾ ਵੀ ਕਰ ਰਹੇ ਹਨ, ਪਰ ਇਕ ਗੱਲ ਜੋ ਹੁਣ ਤੱਕ ਸਾਹਮਣੇ ਆਈ ਹੈ, ਉਹ ਹੈ ਇਸ ਸਕੀਮ ਦਾ ਅਕਾਲੀ ਵਰਕਰਾਂ ਤੱਕ ਹੀ ਸੀਮਤ ਰਹਿਣਾ।




ਅਸਲ ਵਿਚ ਜਿਸ ਵਿਧਾਨ ਸਭਾ ਹਲਕੇ ਤੋਂ ਲੋਕਾਂ ਨੇ ਯਾਤਰਾ ਉਤੇ ਜਾਣਾ ਹੁੰਦਾ ਹੈ, ਉਸ ਦਾ ਪ੍ਰਬੰਧ ਅਕਾਲੀ ਦਲ ਦੇ ਹਲਕਾ ਇੰਚਾਰਜ ਨੇ ਹੀ ਕਰਨਾ ਹੁੰਦਾ ਹੈ। ਹਲਕਾ ਇੰਚਾਰਜ ਯਾਤਰਾ ਲਈ ਪ੍ਰਬੰਧ ਕਰਨ ਸਮੇਂ ਸਿਰਫ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਹੀ ਪਹਿਲ ਦਿੰਦਾ ਹੈ। ਗਰੀਬ ਲੋਕਾਂ ਨੂੰ ਇਸ ਤੋਂ ਦੂਰ ਰੱਖਿਆ ਜਾਂਦਾ ਹੈ। ਗਰੀਬ ਲੋਕਾਂ ਦੀ ਥਾਂ ਸਿਰਫ ਅਕਾਲੀ ਵਰਕਰ ਤੇ ਆਗੂ ਹੀ ਸਰਕਾਰ ਹੀ ਇਸ ਮੁਫਤ ਤੀਰਥ ਯਾਤਰਾ ਸਕੀਮ ਦਾ ਲਾਭ ਚੁੱਕ ਰਹੇ ਹਨ।

ਇਸ ਗੱਲ ਦੀ ਪੁਸ਼ਟੀ ਇਸੇ ਹਫਤੇ ਸੰਗਰੂਰ ਹਲਕੇ ਵਿਚ ਵੀ ਹੋਈ। ਸੰਗਰੂਰ ਤੋਂ ਹਜ਼ੂਰ ਸਾਹਿਬ ਲਈ ਤੀਰਥ ਯਾਤਰੀਆਂ ਲਈ ਰੇਲ ਗੱਡੀ ਰਵਾਨਾ ਕੀਤੀ ਗਈ। ਇਸ ਰੇਲ ਨੂੰ ਪੰਜਾਬ ਦੇ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਰੇਲ ਵਿਚ ਆਮ ਲੋਕਾਂ ਦੀ ਥਾਂ ਸਿਰਫ ਅਕਾਲੀ ਦਲ ਦੇ ਆਗੂਆਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਪਾਰਟੀ ਵਰਕਰਾਂ ਨੂੰ ਦਰਸ਼ਨਾਂ ਲਈ ਲਿਜਾਇਆ ਗਿਆ। ਯਾਤਰਾ ਕਰਨ ਵਾਲੇ ਅਕਾਲੀ ਦਲ ਦੇ ਆਗੂਆਂ ਨੇ ਵੀ ਮੰਨਿਆ ਕਿ ਰੇਲ ਵਿਚ ਜ਼ਿਆਦਾਤਰ ਯਾਤਰੀ ਅਕਾਲੀ ਹੀ ਹਨ। ਯਾਨੀ, ਸਰਕਾਰ ਨੇ ਆਮ ਜਨਤਾ ਦੇ ਨਾਮ ਉਤੇ ਆਪਣੇ ਆਗੂਆਂ ਤੇ ਵਰਕਰਾਂ ਨੂੰ ਖੁਸ਼ ਕਰਨ ਲਈ ਇਸ ਸਕੀਮ ਨੂੰ ਸ਼ੁਰੂ ਕੀਤਾ ਹੈ। ਜਦੋਂ ਮਾਮਲਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਕੋਲ ਚੁੱਕਿਆ ਤਾਂ ਉਨ੍ਹਾਂ ਇਸ ਤੋਂ ਕੋਰੀ ਨਾ ਕਰ ਦਿੱਤੀ। ਉਨ੍ਹਾਂ ਆਖਿਆ ਕਿ ਇਸ ਸਕੀਮ ਦਾ ਫਾਇਦਾ ਸੂਬੇ ਦੇ ਗਰੀਬ ਲੋਕਾਂ ਨੂੰ ਵੀ ਮਿਲ ਰਿਹਾ ਹੈ।

# ਨੌਜਵਾਨਾਂ ਦੀ ਹੁਨਰ ਸਿਖਲਾਈ ਲਈ ਆਇਆ ਪੈਸਾ ਕਿਥੇ ਗਿਆ?

## ਟੀਮ ਇਨਸਾਫ ਵੱਲੋਂ ਸੀ.ਬੀ.ਆਈ. ਜਾਂਚ ਦੀ ਮੰਗ

**ਲੁਧਿਆਣਾ:** "ਸੈਂਟਰਲ ਟੂਲ ਰੂਮ (ਸੀ.ਟੀ.ਆਰ.) ਦੇ ਪ੍ਰਬੰਧਕਾਂ ਨੇ 60 ਕਰੋੜ ਰੁਪਏ ਦਾ ਗਬਨ ਕੀਤਾ ਹੈ। ਕੇਂਦਰ ਵੱਲੋਂ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਦੀ ਸਿਖਲਾਈ ਲਈ ਭੇਜਿਆ ਗਿਆ ਪੈਸਾ ਸੀ.ਟੀ.ਆਰ. ਨੇ ਡਕਾਰ ਲਿਆ ਹੈ।" ਸੀ.ਟੀ.ਆਰ. ਅਧਿਕਾਰੀਆਂ 'ਤੇ ਇਹ ਇਲਜ਼ਾਮ ਟੀਮ ਇਨਸਾਫ ਦੇ ਮੁਖੀ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਨੇ ਲਾਏ ਹਨ। ਲੁਧਿਆਣਾ ਦੇ ਸੀ.ਟੀ.ਆਰ. ਦਫਤਰ ਬਾਹਰ ਪ੍ਰਦਰਸ਼ਨ ਕਰ ਰਹੇ ਟੀਮ ਇਨਸਾਫ ਮੁਖੀ ਵਿਧਾਇਕ ਸਿਮਰਨਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਬੈਂਸ ਤੇ ਉਨ੍ਹਾਂ ਦੇ ਸਮਰਥਕਾਂ ਦਾ ਇਲਜ਼ਾਮ ਹੈ ਕਿ ਮਹਿਕਮੇ ਨੇ ਵੱਡੇ ਪੱਧਰ 'ਤੇ ਘੁਟਾਲਾ ਕੀਤਾ ਹੈ।

ਕੇਂਦਰ ਵੱਲੋਂ 2007 ਤੋਂ ਹੁਣ ਤੱਕ ਨੌਜਵਾਨਾਂ ਦੇ ਬਿਹਤਰ ਭਵਿੱਖ ਲਈ ਹੁਨਰਮੰਦ ਬਣਾਉਣ ਦੇ ਮਕਸਦ ਨਾਲ 60 ਕਰੋੜ ਰੁਪਏ ਜਾਰੀ ਕੀਤੇ ਗਏ, ਪਰ ਇਸ ਦਾ ਲਾਹਾ ਇਕ ਵੀ ਨੌਜਵਾਨ ਨੂੰ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸੀ.ਆਰ.ਟੀ.ਸੀ. ਨੇ ਪੈਸੇ ਹਜ਼ਮ ਕਰਨ ਲਈ ਦਾਅਵਾ ਕੀਤਾ ਕਿ ਉਨ੍ਹਾਂ 1000 ਤੋਂ ਵੱਧ ਵਿਦਿਆਰਥੀਆਂ ਨੂੰ ਸਿੱਖਿਅਤ ਕੀਤਾ ਜਾ ਚੁੱਕਾ ਹੈ ਪਰ ਇਸ ਦੀ ਸਚਾਈ ਕੁਝ ਹੋਰ ਹੀ ਹੈ।ਬੈਂਸ ਮੁਤਾਬਕ ਸੀਟੀਆਰ ਕੋਲ ਸੀ.ਐਨ.ਸੀ. ਮਿਲਿੰਗ ਤੇ ਸੀ.ਐਨ.ਸੀ. ਟ੍ਰੇਨਿੰਗ ਲਈ ਇਕ ਮਸ਼ੀਨ ਹੈ। ਇਨ੍ਹਾਂ ਮਸ਼ੀਨਾਂ ਦੀ ਮਦਦ ਨਾਲ ਦੋ ਮਹੀਨੇ ਦੇ ਕੋਰਸ ਰਾਹੀਂ 12 ਵਿਦਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ ਜਾ ਸਕਦੀ ਹੈ।

ਸੀ.ਟੀ.ਆਰ. ਨੇ ਦਾਅਵਾ ਕੀਤਾ ਹੈ ਕਿ ਜਨਵਰੀ 2015 ਤੋਂ ਸਤੰਬਰ ਤੱਕ 1399 ਦਲਿਤ ਵਿਦਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ ਗਈ। ਇਸ ਲਈ ਸੀ.ਟੀ.ਆਰ. ਵੱਲੋਂ ਵੱਖ-ਵੱਖ ਆਈ.ਆਈ.ਟੀ. ਤੇ ਪਾਲੀਟੈਕਨਿਕ ਕਾਲਜਾਂ 'ਚ ਪੜ੍ਹ ਰਹੇ ਵਿਦਿਆਰਥੀਆਂ ਤੋਂ ਸੀ.ਟੀ.ਆਰ. 'ਚ ਟ੍ਰੇਨਿੰਗ ਲੈਣ ਦੇ ਦਸਤਾਵੇਜ਼ਾਂ 'ਤੇ ਦਸਤਖਤ ਕਰਵਾਏ ਗਏ ਜਦਕਿ ਇਨ੍ਹਾਂ ਵਿਦਿਆਰਥੀਆਂ ਨੇ ਇਥੋਂ ਟ੍ਰੇਨਿੰਗ ਲਈ ਹੀ ਨਹੀਂ। ਟੀਮ ਇਨਸਾਫ ਨੇ ਪੂਰੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

# ਭਾਰਤੀਆਂ ਨੇ ਕੀਤਾ ਯੂ.ਕੇ. ਦੀ ਸਭ ਤੋਂ ਵੱਡੀ ਇਮਾਰਤ ਦਾ ਸੌਦਾ

**ਲੰਡਨ:** ਭਾਰਤੀ ਮੂਲ ਦੇ ਇੰਗਲੈਂਡ ਦੇ ਪ੍ਰਸਿੱਧ ਕਾਰੋਬਾਰੀ ਘਰਾਣੇ ਹਿੰਦੂਜਾ ਨੇ 1100 ਕਮਰਿਆਂ ਵਾਲੀ ਇੰਗਲੈਂਡ ਦੀ ਪ੍ਰਸਿੱਧ ਇਮਾਰਤ ਓਲਡ ਵਾਰ ਹਾਊਸ ਖਰੀਦ ਲਈ ਹੈ।



ਇਸ ਇਤਿਹਾਸਕ ਇਮਾਰਤ ਵਿਚ ਦੂਜੇ ਵਿਸ਼ਵ ਯੁੱਧ ਸਮੇਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਰਹਿੰਦੇ ਸਨ। ਹਿੰਦੂਜਾ ਪਰਿਵਾਰ ਇਸ ਇਮਾਰਤ ਵਿਚ ਇਕ ਪੰਜ ਸਿਤਾਰਾ ਹੋਟਲ ਤੇ ਫਲੈਟ ਦੀ ਉਸਾਰੀ ਕਰੇਗਾ। ਇਮਾਰਤ ਦਾ ਪਤਾ 57 ਵਾਈਟ ਹਾਲ ਹੈ ਤੇ ਇਸ ਨੂੰ ਇੰਗਲੈਂਡ ਦੀ ਵਿਰਾਸਤ ਮੰਨਿਆ ਜਾਂਦਾ ਹੈ। ਇੰਗਲੈਂਡ ਦੀ ਸੰਸਦ ਤੇ ਪ੍ਰਧਾਨ ਮੰਤਰੀ ਦਾ ਦਫਤਰ ਇਸ ਇਮਾਰਤ ਦੇ ਬਿਲਕੁਲ ਨਜ਼ਦੀਕ ਹੈ। ਇਮਾਰਤ ਦਾ ਘੇਰਾ ਤਿੰਨ ਕਿਲੋਮੀਟਰ ਲੰਬਾ ਹੈ। ਇੰਗਲੈਂਡ ਵਿਚ ਹੋਏ ਸਮਾਗਮ ਦੌਰਾਨ ਇਸ ਇਮਾਰਤ ਦੀਆਂ ਚਾਬੀਆਂ ਹਿੰਦੂਜਾ ਸਮੂਹ ਦੇ ਮੁਖੀ ਜੀ.ਪੀ. ਹਿੰਦੂਜਾ ਨੂੰ ਸੌਂਪੀਆਂ ਗਈਆਂ। ਹਿੰਦੂਜਾ ਪਰਿਵਾਰ ਇੰਗਲੈਂਡ ਦੇ ਪ੍ਰਮੁੱਖ ਅਮੀਰਾਂ ਵਿਚੋਂ ਇਕ ਹੈ। ਇਸ ਇਮਾਰਤ ਦਾ ਸੌਦਾ ਕਿੰਨੇ ਵਿਚ ਹੋਇਆ ਹੈ, ਖੁਲਾਸਾ ਨਹੀਂ ਕੀਤਾ ਗਿਆ। ਇੰਗਲੈਂਡ ਦੇ ਰੱਖਿਆ ਮੰਤਰਾਲੇ ਅਨੁਸਾਰ ਹਿੰਦੂਜਾ ਪਰਿਵਾਰ ਕੋਲ ਇਸ ਇਮਾਰਤ ਦੀ ਮਲਕੀਅਤ 250 ਸਾਲ ਤੱਕ ਰਹੇਗੀ।

# ਲਾਦਿਨ ਦੀ ਵਸੀਅਤ ਵਿਚ ਅਹਿਮ ਖੁਲਾਸੇ

**ਨਿਊ ਯਾਰਕ:** ਦੁਨੀਆਂ ਦੇ ਸਭ ਤੋਂ ਖਤਰਨਾਕ ਦਹਿਸ਼ਤਗਰਦ ਤੇ ਅਲ-ਕਾਇਦਾ ਦੇ ਮੁਖੀ ਉਸਾਮਾ ਬਿਨ-ਲਾਦਿਨ ਮੌਤ ਤੋਂ ਬਾਅਦ ਵੀ ਜਿਹਾਦ ਜਾਰੀ ਰੱਖਣ ਦੀ ਇੱਛਾ ਰੱਖਦਾ ਸੀ। ਇਹ ਖੁਲਾਸਾ ਲਾਦਿਨ ਦੀ ਵਸੀਅਤ ਤੋਂ ਹੋਇਆ ਹੈ। ਲਾਦਿਨ ਨੇ ਆਪਣੀ ਸੰਪਤੀ ਦਾ ਜ਼ਿਆਦਾਤਰ ਹਿੱਸਾ ਜਹਾਦ ਉਤੇ ਖਰਚ ਕਰਨ ਬਾਰੇ ਵਸੀਅਤ ਵਿਚ ਲਿਖਿਆ ਹੈ।

ਅਮਰੀਕੀ ਸਰਕਾਰ ਨੇ ਉਸਾਮਾ ਨਾਲ ਸਬੰਧਤ ਕੁਝ ਦਸਤਾਵੇਜ਼ ਜਾਰੀ ਕੀਤੇ ਹਨ ਜਿਨ੍ਹਾਂ ਵਿਚ ਉਸ ਦੀ ਵਸੀਅਤ ਵੀ ਸ਼ਾਮਲ ਹੈ। ਇਸ ਵਸੀਅਤ ਨੂੰ ਅਮਰੀਕੀ ਸੈਨਾ ਨੇ ਪਾਕਿਸਤਾਨ ਦੇ ਐਬਟਾਬਾਦ ਵਿਚੋਂ ਬਰਾਮਦ ਕੀਤਾ ਸੀ। ਲਾਦਿਨ ਦੀ ਵਸੀਅਤ ਅਰਬੀ ਭਾਸ਼ਾ ਵਿਚ ਸੀ, ਜਿਸ ਨੂੰ ਅੰਗਰੇਜ਼ੀ ਵਿਚ ਟਰਾਂਸਲੇਟ ਕੀਤਾ ਗਿਆ ਹੈ। ਇਹ ਵਸੀਅਤ 2011 ਵਿਚ ਤਿਆਰ ਕੀਤੀ ਗਈ ਸੀ।

ਲਾਦਿਨ ਆਪਣੇ ਪਿੱਛੇ ਕੁੱਲ ਸੰਪਤੀ 2.9 ਕਰੋੜ ਡਾਲਰ ਛੱਡ ਕੇ ਗਿਆ ਹੈ। ਵਸੀਅਤ ਵਿਚ ਲਾਦਿਨ ਨੇ ਆਪਣੇ ਵਾਰਸਾਂ ਨੂੰ ਤਾਕੀਦ ਵੀ ਕੀਤੀ ਹੈ ਕਿ ਅੱਲ੍ਹਾ ਦੀ ਖਾਤਰ ਸਾਰਾ ਪੈਸਾ ਜਹਾਦ ਉਤੇ ਖਰਚ ਕੀਤਾ ਜਾਵੇ। ਉਸ ਦੀ ਮੌਤ ਤੋਂ ਬਾਅਦ ਦੁਆ ਕੀਤੀ ਜਾਵੇ ਤੇ ਬਹੁਤ ਸਾਰਾ ਪੈਸਾ ਦਾਨ ਕੀਤਾ ਜਾਵੇ। ਲਾਦਿਨ ਦੀ ਵਸੀਅਤ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਉਸ ਨੂੰ ਮੌਤ ਦਾ ਡਰ ਕਾਫੀ ਸਮਾਂ ਪਹਿਲਾਂ ਹੀ ਹੋ ਗਿਆ ਸੀ। ਲਾਦਿਨ ਨੇ ਕੁਝ ਪੈਸਾ ਅਲ-ਕਾਇਦਾ ਦੇ ਆਪਣੇ ਸਾਥੀਆਂ ਨੂੰ ਵੀ ਦੇਣ ਲਈ ਆਖਿਆ ਸੀ। ਉਸ ਦੀ ਜ਼ਿਆਦਾਤਰ ਜਾਇਦਾਦ ਸੂਡਾਨ ਵਿਚ ਹੈ।

ਲਾਦਿਨ 1990 ਦੇ ਦਹਾਕੇ ਦੌਰਾਨ ਸੂਡਾਨ ਸਰਕਾਰ ਦੇ ਮਹਿਮਾਨ ਦੇ ਤੌਰ ਉਤੇ ਪੰਜ ਸਾਲ ਰਿਹਾ ਸੀ। 1996 ਵਿਚ ਉਹ ਸੂਡਾਨ ਛੱਡ ਕੇ ਅਫ਼ਗਾਨਿਸਤਾਨ ਵਿਚ ਆ ਗਿਆ ਸੀ। ਵਸੀਅਤ ਵਿਚ ਲਾਦਿਨ ਨੇ ਪੱਛਮੀ ਦੇਸ਼ਾਂ ਦੇ 'ਦਹਿਸ਼ਤਗਰਦਾਂ ਦੇ ਖਿਲਾਫ਼ ਯੁੱਧ' ਤੇ ਅਫ਼ਗਾਨਿਸਤਾਨ ਵਿਚ ਅਮਰੀਕੀ ਸੈਨਾ ਦੀ ਮੁਹਿੰਮ ਦਾ ਵੀ ਜ਼ਿਕਰ ਕੀਤਾ ਹੈ। ਅਮਰੀਕੀ ਸੈਨਾ ਨੇ ਉਸਾਮਾ ਬਿਨ ਲਾਦਿਨ ਨੂੰ ਪਾਕਿਸਤਾਨ ਦੇ ਐਬਟਾਬਾਦ ਇਲਾਕੇ ਵਿਚ 2 ਮਈ, 2011 ਵਿਚ ਢੇਰ ਕੀਤਾ ਸੀ।

# ਪੰਜਾਬ ਪੁਲਿਸ ਨੇ ਉਲਝਾਏ ਇੰਗਲੈਂਡ ਦੇ ਜਾਂਚ ਅਧਿਕਾਰੀ

**ਲੰਡਨ:** ਭਾਰਤ ਵਿਚ ਕਤਲ ਕੀਤੇ ਗਏ ਲੰਡਨ ਦੇ ਹੋਟਲ ਕਾਰੋਬਾਰੀ ਰਣਜੀਤ ਸਿੰਘ ਪਵਾਰ ਦੀ ਪੰਜਾਬ ਪੁਲਿਸ ਵੱਲੋਂ ਯੂ.ਕੇ. ਭੇਜੀ ਗਈ ਲਾਸ਼ ਕਿਸੇ ਹੋਰ ਦੀ ਸੀ।

ਅਦਾਲਤ ਵਿਚ ਸੁਣਵਾਈ ਦੌਰਾਨ ਇਹ ਖੁਲਾਸਾ ਹੋਇਆ ਹੈ। ਜਾਂਚ ਅਧਿਕਾਰੀਆਂ ਨੇ ਪਵਾਰ ਦੀ ਲਾਸ਼ ਦਾ ਡੀ.ਐਨ.ਏ. ਟੈਸਟ ਕਰਵਾਇਆ ਤਾਂ ਇਹ ਭੇਦ ਖੁੱਲ੍ਹਿਆ। ਵੈਸਟ ਮਿਡਲੈਂਡ ਪੁਲਿਸ ਦੇ ਡੀ.ਸੀ. ਜਾਹਿਦ ਅਹਿਮਦ ਮੁਤਾਬਕ ਪੋਸਟਮਾਰਟਮ ਦੌਰਾਨ ਲਾਸ਼ ਦਾ ਦੰਦ ਤੇ ਪਵਾਰ ਦੇ ਦੰਦਾਂ ਦੇ ਬੁਰਸ਼ ਤੋਂ ਪ੍ਰਾਪਤ ਡੀ.ਐਨ.ਏ. ਦੇ ਮਿਲਾਨ ਤੋਂ ਪਤਾ ਲੱਗਾ ਕਿ ਉਹ ਪਵਾਰ ਨਹੀਂ ਸੀ। ਹਾਲਾਂਕਿ ਡੀ.ਸੀ. ਅਹਿਮਦ ਨੇ ਇਹ ਵੀ ਕਿਹਾ ਕਿ ਭਾਰਤੀ ਅਥਾਰਟੀਆਂ ਅਜੇ ਵੀ ਇਹੀ ਮੰਨਦੀਆਂ ਹਨ ਕਿ ਉਹ ਲਾਸ਼ ਰਣਜੀਤ ਸਿੰਘ ਪਵਾਰ ਦੀ ਹੀ ਸੀ। ਫਿਲਹਾਲ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਮਾਮਲੇ ਦੀ ਜਾਂਚ ਨੂੰ ਜਾਰੀ ਰੱਖਿਆ ਗਿਆ ਹੈ। ਕਿਉਂਕਿ ਲਾਸ਼ ਕਿਸੇ ਹੋਰ ਵਿਅਕਤੀ ਦੀ ਨਿਕਲਣ ਤੋਂ ਬਾਅਦ ਪਵਾਰ ਦੀ ਮੌਤ ਦਾ ਰਾਜ਼ ਹੋਰ ਵੀ ਗਹਿਰਾ ਗਿਆ ਹੈ। ਰਣਜੀਤ ਸਿੰਘ ਪਵਾਰ ਨੂੰ ਆਖਰੀ ਵਾਰ ਅੰਮ੍ਰਿਤਸਰ ਤੋਂ ਅੱਠ ਮਈ ਨੂੰ ਲਾਪਤਾ ਹੋਇਆ ਸੀ। ਪੁਲਿਸ ਨੇ ਇਸ ਮਾਮਲੇ ਵਿਚ ਟੈਕਸੀ ਡਰਾਈਵਰ ਸੁਖਦੇਵ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ।

# ਸਮਾਰਟ ਫੋਨ ਬਣਿਆ ਰੋਗਾਂ ਦੀ ਜੜ੍ਹ

**ਵਾਸ਼ਿੰਗਟਨ :** ਸਮਾਰਟ ਫੋਨ ਤੇ ਇੰਟਰਨੈਟ ਦੀ ਲਤ ਨੌਜਵਾਨਾਂ ਵਿਚ ਬੇਚੈਨੀ ਤੇ ਤਣਾਅ ਦਾ ਕਾਰਨ ਬਣ ਸਕਦੀ ਹੈ। ਇਸ ਗੱਲ ਦਾ ਖੁਲਾਸਾ ਇਕ ਨਵੇਂ ਅਧਿਐਨ ਵਿਚ ਹੋਇਆ ਹੈ। ਅਮਰੀਕਾ ਦੀ ਇਲੀਨੋਇਸ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਸ਼ੇ ਦੇ ਪ੍ਰੋਫੈਸਰ ਅਲੇਜਾਂਡਰੋ ਲਲੇਰਸ ਨੇ ਕਿਹਾ ਕਿ ਨਵੀਆਂ ਤਕਨਾਲੋਜੀ ਤੋਂ ਲੋਕਾਂ ਨੂੰ ਸਭ ਤੋਂ ਜ਼ਿਆਦਾ ਖਤਰਾ ਹੈ। ਕਿਉਂਕਿ ਨਿੱਤ ਦਿਨ ਨਵੀਆਂ ਆ ਰਹੀਆਂ ਤਕਨੀਕਾਂ ਲੋਕਾਂ ਨੂੰ ਸਮਾਜ ਤੋਂ ਵੱਖ ਕਰ ਰਹੀਆਂ ਹਨ। ਇਹ ਡਰ ਟੈਲੀਵਿਜ਼ਨ, ਵੀਡੀਓ ਗੇਮਾਂ ਅਤੇ ਸਭ ਤੋਂ ਜ਼ਿਆਦਾ ਸਮਾਰਟ ਫੋਨ ਤੋਂ ਹੈ।



ਇਸ ਅਧਿਐਨ ਲਈ ਯੂਨੀਵਰਸਿਟੀ ਨੇ 300 ਵਿਦਿਆਰਥੀਆਂ ਨੂੰ ਇਕ ਪ੍ਰਸ਼ਨਾਵਲੀ ਦਿੱਤੀ, ਜਿਸ ਵਿਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ, ਮੋਬਾਈਲ ਤੇ ਇੰਟਰਨੈਟ ਵਰਤੋਂ ਦੀ ਮਾਤਰਾ ਤੇ ਇਲੈਕਟ੍ਰੋਨਿਕ ਉਪਕਰਨਾਂ ਲਈ ਪ੍ਰੇਰਨਾ ਸਬੰਧੀ ਸਵਾਲ ਸ਼ਾਮਲ ਸਨ। ਇਸ ਅਧਿਐਨ ਦਾ ਮੰਤਵ ਫੋਨ ਤੇ ਇੰਟਰਨੈਟ ਦੀ ਵਰਤੋਂ ਦੀ ਲਤ ਤੇ ਇਸ ਦੇ ਮਾਰੂ ਰਵੱਈਏ ਦਾ ਮਾਨਸਿਕ ਸਿਹਤ ਨਾਲ ਸਬੰਧ ਦੇਖਣਾ ਸੀ।

ਯੂਨੀਵਰਸਿਟੀ ਦੇ ਵਿਦਿਆਰਥੀ ਤਿਆਨਾ ਪਨੋਵਾ ਨਾਲ ਮਿਲ ਕੇ ਇਹ ਸਰਵੇਖਣ ਕਰਨ ਵਾਲੇ ਲਲੇਰਸ ਨੇ ਕਿਹਾ ਕਿ ਖੁਦ ਨੂੰ ਇੰਟਰਨੈਟ ਤੇ ਸਮਾਰਟ ਫੋਨਾਂ ਦੀ ਵੱਧ ਵਰਤੋਂ ਕਰਨ ਦੇ ਆਦੀ ਦੱਸਣ ਵਾਲਿਆਂ ਵਿਚ ਤਣਾਅ ਤੇ ਬੇਚੈਨੀ ਦਾ ਪੱਧਰ ਬਹੁਤ ਜ਼ਿਆਦਾ ਪਾਇਆ ਗਿਆ। ਯਾਦ ਰਹੇ ਕਿ ਦੁਨੀਆਂ ਵਿਚ ਸਮਾਰਟ ਫੋਨ ਤੇ ਇੰਟਰਨੈਟ ਦੀ ਵਰਤੋਂ ਦਾ ਰੁਝਾਨ ਦਿਨੋਂ ਦਿਨ ਵਧ ਰਿਹਾ ਹੈ। ਇਸ ਦੀ ਸ਼ੁਰੂਆਤ ਭਾਵੇਂ ਐਪਲ ਦੇ ਸਮਾਰਟ ਫੋਨ ਆਉਣ ਨਾਲ ਮੰਨੀ ਜਾਂਦੀ ਹੈ, ਪਰ ਹੁਣ ਹੋਰ ਵੀ ਬਹੁਤ ਸਾਰੀਆਂ ਕੰਪਨੀਆਂ ਇਸ ਦੌੜ ਵਿਚ ਸ਼ਾਮਲ ਹੋ ਗਈਆਂ ਹਨ।

# ਫੰਡਾਂ ਦੇ ਹਿਸਾਬ-ਕਿਤਾਬ 'ਤੇ ਅਕਾਲੀਆਂ ਨੂੰ ਘੇਰਾ

**ਅੰਮ੍ਰਿਤਸਰ:** "1984 ਦੇ ਸਿੱਖ ਕਤਲੇਆਮ ਪੀੜਤਾਂ ਲਈ ਜਾਰੀ ਹੋਏ 440 ਕਰੋੜ ਰੁਪਏ ਪੀੜਤਾਂ ਨੂੰ ਦੇਣ ਦੀ ਬਜਾਏ ਜਾਅਲੀ ਕਾਰਡਾਂ ਰਾਹੀਂ ਹਜ਼ਮ ਕਰ ਲਏ ਗਏ। ਇਕ ਵੱਡੀ ਮਿਲੀ ਭੁਗਤ ਰਾਹੀਂ ਕੇਂਦਰੀ ਗ੍ਰਾਂਟ ਦੀ ਵੰਡ ਵਿਚ ਘਪਲਾ ਕੀਤਾ ਗਿਆ ਹੈ।" ਭਾਜਪਾ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕਰ ਇਹ ਮੁੱਦਾ ਚੁੱਕਦਿਆਂ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਨਵਜੋਤ ਕੌਰ ਸਿੱਧੂ ਵੱਲੋਂ ਮੋਦੀ ਕੋਲ ਪਹੁੰਚ



ਨਵਜੋਤ ਕੌਰ ਸਿੱਧੂ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਨਵੰਬਰ 1984 ਵਿਚ ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਤਕਰੀਬਨ 22 ਹਜ਼ਾਰ ਸਿੱਖ ਪਰਿਵਾਰ ਪੰਜਾਬ ਆਏ ਸਨ। ਇਨ੍ਹਾਂ ਪੀੜਤਾਂ ਦੀ ਸਹਾਇਤਾ ਲਈ ਉਦੋਂ ਦੀ ਕੇਂਦਰ ਸਰਕਾਰ ਨੇ ਜੂਨ 2006 ਵਿਚ ਦੋ ਲੱਖ ਰੁਪਏ ਪ੍ਰਤੀ ਪਰਿਵਾਰ ਦੇ ਹਿਸਾਬ ਨਾਲ 440 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਸੀ। ਇਹ ਪੈਸਾ ਪੰਜਾਬ ਦੀ ਅਕਾਲੀ ਸਰਕਾਰ ਨੇ ਪੀੜਤਾਂ ਵਿਚ ਵੰਡਣ ਦਾ ਦਾਅਵਾ ਕੀਤਾ ਪਰ ਇਹ ਗ੍ਰਾਂਟ ਅਸਲ ਪੀੜਤਾਂ ਨੂੰ ਨਹੀਂ ਮਿਲੀ ਹੈ ਤੇ ਇਸ ਵਿਚ ਵੱਡਾ ਘੁਟਾਲਾ ਕੀਤਾ ਗਿਆ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ਕਤਲੇਆਮ ਪੀੜਤ ਵਜੋਂ ਜਾਅਲੀ ਕਾਰਡ ਬਣ ਵਾ ਕੇ ਇਹ ਗਰਾਂਟ ਹਜ਼ਮ ਕੀਤੀ ਗਈ ਹੈ। ਸਿੱਧੂ ਨੇ ਇਸ ਮਾਮਲੇ ਵਿਚ ਵਿਜੀਲੈਂਸ ਵੱਲੋਂ ਕੀਤੀ ਜਾਂਚ ਦੀ ਰਿਪੋਰਟ ਤੇ ਇਸ ਦੇ ਆਧਾਰ 'ਤੇ ਦਰਜ ਕੀਤੇ ਕੇਸ ਬਾਰੇ ਵੀ ਪੀ.ਐਮ. ਨੂੰ ਜਾਣਕਾਰੀ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਅਸਲੀ ਪੀੜਤ ਅੱਜ ਵੀ ਨਿਆਂ ਤੇ ਮਦਦ ਲਈ ਗੁਹਾਰ ਲਗਾ ਰਹੇ ਹਨ। ਇਸ ਲਈ ਮਾਮਲੇ ਵਿਚ ਸੀ.ਬੀ.ਆਈ. ਕੋਲੋਂ ਜਾਂਚ ਕਰਵਾ ਕੇ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇ।

ਮੋਦੀ ਨਾਲ ਮੁਲਾਕਾਤ ਤੋਂ ਬਾਅਦ ਨਵਜੋਤ ਕੌਰ ਸਿੱਧੂ ਕਾਫੀ ਸਾਕਾਰਾਤਮਕ ਦਿਖੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਸੁਣਿਆ ਹੈ ਤੇ ਇਨਸਾਫ ਦਾ ਭਰੋਸਾ ਵੀ ਦਿੱਤਾ ਹੈ।

# ਡਾਕਟਰੀ ਅਣਗਹਿਲੀ ਦੇ ਸਭ ਤੋਂ ਵੱਧ ਕੇਸ ਪੰਜਾਬ ਵਿਚ

**ਚੰਡੀਗੜ੍ਹ:** ਇਲਾਜ ਦੌਰਾਨ ਡਾਕਟਰੀ ਅਣਗਹਿਲੀ ਦੇ ਸਭ ਤੋਂ ਜ਼ਿਆਦਾ ਕੇਸ ਪੰਜਾਬ ਵਿਚੋਂ ਸਾਹਮਣੇ ਆ ਰਹੇ ਹਨ। ਬੀਤੇ ਸਾਲਾਂ ਦੇ ਮੁਕਾਬਲੇ ਸਾਲ 2015 ਵਿਚ ਅਜਿਹੇ ਕੇਸ ਤਕਰੀਬਨ ਦੁੱਗਣੇ ਹੋਏ ਸਨ। ਮਰੀਜ਼ਾਂ ਨੇ ਵਧੇਰੇ ਕਰ ਕੇ ਡਾਕਟਰਾਂ ਦੀ ਥਾਂ ਹਸਪਤਾਲਾਂ ਨੂੰ ਅਦਾਲਤਾਂ ਵਿਚ ਖਿੱਚਣਾ ਸ਼ੁਰੂ ਕੀਤਾ ਹੈ। ਇਸ ਬਾਰੇ ਅੰਕੜੇ ਅੱਠਵੀਂ ਸਾਲਾਨਾ 'ਮੈਡੀਕੋ ਲੀਗਲ ਰੀਵਿਊ' ਰਿਪੋਰਟ ਤੋਂ ਸਾਹਮਣੇ ਆਏ ਹਨ। ਕੌਮੀ ਉਪਭੋਗਤਾ ਕਮਿਸ਼ਨ ਕੋਲ ਦਾਇਰ ਹੋਏ ਕੇਸਾਂ ਦੀ ਗਿਣਤੀ ਦੇ ਆਧਾਰ ਉਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਰਿਪੋਰਟ ਵਿਚ ਦੇਸ਼ ਭਰ ਵਿਚੋਂ ਅਣਗਹਿਲੀ ਦੀ ਕਤਾਰ ਵਿਚਲੇ ਸਭ ਤੋਂ ਉਪਰਲੇ ਸੱਤ ਰਾਜਾਂ ਦਾ ਵੇਰਵਾ ਦਿੱਤਾ ਗਿਆ ਹੈ।

ਸਾਲ 2015 ਵਿਚ ਡਾਕਟਰੀ ਅਣਗਹਿਲੀ ਦੇ ਸਾਹਮਣੇ ਆਏ ਕੁੱਲ ਕੇਸਾਂ ਵਿਚੋਂ 24 ਫੀਸਦੀ ਸਿਰਫ ਪੰਜਾਬ ਵਿਚੋਂ ਸਨ। ਪੱਛਮੀ ਬੰਗਾਲ ਵਿਚੋਂ 17 ਫੀਸਦੀ ਕੇਸ ਆਏ, ਮਹਾਰਾਸ਼ਟਰ ਵਿਚੋਂ 16 ਅਤੇ ਤਾਮਿਲਨਾਡੂ ਤੋਂ 11 ਫੀਸਦੀ ਕੇਸ ਦਾਇਰ ਹੋਏ। ਹਰਿਆਣਾ 10.7 ਫੀਸਦੀ ਨਾਲ ਪੰਜਵੇਂ ਤੇ ਉਤਰ ਪ੍ਰਦੇਸ਼ 10.4 ਫੀਸਦੀ ਨਾਲ ਛੇਵੇਂ ਸਥਾਨ ਉਤੇ ਹੈ। ਰਾਜਧਾਨੀ ਚੰਡੀਗੜ੍ਹ ਤੋਂ ਕਮਿਸ਼ਨ ਕੋਲ ਸੱਤ ਫੀਸਦੀ ਕੇਸ ਦਾਇਰ ਕੀਤੇ ਗਏ। ਪੰਜਾਬ ਵਿਚੋਂ ਡਾਕਟਰੀ ਇਲਾਜ ਦੌਰਾਨ ਅਣਗਹਿਲੀ ਸਬੰਧੀ ਆਏ ਕੇਸਾਂ ਵਿਚ ਮੌਤ ਦਰ ਸਭ ਤੋਂ ਵੱਧ ਹੈ। ਚੰਡੀਗੜ੍ਹ ਵਿਚੋਂ ਦਾਇਰ ਕੇਸਾਂ ਵਿਚੋਂ 33 ਫੀਸਦੀ ਨਿਰਾਧਾਰ ਨਿਕਲੇ ਹਨ।

ਇਸ ਤੋਂ ਇਲਾਵਾ ਚੰਡੀਗੜ੍ਹ ਵਿਚ ਹਰ ਹਜ਼ਾਰ ਮਰੀਜ਼ਾਂ ਪਿੱਛੇ 57 ਜਣੇ ਡਾਕਟਰਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਜਦਕਿ ਪੰਜਾਬ ਵਿਚ 19 ਫੀਸਦੀ ਤੇ ਹਰਿਆਣਾ ਵਿਚ 13 ਫੀਸਦੀ ਲੋਕ ਅਜਿਹਾ ਕਰਦੇ ਹਨ। ਸਾਲ 2015 ਦੌਰਾਨ 142 ਕੇਸ ਕਮਿਸ਼ਨ ਕੋਲ ਦਾਇਰ ਕੀਤੇ ਗਏ ਸਨ ਤੇ ਇਨ੍ਹਾਂ ਵਿਚੋਂ 74 ਦਾ ਫੈਸਲਾ ਡਾਕਟਰਾਂ ਖਿਲਾਫ਼ ਗਿਆ ਜਦਕਿ 42 'ਚ ਡਾਕਟਰ ਬਰੀ ਹੋ ਗਏ। ਹੋਰ 27 ਕੇਸਾਂ ਵਿਚ ਸਮਝੌਤਾ ਹੋ ਗਿਆ।

ਸਰਕਾਰੀ ਹਸਪਤਾਲਾਂ ਦੀ ਨਿਸਬਤ ਪ੍ਰਾਈਵੇਟ ਹਸਪਤਾਲਾਂ ਦੇ ਡਾਕਟਰਾਂ ਨੂੰ ਅਦਾਲਤਾਂ ਦੇ ਵਧੇਰੇ ਗੇੜੇ ਮਾਰਨੇ ਪੈ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਡਾਕਟਰਾਂ ਤੇ ਮਰੀਜ਼ਾਂ ਵਿਚਲਾ ਤਿੜਕ ਰਿਹਾ ਭਰੋਸਾ ਅਦਾਲਤੀ ਕੇਸਾਂ ਦਾ ਕਾਰਨ ਬਣ ਰਿਹਾ ਹੈ। ਹਸਪਤਾਲਾਂ ਵਿਚ ਘੱਟ ਤਨਖਾਹ 'ਤੇ ਗ਼ੈਰ ਤਜਰਬੇਕਾਰ ਡਾਕਟਰਾਂ ਨੂੰ ਗੰਭੀਰ ਮਰੀਜ਼ਾਂ ਦੇ ਇਲਾਜ ਦੀ ਜ਼ਿੰਮੇਵਾਰੀ ਦੇਣ ਉਤੇ ਵੀ ਸਵਾਲ ਉਠਾਏ ਗਏ ਹਨ। ਕਈ ਅਜਿਹੇ ਕੇਸਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਐਮ.ਬੀ.ਬੀ.ਐਸ. ਡਾਕਟਰਾਂ ਨੂੰ ਜਣੇਪੇ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

## ਪੰਜਾਬ ਦੇ ਡਾਕਟਰਾਂ ਵੱਲੋਂ ਸਰਕਾਰੀ ਨੌਕਰੀ ਤੋਂ ਤੌਬਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਚੁਣੇ ਸਾਢੇ ਤਿੰਨ ਸੌ ਐਮ.ਬੀ.ਬੀ.ਐਸ. ਡਾਕਟਰਾਂ ਨੇ ਸਿਹਤ ਵਿਭਾਗ ਦੀ ਮੈਡੀਕਲ ਅਫਸਰੀ ਠੁਕਰਾ ਦਿੱਤੀ ਹੈ। ਮੈਡੀਕਲ ਅਫਸਰਾਂ ਲਈ 543 ਐਮ.ਬੀ.ਬੀ.ਐਸ. ਡਾਕਟਰਾਂ ਨੇ ਲਿਖਤੀ ਟੈਸਟ ਪਾਸ ਕੀਤਾ ਸੀ ਤੇ ਇਨ੍ਹਾਂ ਵਿਚੋਂ 350 ਨੂੰ ਪਹਿਲੀ ਮਾਰਚ ਨੂੰ ਨਿਯੁਕਤੀ ਪੱਤਰ ਲੈਣ ਲਈ ਸੱਦਿਆ ਗਿਆ ਸੀ। ਚੁਣੇ ਡਾਕਟਰਾਂ ਨੂੰ ਸਰਕਾਰ ਵੱਲੋਂ ਦਿੱਤੀ ਜਾ ਰਹੀ ਬੇਸਿਕ ਤਨਖਾਹ 15600 ਰੁਪਏ ਮਹੀਨਾ ਦੀ ਪੇਸ਼ਕਸ਼ ਰਾਸ ਨਹੀਂ ਆਈ।

ਸਿਹਤ ਵਿਭਾਗ ਦੇ ਸੱਦੇ ਉਤੇ ਪਹਿਲੀ ਮਾਰਚ ਨੂੰ ਸੱਤਰ ਚੁਣੇ ਉਮੀਦਵਾਰ ਨਿਯੁਕਤੀ ਪੱਤਰ ਲੈਣ ਲਈ ਆਏ ਸਨ, ਪਰ 40 ਨੇ ਨੌਕਰੀ ਦੀ ਪੇਸ਼ਕਸ਼ ਤੋਂ ਕੋਰਾ ਜੁਆਬ ਦੇ ਦਿੱਤਾ, ਜਦੋਂ ਕਿ ਤੀਹ ਵਿਚੋਂ ਵੱਡੀ ਗਿਣਤੀ ਡਿਊਟੀ 'ਤੇ ਹਾਜ਼ਰ ਹੋਣ ਲਈ ਹੋਰ ਸਮੇਂ ਦੀ ਮੋਹਲਤ ਲੈ ਗਏ। ਚੁਣੇ ਉਮੀਦਵਾਰਾਂ ਨੂੰ ਪਹਿਲੇ ਦੋ ਸਾਲਾਂ ਲਈ ਪ੍ਰੋਬੇਸ਼ਨ ਪੀਰੀਅਡ 'ਤੇ ਮੁੱਢਲੀ ਤਨਖਾਹ ਉਤੇ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ। ਸਰਕਾਰ ਨੇ ਇਕ ਫੈਸਲਾ ਕਰਕੇ ਨਵੇਂ ਭਰਤੀ ਹੋਣ ਵਾਲੇ ਮੁਲਾਜ਼ਮਾਂ ਨੂੰ ਦੋ ਸਾਲ ਦੇ ਪ੍ਰੋਬੇਸ਼ਨ ਪੀਰੀਅਡ ਲਈ ਬੇਸਿਕ ਤਨਖਾਹ ਦੇਣੀ ਸ਼ੁਰੂ ਕੀਤੀ ਹੈ ਤੇ ਮੈਡੀਕਲ ਅਫਸਰਾਂ ਨੂੰ ਵੀ ਇਸੇ ਵਿਚ ਸ਼ਾਮਲ ਕੀਤਾ ਗਿਆ ਹੈ। ਲੱਖਾਂ ਦੀ ਫੀਸ ਦੇ ਕੇ ਸਾਢੇ ਪੰਜ ਸਾਲ ਡਾਕਟਰੀ ਦੀ ਪੜ੍ਹਾਈ ਕਰਨ ਵਾਲੇ ਉਮੀਦਵਾਰਾਂ ਨੂੰ ਇਹ ਫੈਸਲਾ ਹਜ਼ਮ ਨਹੀਂ ਹੋ ਰਿਹਾ ਹੈ। ਉਂਜ ਸਿਹਤ ਵਿਭਾਗ 'ਚ ਕੰਮ ਕਰਦੇ ਮਾਹਰ ਡਾਕਟਰਾਂ ਨੂੰ ਇਸ ਤੋਂ ਬਾਹਰ ਕਰ ਦਿੱਤਾ ਗਿਆ ਹੈ।



# ਜੂਏ 'ਚ ਪਤਨੀ ਨੂੰ ਦਾਅ 'ਤੇ ਲਾਇਆ

**ਨਵੀਂ ਦਿੱਲੀ:** ਇਕ ਸਿਰਫਿਰੇ ਨੇ ਆਪਣੀ ਪਤਨੀ ਨੂੰ ਹੀ ਜੂਏ ਵਿਚ ਦਾਅ ਉਤੇ ਲਾ ਦਿੱਤਾ ਤੇ ਹਾਰ ਗਿਆ। ਜਿੱਤਣ ਵਾਲਾ ਸ਼ਖਸ ਉਸ ਦੀ ਪਤਨੀ ਨੂੰ ਲੈਣ ਵੀ ਜਾ ਪਹੁੰਚਿਆ। ਜਦ ਪੂਰਾ ਮਾਮਲਾ ਲੋਕਾਂ ਸਾਹਮਣੇ ਆਇਆ ਤਾਂ ਹਰ ਕੋਈ ਸਕਤੇ 'ਚ ਆ ਗਿਆ। ਘਟਨਾ ਯੂ.ਪੀ. ਦੇ ਕੌਸ਼ੰਬੀ ਜਿਲ੍ਹੇ ਦੀ ਹੈ। ਮਿਲੀ ਜਾਣਕਾਰੀ ਮੁਤਾਬਕ ਕੌਸ਼ੰਬੀ ਜ਼ਿਲ੍ਹੇ ਦੇ ਪਿੰਡ ਟੇਵਾ ਦਾ ਰਾਜੂ ਸ਼ਰਾਬ ਤੇ ਜੂਏ ਦਾ ਆਦੀ ਹੈ। ਉਸ ਦਾ ਵਿਆਹ ਤਕਰੀਬਨ ਢਾਈ ਸਾਲ ਪਹਿਲਾਂ ਨੇੜੇ ਦੇ ਪਿੰਡ ਦੀ ਰਾਜਕੁਮਾਰੀ ਨਾਮੀ ਲੜਕੀ ਨਾਲ ਹੋਇਆ ਸੀ।

ਡੀ.ਜੇ. ਦਾ ਕੰਮ ਕਰਨ ਵਾਲਾ ਰਾਜੂ ਸਾਰਾ ਪੈਸਾ ਜੂਏ 'ਚ ਗਵਾ ਰਿਹਾ ਸੀ। ਆਪਣੀ ਸ਼ਰਾਬ ਤੇ ਜੂਏ ਦੀ ਆਦਤ ਤੋਂ ਰੋਕਣ ਕਾਰਨ ਰਾਜੂ ਅਕਸਰ ਆਪਣੀ ਪਤਨੀ ਨਾਲ ਝਗੜਾ ਤੇ ਮਾਰਕੁੱਟ ਕਰਦਾ ਸੀ। ਪਤਨੀ ਦੇ ਗਹਿਣੇ ਤੱਕ ਵੀ ਉਸ ਨੇ ਜੂਏ ਵਿਚ ਹਾਰ ਦਿੱਤੇ ਸਨ। ਆਪਣੇ ਦੋਸਤਾਂ ਦੇ ਘਰ ਜੂਆ ਖੇਡਦਿਆਂ ਰਾਜੂ ਨੇ ਸ਼ਰਾਬ ਦੇ ਨਸ਼ੇ ਵਿਚ ਆਪਣੀ ਪਤਨੀ ਨੂੰ ਵੀ ਦਾਅ 'ਤੇ ਲਾ ਦਿੱਤਾ ਤੇ ਹਾਰ ਗਿਆ।

ਜੂਏ ਵਿਚ ਜਿੱਤਣ ਵਾਲੇ ਦੋਸਤ ਨੇ ਜਦ ਰਾਜਕੁਮਾਰੀ ਨੂੰ ਜਬਰਦਸਤੀ ਲਿਜਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਰੋਕਣ ਦੀ ਬਜਾਏ ਰਾਜੂ ਨੇ ਆਪਣੀ ਹਾਰ ਦਾ ਹਵਾਲਾ ਦਿੰਦਿਆਂ ਪਤਨੀ ਨੂੰ ਉਸ ਦੇ ਨਾਲ ਜਾਣ ਲਈ ਵੀ ਕਿਹਾ, ਪਰ ਰਾਜਕੁਮਾਰੀ ਆਪਣੀ ਸੱਸ ਦੀ ਮਦਦ ਨਾਲ ਕਿਸੇ ਤਰ੍ਹਾਂ ਬਚ ਕੇ ਪੇਕੇ ਘਰ ਪਹੁੰਚੀ। ਇਸ ਸ਼ਰਮਨਾਕ ਕਾਰੇ ਤੋਂ ਬਾਅਦ ਰਾਜਕੁਮਾਰੀ ਨੇ ਪਤੀ ਨਾਲ ਰਹਿਣ ਤੋਂ ਇਨਕਾਰ ਕਰ ਦਿੱਤਾ ਤੇ ਪੁਲਿਸ ਕੋਲ ਪੂਰੇ ਮਾਮਲੇ ਦੀ ਸ਼ਿਕਾਇਤ ਵੀ ਦਰਜ ਕਰਵਾਈ ਹੈ।

# ਟਾਡਾ ਕੇਸ 'ਚ ਦਵਿੰਦਰਪਾਲ ਸਿੰਘ ਭੁੱਲਰ ਨੂੰ ਜ਼ਮਾਨਤ

**ਅੰਮ੍ਰਿਤਸਰ:** ਤਕਰੀਬਨ 24 ਸਾਲ ਪੁਰਾਣੇ ਟਾਡਾ ਮਾਮਲੇ ਵਿਚ ਵਿਸ਼ੇਸ਼ ਅਦਾਲਤ ਨੇ ਦਵਿੰਦਰਪਾਲ ਸਿੰਘ ਭੁੱਲਰ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਨੇ 50 ਹਜ਼ਾਰ ਰੁਪਏ ਦੇ ਮੁਚੱਲਕੇ 'ਤੇ ਉਸ ਨੂੰ ਜ਼ਮਾਨਤ ਦਿੱਤੀ ਹੈ। ਮਾਮਲੇ ਦੀ ਅਗਲੀ ਸੁਣਵਾਈ 19 ਮਾਰਚ ਨੂੰ ਹੋਏਗੀ। ਹੁਣ ਉਸ ਦੀ ਪੈਰੋਲ ਉਤੇ ਰਿਹਾਈ ਬਾਰੇ ਰਾਹ ਵੀ ਪੱਧਰਾ ਹੋ ਗਿਆ ਹੈ। ਪ੍ਰੋ. ਭੁੱਲਰ ਦੇ ਮਾਮਲੇ ਦੀ ਪੈਰਵੀ ਕਰ ਰਹੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਸਰਕਾਰੀ ਵਕੀਲਾਂ ਨੇ ਜਿਰ੍ਹਾ ਦੌਰਾਨ ਭੁੱਲਰ ਨੂੰ ਜ਼ਮਾਨਤ ਨਾ ਦੇਣ ਲਈ ਆਖਿਆ। ਵਕੀਲਾਂ ਨੇ ਦਲੀਲ ਦਿੱਤੀ ਕਿ ਤਕਰੀਬਨ 24 ਸਾਲ ਪੁਰਾਣੇ ਇਸ ਮਾਮਲੇ 'ਚ 21 ਸਾਲਾਂ ਮਗਰੋਂ ਚਲਾਨ ਪੇਸ਼ ਕੀਤਾ ਹੈ। ਉਂਜ ਵੀ ਇਸ ਮਾਮਲੇ ਵਿਚ ਦਵਿੰਦਰਪਾਲ ਸਿੰਘ ਭੁੱਲਰ ਕੋਲੋਂ ਕੋਈ ਬਰਾਮਦਗੀ ਨਹੀਂ ਹੋਈ ਹੈ ਤੇ ਮੌਕੇ ਦਾ ਕੋਈ ਵੀ ਗਵਾਹ ਨਹੀਂ ਹੈ। ਵਕੀਲਾਂ ਨੇ ਅਦਾਲਤ 'ਚ ਕਿਹਾ ਕਿ ਉਸ ਦੀ ਸਿਹਤ ਨਾਸਾਜ਼ ਹੋਣ ਕਰ ਕੇ ਜ਼ਮਾਨਤ 'ਤੇ ਰਿਹਾਅ ਕਰ ਦੇਣਾ ਚਾਹੀਦਾ ਹੈ।



ਜ਼ਿਕਰਯੋਗ ਹੈ ਕਿ ਬਟਾਲਾ ਸਦਰ ਪੁਲਿਸ ਥਾਣੇ ਵਿਚ 1992 ਵਿਚ ਟਾਡਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਪੁਲਿਸ ਨੇ ਉਸ ਵੇਲੇ ਦੋ ਖਾੜਕੂਆਂ ਨੂੰ ਮਾਰਨ ਦਾ ਦਾਅਵਾ ਕੀਤਾ ਸੀ। ਮਗਰੋਂ ਇਸ ਮਾਮਲੇ ਵਿਚ ਦਵਿੰਦਰਪਾਲ ਸਿੰਘ ਭੁੱਲਰ ਨੂੰ ਵੀ ਨਾਮਜ਼ਦ ਕਰ ਲਿਆ ਗਿਆ ਸੀ ਤੇ ਦਸੰਬਰ 1995 ਵਿਚ ਉਸ ਦੀ ਗ੍ਰਿਫਤਾਰੀ ਵੀ ਦਰਸਾਈ ਗਈ ਸੀ। ਹੁਣ ਇਸ ਮਾਮਲੇ ਨੂੰ ਮੁੜ ਖੋਲ੍ਹਿਆ ਗਿਆ ਹੈ। ਪ੍ਰੋ. ਭੁੱਲਰ ਨੂੰ ਯੂਪੀ 'ਚ ਦਰਜ ਮਾਮਲੇ ਵਿਚ ਵੀ ਜ਼ਮਾਨਤ ਮਿਲ ਚੁੱਕੀ ਹੈ।

# ਸ਼੍ਰੋਮਣੀ ਪੁਰਸਕਾਰ ਸਨਮਾਨ ਸਮਾਗਮ ਤੇ ਪੰਜਾਬੀ ਸਪਤਾਹ 12 ਤੋਂ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੁਰਸਕਾਰ ਸਨਮਾਨ ਸਮਾਗਮ ਤੇ ਪੰਜਾਬੀ ਸਪਤਾਹ 12 ਤੋਂ 28 ਮਾਰਚ ਤੱਕ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਗੁਰੂ ਤੇਗ ਬਹਾਦਰ ਹਾਲ ਵਿਚ ਹੋਣ ਵਾਲੇ ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਹੋਣਗੇ।

ਤਿੰਨ ਸਾਲਾਂ ਬਾਅਦ ਹੋਣ ਵਾਲੇ ਇਸ ਸਮਾਗਮ ਵਿਚ 2012, 2013 ਅਤੇ 2014 ਦੇ ਸ਼੍ਰੋਮਣੀ ਪੁਰਸਕਾਰਾਂ ਦੀ ਵੰਡ ਕੀਤੀ ਜਾਵੇਗੀ। ਇਹ ਪੁਰਸਕਾਰ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ ਐਲਾਨੇ ਗਏ ਸਨ। ਤਿੰਨ ਸਾਲਾਂ ਦੇ ਇਨ੍ਹਾਂ ਪੁਰਸਕਾਰਾਂ ਲਈ ਸਰਕਾਰ ਵੱਲੋਂ 3.10 ਕਰੋੜ ਰੁਪਏ ਦਾ ਇੰਤਜ਼ਾਮ ਕਰ ਲਿਆ ਗਿਆ ਹੈ। ਭਾਸ਼ਾ ਵਿਭਾਗ ਦੇ ਕਾਰਜਕਾਰੀ ਡਾਇਰੈਕਟਰ ਡਾ. ਗੁਰਸ਼ਰਨ ਕੌਰ ਵਾਲੀਆ ਨੇ ਦੱਸਿਆ ਕਿ ਉਚੇਰੀ ਸਿੱਖਿਆ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਯਤਨਾਂ ਸਦਕਾ ਹੁਣ ਤੱਕ ਜੋ ਸਨਮਾਨ ਪ੍ਰੋਗਰਾਮ ਤੈਅ ਹੋਇਆ ਹੈ, ਉਸ ਮੁਤਾਬਕ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਦੀ ਭਾਗੀਦਾਰੀ ਕਿਸੇ ਪ੍ਰੋਗਰਾਮ ਵਿਚ ਨਹੀਂ ਰੱਖੀ ਗਈ।

12 ਮਾਰਚ ਨੂੰ ਅਰੰਭੇ ਜਾਣ ਵਾਲੇ ਪੰਜਾਬੀ ਸਪਤਾਹ ਸਮਾਗਮ ਦੀ ਸਮਾਪਤੀ ਵੀ ਪਟਿਆਲਾ ਵਿਚ ਹੋਵੇਗੀ। ਸਮਾਪਤੀ ਸਮਾਗਮ 28 ਮਾਰਚ ਨੂੰ ਭਾਸ਼ਾ ਵਿਭਾਗ ਪੰਜਾਬ ਦੇ ਮੁੱਖ ਦਫਤਰ ਸਥਿਤ ਭਾਸ਼ਾ ਭਵਨ ਵਿਚ ਰੱਖਿਆ ਗਿਆ ਹੈ।

# ਪਰਮਾਣੂ ਬਿਜਲੀ ਪਲਾਂਟ ਦਾ ਮਸਲਾ ਭਖਿਆ

**ਪਟਿਆਲਾ:** ਪਟਿਆਲਾ ਜ਼ਿਲ੍ਹੇ ਵਿਚ ਪਰਮਾਣੂ ਬਿਜਲੀ ਪਲਾਂਟ ਲਾਉਣ ਦੇ ਐਲਾਨ ਨਾਲ ਸੂਬੇ ਵਿਚਲੇ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਵਿਚ ਤਰੇੜ ਪੈ ਗਈ ਹੈ, ਜਦ ਕਿ ਕਾਂਗਰਸ ਨੇ ਕਿਹਾ ਹੈ ਕਿ ਉਸ ਨੇ ਅਜਿਹਾ ਪਲਾਂਟ ਲਾਉਣ ਦਾ ਪਹਿਲਾਂ ਵੀ ਜ਼ੋਰਦਾਰ ਵਿਰੋਧ ਕੀਤਾ ਸੀ ਤੇ ਹੁਣ ਵੀ ਕਰੇਗੀ। ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਕਮਲ ਸ਼ਰਮਾ ਨੇ ਕਿਹਾ ਹੈ ਕਿ ਪਾਰਟੀ ਦਾ ਇਸ ਬਾਰੇ ਸਟੈਂਡ ਬਾਅਦ ਵਿਚ ਸਪਸ਼ਟ ਕੀਤਾ ਜਾਵੇਗਾ। ਲੋਕ ਸਭਾ ਵਿਚ ਪ੍ਰਧਾਨ ਮੰਤਰੀ ਸਕੱਤਰੇਤ ਵਿਚ ਰਾਜ ਮੰਤਰੀ ਜਤਿੰਦਰ ਸਿੰਘ ਨੇ ਪੰਜਾਬ ਦੇ ਪਟਿਆਲਾ, ਉਤਰਾਖੰਡ ਦੇ ਦੇਹਰਾਦੂਨ ਤੇ ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਵਿਚ ਪਰਮਾਣੂ ਬਿਜਲੀ ਪਲਾਂਟ ਲਾਉਣ ਦਾ ਐਲਾਨ ਕੀਤਾ ਸੀ।

ਮੰਤਰੀ ਨੇ ਕਿਹਾ ਸੀ ਦੇਸ਼ ਵਿਚ ਇਸ ਵੇਲੇ 4,780 ਮੈਗਾਵਾਟ ਪਰਮਾਣੂ ਬਿਜਲੀ ਪੈਦਾ ਹੋ ਰਹੀ ਹੈ ਤੇ ਅਗਲੇ ਦਸ ਸਾਲਾਂ ਵਿਚ ਇਸ ਨੂੰ ਤਿੰਨ ਗੁਣਾ ਵਧਾ ਕੇ 13,480 ਮੈਗਾਵਾਟ ਕਰਨ ਦਾ ਟੀਚਾ ਹੈ। ਇਸ ਐਲਾਨ ਨਾਲ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੇ ਇਸ ਪਲਾਂਟ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ। ਦਿਲਚਸਪ ਗੱਲ ਹੈ ਕਿ ਪੰਜਾਬ ਵਿਚ ਪਹਿਲਾਂ ਹੀ ਸਰਪਲੱਸ ਬਿਜਲੀ ਹੈ ਤੇ ਇਸ ਕਾਰਨ ਉਸ ਨੂੰ ਆਪਣੇ ਬਿਜਲੀ ਯੂਨਿਟ ਬੰਦ ਕਰਨੇ ਪੈ ਰਹੇ ਹਨ ਕਿਉਂਕਿ



ਸਮਝੌਤੇ ਮੁਤਾਬਕ ਜੇ ਪੀ.ਐਸ.ਪੀ.ਸੀ.ਐਲ. ਨਿੱਜੀ ਖੇਤਰ ਤੋਂ ਬਿਜਲੀ ਦੀ ਖਰੀਦ ਨਹੀਂ ਕਰਦਾ ਤਾਂ ਉਸ ਨੂੰ ਸਾਲਾਨਾ 2700 ਕਰੋੜ ਦਾ ਭੁਗਤਾਨ ਕਰਨਾ ਪਵੇਗਾ। ਸੂਤਰਾਂ ਦਾ ਕਹਿਣਾ ਹੈ ਕਿ ਇਸ ਸਰਪਲੱਸ ਸੂਬੇ ਨੂੰ ਅਜਿਹੇ ਕਿਸੇ ਪਰਮਾਣੂ ਪਲਾਂਟ ਦੀ ਲੋੜ ਹੀ ਨਹੀਂ ਹੈ।

ਪੀ.ਐਸ.ਪੀ.ਸੀ.ਐਲ. ਦੇ ਚੇਅਰਮੈਨ ਕੇਡੀ ਚੌਧਰੀ ਨੇ ਕਿਹਾ ਦਾ ਕਹਿਣਾ ਹੈ ਕਿ ਸਾਡੇ ਕੋਲ ਅਗਲੇ ਇਕ ਦਹਾਕੇ ਲਈ ਸਰਪਲੱਸ ਬਿਜਲੀ ਹੈ। ਰਾਜ ਲਈ ਇਸ ਪਰਮਾਣੂ ਪਲਾਂਟ ਦਾ ਕੋਈ ਲਾਭ ਨਹੀਂ ਹੋਵੇਗਾ। ਇਸ ਦੇ ਨਾਲ ਹੀ ਕਿਹਾ ਕਿ ਉਨ੍ਹਾਂ ਨੂੰ ਰਾਜ ਵਿਚ ਕੋਈ ਪਰਮਾਣੂ ਪਲਾਂਟ ਲਾਏ ਜਾਣ ਦੀ ਜਾਣਕਾਰੀ ਨਹੀਂ ਹੈ। ਦਸੰਬਰ 2015 ਵਿੱਚ ਲੋਕ ਸਭਾ ਨੇ ਜ਼ੁਬਾਨੀ ਵੋਟ ਨਾਲ ਪਰਮਾਣੂ ਊਰਜਾ (ਸੋਧ) ਬਿੱਲ-2015 ਪਾਸ ਕੀਤਾ ਸੀ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਉਹ ਰਾਜ ਵਿਚ ਕੋਈ ਵੀ ਪਰਮਾਣੂ ਪਲਾਂਟ ਨਹੀਂ ਲੱਗਣ ਦੇਣਗੇ।

ਇਸ ਮਾਮਲੇ ਨੂੰ ਕੇਂਦਰ ਕੋਲ ਉਠਾਇਆ ਜਾਵੇਗਾ। ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਉਨ੍ਹਾਂ ਨੇ ਆਪਣੇ ਮੁੱਖ ਮੰਤਰੀ ਕਾਲ ਦੌਰਾਨ ਅਜਿਹੇ ਪਲਾਂਟ ਨੂੰ ਲਾਉਣ ਬਾਰੇ ਸਰਵੇਖਣ ਦਾ ਵਿਰੋਧ ਕੀਤਾ ਸੀ। ਇਸ ਦੇ ਲੱਗਣ ਨਾਲ ਰਾਜ ਦਾ ਹਵਾ, ਪਾਣੀ ਤੇ ਧਰਤੀ ਤਬਾਹ ਹੋ ਜਾਣਗੇ। ਕਾਂਗਰਸ ਇਸ ਪਲਾਂਟ ਦੇ ਵਿਰੁੱਧ ਹੈ।

## ਭਾਈ ਪੰਮਾ ਦੀ ਰਿਹਾਈ ਦੇ ਸ਼ੁਕਰਾਨੇ ਵਜੋਂ ਅਰਦਾਸ ਸਮਾਗਮ

ਸੈਨ ਹੋਜ਼ੇ (ਬਿਊਰੋ): ਗੁਰਦੁਆਰਾ ਸੈਨ ਹੋਜ਼ੇ ਵਲੋਂ ਭਾਈ ਪਰਮਜੀਤ ਸਿੰਘ ਪੰਮਾ ਦੀ ਰਿਹਾਈ ਦੇ ਸ਼ੁਕਰਾਨੇ ਵਜੋਂ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਵਿਸ਼ੇਸ਼ ਅਰਦਾਸ ਸਮਾਗਮ ਕੀਤਾ ਗਿਆ। ਇਸ ਸਬੰਧੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 4 ਮਾਰਚ ਨੂੰ ਅਖੰਡ ਪਾਠ ਦਾ ਅਰੰਭ ਕੀਤਾ ਗਿਆ ਅਤੇ 6 ਮਾਰਚ, ਐਤਵਾਰ ਨੂੰ ਭੋਗ ਪਾਇਆ ਗਿਆ।




ਜ਼ਿਕਰਯੋਗ ਹੈ ਕਿ ਭਾਈ ਪਰਮਜੀਤ ਸਿੰਘ ਪੰਮਾ ਦੀ ਰਿਹਾਈ ਪੁਰਤਗਾਲ ਵਿਚ ਹੋਈ ਅਤੇ ਉਹ ਇੰਗਲੈਂਡ ਵਾਪਸ ਪਹੁੰਚ ਚੁਕੇ ਹਨ। ਇਹ ਪ੍ਰੋਗਰਾਮ ਇਸ ਰਿਹਾਈ ਲਈ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਕੀਤਾ ਗਿਆ। ਕਥਾਵਾਚਕ ਭਾਈ ਪ੍ਰਕਾਸ਼ ਸਿੰਘ ਨੇ ਭਾਈ ਪੰਮਾ ਦੀ ਪੰਥ ਲਈ ਕੁਰਬਾਨੀ ਬਾਰੇ ਜਾਣਕਾਰੀ ਦਿੱਤੀ ਅਤੇ ਬੀਬੀ ਚੰਚਲਦੀਪ ਕੌਰ ਦੇ ਢਾਡੀ ਜਥੇ ਨੇ ਸ਼ਹੀਦੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

# ਮੇਰੇ ਪਿੰਡ ਦੀ ਰੌਣਕ ਭੱਠੀ ਵਾਲੀ 'ਪਾਰੋ ਤਾਈ'

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

**ਜਿਸ ਨੂੰ ਬੀਤੇ ਦੀ ਮਹਾਨਤਾ, ਵਰਤਮਾਨ ਯੁੱਗ ਵਿਚ ਮੁਹਾਵਰਿਆਂ ਵਾਂਗ ਪੇਸ਼ ਨਾ ਕਰਨੀ ਆਵੇ, ਉਹ ਲੇਖਕ ਤਾਂ ਹੋ ਸਕਦੈ ਪਰ ਸਮਾਜ ਲਈ ਕਿਸੇ 'ਚੱਜ' ਦਾ ਨਹੀਂ। ਜਿਹੜੀ ਪਤਨੀ ਆਪਣੇ ਪਤੀ ਨੂੰ ਆਖੇ, 'ਲੈ ਇਹ ਵੀ ਮਰਦ ਬਣਿਆ ਫਿਰਦੈ!' ਉਹ ਉਹਦੇ ਆਤਮ ਹੱਤਿਆ ਕਰਨ 'ਤੇ ਖੁਸ਼ਕ ਅੱਖਾਂ ਨਾਲ ਹੀ ਰੋਵੇਗੀ ਕਿਉਂਕਿ ਉਸ ਨੂੰ ਪਤਾ ਹੁੰਦੈ ਕਿ ਮਰਦ ਹੋਣਾ ਹੀ ਪਤੀ ਦਾ ਸਰਵ ਸ੍ਰੇਸ਼ਠ ਗੁਣ ਹੈ। ਸੱਪ ਨੇ ਨਿਉਲੇ ਨੂੰ ਕਿਹਾ, 'ਆ ਆਪਾਂ ਗਲ ਲੱਗੀਏ'। ਨਿਉਲੇ ਨੇ 'ਕਿਉਂ' ਪੁੱਛਿਆ ਤਾਂ ਸੱਪ ਹੱਸ ਪਿਆ, 'ਮੇਰੀ ਗੱਲ ਪੱਲੇ ਬੰਨ੍ਹ, ਸਾਨੂੰ ਲੜਾ ਕੇ ਤਮਾਸ਼ਾ ਦੇਖਣ ਵਾਲੇ ਹੱਦਾਂ 'ਚ ਵੀ ਤੇ ਸਰਹੱਦਾਂ 'ਤੇ ਵੀ ਫਸੇ ਪਏ ਨੇ, ਆਜਾ ਹੁਣ ਇਨ੍ਹਾਂ ਦੇ ਲੀੜੇ ਲਹਿੰਦੇ ਦੇਖੀਏ।' ਅਸਲ ਵਿਚ ਜ਼ਿੰਦਗੀ ਦੀਆਂ ਤਰਜੀਹਾਂ ਤੇ ਉਦੇਸ਼ ਹੀ ਬਦਲ ਗਏ ਹਨ। ਤਰਕ ਮੁੱਕ ਰਿਹੈ, ਦਲੀਲ ਖੁੰਡੀ ਹੋ ਰਹੀ ਹੈ, ਹਰ ਕੋਈ ਸਿਆਣਾ ਬਣਨ ਦੇ ਲਾਲਚ ਵਿਚ ਮੂੰਹ ਖੋਲ੍ਹਣ ਤੋਂ ਪਹਿਲਾਂ ਬੋਲਣ ਦਾ ਯਤਨ ਕਰ ਰਿਹਾ ਹੈ, ਫਿਰ ਅਸਹਿਣਸ਼ੀਲਤਾ ਦੇ ਮਸਲੇ ਉਠਣੇ ਸੁਭਾਵਿਕ ਨੇ ਤੇ ਸਰਕਾਰਾਂ ਦੀਆਂ ਚਿੰਤਾਵਾਂ ਵਧਣੀਆਂ ਹੀ ਨੇ। ਸਾਡੇ ਪਿੰਡ ਦੀ ਪਾਰੋ ਤਾਈ ਚਲੇ ਗਈ ਹੈ, ਦੁੱਖ ਇਸ ਗੱਲ ਦਾ ਹੈ ਕਿ ਉਹ ਇਕੱਲੀ ਚਲੇ ਜਾਂਦੀ ਤਾਂ ਹੋਰ ਗੱਲ ਸੀ, ਨਾਲ ਬਹੁਤ ਕੁਝ ਲੈ ਗਈ ਹੈ। ਇਸੇ ਲਈ...**

ਬੇਤਰਤੀਬ ਘਟਨਾਵਾਂ ਬਹੁਤਿਆਂ ਦੀ ਜ਼ਿੰਦਗੀ ਵਿਚ ਵਾਪਰੀਆਂ ਹਨ ਪਰ ਗੱਲ ਤਾਂ ਨਹੀਂ ਬਣਦੀ ਕਿਉਂਕਿ ਇਨ੍ਹਾਂ ਨੂੰ ਤਰਤੀਬ ਵਿਚ 'ਕੱਠੀਆਂ ਕਰਨ ਦਾ ਹੁਨਰ ਬਹੁਤ ਘੱਟ ਲੋਕਾਂ ਕੋਲ ਹੁੰਦਾ ਹੈ। ਜਿਹੜੇ ਨਿੱਕੇ ਜਿਹੇ ਦਰਦ ਨੂੰ ਪਹਾੜ ਜਿੱਡਾ ਸਮਝ ਕੇ ਲਿਟ ਰਹੇ ਹੋਣ, ਇਹ ਉਹੀ ਲੋਕ ਹੁੰਦੇ ਨੇ ਜੋ ਬੱਕਰੀ ਦੇ ਛੇਲਾ ਦੇਣ 'ਤੇ ਵੀ ਫਿਰ ਕੋਠੇ 'ਤੇ ਚੜ੍ਹ ਕੇ ਏਦਾਂ ਖੁਸ਼ੀ ਮਨਾ ਰਹੇ ਹੁੰਦੇ ਹਨ ਜਿਵੇਂ ਸੱਤਾਂ ਕੁੜੀਆਂ ਤੋਂ ਬਾਅਦ ਮੁੰਡਾ ਜੰਮਿਆ ਹੋਵੇ। ਬਹੁਤ ਲੋਕ ਉਦੋਂ ਰੋਂਦੇ ਨੇ ਜਦੋਂ ਕੋਈ ਆਪਣਾ ਮਰ ਗਿਆ ਹੋਵੇ ਤੇ ਆਪਣਾ ਉਹ ਖੂਨ ਦੇ ਰਿਸ਼ਤੇ ਨੂੰ ਸਮਝ ਰਹੇ ਹੁੰਦੇ ਨੇ। ਸੱਚ ਇਹ ਹੈ ਕਿ ਜਿਸ ਯੁੱਗ ਵਿਚੋਂ ਅਸੀਂ ਗੁਜ਼ਰ ਰਹੇ ਹਾਂ ਉਸ ਯੁੱਗ ਵਿਚ 'ਆਪਣੇ' ਰੋਂਦੇ ਹੀ ਘੱਟ ਨੇ। ਪਰ ਮੈਂ ਜਿਸ ਔਰਤ ਲਈ ਹਉਕਾ ਭਰਨ ਲੱਗਾ ਹਾਂ, ਚੀਕ ਮਾਰਨ ਲੱਗਾ ਹਾਂ, ਰੋਣ ਲੱਗਾ ਹਾਂ, ਦੁਹਾਈ ਪਾਉਣ ਲੱਗਾ ਹਾਂ, ਉਹ ਔਰਤ ਮੇਰੇ ਰਿਸ਼ਤੇ ਵਿਚੋਂ ਨਹੀਂ ਹੈ ਪਰ ਉਸ ਦੇ ਤੁਰ ਜਾਣ ਦਾ ਉਨਾ ਹੀ ਦੁੱਖ ਹੈ ਜਿੰਨਾ ਕਿਸੇ ਦਿਲ ਦੇ ਰੋਗੀ ਨੂੰ ਡਾਕਟਰ ਦੇ ਇਹ ਕਹਿਣ 'ਤੇ ਹੁੰਦਾ ਹੈ, 'ਮਿੱਤਰਾ ਚਾਰੇ ਕੁੰਟਾਂ ਵਾਂਗ ਤੇਰੇ ਚਾਰੇ ਵਾਲਵ ਬੰਦ ਹੋ ਗਏ ਨੇ'। ਗੱਲ ਇਹ ਸਾਧਾਰਨ ਹੈ ਪਰ ਇਸ ਨੂੰ ਖਾਸ ਸਮਝ ਕੇ ਤੇ ਆਪਣੇ ਇਰਦ ਗਿਰਦ ਵਾਪਰੀ ਹੋਈ ਘਟਨਾ ਜਾਣ ਕੇ ਧਿਆਨ ਨਾਲ ਪੜ੍ਹਿਓ...

ਮੈਂ ਨਿੱਕਾ ਜਿਹਾ ਸਾਂ, ਮੀਂਹ ਪੈ ਰਿਹਾ ਸੀ। ਪਾਰੋ ਝਿਊਰੀ ਕਹਿਣ ਲੱਗੀ, 'ਵੇ ਪੁੱਤ ਆ ਮੇਰੇ ਦਾਣੇ ਤਾਂ ਮੇਰੇ ਘਰ ਤੱਕ ਛੱਡਾ ਆ, ਤਪਦੀ ਕੜਾਹੀ ਮੈਂ ਆਪ ਚੁੱਕ ਲਵਾਂਗੀ'। ਤੁਰਦਿਆਂ ਉਹ ਬੋਲੀ, 'ਬੜਾ ਸੋਹਣਾ ਨਿੰਬਲ ਸੀ, ਭੱਠੀ ਮੈਂ ਤਪਾ ਲਈ ਸੀ, ਨਿੱਕੀ ਜਿਹੀ ਬੱਦਲੀ ਨੇ ਜਲ ਥਲ ਕਰ ਦਿੱਤਾ, ਮਹੀਨੇ ਪਿਛੋਂ ਅੱਜ ਦਾਣੇ ਭੁੰਨਣ ਆਈ ਸਾਂ, ਹਾਲੇ ਪਹਿਲਾ ਪਰਾਗਾ ਪਾਇਆ ਸੀ, ਇਹ ਅੱਗ ਲੱਗਣਾ ਬਲਕਾਰ ਸਿਹੁੰ ਕਹਿਣ ਲੱਗਾ, 'ਪਾਰੋ ਚਾਰ ਕੁ ਦਾਣੇ ਭੁੰਨ ਕੇ ਖੁਆ ਦੇ, ਇਸ ਕੰਜਰ ਦੇ ਤਾਂ ਮੱਥੇ ਲੱਗਣਾ ਈ ਭੈੜਾ।'

ਮੈਂ ਮਸੂਮੀਅਤ ਵਿਚ ਪੁੱਛਿਆ, 'ਤਾਈ ਇਹਨੂੰ ਸਾਰੇ ਈ ਮਾੜਾ ਕਿਉਂ ਕਹਿੰਦੇ ਆ?' ਉਹ ਕਹਿਣ ਲੱਗੀ, 'ਰੌਲਿਆਂ ਵੇਲੇ ਆਪਣਾ ਪਿੰਡ ਮੁਸਲਮਾਨਾਂ ਦਾ ਪਿੰਡ ਸੀ। ਇਹ ਬਲਕਾਰ ਸਿੰਘ, ਮੁਖਤਿਆਰ ਸਿੰਘ ਅਤੇ ਸ਼ਿੰਗਾਰਾ ਸਿੰਘ ਮੁਸਲਮਾਨਾਂ ਦੇ ਬੱਚੇ ਬਰਛਿਆਂ 'ਤੇ ਟੰਗ ਕੇ ਘਰ ਘਰ ਕਤਲ ਕਰਦੇ ਫਿਰਦੇ ਸਨ ਤੇ ਇਨ੍ਹਾਂ ਤਿੰਨਾਂ ਨੇ ਪੱਕਾ ਸ਼ੁਦਾਈ ਹੋ ਕੇ ਮਰਨਾ।'

ਅੱਜ ਪਾਰੋ ਦੇ ਮਰ ਜਾਣ ਦੀ ਖਬਰ ਆਈ ਤਾਂ ਮਨ ਨੇ ਹਉਕਾ ਲਿਆ। ਪਾਰੋ ਮੈਨੂੰ ਵੀ ਦੇਵੀ ਲੱਗੀ। ਕਿਉਂਕਿ ਪਾਰੋ ਦੇ ਮਰਨ ਤੋਂ ਬਲਕਾਰ, ਮੁਖਤਿਆਰ ਤੇ ਸ਼ਿੰਗਾਰਾ ਪਹਿਲਾਂ ਮਰੇ ਹਨ ਤੇ ਮਰੇ ਵੀ ਤਿੰਨੇ ਸ਼ੁਦਾਈ ਹੋ ਕੇ। ਪਿੰਡ ਵੀ ਕਹਿੰਦਾ ਹੈ, ਇਨ੍ਹਾਂ ਨੇ ਸ਼ੁਦਾਈ ਹੋ ਕੇ ਹੀ ਮਰਨਾ ਸੀ। ਉਸ ਦਿਨ ਜਦੋਂ ਮੈਂ ਉਸ ਨੂੰ ਘਰ ਤੱਕ ਛੱਡਣ ਗਿਆ, ਉਹਨੇ ਆਪਣੇ ਚੁੰਨੀ ਦੇ ਲੜ ਨਾਲੋਂ 'ਪੰਜੀ' ਖੋਲ੍ਹ ਕੇ ਮੈਨੂੰ ਫੜਾਈ ਤੇ ਪੁੱਛਣ ਲੱਗੀ, 'ਤੂੰ ਪ੍ਰਕਾਸ਼ੀ ਦਾ ਮੁੰਡਾ ਐਂ?' ਮੈਂ ਕਿਹਾ, 'ਹਾਂ'। ਉਹ ਮੇਰੀ ਮਾਂ ਪ੍ਰਕਾਸ਼ ਕੌਰ ਨੂੰ ਪ੍ਰਕਾਸ਼ੀ ਹੀ ਕਿਹਾ ਕਰਦੀ ਸੀ। ਫਿਰ ਬੋਲੀ, 'ਮੇਰੀ ਸੱਸ ਇਸੇ ਭੱਠੀ 'ਤੇ ਸਾਰੀ ਉਮਰ ਦਾਣੇ ਭੁੰਨਦੀ ਮਰੀ ਹੈ, ਮੁਖਤਿਆਰ ਸਿੰਘ ਦਾ ਚਹੁੰ ਕੁੜੀਆਂ ਪਿਛੋਂ ਜੰਮਿਆ ਪੁੱਤ ਇਸੇ ਭੱਠੀ ਦੀ ਕੋਸੀ ਸੁਆਹ 'ਚ ਡਿਗ ਕੇ ਮਰ ਗਿਆ ਸੀ, ਉਸੇ ਸੁਆਹ ਨਾਲ ਜਿਸ ਨਾਲ ਹੱਥ ਨੂੰ ਵੀ ਸੇਕ ਨਹੀਂ ਸੀ ਲੱਗਦਾ। ਮੇਰੀ ਸੱਸ ਨੇ ਵੀ ਇਹੀ ਕਿਹਾ ਸੀ ਕਿ ਮੁਸਲਮਾਨਾਂ ਦੇ ਮਸੂਮ ਪੁੱਤ ਮਾਰਨ ਵਾਲੇ ਮੁਖਤਿਆਰੇ ਨੂੰ ਇਹ ਸਜ਼ਾ ਮਿਲਣੀ ਹੀ ਸੀ।'

ਪਾਰੋ ਮੇਰੇ ਪਿੰਡ ਦਾ ਅਹਿਮ ਕਿਰਦਾਰ ਸੀ। ਉਹ ਪੱਕੇ ਰੰਗ ਦੀ ਹੋ ਕੇ ਵੀ ਹਰ ਇਕ ਨੂੰ ਪਿਆਰੀ ਲੱਗਦੀ ਸੀ। ਉਹਨੂੰ ਉਹਦੇ ਹਾਣ ਦੇ ਵੀ 'ਤਾਈ' ਕਹਿੰਦੇ। ਉਹ ਭੱਠੀ 'ਤੇ ਬੈਠੀ ਖਿੱਲਾਂ ਨਾਲੋਂ ਵੀ ਵੱਧ ਖਿੜੀ ਰਹਿੰਦੀ। ਸਿਆਲ 'ਚ ਦੇਰ ਰਾਤ ਜਦੋਂ ਉਹਨੇ ਕੜਾਹੀ ਚੁੱਕ ਕੇ ਲਿਜਾਣੀ ਤਾਂ ਬਾਲਣ ਦੇ ਦੋ ਰੁੱਗ ਹੋਰ ਲਾ ਕੇ ਜਾਣੇ। ਸੋਚਦੀ ਭੱਠੀ ਦੁਆਲੇ ਮੇਰੇ ਕਿੰਨੇ ਪੁੱਤਰਾਂ ਨੇ ਦੇਰ ਰਾਤ ਤੱਕ ਸੇਕ ਦਾ ਨਿੱਘ ਮਾਨਣਾ ਹੈ। ਸੱਚੀਂ ਇਸ ਭੱਠੀ ਦੁਆਲੇ ਅੱਧੀ ਰਾਤ ਤੱਕ ਮਹਿਫਿਲ ਲੱਗੀ ਰਹਿੰਦੀ, ਬਜ਼ੁਰਗ ਵੀ ਹੁੰਦੇ, ਮੁੰਡੇ ਵੀ, ਅਧਖੜ ਵੀ। ਕਿਸੇ ਨੇ ਡੱਬੀਆਂ ਵਾਲੀ ਖੇਸੀ ਦੀ ਬੁੱਕਲ ਮਾਰੀ ਹੁੰਦੀ, ਕਿਸੇ ਨੇ ਬੇਬੇ ਦੇ ਸ਼ਾਲ ਦਾ ਸਿਰ 'ਤੇ ਮੜਾਸਾ ਮਾਰਿਆ ਹੁੰਦਾ, ਕਿਸੇ ਦੇ ਪੈਰੀਂ ਧੌੜੀ ਦੀ ਜੁੱਤੀ, ਕਿਸੇ ਦੇ ਪੈਰੀਂ ਚੱਪਲਾਂ, ਅੱਧਿਆਂ ਕੁ ਚਾਦਰ ਬੰਨ੍ਹੀਂ ਹੁੰਦੀ ਤੇ ਦੋ-ਚਹੁੰ ਨੇ ਪਜਾਮਾ ਪਾਇਆ ਹੁੰਦਾ, ਪੈਂਟ ਦਾ ਉਦੋਂ ਰਿਵਾਜ ਘੱਟ ਹੀ ਸੀ। ਕੋਈ ਚੁਟਕਲਾ ਸੁਣਾਉਂਦਾ, ਕੋਈ ਬਾਤ ਤੇ ਜਦੋਂ ਕਿਤੇ ਅਮਲੀ ਰੁਲਦੂ ਆ ਬੈਠਦਾ ਤਾਂ ਇਹ ਭੱਠੀ ਸੱਥ ਬਣ ਜਾਂਦੀ ਜਾਂ ਭੰਡਾਂ ਦੀ ਮਹਿਫਿਲ। ਇਹ ਸਤਯੁਗ ਦਾ ਉਹ ਸਮਾਂ ਸੀ ਜਦੋਂ ਨਾ ਕਿਸੇ ਨੇ ਦਾਰੂ ਪੀਤੀ ਹੁੰਦੀ, ਨਾ ਕੋਈ ਹੋਰ ਨਸ਼ਾ ਕੀਤਾ ਹੁੰਦਾ। ਕਿਤੇ ਅੰਨ੍ਹਿਆਂ ਦੇ ਠੋਲੂ ਨੇ ਚੀਚੀ ਦੇ ਨਾਲ ਵਾਲੀ ਉਂਗਲ ਵਿਚ ਪੀਣ ਲਈ ਬੀੜੀ ਫਸਾਈ ਹੁੰਦੀ ਤਾਂ ਸਿਆਣੇ ਜੁੱਤੀ ਖੋਲ੍ਹ ਲੈਂਦੇ, ਮਾਰੋ ਸਾਲੇ ਦੇ 'ਖੋਤੀ ਚੁੰਘਦਾ'। ਅੱਧੀ ਰਾਤ ਹੋਣ 'ਤੇ ਵੀ ਕਿਸੇ ਦਾ ਘਰ ਜਾਣ ਨੂੰ ਦਿਲ ਨਾ ਕਰਦਾ, ਤੇ ਪਾਰੋ ਤਾਈ ਦੀ ਇਹ ਭੱਠੀ ਰੌਣਕਾਂ ਦਾ ਹੱਜ ਬਣੀ ਰਹਿੰਦੀ।

ਹੁਣ ਜਦੋਂ ਪਾਰੋ ਦੇ ਮਰਨ ਦੀ ਖਬਰ ਜਿਸ ਪਰਿਵਾਰ ਦੇ ਮੁੰਡੇ ਨੇ ਮੈਨੂੰ ਭੇਜੀ ਹੈ, ਉਸ ਨੇ ਨਾਲ ਹੀ ਕਿਹੈ, ਅਸ਼ੋਕ ਤੂੰ ਜਾਣਦੈ ਮੇਰਾ ਬਾਬਾ 105 ਸਾਲਾਂ ਦਾ ਹੋ ਗਿਐ। ਉਹ ਪਾਰੋ ਦੇ ਅਫਸੋਸ ਨੂੰ ਗਿਆ ਤੇ ਕਹਿਣ ਲੱਗਾ, 'ਪਾਰੋ ਦੇ ਜਾਣ ਨਾਲ ਪਿੰਡ ਦੀ ਭੱਠੀ ਨਹੀਂ ਬੁਝੀ, ਪਿੰਡ ਵਿਚ ਇਕ ਯੁੱਗ ਦਾ ਅੰਤ ਹੋ ਗਿਆ ਹੈ। ਭੱਠੀ ਦੁਆਲੇ ਲੱਗਦੀਆਂ ਰੌਣਕਾਂ ਮੁੱਕ ਗਈਆਂ ਨੇ ਤੇ ਲਾਹਣਤ ਹੈ ਇਸ ਪੜ੍ਹੀ ਲਿਖੀ ਜਵਾਨੀ 'ਤੇ ਜਿਹੜੀ ਭੱਠੀਆਂ 'ਤੇ ਤਾਂ ਨਹੀਂ ਬਹਿੰਦੀ ਪਰ ਮੋਟਰਾਂ 'ਤੇ, ਸ਼ਮਸ਼ਾਨਘਾਟਾਂ, ਸੁੰਨੀਆਂ ਥਾਂਵਾਂ 'ਤੇ ਅੱਧੀ ਅੱਧੀ ਰਾਤ ਨੂੰ ਜੁੜਦੀ ਤਾਂ ਹੈ ਪਰ ਅੱਗ ਸੇਕਣ ਲਈ ਨਹੀਂ, ਨਸ਼ਿਆਂ ਦੀ ਅੱਗ ਸੇਕ ਕੇ ਮੌਤ ਨੂੰ ਵਾਜਾਂ ਮਾਰਨ ਲਈ। ਉਦੋਂ ਤਾਂ ਇਕ ਠੋਲੂ ਬੀੜੀ ਪੀਂਦਾ ਹੁੰਦਾ ਸੀ ਤੇ ਹੁਣ ਇਹ ਘਰ ਘਰ ਜੰਮੇ ਪੁੱਤ 'ਚਿੱਟਾ' ਤੇ ਹੋਰ ਪਤਾ ਨਹੀਂ ਕੀ ਕੀ ਪੀਣ ਲੱਗ ਪਏ ਹਨ। ਕੀ ਮਜਾਲ ਸੀ, ਜਦੋਂ ਪਾਰੋ ਨੇ ਦਿਨ ਨੂੰ ਭੱਠੀ ਮਘਾਈ ਹੁੰਦੀ, ਠੋਲੂ ਆ ਕੇ ਬੀੜੀ ਪੀ ਕੇ ਦਿਖਾ ਜਾਂਦਾ। ਉਹ ਦਾਣਿਆਂ 'ਚ ਫੇਰਨ ਵਾਲੀ ਗਰਮ ਦਾਤੀ ਲੈ ਕੇ ਮਗਰ ਭੱਜਦੀ ਸੀ। ਪਾਰੋ ਚਲੇ ਗਈ ਤੇ ਉਹ ਵਕਤ ਵੀ ਨਾਲ ਈ ਲੈ ਗਈ ਜਿਸ ਵਕਤ ਨੂੰ ਮੈਂ ਹੀ ਨਹੀਂ ਰੋਂਦਾ ਸਗੋਂ ਸਾਰਾ ਪਿੰਡ ਰੋਂਦਾ ਹੈ।

ਸਕੂਲ ਤੋਂ ਆਉਣਾ, ਚੁੱਲ੍ਹੇ 'ਤੇ ਪਈ ਬੇਹੀ ਚਾਹ ਨੂੰ ਗਰਮ ਕਰਨਾ, ਮੱਕੀ ਦੀ ਰੋਟੀ ਬਿਨਾਂ ਹੱਥ ਧੋਤਿਆਂ ਸਾਗ ਨਾਲ ਖਾਣੀ ਤੇ ਮਾਂ ਦੇ ਭੇਰੇ ਹੋਏ ਦਾਣੇ ਭੁਨਾਉਣ ਪਾਰੋ ਤਾਈ ਦੀ ਭੱਠੀ 'ਤੇ ਚਲੇ ਜਾਣਾ। ਪੁਲਿਸ ਵਿਚ ਭਰਤੀ ਹੋਣ ਵਾਲਿਆਂ ਵਾਂਗੂੰ ਉਹ ਲਾਈਨ ਵਿਚ ਬਿਠਾਈ ਜਾਂਦੀ। ਪੱਖ ਉਹ ਵੀ ਪੂਰ ਦਿੰਦੀ ਸੀ ਪਰ ਇਨਸਾਫ ਵਾਲਾ, ਉਹ ਆਖਦੀ 'ਜਿਹਨੇ ਪਹਿਲਾਂ ਦਾਣੇ ਭੁਨਾਉਣੇ ਨੇ ਉਹ ਪੰਜ ਜਣਿਆਂ ਲਈ ਬਾਲਣ ਪਾਵੇ' ਤੇ ਇੰਜ ਕਈਆਂ ਦੀ ਵਾਰੀ ਤਿੰਨ ਤਿੰਨ ਘੰਟੇ ਨਾ ਆਉਂਦੀ।

ਕਿੰਨਾ ਇਤਫਾਕ, ਮੁਹੱਬਤ ਸਬਰ ਵਾਲਾ ਉਹ ਯੁੱਗ ਸੀ ਜੋ ਲੰਘਿਆ ਤਾਂ ਚੇਤਾ ਆਇਆ ਤੇ ਜਦੋਂ ਚੇਤਾ ਆਇਆ ਤਾਂ ਰੱਜ ਕੇ ਰੋਣ ਨੂੰ ਚਿੱਤ ਕੀਤਾ। ਇਹ ਤਾਈ ਪਾਰੋ ਜਦੋਂ ਛਾਨਣੀ ਵਿਚ ਦਾਣੇ ਪਾਉਂਦੀ ਤਾਂ ਭਾੜਾ ਦਾਣਿਆਂ ਦੀ ਮਿਕਦਾਰ ਅਨੁਸਾਰ ਹੀ ਕੱਢਦੀ। ਮੈਨੂੰ ਯਾਦ ਹੈ, ਕਦੇ ਕਦੇ ਖੱਤਰੀਆਂ ਦੀ ਝਾਈ ਨੇ ਆਪਣੇ ਨਿਆਣਿਆਂ ਦੇ ਮਗਰ ਆਉਣਾ, ਪਾਰੋ ਨੂੰ ਕਹਿਣ ਕਿ ਤੂੰ ਭਾੜਾ ਵੱਧ ਨਾ ਕੱਢੀਂ। ਪਾਰੋ ਦਾ ਜੁਆਬ ਹੁੰਦਾ, 'ਮੇਰਾ ਹੱਥ ਇਨਸਾਫ ਦੀ ਤੱਕੜੀ ਵਰਗਾ, ਤੇ ਥੋਡੀ ਦੁਕਾਨ 'ਤੇ ਜਿਹੜਾ ਸੌਦਾ ਘੱਟ ਤੁਲਦਾ, ਉਹ ਸਾਰਿਆਂ ਨੂੰ ਪਤੈ। ਪਰ ਕਹਿੰਦੀ ਏਨਾ ਹੱਸ ਕੇ ਕਿ ਝਾਈ ਦਾ ਹਾਸਾ ਨਿਕਲ ਜਾਂਦਾ। ਭੱਠੀ 'ਤੇ ਜੁਆਨ ਕੁੜੀਆਂ ਦਾਣੇ ਭੁਨਾਉਣ ਆ ਜਾਂਦੀਆਂ ਤਾਂ ਪਾਰੋ ਸਾਰੀ ਮੁੰਡੀਰ ਨੂੰ ਪਰੇ ਕਰਕੇ ਬਿਠਾ ਦਿੰਦੀ ਤੇ ਨਾਲ ਈ ਠਾਣੇਦਾਰ ਵਾਂਗੂ ਰੋਅਬ ਨਾਲ ਆਖਦੀ, ਇੱਧਰ ਨੂੰ ਕਿਸੇ ਵੇਖਿਆ ਤਾਂ ਦਾਤੀ ਡੇਲਿਆਂ 'ਚ ਦੇ ਦਊਂ।

ਇੰਨਾ ਫਿਕਰ ਸੀ ਇਕ ਔਰਤ ਨੂੰ ਪਿੰਡ ਦੀਆਂ ਧੀਆਂ ਭੈਣਾਂ ਦਾ। ਕੋਈ 40 ਸਾਲ ਪਾਰੋ ਨੇ ਇਹ ਭੱਠੀ ਝੋਕੀ, ਪਿੰਡ ਨੂੰ ਦਾਣੇ ਭੁੰਨ੍ਹ ਭੁੰਨ੍ਹ ਕੇ ਖੁਆਏ। ਉਹਦਾ ਉਹ ਮਿੱਟੀ ਦਾ ਕੁੱਜਾ ਮੇਰੀਆਂ ਅੱਖਾਂ ਸਾਹਮਣੇ ਉਵੇਂ ਹੀ ਘੁੰਮਦਾ ਪ੍ਰਤੀਤ ਹੁੰਦਾ ਹੈ। ਕੋਈ ਛੋਲੇ ਭੁਨਾਉਣ ਆਉਂਦਾ ਤਾਂ ਉਹ ਉਹਦੀ ਦਾਲ ਬਣਾਉਣ ਲਈ ਦੋਹਾਂ ਹੱਥਾਂ ਨਾਲ ਫੜ ਕੇ ਪੂਰੇ ਜ਼ੋਰ ਨਾਲ ਘੁਮਾਉਂਦੀ। ਇਹ ਵੀ ਯਾਦ ਹੈ, ਉਹ ਛੋਲੇ ਭੁੰਨਣ ਦਾ ਭਾੜਾ ਦੋ ਵਾਰ ਕੱਢਦੀ। ਅਖੇ ਬਾਲਣ ਦੋਹਰਾ ਲੱਗਦੈ। ਇਕ ਵਾਰ ਮੈਂ ਬਜ਼ੁਰਗਾਂ ਦੀ ਸੱਥ ਵਿਚ ਕਿਹਾ, 'ਪਾਰੋ ਕਿੰਨੀ ਚੰਗੀ ਹੈ ਸਾਰੇ ਪਿੰਡ ਨੂੰ ਦਾਣਿਆਂ ਨਾਲ ਢਿੱਡ ਭਰਨ ਦਾ ਕਿੰਨਾ ਸੁਆਦ ਦਿੰਦੀ ਹੈ?' ਤਾਂ ਬਜ਼ੁਰਗ ਧੰਨਾ ਸਿਹੁੰ ਭੜਕ ਕੇ ਬੋਲਿਆ, 'ਕਿਹੜੇ ਕੰਮਾਂ 'ਚੋਂ ਕੰਮ ਐਂ, ਨਿਆਣੇ ਤਾਂ ਉਹਦੇ ਤੋਂ ਦੋ ਪੜ੍ਹਾ ਨੀਂ ਹੋਏ। ਪਰ ਮਰਦੇ ਵੇਲੇ ਇਹੀ ਬਜ਼ੁਰਗ ਇਹ ਕਹਿੰਦਾ ਮਰਿਆ ਕਿ ਪਾਰੋ ਹੀ ਹੈ ਜਿਹਦੇ ਦੋਵੇਂ ਪੁੱਤਰਾਂ ਨੇ ਪਿੰਡ ਦੇ ਸਾਰੇ ਸ਼ਗਨ ਵਿਹਾਰ ਹੀ ਨਹੀਂ ਕੀਤੇ ਸਗੋਂ ਇਤਫਾਕ ਨਾਲ ਬੰਨ੍ਹ ਕੇ ਵੀ ਰੱਖਿਆ। ਕਿਸੇ ਵੀ ਜਾਤ-ਬਰਾਦਰੀ 'ਚ ਖੁਸ਼ੀ ਗਮੀ ਦਾ ਮੌਕਾ ਹੁੰਦਾ, ਪਾਰੋ ਦਾ ਪਰਿਵਾਰ ਕਦੇ ਰੋਟੀਆਂ ਪਕਾਉਣ, ਕਦੇ ਭਾਂਡੇ ਧੋਣ ਤੇ ਕਦੇ ਸੱਦੇ ਦੇਣ ਭੱਜਿਆ ਫਿਰਦਾ। ਤੇ ਮੇਰੇ ਸਾਲੇ ਦੇ ਦੋਵੇਂ ਹੀ ਚਿੱਟਾ ਪੀ ਕੇ ਮਰੇ ਹਨ।

ਪਾਰੋ ਉਸ ਯੁੱਗ 'ਚ ਸੁਆਸ ਛੱਡ ਕੇ ਗਈ ਹੈ ਜੋ ਸਾਰੇ ਦਾ ਸਾਰਾ ਵਿਗਿਆਨ ਦੇ ਕੰਧਾੜੇ 'ਤੇ ਚੜ੍ਹਿਆ ਹੋਇਆ ਹੈ। ਉਹਦੀ ਭੱਠੀ ਠੰਡੀ ਹੋਈ ਨੂੰ ਵੀਹ ਸਾਲ ਹੋ ਗਏ ਨੇ ਪਰ ਜਿੱਦਣ ਮਰੀ ਸਾਰਾ ਪਿੰਡ ਰੱਜ ਕੇ ਰੋਇਆ ਕਿਉਂਕਿ ਪਾਰੋ ਤਾਈ ਕੱਲੀ ਨਹੀਂ ਮਰੀ, ਪਿੰਡ ਦਾ ਇਤਫਾਕ ਮਰ ਗਿਆ ਹੈ। ਕਦੇ ਕਦੇ ਸਵੇਰ ਨੂੰ ਉਹ ਪਿੰਡ ਦੀਆਂ ਸਕੂਲ ਜਾਂਦੀਆਂ ਕੁੜੀਆਂ ਦੇ ਨਾਲ ਗੱਲਾਂ ਕਰਦੀ ਉਨ੍ਹਾਂ ਨੂੰ ਧੁਰ ਤੱਕ ਛੱਡਣ ਲਈ ਚਲੇ ਜਾਂਦੀ। ਕਿਸੇ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਹ ਆਪਣਾ ਕਿਹੜਾ ਰੋਲ ਅਦਾ ਕਰ ਰਹੀ ਹੈ? ਇਕ ਵਾਰ ਪਿੰਡ ਦੀ ਇਕ ਕੁੜੀ, ਪਿੰਡ ਦੇ ਹੀ ਇਕ ਹੋਰ ਮੁੰਡੇ ਨਾਲ ਘਰੋਂ ਪੈਰ ਬਾਹਰ ਕੱਢ ਗਈ। ਇਹ ਪਾਰੋ ਤਾਈ ਹੀ ਸੀ ਜੋ ਪੰਚਾਇਤ 'ਚ ਜਾ ਕੇ ਦੋਵੇਂ ਹੱਥਾਂ ਨਾਲ ਪਿੱਟੀ, ਇਸ ਜੋੜੀ ਨੂੰ ਪਿੰਡ ਨਾ ਵੜਨ ਦਿਓ। ਪਿੰਡ ਦੀ ਧੀ ਦੇ ਸਹੁਰੇ ਤੇ ਪੇਕੇ ਇਕ ਥਾਂ ਨਹੀਂ ਹੋ ਸਕਦੇ। ਜੇ ਅੱਜ ਇਨ੍ਹਾਂ ਨੂੰ ਪਿੰਡ ਵਾੜੋਗੇ ਤਾਂ ਕੱਲ੍ਹ ਨੂੰ ਹੋਰ ਧੀਆਂ ਨੂੰ ਵੀ ਸ਼ਹਿ ਮਿਲੇਗੀ ਤੇ ਕਾਕੇ ਹੋਰ ਵਿਗੜਨਗੇ। ਪਰ ਉਸ ਨੂੰ ਨਹੀਂ ਸੀ ਪਤਾ ਕਿ ਆਉਣ ਵਾਲੇ ਸਮੇਂ 'ਚ ਇਹ ਮੁੰਡੀਰ ਕਿਸੇ ਨੂੰ ਧੀ ਭੈਣ ਸਮਝੇਗੀ ਹੀ ਨਹੀਂ। ਦਹਾਕਾ ਕੁ ਪੁਰਾਣੀ ਗੱਲ ਹੈ ਜਦੋਂ ਪਿੰਡ ਦੇ ਇਕ ਮੁੰਡੇ 'ਤੇ ਕਾਲਜ ਜਾਂਦੀ ਕੁੜੀ ਨੂੰ ਛੇੜਨ ਦਾ ਇਲਜ਼ਾਮ ਲੱਗਾ ਤਾਂ ਆਥਣੇ ਮੁੰਡੇ ਦੇ ਘਰ ਜਾ ਕੇ ਉਸ ਗਾਲ੍ਹਾਂ ਕੱਢੀਆਂ, ਡੁੱਬ ਕੇ ਮਰ ਜੋ, ਕਿਤੇ ਖੂਹ ਖਾਤਾ ਗੰਦਾ ਕਰ ਦਿਓ, ਥੋਨੂੰ ਸ਼ਰਮ ਨਹੀਂ, ਆਪਣੇ ਪਿਓ ਦੀ ਔਲਾਦ ਨਹੀਂ ਓ। ਤੁਸੀਂ ਘਰ ਦੀਆਂ ਧੀਆਂ ਭੈਣਾਂ ਦੀ ਹੀ ਇੱਜ਼ਤ ਲੀਰਾਂ ਕਰਨੀ ਚਾਹੁੰਦੇ ਹੋ, ਲੱਖ ਲਾਹਣਤ ਹੈ ਤੁਹਾਡੇ ਜੰਮਣ 'ਤੇ। ਉਹ ਫਿਰ ਮੁੜ ਕੇ ਕਦੇ ਨਾ ਬੋਲੀ ਜਦੋਂ ਏਸੇ ਘਰ ਵਿਚੋਂ ਧੱਕਾ ਦਿੱਤਾ ਗਿਆ ਸੀ ਤੇ ਉਹਦਾ ਚੁਲ੍ਹਾ ਟੁੱਟ ਗਿਆ ਸੀ। ਇਸ ਟੁੱਟੇ ਚੂਲੇ ਕਰਕੇ ਦਸ ਸਾਲ ਘੜੀਸ ਹੁੰਦੀ ਪਾਰੋ ਫਿਰ ਮੁੰਡੇ-ਕੁੜੀਆਂ ਨੂੰ ਦੇਖ ਕੇ ਅੱਖਾਂ ਭਰ ਲੈਂਦੀ, ਬੋਲਦੀ ਕੁਝ ਨਾ।



ਮੈਨੂੰ ਹਰ ਕੋਈ ਭੱਠੀ ਵਾਲੀ ਲੱਗਦੀ ਏ ਹੁਣ ਮੇਰੇ ਪਿੰਡ ਦੀ ਪਾਰੋ।

ਜਿਸ ਥਾਂ ਪਾਰੋ ਤਾਈ ਦੀ ਭੱਠੀ ਸੀ, ਉਹਦੇ ਨਾਲ ਲੱਗਦਾ ਖੂਹ ਹੁਣ ਪੂਰ ਦਿੱਤਾ ਗਿਆ ਹੈ। ਪੜ੍ਹੇ ਲਿਖੇ ਖੱਤਰੀਆਂ ਦਾ ਤਿੰਨ ਮੰਜ਼ਿਲਾ ਨਾਨਕਸ਼ਾਹੀ ਇੱਟਾਂ ਵਾਲਾ ਚੁਬਾਰਾ ਵੀਰਾਨ ਹੋ ਗਿਆ ਹੈ। ਮੀਂਹ ਪੈਣ ਪਿਛੋਂ ਜਦੋਂ ਧੁੱਪ ਨਿਕਲਦੀ ਹੈ ਤਾਂ ਇਸ ਚੁਬਾਰੇ ਦੀਆਂ ਕੰਧਾਂ ਵੀ ਭੜਾਸ ਨਾਲ ਡਿੱਗਣ ਲੱਗ ਪੈਂਦੀਆਂ ਹਨ। ਜਦੋਂ ਇਕ ਕੰਧ ਤਾਈ ਪਾਰੋ ਦੀ ਭੱਠੀ 'ਤੇ ਡਿੱਗੀ ਤਾਂ ਉਹ ਉਦਣ ਚੀਕਾਂ ਮਾਰ ਕੇ ਰੋਈ, ਮੇਰੀ ਭੱਠੀ ਉਜੜਨ ਤੋਂ ਪਹਿਲਾਂ ਮੈਂ ਮਰ ਕਿਉਂ ਨਾ ਗਈ? ਹੁਣ ਸਾਰਾ ਪਿੰਡ ਮੰਨਦਾ ਹੈ ਕਿ ਇਸ ਪਦਾਰਥੀ ਯੁੱਗ ਵਿਚ ਭੱਠੀਆਂ ਨੇ ਤਾਂ ਰਹਿਣਾ ਹੀ ਨਹੀਂ ਸੀ ਕਿਉਂਕਿ ਪਿੰਡਾਂ ਦੀਆਂ ਭੱਠੀਆਂ ਵੀ ਹੁਣ ਗੈਸ ਦੇ ਹਵਾਲੇ ਹੋ ਗਈਆਂ ਨੇ। ਦਾਣੇ ਹੁਣ ਪੌਪ ਕੌਰਨ ਦੇ ਡੱਬਿਆਂ ਵਿਚ ਆ ਗਏ ਨੇ। ਭੁੱਜੇ ਛੋਲੇ ਖਾ ਕੇ ਪਚਾਉਣ ਵਾਲੇ ਜੁਆਕ ਹੁਣ ਬਚੇ ਹੀ ਨਹੀਂ। ਵੀਰਵਾਰ ਵਾਲੇ ਦਿਨ ਜਾਹਰ ਪੀਰ ਦੇ ਅਸਥਾਨ 'ਤੇ ਆਥਣੇ ਪਰਨਿਆਂ 'ਚ ਲਪੇਟੀ ਲਈ ਜਾਂਦੇ ਗੁੜ ਦੇ ਰੋੜੇ ਸ਼ਰਧਾ ਨਾਲ ਚੜ੍ਹਾਉਣ ਹੁਣ ਕੋਈ ਜਾਂਦਾ ਹੀ ਨਹੀਂ। ਇਸੇ ਦਿਨ ਪਾਰੋ ਦੀ ਭੱਠੀ 'ਤੇ ਕਣਕ ਭੁੱਜਦੀ ਸੀ, ਲੋਕੀਂ ਗੁੜ ਘਰੋਂ ਕੁੱਟ ਕੇ ਲਿਆਉਂਦੇ ਤੇ ਇਨ੍ਹਾਂ ਗਰਮ ਦਾਣਿਆਂ 'ਚ ਪਾ ਕੇ ਘੁੱਟ ਕੇ ਕੱਪੜੇ ਬੰਨ੍ਹ ਦਿੰਦੇ। ਪਤਾਸਿਆਂ ਤੇ ਫੁੱਲੀਆਂ ਦੇ ਨਾਲ ਨਾਲ ਪੀਰਾਂ ਦੀਆਂ ਮਜ਼ਾਰਾਂ 'ਤੇ ਚੜ੍ਹਨ ਵਾਲੇ ਰੋੜੇ ਵੀ ਮੁੱਕ ਗਏ ਹਨ ਅਤੇ ਮੁੱਕ ਗਈ ਹੈ ਮੇਰੇ ਪਿੰਡ ਦੀ 'ਪਾਰੋ ਤਾਈ'। ਉਹ ਕਾਲੇ ਰੰਗ ਦੀ ਹੋ ਕੇ ਵੀ ਸਾਰੇ ਪਿੰਡ ਦੀ ਰੌਸ਼ਨੀ ਦਾ ਮੁਨਾਰ ਸੀ। ਉਹ ਅਨਪੜ੍ਹ ਹੋ ਕੇ ਵੀ ਗਿਆਨਵਾਨ ਸੀ। ਅੱਜ ਜਿਨ੍ਹਾਂ ਨੂੰ ਇਨਸਾਨੀਅਤ ਦਾ, ਚੱਜ ਅਚਾਰ ਦਾ, ਜਿਉਣ ਦਾ, ਸੰਸਕਾਰਾਂ ਦਾ ਤੇ ਪਿਆਰ ਮੁਹੱਬਤ ਦਾ ਇਲਮ ਹੈ, ਉਹ ਤਾਈ ਪਾਰੋ ਨੂੰ ਰੱਜ ਕੇ ਰੋਣਗੇ, ਉਸ ਤਾਈ ਪਾਰੋ ਨੂੰ ਜਿਸ ਦੇ ਤੁਰ ਜਾਣ 'ਤੇ ਮੈਂ ਵੀ ਹਜ਼ਾਰਾਂ ਮੀਲ ਦੂਰ ਰੱਜ ਕੇ ਰੋਇਆ ਹਾਂ, ਇਸ ਕਰਕੇ ਵੀ ਕਿ ਤਾਰੋ ਕਦੇ ਵੀ ਵਾਪਿਸ ਨਹੀਂ ਆਏਗੀ, ਦਾਣੇ ਭੁੰਨਣ ਵਾਲੀਆਂ ਭੱਠੀਆਂ ਦਾ ਯੁੱਗ ਵੀ ਨਹੀਂ ਆਏਗਾ ਤੇ ਪੰਜਾਬ ਦੇ ਸੱਭਿਆਚਾਰ ਦਾ ਅਲੋਪ ਹੋਇਆ ਅੰਗ ਹੁਣ ਪਤਾ ਨਹੀਂ ਕਿਹੜੇ ਯੁੱਗ 'ਚ ਪਰਤੇਗਾ?

ਕਈ ਵਾਰ ਅੱਖਾਂ ਮੀਚ ਕੇ ਪਿੰਡ ਦਾ ਆਲਾ ਦੁਆਲਾ ਤੇ ਉਹ ਖੇਤ ਵੇਖਦਾਂ ਹਾਂ ਜਿੱਥੋ ਦਾਣੇ ਭੁੰਨਣ ਲਈ ਬਾਲਣ 'ਕੱਠਾ ਕਰਨ ਲਈ ਇਹ ਦੇਵੀ ਘੁੰਮਦੀ ਰਹੀ ਹੈ। ਕਦੇ ਇਕੱਲੀ, ਕਦੇ ਲਾਠੀ ਨਾਲ ਤੇ ਕਦੀ ਆਪਣੇ ਪੋਤੇ ਨਾਲ। ਮੈਨੂੰ ਲੱਗਦੈ ਕਿ ਉਸ ਦੀ ਕਬਰ ਤਾਂ ਬਣਾਈ ਜਾਵੇ ਪਰ ਬਣਾਈ ਕਿੱਥੇ ਜਾਵੇ, ਇਹ ਸਮਝ ਨਹੀਂ ਆਉਂਦੀ ਕਿਉਂਕਿ ਪਾਰੋ ਪਿੰਡ ਦੇ ਕਿਸੇ ਥਾਂ ਤੋਂ ਵੀ ਗੈਰ ਹਾਜ਼ਰ ਨਹੀਂ ਹੈ।

ਇਸੇ ਕਰਕੇ ਕਹਾਂਗਾ ਕਿ ਮੇਰੇ ਪਿੰਡ ਦੀ 'ਤਾਈ ਪਾਰੋ' ਦੇ ਤੁਰ ਜਾਣ ਤੋਂ ਬਾਅਦ ਮੈਨੂੰ ਇੰਜ ਲੱਗ ਰਿਹਾ ਹੈ ਜਿਵੇਂ ਮੇਰੀ ਮਾਂ ਦੀ ਮੌਤ ਦੀ ਖਬਰ ਦੂਜੀ ਵਾਰ ਆ ਗਈ ਹੋਵੇ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਧੁੰਦਲਾ ਸ਼ੀਸ਼ਾ

ਜਿਸ ਦੌਰ 'ਚ ਆਪਾਂ ਸਾਹ ਲਈਏ, ਉਸ ਦੌਰ ਦੀ ਅਜਬ ਕਹਾਣੀ ਹੈ,
ਇਥੇ ਦਿਲ ਤਾਂ ਧਾਹੀਂ ਰੋਂਦਾ ਹੈ, ਪਰ ਅੱਖੀਆਂ ਵਿਚ ਨਹੀਂ ਪਾਣੀ ਹੈ।
ਜਦ ਅੱਖ ਵਿਚ ਫੋਲਾ ਹਾਕਮ ਦੇ, ਨਜ਼ਰਾਂ ਦਾ ਸ਼ੀਸ਼ਾ ਧੁੰਦਲਾ ਹੈ,
ਜਿਥੇ ਆਪਣੇ ਪੱਲੇ ਭਰਨੇ ਲਈ, ਇਹ ਵੰਡ ਹੀ ਧੁਰ ਤੋਂ ਕਾਣੀ ਹੈ।
ਜਿਥੇ ਗੋਲੀਆਂ ਬੰਬਾਂ ਨਾਲ ਮਨੁੱਖਤਾ, ਹੋਈ ਲਹੂ ਲੁਹਾਨ ਪਈ,
ਜਿਥੇ ਆਪਣਿਆਂ ਨੇ ਆਪਣੇ ਵੱਲ, ਸ਼ਿਸ਼ਤ ਵੇਖ ਲਓ ਤਾਣੀ ਹੈ।
ਹਰ ਸਾਖ ਤੇ ਅੱਜਕੱਲ੍ਹ ਬੈਠਣ ਦੀ, ਜਾਪੇ ਹੁਣ ਝੂਠ ਕਹਾਵਤ ਹੀ,
ਇਥੇ ਦਿਨ ਨੂੰ ਸਭ ਕੁਝ ਦਿਸਦਾ ਹੈ, ਉਲੂਆਂ ਨਾਲ ਲੱਦੀ ਟਾਹਣੀ ਹੈ।
ਇਕ ਹੁੰਦਾ ਸੀ ਇਕ ਹੁੰਦੀ ਸੀ, ਲੱਗਦੈ ਸਭ ਲੋਕੀਂ ਭੁੱਲ ਗਏ ਨੇ,
ਹੁਣ ਕਿਉਂ ਨਾ ਸਾਡੀ ਬਾਤ ਪਵੇ, ਰਾਜੇ ਨੂੰ ਪੁੱਛਦੀ ਰਾਣੀ ਹੈ।
ਮਾੜੇ ਨੂੰ ਤਕੜਾ ਵਾਹੁੰਦਾ ਰਿਹਾ, ਹੱਥ ਜ਼ੋਰਾਵਰ ਦੇ ਡਾਢਵੇ ਰਹੇ,
ਇਓਂ ਪਰਜਾ ਨੂੰ ਹੀ ਲੁੱਟਣ ਦੀ, ਇਹ ਗੱਲ ਤਾਂ ਬੜੀ ਪੁਰਾਣੀ ਹੈ।
ਇਹ ਦੁਨੀਆਂ ਵਾਂਗ ਜਲੇਬੀ ਦੇ, ਵਲ ਸੌ ਸੌ ਇਹਨੂੰ ਪੈ ਗਏ ਨੇ,
ਖਾ ਬੁੱਲ੍ਹ ਨੇ ਤਾਹੀਓਂ ਲਾਲ ਹੋਏ, ਇਥੇ ਖੂਨ ਦੀ ਕੜ੍ਹਦੀ ਚਾਹਣੀ ਹੈ।
ਹਉਕਿਆਂ ਦੀ ਨ੍ਹੇਰੀ ਵਗਦੀ ਏ, ਦਰਦਾਂ ਦੇ ਬੁੱਲ੍ਹੇ ਆਉਂਦੇ ਨੇ,
ਹੁਣ ਅੱਕ ਦੇ ਉਹਲੇ ਵੇਖ ਲਵੋ, ਨਿੱਤ ਰਾਤ ਦੀ ਰੋਂਦੀ ਰਾਣੀ ਹੈ।
ਇਹ ਗਲ ਜੋ ਲਾਉਂਦੇ ਫਿਰਦੇ ਨੇ, ਕਿਤੇ ਗਲ ਨੂੰ ਹੀ ਪੈ ਜਾਵਣਗੇ,
ਗੱਲ ਮਨ ਦੇ ਵਿਚ ਵਸਾ ਰੱਖਿਓ, ਕਦੇ ਸੱਚੇ ਯਾਰ ਨਹੀਂ ਹੁੰਦੇ।
'ਭੌਰੇ' ਇਹ ਮਿੱਠੇ ਬੋਲਣ ਜੋ, ਸਭ ਤਿੱਖੀਆਂ ਛੁਰੀਆਂ ਹੁੰਦੀਆਂ ਨੇ,
ਤੁਸੀਂ ਵਹਿਮ ਪਾਲਦੇ ਫਿਰਦੇ ਹੋ, ਸ਼ਾਇਦ ਹਥਿਆਰ ਨਹੀਂ ਹੁੰਦੇ।

*ਵਿਚਾਰ-ਚਰਚਾ*

# ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ



ਡਾ. ਗੁਰਨਾਮ ਕੌਰ, ਕੈਨੇਡਾ

ਭਗਤ ਰਵਿਦਾਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਭਗਤਾਂ, ਸੰਤਾਂ ਦੀ ਬਾਣੀ ਹੀ ਸ਼ਾਮਲ ਕੀਤੀ ਗਈ ਹੈ ਜਿਨ੍ਹਾਂ ਦੀ ਬਾਣੀ ਦਾ ਗੁਰੂ ਸਾਹਿਬਾਨ ਦੀ ਬਾਣੀ ਨਾਲ ਸਿਧਾਂਤਕ ਮੇਲ ਹੈ। ਗੁਰੂ ਨਾਨਕ ਸਾਹਿਬ ਮਨੁੱਖ ਦੀ ਬਰਾਬਰੀ ਦੇ ਸਿਧਾਂਤ ਦਾ ਮੂਲ ਸ੍ਰੋਤ ਸਭ ਵਿਚ ਵਿਆਪਕ ਉਸ ਪਰਮਾਤਮ-ਜੋਤਿ ਨੂੰ ਮੰਨਦੇ ਹਨ,

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥

ਇਸ ਦੇ ਨਾਲ ਹੀ ਉਪਦੇਸ਼ ਕੀਤਾ ਗਿਆ ਹੈ ਕਿ ਇਸ ਜੋਤਿ ਦਾ ਪ੍ਰਕਾਸ਼ਨ ਗੁਰੂ ਦੀ ਸਿੱਖਿਆ ਨਾਲ ਹੀ ਹੁੰਦਾ ਹੈ। ਭਗਤ ਰਵਿਦਾਸ ਆਖਦੇ ਹਨ ਕਿ ਮਨੁੱਖ ਅਤੇ ਅਕਾਲ ਪੁਰਖ ਵਿਚ ਅੰਤਰ ਜਾਂ ਵਿੱਥ ਕਿੱਥੇ ਹੈ, ਅਰਥਾਤ ਮਨੁੱਖ ਅਤੇ ਪਰਮਾਤਮਾ ਵਿਚ ਕੋਈ ਅੰਤਰ ਜਾਂ ਫਰਕ ਨਹੀਂ ਹੈ ਕਿਉਂਕਿ ਉਹ ਆਪ ਹੀ ਸਭ ਅੰਦਰ ਵਿਆਪਕ ਹੈ। ਸੋਨੇ ਅਤੇ ਸੋਨੇ ਤੋਂ ਬਣੇ ਕੜੇ ਵਿਚ ਜਾਂ ਜਿਵੇਂ ਜਲ ਅਤੇ ਜਲ ਵਿਚੋਂ ਉਠ ਰਹੀਆਂ ਤਰੰਗਾਂ ਵਿਚ ਕੋਈ ਅੰਤਰ ਨਹੀਂ ਹੁੰਦਾ। ਸੋਨਾ ਕੜੇ ਦਾ ਮੂਲ ਸ੍ਰੋਤ ਹੈ ਜਿਸ ਵਿਚੋਂ ਉਸ ਨੂੰ ਘੜਿਆ ਗਿਆ ਹੈ ਅਤੇ ਤਰੰਗਾਂ ਦਾ ਸੋਮਾ ਜਲ ਹੈ ਜਿਸ ਵਿਚੋਂ ਉਹ ਉਠਦੀਆਂ ਹਨ ਤੇ ਉਸੇ ਵਿਚ ਸਮਾ ਜਾਂਦੀਆਂ ਹਨ। ਇਸੇ ਤਰ੍ਹਾਂ ਮਨੁੱਖ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ ਕਿਉਂਕਿ ਪਰਮਾਤਮਾ ਮਨੁੱਖ ਦੀ ਹੋਂਦ ਦਾ ਮੂਲ ਸ੍ਰੋਤ ਹੈ।

ਗੁਰੂ ਅਰਜਨ ਦੇਵ ਅਕਾਲ ਪੁਰਖ ਦੀ ਸਰਬ ਵਿਆਪਕਤਾ ਦਾ ਜ਼ਿਕਰ ਲੱਕੜ ਤੇ ਅੱਗ, ਦੁੱਧ ਤੇ ਘਿਉ ਦੇ ਦ੍ਰਿਸ਼ਟਾਂਤ ਰਾਹੀਂ ਕਰਦੇ ਹਨ। ਜਿਸ ਤਰ੍ਹਾਂ ਹਰ ਕਿਸਮ ਦੀ ਬਨਸਪਤੀ ਅੰਦਰ ਅੱਗ ਸਮਾਈ ਹੋਈ ਹੁੰਦੀ ਹੈ ਅਤੇ ਹਰ ਕਿਸਮ ਦੇ ਦੁੱਧ ਵਿਚ ਘਿਉ ਹੁੰਦਾ ਹੈ, ਇਸੇ ਤਰ੍ਹਾਂ ਸੰਸਾਰ ਦੀ ਹਰ ਰਚਨਾ, ਭਾਵੇਂ ਕੋਈ ਉਚਾ ਹੈ ਜਾਂ ਨੀਵਾਂ, 'ਚ ਉਹ ਅਕਾਲ ਪੁਰਖ ਵਿਆਪਕ ਹੈ। ਉਹ ਜਲ ਤੇ ਥਲ ਹਰ ਥਾਂ ਸਮਾਇਆ ਹੋਇਆ ਹੈ। (ਪੰਨਾ ੬੧੭)

ਭਗਤ ਰਵਿਦਾਸ ਅੱਗੇ ਉਸ ਬੇਅੰਤ ਪਰਵਰਦਗਾਰ ਨੂੰ ਬੇਨਤੀ ਕਰਦੇ ਹਨ ਕਿ ਜੇ ਅਸੀਂ ਜੀਵ ਪਾਪ ਨਾ ਕਰਦੇ ਤਾਂ ਉਸ ਦਾ ਨਾਮ 'ਪਤਿਤ ਪਾਵਨ' ਅਰਥਾਤ ਪਾਪੀਆਂ ਨੂੰ ਤਾਰਨ ਵਾਲਾ ਕਿਵੇਂ ਹੁੰਦਾ? ਉਹ ਜੋ ਸਭ ਦੇ ਅੰਦਰ ਦੀਆਂ ਜਾਣਨ ਵਾਲਾ ਹੈ, ਉਸ ਅੱਗੇ ਆਪਣੇ ਨਾਮ ਦਾ ਬਿਰਦ ਪਾਲਣ ਲਈ ਬੇਨਤੀ ਕਰਦੇ ਹਨ, ਮਾਲਕ ਨੂੰ ਦੇਖ ਕੇ ਸੇਵਕ ਦੀ ਪਛਾਣ ਕਰ ਲਈਦੀ ਹੈ ਕਿ ਸੇਵਕ ਕਿਹੋ ਜਿਹਾ ਹੈ ਅਤੇ ਸੇਵਕ ਨੂੰ ਦੇਖ ਕੇ ਮਾਲਕ ਦੀ ਪਛਾਣ ਆ ਜਾਂਦੀ ਹੈ। ਪਰਮਾਤਮਾ ਪਾਸੋਂ ਉਸ 'ਬੁੱਧ ਬਿਬੇਕ' ਲਈ ਅਰਦਾਸ ਕਰਦੇ ਹਨ ਜਿਸ ਨਾਲ ਉਸ ਦੇ ਨਾਮ ਦਾ ਸਿਮਰਨ ਕਰਨ ਦੀ ਸੋਝੀ ਆ ਜਾਂਦੀ ਹੈ।

ਗੁਰੂ ਨਾਨਕ ਸਾਹਿਬ ਜਿੱਥੇ ਇਹ ਦੱਸਦੇ ਹਨ ਕਿ ਮਨੁੱਖ ਦੇ ਜੋਤਿ-ਸਰੂਪ ਹੋਣ ਦੀ ਸੋਝੀ ਗੁਰੂ ਪਾਸੋਂ ਮਿਲਦੀ ਹੈ, ਗੁਰੂ ਅਰਜਨ ਦੇਵ ਕਹਿੰਦੇ ਹਨ ਕਿ ਮਨੁੱਖ ਅਤੇ ਪਰਮਾਤਮਾ ਵਿਚਲਾ ਭਰਮ-ਭੁਲੇਖਾ ਸਤਿਗੁਰੂ ਰਾਹੀਂ ਦੂਰ ਹੁੰਦਾ ਹੈ, ਉਥੇ ਹੀ ਭਗਤ ਰਵਿਦਾਸ ਬੇਨਤੀ ਕਰਦੇ ਹਨ, ਕੋਈ ਸੰਤ ਜਨ ਰਵਿਦਾਸ ਨੂੰ ਇਹ ਸੋਝੀ ਵੀ ਦੇ ਦੇਵੇ ਕਿ ਉਹ ਪਰਮਾਤਮਾ ਸਰਬ-ਵਿਆਪਕ ਹੈ, ਸਾਰਿਆਂ ਵਿਚ ਉਸੇ ਦੀ ਜੋਤਿ ਵਰਤ ਰਹੀ ਹੈ,

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥
(ਪੰਨਾ ੯੩)

ਇਸੇ ਤਰ੍ਹਾਂ ਭਗਤ ਰਵਿਦਾਸ ਦੱਸਦੇ ਹਨ ਕਿ ਜਿੰਨਾ ਚਿਰ ਮਨੁੱਖ ਦੇ ਅੰਦਰ ਹਉਮੈ ਰਹਿੰਦੀ ਹੈ, ਓਨਾ ਚਿਰ ਪਰਮਾਤਮ-ਜੋਤਿ ਅੰਦਰ ਪਰਗਟ ਨਹੀਂ ਹੁੰਦੀ। ਜਦੋਂ ਪਰਮਾਤਮ-ਜੋਤਿ ਪਰਗਟ ਹੋ ਜਾਂਦੀ ਹੈ ਤਾਂ ਮਨੁੱਖ ਦੇ ਅੰਦਰੋਂ 'ਮੈਂ' ਦੂਰ ਹੋ ਜਾਂਦੀ ਹੈ ਅਤੇ ਜੋਤਿ-ਸਰੂਪ ਹੋਣ ਦੀ ਸੋਝੀ ਆ ਜਾਂਦੀ ਹੈ ਕਿ ਜਿਵੇਂ ਤੂਫਾਨ ਆਉਣ 'ਤੇ ਸਮੁੰਦਰ ਅੰਦਰ ਲਹਿਰਾਂ ਉਠਦੀਆਂ ਹਨ ਪਰ ਅਸਲ ਵਿਚ ਲਹਿਰਾਂ ਪਾਣੀ ਦਾ ਹੀ ਰੂਪ ਹੁੰਦੀਆਂ ਹਨ। ਇਸੇ ਤਰ੍ਹਾਂ ਮਨੁੱਖ ਨੂੰ ਵੀ ਭੁਲੇਖਾ ਹੈ ਪਰ ਕੁਝ ਵੀ ਉਸ ਪਰਮਾਤਮਾ ਤੋਂ ਵੱਖਰਾ ਨਹੀਂ ਹੈ। ਜਿਵੇਂ ਕੋਈ ਰਾਜਾ ਸਿੰਘਾਸਣ 'ਤੇ ਸੌਂਵੇ ਪਰ ਸੁਪਨੇ ਵਿਚ ਭਿਖਾਰੀ ਬਣ ਜਾਵੇ ਅਤੇ ਆਪਣੇ ਰਾਜ ਤੋਂ ਵਿਛੜ ਕੇ ਦੁਖੀ ਹੋ ਜਾਵੇ, ਉਸੇ ਤਰ੍ਹਾਂ ਜੀਵ ਉਸ ਪਰਮਾਤਮਾ ਤੋਂ ਵਿਛੜ ਕੇ ਦੁਖੀ ਹੁੰਦਾ ਹੈ। ਜਿਵੇਂ ਹਨੇਰੇ ਵਿਚ ਰੱਸੀ ਦੇ ਸੱਪ ਨਜ਼ਰ ਆਉਣ ਦਾ ਪ੍ਰਸੰਗ ਹੈ ਅਤੇ ਸੋਨੇ ਤੋਂ ਬਣੀਆਂ ਚੀਜ਼ਾਂ ਨੂੰ ਸੋਨੇ ਤੋਂ ਵੱਖਰੀਆਂ ਸਮਝ ਲਿਆ ਜਾਂਦਾ ਹੈ।

ਭਗਤ ਰਵਿਦਾਸ ਕਹਿੰਦੇ ਹਨ, ਹੁਣ ਪਰਮਾਤਮਾ ਦੀ ਭਗਤੀ ਨੇ ਇਹ ਭੇਦ ਕੁਝ ਕੁਝ ਸਮਝਾ ਦਿੱਤਾ ਹੈ ਕਿ ਕੁਝ ਵੀ ਉਸ ਤੋਂ ਵੱਖਰਾ ਨਹੀਂ ਹੈ ਅਤੇ ਇਸ ਲਈ ਹੁਣ ਪੁਰਾਣੀ ਵਿਤਕਰੇ ਵਾਲੀ ਗੱਲ ਬਰਦਾਸ਼ਤ ਨਹੀਂ ਹੁੰਦੀ। ਭਗਤ ਜੀ ਕਹਿੰਦੇ ਹਨ, ਉਹ ਪਰਮ-ਹਸਤੀ ਅਨੇਕਾਂ ਰੂਪ ਬਣਾ ਕੇ ਸਾਰਿਆਂ ਵਿਚ ਆਪ ਬਿਰਾਜਮਾਨ ਹੈ ਅਤੇ ਆਪ ਹੀ ਸ੍ਰਿਸ਼ਟੀ ਵਿਚ ਬੈਠਾ ਸ੍ਰਿਸ਼ਟੀ ਦਾ ਰੰਗ ਮਾਣ ਰਿਹਾ ਹੈ। (ਪੰਨਾ ੬੫੯)

ਅਮਲੀ ਰੂਪ ਵਿਚ ਕੀ ਹੋ ਰਿਹਾ ਹੈ, ਕਿਸ ਕਿਸਮ ਦੀ ਸਮਾਜਕ ਵੰਡ ਹੈ? ਅਰਥਾਤ ਮਨੁੱਖ ਨੇ ਮਨੁੱਖ ਨਾਲੋਂ ਮਨੁੱਖ ਦੀਆਂ ਜਨਮ ਆਧਾਰਤ ਵੰਡੀਆਂ ਪਾ ਰੱਖੀਆਂ ਹਨ। ਇਸ ਤੱਥ ਤੋਂ ਭਗਤ ਰਵਿਦਾਸ ਭਲੀਭਾਂਤ ਚੇਤੰਨ ਹੀ ਨਹੀਂ ਹਨ ਬਲਕੇ ਇਸ ਦਰਦ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਵੀ ਕਰ ਰਹੇ ਹਨ। ਵਰਣ-ਵੰਡ ਤੋਂ ਉਹ ਭਲੀ ਭਾਂਤ ਸੁਚੇਤ ਹਨ ਜੋ ਮਨੁੱਖ ਨੇ ਆਪਣੇ ਲਾਭ ਹਿੱਤ ਸਿਰਜ ਰੱਖੀ ਹੈ। ਦਲਿਤ ਹੋਣ ਦੀਆਂ ਦੁਸ਼ਵਾਰੀਆਂ ਦਾ, ਜੋ ਮਨੁੱਖ ਨੇ ਸਮਾਜ ਵਿਚ ਪੈਦਾ ਕੀਤੀਆਂ ਹਨ, ਉਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਅਹਿਸਾਸ ਹੈ ਕਿ ਪਰਮਾਤਮਾ ਵੱਲੋਂ ਤਾਂ ਸਭ ਦੀ ਰਚਨਾ ਬਰਾਬਰ ਦੀ ਇੱਕੋ ਜਿਹੀ ਜੋਤਿ-ਸਰੂਪੀ ਹੈ, ਸਾਰੇ ਹੀ ਮਨੁੱਖ ਜਗਦੀਸ਼-ਅੰਸ਼ ਹਨ। ਮਨੁੱਖ ਚੰਗਾ ਜਾਂ ਬੁਰਾ ਆਪਣੀ ਸੰਗਤ ਕਰਕੇ ਜਾਂ ਆਪਣੇ ਗੁਣਾਂ-ਔਗੁਣਾਂ ਕਾਰਨ ਹੁੰਦਾ ਹੈ। ਇਸੇ ਲਈ ਵਾਰ ਵਾਰ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਹ ਆਪਣੀ ਮਿਹਰ ਕਰਕੇ ਚੰਗੇ ਬੰਦਿਆਂ ਦੀ ਸੰਗਤ ਦੇਵੇ ਅਤੇ ਆਪਣੇ ਨਾਮ ਦੀ ਬਖਸ਼ਿਸ਼ ਕਰੇ ਜਿਸ ਨਾਲ ਚੰਗੇ ਗੁਣ ਪੈਦਾ ਹੋਣ।

ਭਗਤ ਰਵਿਦਾਸ ਰੱਬ ਅੱਗੇ ਬੇਨਤੀ ਕਰਦੇ ਹਨ, ਉਨ੍ਹਾਂ ਨੂੰ ਇਸ ਗੱਲ ਦੀ ਸੋਚ ਦਿਨ-ਰਾਤ ਰਹਿੰਦੀ ਹੈ ਕਿ ਉਨ੍ਹਾਂ ਦੀ ਸੰਗਤ ਵੀ ਚੰਗੇ ਬੰਦਿਆਂ ਨਾਲ ਨਹੀਂ, ਨਿੱਤ-ਕਰਮ ਵੀ ਚੰਗੇ ਨਹੀਂ ਅਤੇ ਜਨਮ ਨੀਵੀਂ ਕਹੀ ਜਾਣ ਵਾਲੀ ਜਾਤ ਵਿਚ ਹੋਇਆ ਹੈ, ਫਿਰ ਕੀ ਬਣੇਗਾ? ਇਸ ਸਾਰੀ ਬਿਪਤਾ ਦਾ ਇਲਾਜ ਹੈ ਚੰਗੇ ਅਹਿਸਾਸ ਵਾਲਾ, ਚੰਗੀ ਭਾਵਨਾ ਵਾਲਾ ਬਣਨਾ ਤੇ ਇਸੇ ਦੀ ਅਰਦਾਸ ਉਹ ਪ੍ਰਭੂ ਅੱਗੇ ਕਰਦੇ ਹਨ ਕਿ ਮੈਂ ਰਵਿਦਾਸ ਤੇਰਾ 'ਜਨ' ਹਾਂ ਮੈਨੂੰ ਕਦੇ ਵੀ ਆਪਣੇ ਆਪ ਤੋਂ ਦੂਰ ਨਾ ਕਰੀਂ,

ਸੰਗਤਿ ਪੋਚ ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥
(ਪੰਨਾ ੩੪੫)

ਭਗਤ ਰਵਿਦਾਸ ਅਤੇ ਭਗਤ ਕਬੀਰ ਦੋ ਅਜਿਹੀਆਂ ਹਸਤੀਆਂ ਹਨ ਜਿਨ੍ਹਾਂ ਦਾ ਜਨਮ ਬਨਾਰਸ 'ਚ ਹੋਇਆ ਅਤੇ ਬਨਾਰਸ ਹਿੰਦੂ ਧਰਮ-ਕਰਮ ਅਤੇ ਸ਼ਾਸਤਰੀ ਸਿੱਖਿਆ ਦਾ ਗੜ੍ਹ ਰਿਹਾ ਹੈ ਜਿੱਥੇ ਕੱਟੜਤਾ ਦਾ ਰਾਜ ਹੈ। ਦੋਵੇਂ ਹੀ ਭਗਤ ਅਜਿਹੇ ਮਾਹੌਲ ਵਿਚ ਨੀਵੀਂ ਜਾਤ ਦੇ ਹੋਣ 'ਤੇ ਵੀ ਪਰਮਾਤਮਾ ਦੀ ਭਗਤੀ ਵਿਚ ਲੀਨ ਹਨ, ਉਸ ਥਾਂ 'ਤੇ ਜਿੱਥੇ ਹਰ ਰੋਜ਼ ਉਨ੍ਹਾਂ ਦਾ ਸਾਹਮਣਾ ਕਰਮਕਾਂਡੀ ਬ੍ਰਾਹਮਣਾਂ ਨਾਲ ਹੁੰਦਾ ਹੈ। ਇਹ ਕੁਦਰਤੀ ਹੈ ਕਿ ਉਹ ਲੋਕਾਂ ਦੇ ਵਿਅੰਗ ਵੀ ਜਰਦੇ ਹੋਣਗੇ, ਬ੍ਰਾਹਮਣ ਇਹ ਕਦੋਂ ਬਰਦਾਸ਼ਤ ਕਰ ਸਕਦਾ ਹੈ ਕਿ ਉਸ ਤੋਂ ਬਿਨਾ ਕੋਈ ਹੋਰ ਵੀ ਪਰਮਾਤਮਾ ਦੀ ਅਰਾਧਨਾ ਕਰ ਸਕਦਾ ਹੈ। ਭਗਤ ਰਵਿਦਾਸ ਇਸੇ ਕਿਸਮ ਦੇ ਵਿਅੰਗ ਦਾ ਉਤਰ ਦਿੰਦੇ ਜਾਪਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਮੈਂ ਨੀਵੀਂ ਕਹੀ ਜਾਣ ਵਾਲੀ ਜਾਤਿ ਦਾ ਚਮਾਰ ਹਾਂ ਪਰ ਜੁੱਤੀਆਂ ਗੰਢਣੀਆਂ ਨਹੀਂ ਜਾਣਦਾ ਜਦਕਿ ਲੋਕ ਤਾਂ ਆਪੋ ਆਪਣੀਆਂ ਜੁੱਤੀਆਂ ਗੰਢਾਉਣ ਲੱਗੇ ਹੋਏ ਹਨ। ਮੇਰੇ ਪਾਸ ਆਰ ਨਹੀਂ ਹੈ ਜਿਸ ਨਾਲ ਮੈਂ ਜੁੱਤੀ ਨੂੰ ਤੋਪਾ ਲਾਵਾਂ ਅਤੇ ਨਾ ਹੀ ਰੰਬੀ ਹੈ ਜਿਸ ਨਾਲ ਚਮੜਾ ਛਿੱਲ ਕੇ ਟਾਕੀ ਲਾ ਕੇ ਗੰਢਾਂ। ਲੋਕ ਜੁੱਤੀਆਂ ਗੰਢ ਗੰਢ ਕੇ ਖੁਆਰ ਹੋਏ ਹਨ ਪਰ ਮੈਂ ਬਿਨਾ ਜੁੱਤੀਆਂ ਗੰਢਣ ਦੇ ਹੀ ਪਰਮਾਤਮਾ ਦੇ ਚਰਨਾਂ ਵਿਚ ਪਹੁੰਚ ਗਿਆ ਹਾਂ। ਉਸ ਦੇ ਨਾਮ ਦਾ ਸਿਮਰਨ ਕਰਕੇ ਜਮ ਦੇ ਭੈ ਤੋਂ ਮੁਕਤ ਹੋ ਗਿਆ ਹਾਂ। ਭਗਤ ਜੀ ਕਹਿੰਦੇ ਹਨ, ਲੋਕ ਪਰਮਾਤਮਾ ਨੂੰ ਪਾਉਣ ਲਈ ਸੌ ਕਿਸਮ ਦੇ ਧੰਦੇ ਕਰਦੇ ਹਨ ਅਤੇ ਗਾਂਢੇ ਲਾ ਲਾ ਸਰੀਰ ਨੂੰ ਪਾਲਦੇ ਹਨ, ਮਾਇਆ ਵਿਚ ਲੀਨ ਮਨੁੱਖ ਸਰੀਰ ਨੂੰ ਚੰਗੀਆਂ ਖੁਰਾਕਾਂ ਅਤੇ ਪੁਸ਼ਾਕਾਂ ਨਾਲ ਚਿਰ-ਸਥਾਈ ਹੰਢਾਉਣ ਦੀ ਕੋਸ਼ਿਸ਼ ਕਰਦਾ ਹੈ,


ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥੧॥ਰਹਾਉ॥
ਆਰ ਨਹੀ ਜਿਹ ਤੋਪਉ॥
ਨਹੀ ਰਾਂਬੀ ਠਾਉ ਰੋਪਉ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ॥
ਹਉ ਬਿਨੁ ਗਾਂਠੇ ਜਾਇ ਪਹੂਚਾ॥੨॥
ਰਵਿਦਾਸੁ ਜਪੈ ਰਾਮ ਨਾਮਾ॥
ਮੋਹਿ ਜਮ ਸਿਉ ਨਾਹੀ ਕਾਮਾ॥੩॥੭॥
(ਪੰਨਾ ੬੫੯)

ਭਗਤ ਰਵਿਦਾਸ ਦਲਿਤ ਹੋਣ ਦੀ ਚੇਤਨਾ ਦੇ ਅਹਿਸਾਸ ਨੂੰ ਪਰਗਟ ਕਰਦਿਆਂ ਮਨੁੱਖ ਦੀ ਪਰਮ-ਹਸਤੀ ਨਾਲ ਤੁਲਨਾ ਕਰਦੇ ਹਨ ਕਿ ਪਰਮਾਤਮਾ ਦੀ ਹਸਤੀ ਚੰਦਨ ਰੁੱਖ ਦੀ ਤਰ੍ਹਾਂ ਹੈ ਜਿਸ ਦੇ ਸਾਹਮਣੇ ਮਨੁੱਖ ਨਿਮਾਣਾ ਅਰਿੰਡ ਦਾ ਬੂਟਾ ਹੈ। ਪਰਮਾਤਮਾ ਗੁਣਾਂ ਨਾਲ ਭਰਪੂਰ ਪਰਉਪਕਾਰ ਕਰਨ ਵਾਲੀ ਹਸਤੀ ਹੈ ਅਤੇ ਮਨੁੱਖ ਔਗੁਣਾਂ ਦਾ ਪੁਤਲਾ ਹੈ। ਪਰ ਜਿਸ ਤਰ੍ਹਾਂ ਚੰਦਨ ਬ੍ਰਿਛ ਦੇ ਨੇੜੇ ਉਗੇ ਹੋਏ ਅਰਿੰਡ ਦੇ ਬੂਟੇ ਵਿਚੋਂ ਚੰਦਨ ਦੀ ਖੁਸ਼ਬੋ ਆਉਣ ਲੱਗ ਪੈਂਦੀ ਹੈ, ਇਸੇ ਤਰ੍ਹਾਂ ਸਤਿਸੰਗਤ ਵਿਚ ਜਾਣ ਨਾਲ ਮਨੁੱਖ ਦੇ ਅੰਦਰੋਂ ਪਰਮਾਤਮ-ਗੁਣਾਂ ਦੀ ਖੁਸ਼ਬੋ ਆਉਣ ਲੱਗ ਪੈਂਦੀ ਹੈ। ਪਰਮਾਤਮਾ ਚਿੱਟਾ ਸਾਫ ਅਤੇ ਪੀਲੇਰੰਗ ਦਾ ਮੁਲਾਇਮ ਰੇਸ਼ਮ ਹੈ ਅਤੇ ਮਨੁੱਖ ਦੀ ਹਸਤੀ ਇੱਕ ਕੀੜੇ ਵਰਗੀ ਹੈ। ਚੰਗੇ ਗੁਣ ਗ੍ਰਹਿਣ ਕਰਨ ਲਈ ਮਨੁੱਖ ਨੂੰ ਸਤਿਸੰਗਤ ਵਿਚ ਇਸ ਤਰ੍ਹਾਂ ਜੁੜੇ ਰਹਿਣ ਦੀ ਤਾਕੀਦ ਕੀਤੀ ਹੈ ਜਿਵੇਂ ਮਧੂ-ਮੱਖੀਆਂ ਸ਼ਹਿਦ ਨੂੰ ਚੁੰਬੜੀਆਂ ਰਹਿੰਦੀਆਂ ਹਨ।

ਭਗਤ ਰਵਿਦਾਸ ਕਹਿੰਦੇ ਹਨ, ਲੋਕਾਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਦੀ ਜਾਤ ਵੀ ਨੀਵੀਂ ਹੈ, ਕੁਲ ਵੀ ਨੀਵੀਂ ਹੈ ਅਤੇ ਜਨਮ ਵੀ ਨੀਵਾਂ ਹੈ ਪਰ ਉਹ ਆਪਣੇ ਆਪ ਨੂੰ 'ਚਮਾਰ ਰਵਿਦਾਸ' ਕਰਕੇ ਸੰਬੋਧਨ ਕਰਦਿਆਂ ਆਖਦੇ ਹਨ, ਪਰਮਾਤਮਾ ਦੀ ਭਗਤੀ ਨਾ ਕਰਨ ਨਾਲ ਇਹ ਨੀਵੇਂ ਰਹਿਣਗੇ, ਕੋਈ ਵੀ ਮਨੁੱਖ ਪਰਮਾਤਮ-ਭਗਤੀ ਤੋਂ ਬਿਨਾ ਨੀਵਾਂ ਹੈ ਪਰ ਪਰਮਾਤਮ-ਭਗਤੀ ਵਿਚ ਰਮੇ ਹੋਏ ਮਨੁੱਖ ਦਾ ਜਨਮ ਉਚਾ ਹੁੰਦਾ ਹੈ। (ਪੰਨਾ ੪੮੬)

ਇਸੇ ਲੜੀ ਦੇ ਅਗਲੇ ਸ਼ਬਦਾਂ ਵਿਚ ਭਗਤ ਜੀ ਦੱਸਦੇ ਹਨ ਕਿ ਇਸ ਦੁਨੀਆਂ ਦਾ ਰੰਗ ਕਸੁੰਭੇ ਦੀ ਤਰ੍ਹਾਂ ਕੱਚਾ ਹੈ, ਚਿਰਸਥਾਈ ਨਹੀਂ ਹੈ ਅਰਥਾਤ ਇਹ ਸੰਸਾਰ ਬਿਨਸਣਹਾਰ ਹੈ, ਇਸ ਨੇ ਇਸੇ ਤਰ੍ਹਾਂ ਸਦਾ ਕਾਇਮ ਨਹੀਂ ਰਹਿਣਾ। ਪ੍ਰਭੂ ਦੇ ਨਾਮ ਦਾ ਰੰਗ ਮਜੀਠ ਦੀ ਤਰ੍ਹਾਂ ਪੱਕਾ ਹੈ ਜੋ ਧੋਤਿਆਂ ਉਤਰਦਾ ਨਹੀਂ। ਅਗਲੇ ਸ਼ਬਦ ਦੀਆਂ ਅੰਤਲੀਆਂ ਤੁਕਾਂ 'ਚ ਪ੍ਰਭੂ ਅੱਗੇ ਅਰਦਾਸ ਕਰਦੇ ਹਨ, ਵੱਡੇ ਵੱਡੇ ਯੋਗੀ ਵੀ ਤੇਰੇ ਗੁਣਾਂ ਦਾ ਅੰਤ ਨਹੀਂ ਪਾ ਸਕਦੇ ਕਿਤੂੰ ਉਸ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰ ਤਾਂ ਕਿ ਤੈਨੂੰ ਉਸ ਪ੍ਰਭੂ ਦੇ ਪ੍ਰੇਮ ਦੀ ਦਾਤ ਪ੍ਰਾਪਤ ਹੋ ਜਾਵੇ।

ਧਰਮ ਦਾ ਅਸਲੀ ਮਕਸਦ ਜੀਵ ਨੂੰ ਪਰਮਾਤਮ-ਅਨੁਭਵ ਦਾ ਰਸਤਾ ਦੱਸਣਾ ਹੁੰਦਾ ਹੈ ਪਰ ਪੁਜਾਰੀ ਜਮਾਤ ਵੱਲੋਂ ਪਰਮਾਤਮ-ਅਨੁਭਵ ਦੇ ਰਸਤੇ ਦਾ ਗਿਆਨ ਦੇਣ ਦੀ ਥਾਂ ਧਰਮ ਨੂੰ ਮਹਿਜ ਕਰਮ-ਕਾਂਡ ਅਤੇ ਪੂਜਾ-ਵਿਧੀਆਂ ਦਾ ਮਾਰਗ ਬਣਾ ਦਿੱਤਾ ਗਿਆ ਹੈ (ਅੱਜ ਕੱਲ ਵੀ



ਕਰਮ-ਕਾਂਡ ਹੀ ਪ੍ਰਧਾਨ ਹੈ)। ਇਸੇ ਦਾ ਖੁਲਾਸਾ ਕਰਦਿਆਂ ਭਗਤ ਰਵਿਦਾਸ ਪੁਜਾਰੀ ਜਮਾਤ ਵੱਲੋਂ ਸੁੱਚਮਤਾ ਦਾ ਢੰਡੋਰਾ ਪਿੱਟਣ ਦਾ ਵੀ ਪੋਲ ਖੋਲ੍ਹਦੇ ਹਨ। ਆਮ ਤੌਰ 'ਤੇ ਮੂਰਤੀ ਪੂਜਾ ਵਿਚ ਦੁੱਧ, ਜਲ, ਫੁੱਲਾਂ ਅਤੇ ਖਾਧ-ਸਮੱਗਰੀ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਗਾਂ ਦਾ ਦੁੱਧ ਚੋਣ ਲਈ ਪਹਿਲਾਂ ਵੱਛੇ-ਵੱਛੀ ਨੂੰ ਦੁੱਧ ਚੁੰਘਾਇਆ ਜਾਂਦਾ ਹੈ। ਭਗਤ ਜੀ ਇਸੇ ਵੱਲ ਇਸ਼ਾਰਾ ਕਰਦੇ ਹਨ ਕਿ ਦੁੱਧ ਤਾਂ ਪਹਿਲਾਂ ਹੀ ਜੂਠਾ ਹੋ ਗਿਆ ਜਦੋਂ ਵੱਛੇ ਨੇ ਗਾਂ ਦੇ ਥਣਾਂ ਨੂੰ ਮੂੰਹ ਲਾਇਆ। ਫੁੱਲਾਂ ਉਤੇ ਭੌਰੇ ਬੈਠ ਗਏ, ਇਸ ਲਈ ਉਹ ਵੀ ਜੂਠੇ ਹੋ ਗਏ ਅਤੇ ਜਲ ਵਿਚ ਮੱਛੀਆਂ ਹਰ ਸਮੇਂ ਰਹਿੰਦੀਆਂ ਹਨ ਜਿਸ ਕਰਕੇ ਜਲ ਵੀ ਜੂਠਾ ਹੋ ਗਿਆ। ਮਾਂ ਮੇਰੀਏ ਹੁਣ ਮੈਨੂੰ ਦੱਸ ਕਿ ਮੈਂ ਗੋਬਿੰਦ ਦੀ ਪੂਜਾ ਲਈ ਕੀ ਚੜ੍ਹਾਵਾਂ ਅਰਥਾਤ ਪਰਮਾਤਮਾ ਦੀ ਪੂਜਾ ਕਿਵੇਂ ਕਰਾਂ? ਹੋਰ ਕੋਈ ਫੁੱਲ ਆਦਿਕ ਚੀਜ਼ ਨਹੀਂ ਮਿਲਦੀ (ਜੋ ਸੁੱਚੀ ਹੋਵੇ)। ਚੰਦਨ ਵੀ ਪੂਜਾ ਦੀ ਸਮਗਰੀ ਵਿਚ ਸ਼ਾਮਲ ਕੀਤਾ ਜਾਂਦਾ ਹੈ ਜਿਸ ਬਾਰੇ ਭਗਤ ਰਵਿਦਾਸ ਕਹਿੰਦੇ ਹਨ ਕਿ ਚੰਦਨ ਨੂੰ ਜ਼ਹਿਰੀਲੇ ਸੱਪਾਂ ਨੇ ਵਲੇਟ ਮਾਰਿਆ ਹੋਇਆ ਹੈ, ਸੋ ਉਹ ਵੀ ਅਪਵਿੱਤਰ ਹੈ। ਇਸੇ ਤਰ੍ਹਾਂ ਅੰਮ੍ਰਿਤ ਅਤੇ ਜ਼ਹਿਰ ਵੀ ਇਕੱਠੇ ਵਸਦੇ ਹਨ (ਪੁਰਾਣਾਂ ਦੀ ਕਥਾ ਅਨੁਸਾਰ ਸਮੁੰਦਰ ਰਿੜਕ ਕੇ ਚੌਦਾਂ ਰਤਨ ਕੱਢੇ ਤਾਂ ਜ਼ਹਿਰ ਅਤੇ ਅੰਮ੍ਰਿਤ ਇਕੱਠੇ ਨਿਕਲੇ ਸਨ)। ਇਸ ਲਈ ਹੇ ਪ੍ਰਭੂ! ਤੇਰੇ ਭਗਤ ਇਨ੍ਹਾਂ ਸਾਰੀਆਂ ਚੀਜ਼ਾਂ ਧੂਪ, ਦੀਵੇ, ਖੁਸ਼ਬੂ, ਨਈਵੇਦ (ਮੂਰਤੀ ਨੂੰ ਚੜ੍ਹਾਇਆ ਜਾਂਦਾ ਭੋਜਨ) ਨਾਲ ਕਿਸ ਤਰ੍ਹਾਂ ਤੇਰੀ ਪੂਜਾ ਕਰਨ? ਇਸ ਕਿਸਮ ਦੀ ਤੇਰੀ ਪੂਜਾ ਮੈਂ ਨਹੀਂ ਕਰ ਸਕਦਾ, ਫਿਰ ਮੇਰੀ ਮੁਕਤੀ ਕਿਸ ਤਰ੍ਹਾਂ ਹੋਵੇਗੀ? ਤੇਰਾ ਭਗਤ ਹੋਣ ਦੇ ਨਾਤੇ ਮੈਂ ਆਪਣਾ ਤਨ ਅਤੇ ਮਨ ਤੈਨੂੰ ਅਰਪਣ ਕਰਦਾ ਹਾਂ ਅਤੇ ਇਸ ਤਰ੍ਹਾਂ ਗੁਰੂ ਦੀ ਮਿਹਰ ਸਦਕਾ ਉਸ ਮਾਇਆ ਤੋਂ ਨਿਰਲੇਪ ਪਰਮਾਤਮਾ ਨੂੰ ਪਾ ਲਵਾਂਗਾ। ਤੇਰੀ ਪੂਜਾ ਮੇਰੇ ਕੋਲੋਂ ਨਹੀਂ ਹੋ ਸਕਦੀ, ਫਿਰ ਮੇਰੀ ਕੀ ਗਤੀ ਹੋਵੇਗੀ?

ਦੂਧੁ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥੧॥
(ਪੰਨਾ ੫੨੫)

ਭਗਤ ਰਵਿਦਾਸ ਅਨੁਸਾਰ ਮਨੁੱਖ ਕਿਸ ਕੁਲ ਜਾਂ ਜਾਤ ਵਿਚ ਪੈਦਾ ਹੁੰਦਾ ਹੈ, ਇਹ ਗੱਲ ਕੋਈ ਅਰਥ ਨਹੀਂ ਰੱਖਦੀ। ਪਰਮਾਤਮਾ ਦਾ ਭਗਤ ਜਿਸ ਕੁਲ ਜਾਂ ਜਾਤ ਵਿਚ ਵੀ ਪੈਦਾ ਹੋ ਜਾਵੇ ਭਾਵੇਂ ਉਹ ਕੰਗਾਲ ਹੈ, ਦੌਲਤਮੰਦ ਹੈ, ਚੰਗੀ ਹੈ ਮਾੜੀ ਹੈ, ਉਚੀ ਹੈ ਨੀਵੀਂ ਹੈ- ਇਸ ਦਾ ਕੋਈ ਅਰਥ ਨਹੀਂ, ਉਹ ਦੁਨੀਆਂ ਵਿਚ ਨਿਰਮਲ ਸ਼ੋਭਾ ਵਾਲਾ ਹੁੰਦਾ ਹੈ। ਕੋਈ ਬ੍ਰਾਹਮਣ ਹੋਵੇ, ਖੱਤਰੀ ਹੋਵੇ, ਡੂਮ ਚੰਡਾਲ ਹੋਵੇ, ਮਲੀਨ ਮਨ ਵਾਲਾ ਹੋਵੇ, ਪਰਮਾਤਮਾ ਦੇ ਸਿਮਰਨ ਨਾਲ ਮਨੁੱਖ ਪਵਿੱਤਰ ਹੋ ਜਾਂਦਾ ਹੈ। ਇਸ ਦੁਨੀਆਂ 'ਚ ਉਹ ਪਿੰਡ, ਥਾਂ, ਕੁਲ ਵੱਡੇ ਭਾਗਾਂ ਵਾਲੀ ਹੈ ਜਿਸ 'ਚ ਪਰਮਾਤਮਾ ਦਾ ਨਾਮ ਰਸ ਪੀਤਾ ਹੈ। ਹੋਰ ਵਿਕਾਰਾਂ ਦੇ ਸਾਰੇ ਮਾੜੇ ਰਸ ਛੱਡ ਦਿੱਤੇ ਹਨ ਤੇ ਪਰਮਾਤਮਾ ਦੇ ਨਾਮ-ਰਸ ਰਾਹੀਂ ਵਿਕਾਰ ਦੇ ਜ਼ਹਿਰ ਦਾ ਨਾਸ ਕਰ ਦੇਣਾ ਵੱਡੇ ਭਾਗਾਂ ਵਾਲੀ ਗੱਲ ਹੈ। ਕੋਈ ਵੱਡਾ ਵਿਦਵਾਨ, ਸੂਰਮਾ, ਛੱਤਰਪਤੀ ਰਾਜਾ ਜਾਂ ਕੋਈ ਹੋਰ ਮਨੁੱਖ ਰੱਬ ਦੇ ਭਗਤ ਦੇ ਬਰਾਬਰ ਨਹੀਂ ਹੋ ਸਕਦਾ। ਭਗਤ ਰਵਿਦਾਸ ਅਨੁਸਾਰ ਭਗਤਾਂ ਦਾ ਇਸ ਸੰਸਾਰ 'ਤੇ ਪੈਦਾ ਹੋਣਾ ਮੁਬਾਰਕ ਹੈ। ਉਹ ਪਰਮਾਤਮਾ ਦਾ ਸਮੀਪੀ ਹੋ ਕੇ ਹੀ ਜੀਵਤ ਰਹਿ ਸਕਦਾ ਹੈ ਜਿਵੇਂ ਚੁਪੱਤੀ ਪਾਣੀ ਦੇ ਨੇੜੇ ਰਹਿ ਕੇ ਹਰੀ ਰਹਿੰਦੀ ਹੈ,

ਜਿਹ ਕੁਲ ਸਾਧੁ ਬੈਸਨੌ ਹੋਇ॥
ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥੧॥ਰਹਾਉ॥
(ਪੰਨਾ ੮੫੮)

## ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ

*ਗੁਰਬਾਣੀ ਗਿਆਨ*

**ਗਉੜੀ ਗੁਆਰੇਰੀ ਮਹਲਾ ੩**

ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥
ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥
ਸੇ ਜਨ ਜਾਗੇ ਜਿਨ ਨਾਮ ਪਿਆਰਿ॥੧॥
ਸਹਜੇ ਜਾਗੈ ਸਵੈ ਨ ਕੋਇ॥
ਪੂਰੇ ਗੁਰ ਤੇ ਬੂਝੈ ਜਨੁ ਕੋਇ॥੧॥ਰਹਾਉ॥
ਅਸੰਤੁ ਅਨਾੜੀ ਕਦੇ ਨ ਬੂਝੈ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ॥
ਅੰਧੁ ਅਗਿਆਨੀ ਕਦੇ ਨ ਸੀਝੈ॥੨॥
ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ॥
ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ॥
ਆਪਿ ਤਰੈ ਸਗਲੇ ਕੁਲ ਉਧਾਰਾ॥੩॥
ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ॥੪॥

ਗੁਰਦੇਵ ਪਿਤਾ ਆਖਦੇ ਹਨ- ਹੇ ਭਾਈ! ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਨ ਵਾਲਾ ਮਨਮੁਖ ਮਾਇਆ ਦੇ ਮੋਹ-ਪਿਆਰ ਵਿਚ ਸੁੱਤਾ ਰਹਿੰਦਾ ਹੈ; ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ, ਪਰ ਗੁਰੂ ਦੇ ਸਨਮੁਖ ਰਹਿਣ ਵਾਲਾ ਗੁਰਮੁਖ ਪ੍ਰਭੂ ਦੇ ਗੁਣਾਂ ਦੀ ਵਿਚਾਰ ਕਰ ਕੇ ਮਾਇਆ ਵੱਲੋਂ ਸੁਚੇਤ ਰਹਿੰਦਾ ਹੈ, ਭਾਵ ਉਹ ਜਾਗਦਾ ਰਹਿੰਦਾ; ਸੇ ਜਨ ਜਾਗੇ ਜਿਨ ਨਾਮ ਪਿਆਰਿ, ਹੇ ਭਾਈ! ਜਿਨ੍ਹਾਂ ਮਨੁੱਖਾਂ ਦਾ ਪ੍ਰਭੂ ਦੇ ਨਾਮ ਨਾਲ ਪਿਆਰ ਹੈ, ਉਹ ਮਾਇਆ ਦੇ ਮੋਹ ਵੱਲੋਂ ਸੁਚੇਤ ਰਹਿੰਦੇ ਹਨ।

ਸਹਜੇ ਜਾਗੈ ਸਵੈ ਨ ਕੋਇ॥
ਪੂਰੇ ਗੁਰ ਤੇ ਬੂਝੈ ਜਨੁ ਕੋਇ॥੧॥ਰਹਾਉ॥

ਗੁਰੂ ਅਮਰਦਾਸ ਜੀ ਜੀਵਾਂ ਦੇ ਉਧਾਰ ਲਈ ਉਪਦੇਸ਼ ਕਰਦੇ ਆਖਦੇ ਹਨ- ਹੇ ਭਾਈ! ਜਿਹੜਾ ਕੋਈ ਵੱਡੇ ਭਾਗਾਂ ਵਾਲਾ ਮਨੁੱਖ ਪੂਰੇ ਗੁਰੂ ਕੋਲੋਂ ਉਚੇ ਸੁੱਚੇ ਆਤਮਿਕ ਜੀਵਨ ਦੀ ਸੂਝ-ਬੂਝ ਪ੍ਰਾਪਤ ਕਰ ਲੈਂਦਾ ਹੈ ਅਤੇ ਸਹਿਜ ਅਵਸਥਾ ਦੀ ਅਡੋਲਤਾ ਵਿਚ ਟਿਕ ਕੇ ਮਾਇਆ ਮੋਹ ਦੇ ਹੱਲਿਆਂ ਵੱਲੋਂ ਸੁਚੇਤ ਰਹਿੰਦਾ ਹੈ, ਭਾਵ ਜਾਗਦਾ ਰਹਿੰਦਾ ਹੈ, ਉਹ ਪੂਰੇ ਗੁਰੂ ਦੀ ਦਿੱਤੀ ਮੱਤ ਸਦਕਾ ਫਿਰ ਮਾਇਆ ਮੋਹ ਦੀ ਨੀਂਦ ਵਿਚ ਨਹੀਂ ਸੌਂਦਾ।

ਅਸੰਤੁ ਅਨਾੜੀ ਕਦੇ ਨ ਬੂਝੈ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ॥
ਅੰਧੁ ਅਗਿਆਨੀ ਕਦੇ ਨ ਸੀਝੈ॥੨॥

ਸਤਿਗੁਰੂ ਪਾਤਸ਼ਾਹ ਆਖਦੇ ਹਨ, ਹੇ ਭਾਈ! ਵਿਕਾਰਾਂ ਨਾਲ ਭਰਿਆ ਮਨੁੱਖ, ਅਨਾੜੀ, ਅਮੋੜ ਵਿਕਾਰਾਂ ਵੱਲੋਂ ਕਦੀ ਨਾ ਮੁੜਨ ਵਾਲਾ ਬੰਦਾ, ਵਿਕਾਰਾਂ ਵਾਲੇ ਪਾਸੇ ਜਾਣ ਵਾਲਾ ਮਨੁੱਖ ਆਤਮਿਕ ਜੀਵਨ ਦੀ ਸਮਝ ਕਦੀ ਵੀ ਪ੍ਰਾਪਤ ਨਹੀਂ ਕਰ ਸਕਦਾ। ਉਹ ਗਿਆਨ ਦੀਆਂ ਗੱਲਾਂ ਵੀ ਕਰਦਾ ਹੈ, ਪਰ ਮਾਇਆ ਮੋਹ ਵਿਚ ਵੀ ਡੁੱਬਿਆ ਰਹਿੰਦਾ ਹੈ, ਇਹੋ ਜਿਹਾ ਮਾਇਆ ਮੋਹ ਵਿਚ ਅੰਨ੍ਹਾ ਅਤੇ ਗਿਆਨ ਤੋਂ ਹੀਣਾ ਮਨੁੱਖ ਜ਼ਿੰਦਗੀ ਵਿਚ ਕਦੇ ਕਾਮਯਾਬ ਨਹੀਂ ਹੁੰਦਾ।

ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ॥
ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ॥
ਆਪਿ ਤਰੈ ਸਗਲੇ ਕੁਲ ਉਧਾਰਾ॥੩॥

ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ, ਹੇ ਭਾਈ! ਇਸ ਮਨੁੱਖਾ ਜਨਮ ਵਿਚ ਆ ਕੇ ਉਸ ਮਿਹਰਬਾਨ ਪਿਤਾ ਪ੍ਰਭੂ ਦੇ ਨਾਮ ਨਾਲ ਹੀ ਇਸ ਵਿਕਾਰਾਂ ਭਰੇ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋ ਸਕਦਾ ਹੈ; ਹੇ ਭਾਈ! ਕੋਈ ਵਿਰਲਾ ਮਨੁੱਖ ਹੀ ਗੁਰੂ ਦੇ ਸ਼ਬਦ ਨਾਲ ਜੁੜ ਕੇ ਇਹ ਵਿਚਾਰ ਕਰਦਾ ਹੈ ਅਤੇ ਗੁਰੂ ਦੇ ਦਰਸਾਏ ਰਸਤੇ 'ਤੇ ਤੁਰਦਾ ਹੈ। ਹੇ ਭਾਈ! ਐਸਾ ਵੱਡੇ ਭਾਗਾਂ ਵਾਲਾ ਮਨੁੱਖ ਆਪ ਤਾਂ ਸੰਸਾਰ ਸਮੁੰਦਰ ਤੋਂ ਪਾਰ ਲੰਘਦਾ ਹੀ ਹੈ, ਆਪਣੀਆਂ ਸਾਰੀਆਂ ਕੁਲਾਂ ਵੀ ਪਾਰ ਕਰ ਲੈਂਦਾ ਹੈ।

ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਕੁਕਰਮੀ ਵਿਕਾਰੀ ਮਨੁੱਖ ਦੇ ਹਿਰਦੇ ਵਿਚ ਤਾਂ ਜਿਵੇਂ ਕਲਜੁਗ ਆ ਕੇ ਬੈਠ ਜਾਂਦਾ ਹੈ, ਤੇ ਹੇ ਭਾਈ! ਕੁਕਰਮੀ ਜੀਵਨ ਵਿਚ ਫਸੇ ਹੋਏ ਮਨੁੱਖ ਨੂੰ ਦੁਨੀਆਂ ਦਾ ਕੋਈ ਵੀ ਕਰਮ ਧਰਮ ਕਦੀ ਛੁਡਾ ਨਹੀਂ ਸਕਦਾ। ਵਿਕਾਰਾਂ ਤੇ ਕੁਕਰਮਾਂ ਨਾਲ ਭਰਿਆ ਹੋਇਆ ਜੀਵਨ ਇਨਸਾਨ ਨੂੰ ਲੈ ਡੁੱਬਦਾ ਹੈ; ਹੇ ਨਾਨਕ! ਉਸ ਬਖਸ਼ਣਹਾਰ ਪ੍ਰਭੂ ਦੇ ਨਾਮ ਤੋਂ ਬਿਨਾਂ ਕੋਈ ਕਲਜੁਗ ਵਿਚੋਂ ਮੁਕਤ ਨਹੀਂ ਹੋ ਸਕਦਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-14

# ਮਿੱਤਰਾਂ ਦਾ ਰਿਣ

***'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। ਐਤਕੀਂ 'ਮਿੱਤਰਾਂ ਦਾ ਰਿਣ' ਵਿਚ ਲੇਖਕ ਨੇ ਔਖੀਆਂ ਘੜੀਆਂ ਵਿਚ ਮੋਢਾ ਡਾਹੁਣ ਵਾਲੇ ਮਿੱਤਰਾਂ ਦਾ ਧਿਆਨ ਧਰਿਆ ਹੈ। -ਸੰਪਾਦਕ***

ਅਗਲੀ ਤਰੀਕ ਵੇਲੇ ਜਸਵੰਤ ਤੇ ਅਜਾਇਬ ਹੁੰਦਲ ਮੈਨੂੰ ਫੇਰ ਬਖ਼ਸ਼ੀਖ਼ਾਨੇ ਆਣ ਕੇ ਮਿਲੇ। ਹੁੰਦਲ ਪੁਲਿਸ ਦੇ ਰਵੱਈਏ 'ਤੇ ਨਾਰਾਜ਼ ਸੀ ਜਿਸ ਨੇ ਮੈਨੂੰ ਅਦਾਲਤ ਵਿਚ ਪੇਸ਼ ਕਰਨ ਦੇ ਸਮੇਂ ਬਾਰੇ ਉਹਨੂੰ ਧੋਖੇ ਵਿਚ ਰੱਖਿਆ ਸੀ। ਉਹ ਇਸ ਵਾਰੀ ਇਹ ਧੋਖਾ ਨਹੀਂ ਸੀ ਖਾਣਾ ਚਾਹੁੰਦਾ। ਅਸੀਂ ਫ਼ੈਸਲਾ ਕੀਤਾ ਕਿ ਜਸਵੰਤ ਬਖ਼ਸ਼ੀਖ਼ਾਨੇ ਦੇ ਸਾਹਮਣੇ ਥੋੜ੍ਹੀ ਵਿੱਥ 'ਤੇ ਖਲੋਤਾ ਰਹੇਗਾ ਤੇ ਜਿਸ ਵੇਲੇ ਪੁਲਿਸ ਮੈਨੂੰ ਅਦਾਲਤ ਵਿਚ ਪੇਸ਼ ਕਰਨ ਲਈ ਬਖ਼ਸ਼ੀਖ਼ਾਨਿਓਂ ਬਾਹਰ ਕੱਢਣ ਲੱਗੂ, ਉਹ ਦੌੜਦਾ ਹੋਇਆ ਹੁੰਦਲ ਕੋਲ ਜਾ ਇਤਲਾਹ ਦਏਗਾ।

ਪੰਜਾਹ ਕੁ ਗ਼ਜ਼ ਦੀ ਵਿੱਥ 'ਤੇ ਜਸਵੰਤ ਮੇਰੇ ਸਾਹਮਣੇ ਖਲੋਤਾ ਸੀ। ਖੜੀ ਲੱਤ। ਨਜ਼ਰਾਂ ਮੇਰੇ ਵੱਲ ਗੱਡੀਆਂ ਹੋਈਆਂ। ਸਾਦਾ ਕੱਪੜਿਆਂ ਵਿਚ ਮੋਟੇ ਜਿਹੇ ਢਿੱਡ ਵਾਲਾ ਸਰਦਾਰ ਨੇੜੇ ਹੀ ਧੁੱਪ ਵਿਚ ਖਲੋਤੇ ਗਾਰਦ ਵਾਲਿਆਂ ਕੋਲ ਆਇਆ। ਉਨ੍ਹਾਂ ਨਾਲ ਕੋਈ ਗੱਲਬਾਤ ਕੀਤੀ ਤੇ ਪਿੱਛੇ ਮੁੜ ਕੇ ਥੋੜ੍ਹੀ ਵਿੱਥ 'ਤੇ ਖਲੋ ਕੇ ਬਖ਼ਸ਼ੀਖ਼ਾਨੇ ਵੱਲ ਝਾਕਣ ਲੱਗਾ। ਉਹ ਉਥੇ ਹੀ ਨੇੜੇ ਤੇੜੇ ਟਹਿਲਣ ਲੱਗਾ, ਜਿਵੇਂ ਕਿਸੇ ਦੀ ਉਡੀਕ ਕਰ ਰਿਹਾ ਹੋਵੇ।



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਆਪਣੇ ਨੇੜੇ ਹੀ ਟਹਿਲਦਾ ਵੇਖ ਕੇ ਜਸਵੰਤ ਨੇ ਉਹਨੂੰ ਧਿਆਨ ਨਾਲ ਵੇਖਿਆ; ਪਛਾਣਿਆਂ ਤੇ 'ਸਤਿ ਸ੍ਰੀ ਆਕਾਲ' ਕਹਿ ਕੇ ਉਹਦੇ ਗੋਡਿਆਂ ਨੂੰ ਹੱਥ ਲਾਉਣ ਲਈ ਅੱਗੇ ਵਧਿਆ। ਜਸਵੰਤ ਅਧਿਆਪਕ ਬਣਨ ਤੋਂ ਪਹਿਲਾਂ ਦੋ ਕੁ ਸਾਲ ਪੁਲਿਸ ਵਿਚ ਵੀ ਰਹਿ ਚੁੱਕਾ ਸੀ। ਇਹ ਬੰਦਾ ਉਦੋਂ ਹੈੱਡ ਕਾਂਸਟੇਬਲ ਹੁੰਦਾ ਸੀ ਤੇ ਜਸਵੰਤ ਹੁਰਾਂ ਦੀ ਪਰੇਡ ਕਰਾਉਣ ਵਾਲਾ 'ਉਸਤਾਦ' ਸੀ। ਜਸਵੰਤ ਨੇ ਆਪਣੀ ਜਾਣ-ਪਛਾਣ ਕਰਵਾਈ ਤਾਂ ਉਸ ਨੇ 'ਸ਼ਾਬਾਸ਼!' ਵਜੋਂ ਉਸ ਦੀ ਪਿੱਠ ਥਾਪੜੀ।

ਉਸਤਾਦ ਨੇ ਦੱਸਿਆ ਕਿ ਉਹ ਤਰੱਕੀ ਕਰ ਕੇ ਇੰਸਪੈਕਟਰ ਬਣ ਗਿਆ ਹੈ। ਜਸਵੰਤ ਨੂੰ ਉਸਤਾਦ ਦੇ ਇਸ ਵੇਲੇ ਇਥੇ ਹੋਣ ਅਤੇ ਟਹਿਲਣ ਪਿਛਲੇ ਕਾਰਨ ਦਾ ਇਲਮ ਨਹੀਂ ਸੀ। ਉਹ ਤਾਂ 'ਆਪਣੇ ਉਸਤਾਦ' ਦੇ ਸਾਲਾਂ ਬਾਅਦ ਅਚਨਚੇਤ ਮਿਲ ਜਾਣ ਦੀ ਖ਼ੁਸ਼ੀ ਨਾਲ ਭਰ ਗਿਆ ਸੀ।

ਜਾਣ-ਪਛਾਣ ਦਾ ਸਿਲਸਿਲਾ ਮੁੱਕਦਿਆਂ ਹੀ ਉਸਤਾਦ ਨੇ ਪੁੱਛਿਆ, "ਤੂੰ ਇਥੇ ਖਲੋਤਾ ਕੀ ਕਰਦਾ ਏਂ?"

"ਮੇਰਾ ਦੋਸਤ ਹੈ ਵਰਿਆਮ ਸੰਧੂ। ਉਹਦੀ ਤਰੀਕ ਹੈ ਅੱਜ। ਉਹਦੇ ਪਿੱਛੇ ਆਇਆਂ। ਐਥੇ ਬਖ਼ਸ਼ੀਖ਼ਾਨੇ ਵਿਚ ਹੈ; ਔਹ ਸਾਹਮਣੇ।" ਜਸਵੰਤ ਨੇ ਦੱਸਿਆ ਤਾਂ ਉਹ ਸਿਰ ਹੋ ਗਿਆ। ਮੇਰੇ ਬਾਰੇ ਜਾਨਣ ਲਈ ਉਹਨੂੰ ਸਵਾਲਾਂ ਦੀ ਝੜੀ ਲਾ ਦਿੱਤੀ।

"ਤੂੰ ਉਹਨੂੰ ਕਿਵੇਂ ਜਾਣਦਾ ਏਂ? ਤੁਹਾਡਾ ਮੇਲ ਕਿਵੇਂ ਹੋਇਆ? ਉਹਦੇ ਮਾਂ ਪਿਓ ਕੀ ਕੰਮ ਕਰਦੇ ਨੇ? ਨਾਨਕੇ ਕਿੱਥੇ ਨੇ ਉਹਦੇ? ਉਹ ਕੀ ਕਰਦੇ ਨੇ?" ਵਗ਼ੈਰਾ ਵਗ਼ੈਰਾ।

ਜਸਵੰਤ ਨੂੰ ਕੀ ਪਤਾ ਸੀ! ਉਹ ਭੋਲੇ ਭਾਅ ਮੇਰੇ ਬਾਰੇ ਸਭ ਕੁਝ ਦੱਸੀ ਗਿਆ।

"ਚੱਲ ਯਾਰ! ਮੈਨੂੰ ਮਿਲਾ ਖਾਂ ਇੱਕ ਵਾਰ ਉਹਨੂੰ।" ਉਹ ਜਸਵੰਤ ਦੀ ਬਾਂਹ ਫੜ ਕੇ ਬਖ਼ਸ਼ੀਖ਼ਾਨੇ ਵੱਲ ਤੁਰਨ ਲੱਗਾ ਤਾਂ ਜਸਵੰਤ ਨੇ ਫ਼ਿਕਰ ਸਾਂਝਾ ਕੀਤਾ, "ਗ਼ਾਰਦ ਵਾਲਿਆਂ ਨਹੀਂ ਜਾਣ ਦੇਣਾ ਨੇੜੇ।"

"ਕੋਈ ਨਹੀਂ, ਕੁਝ ਨਹੀਂ ਕਹਿੰਦੇ। ਮੈਂ ਜੂ ਨਾਲ ਆਂ।"

ਕੋਲ ਆ ਕੇ ਦਰਵਾਜ਼ੇ ਦੀਆਂ ਸੀਖਾਂ ਨੂੰ ਹੱਥ ਪਾ ਕੇ ਕਹਿਣ ਲੱਗਾ, "ਬੱਲੇ! ਬੱਲੇ! ਬੱਲੇ! ਭਾ ਵਰਿਆਮ ਸਿਆਂ! ਬੜਾ ਅਫ਼ਸੋਸ ਹੋਇਆ ਤੈਨੂੰ ਇਥੇ ਵੇਖ ਕੇ। ਮੈਨੂੰ ਜਸਵੰਤ ਨੇ ਦੱਸਿਆ ਕਿ ਤੂੰ ਵੈੱਲ ਕੁਆਲੀਫ਼ਾਈਡ ਏਂ। ਤੇਰੀ ਘਰ ਵਾਲੀ ਵੀ ਟੀਚਰ ਲੱਗੀ ਹੋਈ ਏ। ਤੂੰ ਕਿੱਥੇ ਏਥੇ ਰਿਕਸ਼ਾ-ਪੁੱਲਰਾਂ ਤੇ ਜਰਾਇਮ ਪੇਸ਼ਾ ਲੋਕਾਂ ਵਿਚ ਬੈਠੈਂ! ਛੱਡ ਇਸ ਕੰਮ ਨੂੰ। ਆਪਣਾ ਟੱਬਰ ਪਾਲ।"

"ਮੈਂ ਕਿਹੜਾ ਇਥੇ ਆਪਣੀ ਮਰਜ਼ੀ ਨਾਲ ਬੈਠਾਂ। ਹੁਣ ਪੁਲਿਸ ਜੇ ਝੂਠੇ ਕੇਸ ਪਾ ਕੇ ਬੰਦੇ ਨੂੰ ਅੰਦਰ ਕਰ ਦੇਵੇ ਤਾਂ ਅਗਲਾ ਕੀ ਕਰ ਸਕਦਾ ਏ!"

"ਹੱਛਾ! ਬੱਲੇ, ਬੱਲੇ! ਨਾਨਕੇ ਕਿੱਥੇ ਨੇ ਤੇਰੇ ਭਲਾ? ਤੇਰੇ ਫਾਦਰ ਸਾਹਬ ਦੀ ਤਾਂ ਡੈੱਥ ਹੋ ਗਈ ਐ ਸ਼ਾਇਦ; ਜਸਵੰਤ ਨੇ ਦੱਸਿਐ। ਕੀ ਕਰਦੇ ਸੀ ਕੰਮ-ਕਾਰ ਉਹ? ਸਹੁਰੇ ਕਿੱਥੇ ਨੇ ਤੇਰੇ?"

ਮੈਂ ਤਾੜ ਗਿਆ ਸਾਂ ਕਿ ਉਹ ਸੀ.ਆਈ.ਡੀ. ਦਾ ਬੰਦਾ ਹੈ। ਜ਼ਾਹਿਰ ਸੀ ਕਿ ਉਹ ਸਾਨੂੰ ਮਿਲਣ-ਗਿਲਣ ਵਾਲਿਆਂ ਦੀ, ਸਾਡੀ ਤੇ ਸਾਡੇ ਮੁਕੱਦਮੇ ਦੀ ਸੂਹ ਲੈਣ ਆਇਆ ਸੀ।

ਮੈਂ ਬੋਚ ਬੋਚ ਕੇ ਜਵਾਬ ਦੇਣ ਲੱਗਾ।

"ਯਾਰ ਏਡਾ ਸੋਹਣਾ ਜਵਾਨ ਤੂੰ! ਏਨਾ ਪੜ੍ਹਿਆ ਲਿਖਿਆ! ਛੱਡ ਇਸ ਕੰਮ ਨੂੰ। ਲਿਖ ਕੇ ਦੇ ਪਰ੍ਹਾਂ ਕਿ ਮੈਂ ਅੱਗੇ ਤੋਂ ਇਸ ਲਹਿਰ ਵਿਚ ਕੰਮ ਨਹੀਂ ਕਰਦਾ।"

ਮੈਂ ਹੱਸਿਆ।

"ਕਿਹੜੀ ਲਹਿਰ ਵਿਚ ਜੀ? ਕੀ ਕੰਮ ਕਰਦਾਂ ਮੈਂ? ਜੇ ਲਿਖ ਕੇ ਦਿੱਤਿਆਂ ਸਰਦਾ ਏ ਤਾਂ ਮੈਂ ਲਿਖ ਕੇ ਦੇਣ ਨੂੰ ਤਿਆਰ ਆਂ ਕਿ ਮੈਂ ਕੁਝ ਨਹੀਂ ਕੀਤਾ; ਸਰਕਾਰ ਨੇ ਮੈਨੂੰ ਨਾਜਾਇਜ਼ ਗ੍ਰਿਫ਼ਤਾਰ ਕੀਤਾ ਹੈ, ਪਰ ਲਿਖ ਕੇ ਕੀਹਨੂੰ ਦਿਆਂ?"

ਉਹ ਅੱਧਾ ਘੰਟਾ ਗੱਲਾਂ ਬਾਤਾਂ ਕਰਨ ਤੇ ਮੇਰੀ ਪੁੱਛ-ਗਿੱਛ ਕਰਨ ਤੋਂ ਬਾਅਦ ਜਸਵੰਤ ਨਾਲ ਹੱਥ ਮਿਲਾ ਕੇ ਜਾਣ ਲਈ ਪਿੱਛੇ ਨੂੰ ਮੁੜਿਆ। ਸ਼ਾਇਦ ਕਾਗ਼ਜ਼ਾਂ ਦਾ ਢਿੱਡ ਭਰਨ ਲਈ ਉਹਨੂੰ ਕਾਫ਼ੀ ਮਸਾਲਾ ਮਿਲ ਗਿਆ ਸੀ!

ਉਹਦੇ ਜਾਣ ਪਿੱਛੋਂ ਮੈਂ ਜਸਵੰਤ ਨੂੰ ਦੱਸਿਆ ਕਿ ਇਹ ਸੀ.ਆਈ.ਡੀ. ਦਾ ਬੰਦਾ ਹੈ ਤੇ ਸਾਡੇ ਪਿੱਛੇ ਸੂਹ ਲੈਣ ਆਇਆ ਹੈ। ਜਸਵੰਤ ਦਾ ਪਰੇਸ਼ਾਨੀ ਵਿਚ ਮੂੰਹ ਨਿੱਕਾ ਜਿਹਾ ਹੋ ਗਿਆ।

"ਮੈਂ ਤਾਂ ਉਹਨੂੰ ਸਾਰਾ ਕੁਝ ਦੱਸੀਂ ਗਿਆਂ। ਮੈਨੂੰ ਕੀ ਪਤਾ ਸੀ!"

"ਤੂੰ ਪਰਿਵਾਰ ਤੇ ਰਿਸ਼ਤੇਦਾਰਾਂ ਬਾਰੇ ਜੋ ਜਾਣਕਾਰੀ ਦਿੱਤੀ ਹੈ, ਉਹ ਪੁਲਿਸ ਕੋਲ ਪਹਿਲਾਂ ਈ ਹੈਗੀ ਏ। ਤੈਨੂੰ ਪਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ। ਤੂੰ ਬੱਸ ਉਥੇ ਸਾਹਮਣੇ ਜਾ ਕੇ ਆਪਣੀ ਡਿਊਟੀ 'ਤੇ ਖਲੋ ਜਾ।"

ਉਸ ਨੇ 'ਡਿਊਟੀ' ਨਿਭਾਈ ਵੀ ਚੰਗੀ ਤਰ੍ਹਾਂ। ਜਦੋਂ ਹੀ ਮੈਨੂੰ ਗ਼ਾਰਦ ਬਖ਼ਸ਼ੀਖ਼ਾਨੇ ਵਿਚੋਂ ਬਾਹਰ ਕੱਢਣ ਲੱਗੀ, ਜਸਵੰਤ ਨੇ ਅਜਾਇਬ ਹੁੰਦਲ ਵੱਲ ਛੂਟ ਵੱਟ ਲਈ।

ਅਸੀਂ ਕੋਰਟ ਦੇ ਬਰਾਂਡੇ ਵਿਚ ਖਲੋਤੇ ਆਵਾਜ਼ ਪੈਣ ਦੀ ਉਡੀਕ ਕਰ ਰਹੇ ਸਾਂ। ਮੇਰੀ ਨਜ਼ਰ ਜਸਵੰਤ ਅਤੇ ਅਜਾਇਬ ਹੁੰਦਲ ਦਾ ਰਾਹ ਨਿਹਾਰ ਰਹੀ ਸੀ। ਉਧਰੋਂ ਸਾਨੂੰ ਆਵਾਜ਼ ਪਈ, ਉਧਰੋਂ ਹੁੰਦਲ ਹੁਰੀਂ ਤੇਜ਼ ਕਦਮੀ ਤੁਰਦੇ ਬਰਾਂਡੇ ਵਿਚ ਸਾਡੇ ਕੋਲ ਆਣ ਪੁੱਜੇ। ਅਜਾਇਬ ਹੁੰਦਲ ਮੇਰੇ ਕੇਸ ਦੀ ਨੌਈਅਤ ਅਤੇ ਪੁਲਿਸ ਦਾ ਰਵੱਈਆ ਵੇਖ ਕੇ ਪੂਰੀ ਤਿਆਰੀ ਨਾਲ ਆਇਆ ਸੀ। ਕਿਸੇ ਗੱਲੋਂ ਢਿੱਲ ਨਾ ਰਹਿ ਜਾਵੇ, ਇਸ ਲਈ ਐਤਕੀਂ ਉਹ ਆਪਣੇ ਨਾਲ ਸੀਨੀਅਰ ਵਕੀਲ ਨੂੰ ਵੀ ਲੈ ਕੇ ਆਇਆ ਸੀ। ਉਸ ਨੇ ਅਨੁਮਾਨ ਲਾ ਲਿਆ ਸੀ ਕਿ ਅਜਿਹੇ ਕੇਸਾਂ ਵਿਚ ਅਦਾਲਤਾਂ ਵੀ ਪੁਲਿਸ ਦੀ ਮਰਜ਼ੀ ਨਾਲ ਹੀ ਕੰਮ ਕਰਦੀਆਂ ਸਨ ਤੇ ਮੇਰੇ ਲਈ ਬੀ-ਕਲਾਸ ਲਵਾਉਣ ਲਈ ਵੀ ਲੋੜੋਂ ਵੱਧ ਜ਼ੋਰ ਲਾਉਣਾ ਪੈ ਸਕਦਾ ਸੀ।

ਅਸੀਂ ਹਾਜ਼ਰ ਹੋਏ ਤਾਂ ਜੱਜ ਨੇ ਆਪਣੀਆਂ ਨੱਕ ਉਤੋਂ ਢਿਲਕੀਆਂ ਐਨਕਾਂ ਦੇ ਉਪਰੋਂ ਸਾਡੇ ਵੱਲ ਝਾਤ ਮਾਰੀ ਅਤੇ ਹੱਥ ਵਿਚ ਫੜੇ ਕਾਗ਼ਜ਼ ਫੋਲਣ ਲੱਗਾ। ਮੈਨੂੰ ਬੀ ਕਲਾਸ ਦੇਣ ਦੀ ਦਰਖ਼ਾਸਤ ਪੇਸ਼ ਕੀਤੀ ਤਾਂ ਉਸ ਨੇ ਉਸ 'ਤੇ ਸਰਸਰੀ ਜਿਹੀ ਝਾਤ ਮਾਰ ਕੇ ਆਪਣਾ ਧੜੀ ਜਿੱਡਾ ਸਿਰ ਦੋ-ਤਿੰਨ ਵਾਰ ਨਾਂਹ ਵਿਚ ਹਿਲਾਇਆ। ਅਜਾਇਬ ਹੁੰਦਲ ਤਾਂ ਚੁੱਪ ਰਿਹਾ, ਪਰ ਉਸ ਨਾਲ ਆਇਆ ਸੀਨੀਅਰ ਵਕੀਲ ਬੜੇ ਅਪਣੱਤ ਭਾਵ ਨਾਲ ਕਹਿਣ ਲੱਗਾ, "ਸਰ ਬੀ-ਕਲਾਸ ਲੈਣਾ ਇਸ ਦਾ ਕਾਨੂੰਨੀ ਹੱਕ ਬਣਦਾ ਹੈ। ਹਜ਼ੂਰ ਨੂੰ ਇਸ ਵਿਚ ਇਤਰਾਜ਼ ਤਾਂ ਨਹੀਂ ਹੋਣਾ ਚਾਹੀਦਾ!"

ਸੀਨੀਅਰ ਵਕੀਲ ਜਿਸ ਅਪਣੱਤ ਅਤੇ ਭਰੋਸੇ ਨਾਲ ਗੱਲ ਕਰ ਰਿਹਾ ਸੀ, ਉਸ ਤੋਂ ਲੱਗਦਾ ਸੀ ਕਿ ਜੱਜ ਨਾਲ ਉਸ ਦਾ ਨੇੜ ਵੀ ਹੈ। ਅਕਸਰ ਸੀਨੀਅਰ ਵਕੀਲਾਂ ਦੀ ਜੱਜਾਂ ਨਾਲ ਨੇੜਲੀ ਸਾਂਝ ਬਣ ਹੀ ਜਾਂਦੀ ਹੈ।

ਜੱਜ ਸਾਡੇ ਕੇਸ ਨਾਲ ਸਬੰਧਤ ਕਾਗਜ਼ਾਂ ਦੀ ਫੋਲਾ-ਫਾਲੀ ਕਰੀ ਜਾ ਰਿਹਾ ਸੀ। ਉਹਦਾ ਮੱਥਾ ਤਿਊੜੀਆਂ ਨਾਲ ਕੱਸਿਆ ਗਿਆ।

"ਡੀ.ਆਈ.ਆਰ. ਦਾ ਕੇਸ ਹੈ ਇਸ ਦੇ ਖ਼ਿਲਾਫ਼!"

ਉਸ ਨੇ ਮੇਰੀਆਂ 'ਖ਼ਤਰਨਾਕ ਗਤੀਵਿਧੀਆਂ' ਵੱਲ ਸੰਕੇਤ ਕੀਤਾ ਤਾਂ ਸੀਨੀਅਰ ਵਕੀਲ ਹੱਸ ਕੇ ਕਹਿੰਦਾ, "ਹਜ਼ੂਰ! ਤੁਸੀਂ ਵੀ ਜਾਣਦੇ ਹੋ ਤੇ ਅਸੀਂ ਵੀ ਕਿ ਇਸ ਦਾ ਜ਼ਾਹਿਰਾ ਕਸੂਰ ਤਾਂ ਕੋਈ ਹੈ ਨਹੀਂ। ਕੇਸ ਤਾਂ ਤੁਹਾਨੂੰ ਪਤਾ ਹੀ ਹੈ ਕਿ ਸਾਡੀ ਪੁਲਿਸ ਕਿਵੇਂ ਬਣਾ ਲੈਂਦੀ ਹੈ!"

"ਉਂਜ ਵੀ ਸਰ! ਇਹ ਵਿਚਾਰੇ ਸ਼ਾਇਰ ਤੇ ਅਦੀਬ ਲੋਕ ਨੇ! ਇਨ੍ਹਾਂ ਤੋਂ ਸਰਕਾਰ ਨੂੰ ਕਾਹਦਾ ਖ਼ਤਰਾ!" ਕੋਲੋਂ ਅਜਾਇਬ ਹੁੰਦਲ ਨੇ ਹਾਮੀ ਭਰੀ।

"ਯੇਹ ਸ਼ਾਇਰ ਸਾਹਿਬ ਇੰਦਰਾ ਗਾਂਧੀ ਕੇ ਖ਼ਿਲਾਫ਼ ਕਵਿਤਾਏਂ ਲਿਖਤੇ ਹੈਂ। ਆਪ ਕਹਿਤੇ ਹੈਂ ਇਨ ਸੇ ਖ਼ਤਰਾ ਕੋਈ ਨਹੀਂ!"

ਅਸਲੀ ਗੱਲ ਸਹਿਵਨ ਹੀ ਬਾਹਰ ਆ ਗਈ ਸੀ। ਮੇਰੇ ਖ਼ਿਲਾਫ਼ ਮੇਰੀਆਂ ਲਿਖਤਾਂ ਤੋਂ ਸਿਵਾਏ ਹੋਰ ਵੱਡਾ ਦੋਸ਼ ਕੋਈ ਨਹੀਂ ਸੀ। ਦੂਜੇ ਦੋਸ਼ ਤਾਂ ਮੇਰੀਆਂ ਲਿਖਤਾਂ ਦੀ ਹੀ ਪੈਦਾਵਾਰ ਸਨ। ਸ਼ਾਇਦ ਸੀਨੀਅਰ ਵਕੀਲ ਤੇ ਜੱਜ ਦੀ ਆਪਸੀ ਸਾਂਝ ਦਾ ਤਕਾਜ਼ਾ ਸੀ ਜਾਂ ਉਹ ਉਂਜ ਹੀ ਮੈਨੂੰ ਸੈਕੰਡ ਕਲਾਸ ਦੇਣ ਤੋਂ ਕਾਨੂੰਨਨ ਨਾਂਹ ਨਾ ਕਰ ਸਕਦਾ ਹੋਵੇ; ਉਸ ਨੇ ਮੇਰੀ ਸੈਕੰਡ ਕਲਾਸ ਮਨਜ਼ੂਰ ਕਰ ਦਿੱਤੀ।

ਅਜਾਇਬ ਹੁੰਦਲ ਨੇ ਮੈਨੂੰ ਵਧਾਈ ਦਿੱਤੀ ਅਤੇ ਸਾਡੇ ਕੋਲ ਹੀ ਖਲੋਤੇ ਜਸਵੰਤ ਨੂੰ ਕਿਹਾ, "ਅਹੁ ਜਿਹੜਾ ਸਰਦਾਰ ਸਟੈਨੋ ਜੱਜ ਦੇ ਕੋਲ ਉਹਦੀ ਵੱਖੀ ਨਾਲ ਬੈਠਾ ਏ, ਉਹਨੂੰ ਤੂੰ ਦੋ ਰੁਪੈ ਇਸ ਤਰ੍ਹਾਂ ਬੇਫ਼ਿਕਰ ਹੋ ਕੇ ਫੜਾਈਂ, ਜਿਵੇਂ ਮੈਨੂੰ ਫੜਾ ਰਿਹਾ ਹੋਵੇਂ। ਉਹ ਤੈਨੂੰ ਬੀ-ਕਲਾਸ ਮਿਲਣ ਦੀ ਨਕਲ ਦੇ ਦੇਵੇਗਾ। ਇਹ ਮੈਂ ਇਸ ਲਈ ਕਹਿ ਰਿਹਾਂ ਕਿ ਭਲਾ ਜੱਜ ਨੂੰ ਕੋਲ ਬੈਠਾ ਵੇਖ ਕੇ ਡਰਦਾ ਹੋਇਆ ਕੋਲ ਈ ਨਾ ਜਾਂਦਾ ਹੋਵੇ। ਤੇ ਇਹ ਵੀ ਨਾ ਸੋਚੀਂ ਕਿ ਉਹ ਸਿਰਫ਼ ਦੋ ਰੁਪੈ ਦੇਣ ਕਰ ਕੇ ਬੁਰਾ ਮਨਾਊਗਾ।"

ਵਾਹ! ਕਿਆ ਸਨ ਐਮਰਜੈਂਸੀ ਦੀਆਂ ਬਰਕਤਾਂ! ਅਖ਼ੇ ਜੀ ਹੁਣ ਐਮਰਜੈਂਸੀ ਦੇ ਭੈਅ ਨਾਲ ਸਾਰਾ ਮੁਲਕ ਸਿੱਧਾ ਹੋ ਗਿਆ ਹੈ!

ਜੱਜ ਤੋਂ ਤਿੰਨ ਫੁੱਟ ਦੀ ਦੂਰੀ 'ਤੇ ਬੈਠੇ ਸਟੈਨੋ ਨੂੰ ਜਸਵੰਤ ਸੱਚ-ਮੁੱਚ ਹੀ ਪਰਦੇ ਜਿਹੇ ਨਾਲ ਉਹਦੀ ਮੁੱਠ ਵਿਚ ਦੋ ਰੁਪੈ ਦਾ ਨੋਟ ਕੰਬਦੇ ਹਿਰਦੇ ਨਾਲ ਫੜਾ ਆਇਆ ਸੀ ਤੇ ਡਰ ਰਿਹਾ ਸੀ ਕਿ ਜੇ ਕਿਤੇ ਜੱਜ ਨੇ ਵੇਖ ਲਿਆ ਤਾਂ!

ਵਾਪਸ ਆ ਕੇ ਮੇਰੇ ਕੋਲ ਖਲੋਂਦਿਆਂ ਤੱਕ ਉਹ ਆਪਣਾ ਸਾਰਾ ਅਦਾਲਤੀ ਭੈਅ ਸਟੈਨੋ ਦੀ ਮੁਠੀ ਵਿਚ ਸੁੱਟ ਆਇਆ ਸੀ। ਮੁਸਕੜੀਆਂ 'ਚ ਹੱਸਦਾ ਹੌਲੀ ਜਿਹੀ ਕਹਿੰਦਾ, "ਮੰਨ ਗਏ ਬਈ ਇਸ ਮੁਲਕ ਨੂੰ!"

ਜੱਜ ਅਜੇ ਵੀ ਕਾਗ਼ਜ਼ਾਂ ਵਿਚ ਨਜ਼ਰਾਂ ਗੱਡੀ ਬੈਠਾ ਸੀ। ਅਚਨਚੇਤ ਉਸ ਨੇ ਕਾਗ਼ਜ਼ਾਂ ਤੋਂ ਨਜ਼ਰ ਚੁੱਕੀ।

"ਇਨ੍ਹਾਂ 'ਚੋਂ ਵਰਿਆਮ ਸਿੰਘ ਕੌਣ ਹੈ?"

ਮੈਂ ਦੋ ਕਦਮ ਅੱਗੇ ਹੋਇਆ। ਇਸ ਤਰੀਕੇ ਨਾਲ ਉਚੇਚਾ ਬੁਲਾਏ ਜਾਣ 'ਤੇ ਸ਼ਸ਼ੋਪੰਜ ਵਿਚ ਹੀ ਸਾਂ ਕਿ ਉਸ ਨੇ ਚਮਤਕਾਰੀ ਬੋਲ ਉਚਰੇ। ਮੈਂ ਤਾਂ 'ਬੀ-ਕਲਾਸ' ਮਿਲ ਜਾਣ 'ਤੇ ਹੀ ਧੰਨ ਧੰਨ ਸਾਂ ਪਰ ਜਿਹੜੀ ਸ਼ੁਭ ਸੂਚਨਾ ਉਸ ਨੇ ਹੁਣ ਦਿੱਤੀ, ਇਹ ਤਾਂ ਮੇਰੇ ਚਿੱਤ ਖ਼ਿਆਲ ਵੀ ਨਹੀਂ ਸੀ।

ਉਸ ਨੇ ਮੈਨੂੰ ਬਰੀ ਕਰਨ ਦਾ ਹੁਕਮ ਸੁਣਾ ਦਿੱਤਾ ਸੀ।

ਇਹ ਕੀ ਕਰਾਮਾਤ ਹੋ ਗਈ ਸੀ! ਹੁਣੇ ਹੀ ਉਹ ਮੈਨੂੰ ਬੀ-ਕਲਾਸ ਦੇਣ ਤੋਂ ਨੱਕ-ਮੂੰਹ ਵੱਟ ਰਿਹਾ ਸੀ ਤੇ ਹੁਣੇ ਰਿਹਾਈ ਦਾ ਹੁਕਮ!

ਪੁਲਿਸ ਨੇ ਕਿਹਾ ਸੀ ਕਿ ਸਬੰਧਤ ਕੇਸ ਵਿਚ ਉਨ੍ਹਾਂ ਨੂੰ ਵਰਿਆਮ ਸਿੰਘ ਦੀ ਲੋੜ ਨਹੀਂ ਸੀ।

ਇੰਟੈਰੋਗੇਸ਼ਨ ਸੈਂਟਰ ਵਿਚ ਵੀ ਉਨ੍ਹਾਂ ਨੂੰ ਮੇਰੇ ਖ਼ਿਲਾਫ਼ ਕੁਝ ਨਹੀਂ ਸੀ ਲੱਭਾ, ਸਿਵਾਏ ਇਸ ਦੇ ਕਿ ਮੈਂ ਅਗਾਂਹਵਧੂ ਵਿਚਾਰਾਂ ਦਾ ਬੰਦਾ ਸਾਂ! ਮੈਂ ਲੇਖਕਾਂ ਦੀਆਂ ਕਾਨਫ਼ਰੰਸਾਂ, ਸੈਮੀਨਾਰਾਂ ਤੇ ਕਵੀ ਦਰਬਾਰਾਂ ਵਿਚ ਹਾਜ਼ਰ ਹੁੰਦਾ ਸਾਂ; ਲੇਖਕਾਂ ਦੀ ਇਨਕਲਾਬੀ ਵਿਚਾਰਾਂ ਵਾਲੀ ਜਥੇਬੰਦੀ ਨਾਲ ਜੁੜਿਆ ਹੋਇਆ ਸਾਂ; ਅਧਿਆਪਕ ਯੂਨੀਅਨ ਵਿਚ ਕੰਮ ਕਰਦਾ ਸਾਂ; ਹੋਰਨਾਂ ਭਰਾਤਰੀ ਜਥੇਬੰਦੀਆਂ ਦੇ ਸੰਘਰਸ਼ਾਂ ਵਿਚ ਉਨ੍ਹਾਂ ਦਾ ਸਾਥੀ ਸਾਂ, ਨੌਜਵਾਨ ਭਾਰਤ ਸਭਾ ਨਾਲ ਜੁੜਿਆ ਹੋਇਆ ਸਾਂ ਤੇ ਸਭਾ ਦੀ ਜ਼ਿਲ੍ਹਾ ਕਾਨਫ਼ਰੰਸ ਦੀ ਪ੍ਰਧਾਨਗੀ ਕਰ ਚੁੱਕਾ ਸਾਂ। ਆਪਣੇ 'ਅਗਾਂਹਵਧੂ' ਹੋਣ ਤੋਂ ਨਾ ਮੈਂ ਮੁਕਰਦਾ ਸਾਂ ਤੇ ਨਾ ਹੀ ਅਜਿਹੀਆਂ ਲੋਕ-ਹਿਤੈਸ਼ੀ ਸਰਗਰਮੀਆਂ ਤੋਂ ਇਨਕਾਰੀ ਸਾਂ, ਪਰ ਇਨ੍ਹਾਂ ਸਰਗਰਮੀਆਂ ਦੇ ਆਧਾਰ 'ਤੇ ਤਾਂ ਮੇਰੇ ਖ਼ਿਲਾਫ਼ ਫੌਜਦਾਰੀ ਕੇਸ ਨਹੀਂ ਸੀ ਚਲਾਇਆ ਜਾ ਸਕਦਾ।

ਅਸਲ ਵਿਚ ਬਿਆਸ ਥਾਣੇ ਦੀ ਪੁਲਿਸ, ਮੇਰਾ ਕੇਸ ਤਿਆਰ ਕਰਦਿਆਂ ਕੋਤਾਹੀ ਕਰ ਗਈ ਸੀ। ਪੁਲਿਸ ਨੇ ਮੈਨੂੰ ਉਸ ਤਰੀਕ ਨੂੰ ਸਰਕਾਰ ਵਿਰੁਧ 'ਖ਼ਤਰਨਾਕ ਸਾਜ਼ਿਸ਼ ਕਰਦਿਆਂ ਵਿਖਾ ਦਿੱਤਾ ਸੀ ਜਿਸ ਤਰੀਕ ਨੂੰ ਮੈਂ ਪਹਿਲਾਂ ਹੀ 107-51 ਵਾਲੇ ਕੇਸ ਵਿਚ ਸਬ-ਜੇਲ੍ਹ ਪੱਟੀ ਅੰਦਰ ਸਾਂ। ਤਿੰਨ ਮਹੀਨੇ ਬਾਅਦ ਅੱਜ ਇਸ ਕੇਸ ਦਾ ਚਲਾਣ ਪੇਸ਼ ਕੀਤਾ ਜਾਣਾ ਸੀ। ਆਖ਼ਰਕਾਰ ਇਸ ਨੁਕਤੇ ਨੂੰ ਧਿਆਨ ਵਿਚ ਰੱਖਦਿਆਂ ਕਿ ਕੋਈ ਆਦਮੀ ਜੇਲ੍ਹ ਵਿਚ ਵੀ ਹੋਵੇ ਤੇ ਉਸੇ ਦਿਨ ਬਾਹਰ ਕਿਸੇ 'ਗੁਪਤ ਥਾਂ' 'ਤੇ ਦੇਸ਼ ਵਿਰੁਧ ਸਾਜ਼ਿਸ਼ ਕਰਨ ਲਈ ਕਿਸੇ ਗਰੁੱਪ ਨੂੰ ਉਕਸਾ ਵੀ ਰਿਹਾ ਹੋਵੇ, ਕਾਨੂੰਨੀ ਨੁਕਤੇ ਤੋਂ ਮੰਨਣਯੋਗ ਗੱਲ ਨਹੀਂ; ਪੁਲਿਸ ਨੇ ਮੇਰੇ ਵਿਰੁਧ ਕੇਸ ਵਾਪਸ ਲੈ ਲਿਆ ਸੀ। ਜੇ ਉਹ ਮੈਨੂੰ ਵੀ ਇਸ ਕੇਸ ਵਿਚ ਬਲਬੀਰ ਦੇ ਨਾਲ ਹੀ ਜੋੜੀ ਰੱਖਦੇ ਤਾਂ ਉਸ ਦੇ ਵੀ ਬਰੀ ਹੋਣ ਦੀ ਗੁੰਜਾਇਸ਼ ਸੀ। ਸਾਰਾ ਜਾਂਦਾ ਵੇਖ ਕੇ ਪੁਲਿਸ ਨੇ ਅੱਧਾ ਲੁਟਾ ਦੇਣ ਦਾ ਫ਼ੈਸਲਾ ਕੀਤਾ ਸੀ। ਕੇਸ ਵਿਚੋਂ ਮੈਨੂੰ ਕੱਢ ਦੇਣ ਨਾਲ ਬਲਬੀਰ ਨੂੰ ਅੰਦਰੇ ਫਸਾਈ ਰੱਖਣ ਵਿਚ ਉਹ ਕਾਮਯਾਬ ਹੋ ਗਏ ਸਨ।


ਅਦਾਲਤ ਵਿਚੋਂ ਬਾਹਰ ਆਏ ਤਾਂ ਸਾਡੇ ਨਾਲ ਹੀ ਪਿੱਛੇ ਪਿੱਛੇ ਕਚਹਿਰੀ ਦਾ ਦਰੋਗਾ ਬਰਾਂਡੇ ਵਿਚ ਆ ਗਿਆ ਅਤੇ ਪੁਲਿਸ ਨੂੰ ਕਹਿੰਦਾ, "ਇਹ ਬਰੀ ਹੋ ਗਿਐ, ਇਸ ਲਈ ਇਹਦੀ ਹੱਥਕੜੀ ਇਥੇ ਹੀ ਲਾਹ ਦਿਓ।"

ਅੱਗਿਉਂ ਪੁਲਿਸ ਵਾਲੇ ਵਿਹਰ ਗਏ; ਆਖਣ, "ਅਸੀਂ ਇਸ ਨੂੰ ਪਹਿਲਾਂ ਬਖ਼ਸ਼ੀਖ਼ਾਨੇ ਵਿਚ ਬੰਦ ਕਰਾਂਗੇ। ਫਿਰ ਪਤਾ ਕਰਾਂਗੇ ਕਿ ਇਸ 'ਤੇ ਕੋਈ ਹੋਰ ਕੇਸ ਤਾਂ ਨਹੀਂ। ਇਸ ਤਰ੍ਹਾਂ ਇਕਦਮ ਇਹਦੀ ਹੱਥਕੜੀ ਕਿਵੇਂ ਲਾਹ ਦਈਏ!"

ਮੈਂ ਤੇ ਜਸਵੰਤ ਹੈਰਾਨ-ਪਰੇਸ਼ਾਨ! ਸਾਰੀ

***(ਬਾਕੀ ਅਗਲੇ ਸਫੇ 'ਤੇ)***

***ਜੱਜ ਸਾਡੇ ਕੇਸ ਨਾਲ ਸਬੰਧਤ ਕਾਗਜ਼ਾਂ ਦੀ ਫੋਲਾ-ਫਾਲੀ ਕਰੀ ਜਾ ਰਿਹਾ ਸੀ। ਉਹਦਾ ਮੱਥਾ ਤਿਊੜੀਆਂ ਨਾਲ ਕੱਸਿਆ ਗਿਆ।***
***"ਡੀ.ਆਈ.ਆਰ. ਦਾ ਕੇਸ ਹੈ ਇਸ ਦੇ ਖ਼ਿਲਾਫ਼!"***
***ਉਸ ਨੇ ਮੇਰੀਆਂ 'ਖ਼ਤਰਨਾਕ ਗਤੀਵਿਧੀਆਂ' ਵੱਲ ਸੰਕੇਤ ਕੀਤਾ ਤਾਂ ਸੀਨੀਅਰ ਵਕੀਲ ਹੱਸ ਕੇ ਕਹਿੰਦਾ, "ਹਜ਼ੂਰ! ਤੁਸੀਂ ਵੀ ਜਾਣਦੇ ਹੋ ਤੇ ਅਸੀਂ ਵੀ ਕਿ ਇਸ ਦਾ ਜ਼ਾਹਿਰਾ ਕਸੂਰ ਤਾਂ ਕੋਈ ਹੈ ਨਹੀਂ। ਕੇਸ ਤਾਂ ਤੁਹਾਨੂੰ ਪਤਾ ਹੀ ਹੈ ਕਿ ਸਾਡੀ ਪੁਲਿਸ ਕਿਵੇਂ ਬਣਾ ਲੈਂਦੀ ਹੈ!"***
***"ਉਂਜ ਵੀ ਸਰ! ਇਹ ਵਿਚਾਰੇ ਸ਼ਾਇਰ ਤੇ ਅਦੀਬ ਲੋਕ ਨੇ! ਇਨ੍ਹਾਂ ਤੋਂ ਸਰਕਾਰ ਨੂੰ ਕਾਹਦਾ ਖ਼ਤਰਾ!" ਕੋਲੋਂ ਅਜਾਇਬ ਹੁੰਦਲ ਨੇ ਹਾਮੀ ਭਰੀ।***
***"ਯੇਹ ਸ਼ਾਇਰ ਸਾਹਿਬ ਇੰਦਰਾ ਗਾਂਧੀ ਕੇ ਖ਼ਿਲਾਫ਼ ਕਵਿਤਾਏਂ ਲਿਖਤੇ ਹੈਂ। ਆਪ ਕਹਿਤੇ ਹੈਂ ਇਨ ਸੇ ਖ਼ਤਰਾ ਕੋਈ ਨਹੀਂ!"***
***ਅਸਲੀ ਗੱਲ ਸਹਿਵਨ ਹੀ ਬਾਹਰ ਆ ਗਈ ਸੀ। ਮੇਰੇ ਖ਼ਿਲਾਫ਼ ਮੇਰੀਆਂ ਲਿਖਤਾਂ ਤੋਂ ਸਿਵਾਏ ਹੋਰ ਵੱਡਾ ਦੋਸ਼ ਕੋਈ ਨਹੀਂ ਸੀ। ਦੂਜੇ ਦੋਸ਼ ਤਾਂ ਮੇਰੀਆਂ ਲਿਖਤਾਂ ਦੀ ਹੀ ਪੈਦਾਵਾਰ ਸਨ। ਸ਼ਾਇਦ ਸੀਨੀਅਰ ਵਕੀਲ ਤੇ ਜੱਜ ਦੀ ਆਪਸੀ ਸਾਂਝ ਦਾ ਤਕਾਜ਼ਾ ਸੀ ਜਾਂ ਉਹ ਉਂਜ ਹੀ ਮੈਨੂੰ ਸੈਕੰਡ ਕਲਾਸ ਦੇਣ ਤੋਂ ਕਾਨੂੰਨਨ ਨਾਂਹ ਨਾ ਕਰ ਸਕਦਾ ਹੋਵੇ; ਉਸ ਨੇ ਮੇਰੀ ਸੈਕੰਡ ਕਲਾਸ ਮਨਜ਼ੂਰ ਕਰ ਦਿੱਤੀ।***



***ਡਾਕਟਰ ਅਮਰਜੀਤ ਟਾਂਡਾ ਵੱਲੋਂ ਬਣਾਇਆ ਵਰਿਆਮ ਸਿੰਘ ਸੰਧੂ ਦਾ ਸਕੈੱਚ।***

# ਗੁਲਜ਼ਾਰ ਸੰਧੂ ਦੇ ਵਿਆਹ ਦੀ ਗੋਲਡਨ ਜੁਬਲੀ

**ਯਾਦ ਝਰੋਖਾ**

**ਪ੍ਰਿੰ. ਸਰਵਣ ਸਿੰਘ**
**ਫੋਨ: 91-94651-01651**

ਗਿਆਰਾਂ ਮਾਰਚ ਗੁਲਜ਼ਾਰ ਸੰਧੂ ਦੇ ਵਿਆਹ ਦਾ ਦਿਨ ਹੈ। ਉਸ ਦੇ ਵਿਆਹ ਨੂੰ 50 ਸਾਲ ਹੋ ਰਹੇ ਹਨ। 22 ਮਾਰਚ ਨੂੰ ਉਹ 82 ਵਰ੍ਹਿਆਂ ਦਾ ਹੋ ਰਿਹੈ। ਉਨ੍ਹਾਂ ਦਾ ਵਿਆਹ ਨੌਸ਼ਹਿਰਾ ਪੰਨੂਆਂ ਵਿਚ ਹੋਇਆ ਸੀ। ਉਥੇ ਕਾਹਲੀ 'ਚ ਸੰਧੂ ਨੂੰ ਆਪਣੇ ਦੋਸਤ ਦਾ ਕੋਟ ਪਾਉਣਾ ਪੈ ਗਿਆ। ਦੋਸਤ ਨੂੰ ਸਿਗਰਟ ਪੀਣ ਦੀ ਤਲਬ ਹੋਈ ਤਾਂ ਉਸ ਨੇ ਸਭਾ 'ਚ ਸਜੇ ਲਾੜੇ ਦੀ ਜੇਬ 'ਚੋਂ ਸਿਗਰਟਾਂ ਦੀ ਡੱਬੀ ਆ ਕੱਢੀ। ਵੇਖਣ ਵਾਲੇ ਹੈਰਾਨ ਕਿ ਕਿਹੋ ਜਿਹਾ ਪ੍ਰਾਹੁਣਾ ਸਹੇੜ ਲਿਆ? ਏਨਾ ਸ਼ੁਕਰ ਕਿ ਅਨੰਦ ਕਾਰਜਾਂ ਵਿਚ ਵਿਘਨ ਨਹੀਂ ਪਿਆ। ਮੈਨੂੰ ਉਨ੍ਹਾਂ ਦੇ ਵਿਆਹ ਦੇ ਵੇਰਵੇ ਦਾ ਪੂਰਾ ਪਤਾ ਨਾ ਲੱਗਦਾ, ਜੇ ਸੰਧੂ ਜੋੜਾ ਮੁਕੰਦਪੁਰ ਸਾਡੇ ਕੋਲ ਰਾਤ ਨਾ ਰਹਿੰਦਾ। ਉਦਣ ਉਹ ਆਪਣੇ ਪਿੰਡ ਸੂਨੀ ਤੋਂ ਆਏ ਸਨ। ਰਾਹ 'ਚ ਬਹਿਰਾਮ ਦੇ ਅੱਡੇ 'ਤੇ ਬੂਟ ਪਾਲਿਸ਼ ਕਰਾਉਣ ਦੀ ਵਿਹਲ ਮਿਲ ਗਈ। ਆਉਂਦਿਆਂ ਸੌਣ ਦਾ ਝਪਕਾ ਲਾ ਕੇ ਸ਼ਾਮੀਂ ਚੌਕੀਆਂ ਦਾ ਮੇਲਾ ਵੇਖ ਲਿਆ। ਮਲਵਈਆਂ ਤੋਂ ਦੁਆਬੀਏ ਬਣੇ ਸ਼ਮਸ਼ੇਰ ਤੇ ਮੈਨੂੰ ਵੱਡੇ ਭਾਈ ਗੁਲਜ਼ਾਰ ਨੂੰ ਗੁਰਜ ਦੇਣ ਦਾ ਮੌਕਾ ਮਿਲ ਗਿਆ।

ਸੁਣੋ ਵਿਆਹ ਦੀ ਸਾਖੀ। ਦਿੱਲੀ ਵਿਚ ਡਾ. ਸੁਰਜੀਤ ਕੌਰ ਪੰਨੂੰ ਗੁਲਜ਼ਾਰ ਸਿੰਘ ਸੰਧੂ ਤੋਂ ਵੱਡੀ ਅਫ਼ਸਰ ਸੀ। ਕੁੜੀ ਮਾਝੇ ਦੀ ਮੁੰਡਾ ਦੁਆਬੇ ਦਾ। ਗੁਲਜ਼ਾਰ ਨੇ ਉਨ੍ਹਾਂ ਨਾਲ ਸਾਵੇਂ ਹੋਣ ਲਈ ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਸਾਧੂ ਸਿੰਘ ਹਮਦਰਦ, ਕੁਲਵੰਤ ਸਿੰਘ ਵਿਰਕ, ਐਸ ਐਸ ਮੀਸ਼ਾ, ਸ਼ਿਵ ਕੁਮਾਰ ਤੇ ਕੁਝ ਹੋਰ ਮਸ਼ਹੂਰ ਬੰਦਿਆਂ ਨੂੰ ਜਾਂਞੀ ਬਣਨ ਦਾ ਸੱਦਾ ਦਿੱਤਾ। ਬੱਸ ਨੌਸ਼ਹਿਰੇ ਨੂੰ ਤੋਰ ਦਿੱਤੀ। ਆਪ ਕਾਰ ਵਿਚ ਜਲੰਧਰੋਂ ਮੋਹਨ ਸਿੰਘ ਤੇ ਹਮਦਰਦ ਨੂੰ ਲੈ ਕੇ ਪਹੁੰਚਣਾ ਸੀ। ਜਾਂਞੀ ਪਹਿਲਾਂ ਪਹੁੰਚ ਗਏ, ਲਾੜਾ ਲੇਟ। ਮੋਹਨ ਸਿੰਘ ਦੇ ਘਰੋਂ ਪਤਾ ਲੱਗਾ ਕਿ ਪਿੱਪਲ ਹੇਠ ਸ਼ਤਰੰਜ ਖੇਡ ਰਿਹੈ। ਪਿੱਪਲਾਂ 'ਚੋਂ ਉਹ ਪਿੱਪਲ ਮਸਾਂ ਲੱਭਾ ਜਿਥੇ ਮੋਹਨ ਸਿੰਘ ਤੇ ਹਮਦਰਦ ਦੀ ਬਿਸਾਤ ਵਿਛੀ ਹੋਈ ਸੀ। ਗਿਆਨੀ ਸ਼ਾਦੀ ਸਿੰਘ ਵੀ ਹਾਜ਼ਰ ਸੀ। ਲੇਟ ਹੋਣ ਦੀ ਦੁਹਾਈ ਪਾ ਕੇ ਮਸੀਂ ਉਠਾਏ।

ਭੱਜ-ਭੱਜਾ ਕੇ ਨੌਸ਼ਹਿਰੇ ਪਹੁੰਚੇ। ਬਰਾਤ ਨੂੰ ਸੁਖ ਦਾ ਸਾਹ ਆਇਆ। ਬੱਕਰੀਆਂ ਨਾਲ ਲੱਦੇ ਟਰੱਕ 'ਚੋਂ ਤਾਜ਼ਾ ਖਿਜ਼ਾਬ ਲਾਈ ਸੰਤ ਸਿੰਘ ਸੇਖੋਂ ਉਤਰਿਆ। ਲਾੜਾ ਆਇਆ ਵੇਖ ਕੇ ਢੋਲੀ ਢੋਲ ਵਜਾਉਣ ਲੱਗਾ। ਜਾਂਞੀ ਭੰਗੜਾ ਪਾਉਣ ਲੱਗੇ। ਸੰਧੂ ਦਾ ਕੋਟ ਦੂਰ ਖੜ੍ਹੀ ਬੱਸ ਵਿਚ ਸੀ। ਉਹਨੇ ਕੋਲ ਖੜ੍ਹੇ ਦੇਸ ਰਾਜ ਗੋਇਲ ਦਾ ਕੋਟ ਪਾ ਲਿਆ। ਕੋਟ ਵਿਚਲੇ 'ਗੋਲਾ-ਬਾਰੂਦ' ਨੇ ਫਿਰ ਜਿਹੜਾ ਰੰਗ ਵਿਖਾਉਣਾ ਸੀ, ਵਿਖਾ ਦਿੱਤਾ!

ਰਾਤ ਦੀ ਦਾਰੂ ਦਾ ਭੰਨਿਆ ਸ਼ਿਵ ਕੁਮਾਰ ਸਵੇਰੇ ਪੁੱਜਾ। ਕੁੜੀ ਵਾਲਿਆਂ ਸਮਝਿਆ ਮੁੰਡੇ ਵਾਲਿਆਂ ਕੋਈ ਗਾਉਣ ਵਾਲਾ ਲਿਆਂਦਾ। ਅਨੰਦ ਕਾਰਜ ਹੋਏ ਤਾਂ ਕਹਿੰਦੇ ਪੜ੍ਹਾਓ ਇਹਤੋਂ ਸਿਹਰਾ। ਸ਼ਿਵ ਕੁਮਾਰ 'ਧੀਆਂ ਦੇ ਦੁੱਖ ਬੁਰੇ' ਗਾਉਣ ਲੱਗਾ। ਆਵਾਜ਼ ਵਿਚ ਲੋਹੜੇ ਦਾ ਸੋਜ਼। ਮਝੈਲਾਂ ਦੇ ਅਥਰੂ ਵਹਿ ਤੁਰੇ ਤੇ ਨਾਲ ਹੀ ਦੁਆਬੀਆਂ ਦੇ।

ਸੰਧੂ ਦੀ ਜ਼ੁਬਾਨੀ, "ਕਿਸੇ ਪਰਚੇ ਨੇ ਲੰਮੀ ਕਹਾਣੀ ਦਾ ਅੰਕ ਕੱਢਣਾ ਸੀ। ਮੈਂ ਲੰਮੀ ਕਹਾਣੀ ਲਿਖ ਦਿੱਤੀ-ਗਮਲੇ ਦੀ ਵੇਲ। ਇਹ ਗੁਰਵੇਲ ਪੰਨੂੰ ਤੇ ਮਿੰਨੀ ਗਰੇਵਾਲ ਦੀ ਕਹਾਣੀ ਸੀ। ਚੰਗੀ ਜੋੜੀ ਸੀ ਉਨ੍ਹਾਂ ਦੀ। ਸੁਰਜੀਤ ਨੇ ਪੜ੍ਹੀ। ਪੜ੍ਹ ਕੇ ਉਹ ਏਸ ਨਤੀਜੇ 'ਤੇ ਪੁੱਜੀ ਕਿ ਜਿਹੜਾ ਬੰਦਾ ਇਹੋ ਜਿਹੀ ਕਹਾਣੀ ਲਿਖ ਸਕਦੈ, ਉਹਦੇ ਨਾਲ ਵਿਆਹ ਕੀਤਾ ਜਾ ਸਕਦੈ। ਇਹ ਕਹਾਣੀ ਸਾਨੂੰ ਤਾਂ ਫਲੀ, ਪਰ ਗੁਰਵੇਲ ਤੇ ਮਿੰਨੀ ਨੂੰ ਰਾਸ ਨਾ ਆਈ। ਉਸ ਪਿੱਛੋਂ ਛੇਤੀ ਹੀ ਉਨ੍ਹਾਂ ਦਾ ਤੋੜ ਵਿਛੋੜਾ ਹੋ ਗਿਆ।"

ਗੁਲਜ਼ਾਰ ਸੰਧੂ ਬੇਪਰਵਾਹ ਬੰਦਾ ਹੈ। ਮਸਤ-ਮੌਲਾ। ਨਾ ਚੜ੍ਹੀ ਦੀ ਨਾ ਲੱਥੀ ਦੀ। ਮਿਲਣ ਵਰਤਣ 'ਚ ਦਿਲ ਦਰਿਆ। ਨਿੱਘਾ ਦੋਸਤ, ਕੂਲ਼ਾ ਲੇਖਕ, ਕਰਮਾਂ ਦਾ ਬਲੀ। ਪੁਆਧ 'ਚ ਜੰਮਿਆ, ਮਾਲਵੇ 'ਚ ਸਕੂਲੀ ਪੜ੍ਹਾਈ, ਦੁਆਬੇ 'ਚ ਕਾਲਜੀ, ਦਿੱਲੀ, ਲੁਧਿਆਣੇ, ਚੰਡੀਗੜ੍ਹ ਤੇ ਪਟਿਆਲੇ ਨੌਕਰੀ। ਮਾਝੇ ਦੀ ਕੁੜੀ ਸੰਗ ਵਿਆਹੇ ਜਾਣ ਨਾਲ ਉਹਦੇ ਅੰਦਰ ਸਮੱਗਰੀ ਦਾ ਅਜਿਹਾ ਮਸੱਦ ਫਿਰਿਆ ਕਿ ਦੇਗ ਤੇਗ ਫਤਿਹ!

ਨਿਘੋਚੀ ਗੁਰਬਚਨ, ਸੰਧੂ ਬਾਰੇ ਲਿਖਦੈ, "ਉਦੋਂ ਗੁਲਜ਼ਾਰ ਦੀ ਉਮਰ ਵੀਹਾਂ ਤੋਂ ਵੀ ਘੱਟ ਸੀ। ਜੇ ਦਿੱਲੀ ਵੱਲ ਮੂੰਹ ਨਾ ਕਰਦਾ ਤਾਂ ਸਾਊਥਾਲ ਪੁੱਜ ਜਾਂਦਾ। ਹੋਰ ਜ਼ੋਰ ਲਗਾਂਦਾ ਤਾਂ ਵੈਨਕੂਵਰ ਜਾਂ ਕੈਲੀਫੋਰਨੀਆ। 1953 'ਚ ਬੀ. ਏ. ਪਾਸ ਲਈ ਵਿਦੇਸ਼ ਜਾਣਾ ਅੱਜ ਵਾਂਗ ਮੁਸ਼ਕਲ ਤਾਂ ਸੀ ਨਹੀਂ। ਜੇ ਕਿਤੇ ਉਹ ਭਾਰਤ ਦੀ ਥਾਂ ਅਮਰੀਕਾ ਦੀ ਰਾਜਧਾਨੀ ਪੁੱਜ ਜਾਂਦਾ ਤਾਂ ਦਿੱਲੀ ਸੁੰਨੀ ਹੋ ਜਾਂਦੀ ਤੇ ਸਾਹਿਤ ਵਿਚ ਪੈਦਾ ਹੋਣ ਵਾਲੀ ਖਾਈ ਨੂੰ ਕੌਣ ਭਰਦਾ? ਅਮਰੀਕਾ ਵਿਚ ਲੋਕ ਉਸ ਨੂੰ 'ਮਿਸਟਰ ਸੈਂਡੀ' ਕਹਿੰਦੇ।"

ਉਹ ਉਸ ਨੂੰ 'ਨਵੇਂ ਯੁੱਗ ਦਾ ਜੱਟ' ਕਹਿ ਕੇ ਨਿਵਾਜਦਾ ਹੈ। ਸੰਧੂ ਲਿਖਦੈ, "ਮੇਰਾ ਜੱਦੀ ਪਿੰਡ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਵਿਚ ਹੈ, ਸੂਨੀ। ਮੇਰੇ ਬਾਪੂ ਜੀ ਊਠ ਵਾਹੁੰਦੇ ਸਨ। ਮੈਦਾਨ ਦੀ ਉਪਜ ਪਹਾੜਾਂ ਨੂੰ ਲੈ ਜਾਂਦੇ ਤੇ ਉਥੋਂ ਦੀ ਉਪਜ ਥੱਲੇ ਲੈ ਆਉਂਦੇ। ਕਦੀ ਭਾੜਾ, ਕਦੀ ਵਣਜ। ਮੈਂ ਆਪਣੇ ਨਾਨਕੇ ਪਿੰਡ ਕੋਟਲਾ ਬਡਲਾ (ਠਾਣਾ ਖੰਨਾ) ਵਿਚ ਜੰਮਿਆ ਤੇ ਮੇਰੀ ਮੁੱਢਲੀ ਵਿਦਿਆ ਅੱਠਵੀਂ ਤਕ ਏ. ਐਸ. ਹਾਈ ਸਕੂਲ ਖੰਨੇ ਵਿਚ ਹੋਈ। ਇਹ ਵਿਦਿਆ ਮੈਂ ਆਪਣੀ ਮਾਸੀ ਗੁਰਦੇਵ ਕੌਰ ਦੇ ਪਿੰਡ ਬਾਹੋਮਾਜਰੇ ਰਹਿ ਕੇ ਪ੍ਰਾਪਤ ਕੀਤੀ। ਬਾਹੋਮਾਜਰਾ ਖੰਨੇ ਤੋਂ ਕੇਵਲ ਚਾਰ ਕਿਲੋਮੀਟਰ ਸੀ ਤੇ ਮੇਰੇ ਪਿੰਡ ਸੂਨੀ ਦੇ ਨੇੜਲਾ ਹਾਈ ਸਕੂਲ ਮਾਹਿਲਪੁਰ ਸੂਨੀ ਤੋਂ ਦਸ-ਗਿਆਰਾਂ ਕਿਲੋਮੀਟਰ। ਜਦੋਂ ਮੈਂ ਸਾਈਕਲ ਚਲਾਉਣ ਜੋਗਾ ਹੋ ਗਿਆ ਤਾਂ ਮਾਹਿਲਪੁਰ ਪੜ੍ਹਨ ਲੱਗਾ ਜਿਥੋਂ ਬੀ. ਏ. ਪਾਸ ਕਰ ਕੇ ਕੰਮ ਦੀ ਭਾਲ ਵਿਚ ਦਿੱਲੀ ਚਲਾ ਗਿਆ। ਉਥੇ 28 ਸਾਲ ਭਾਰਤ ਸਰਕਾਰ ਦੀ ਨੌਕਰੀ ਕੀਤੀ। 1984 ਵਿਚ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਆ ਲੱਗਿਆ। ਤਿੰਨ ਸਾਲ ਓਥੇ ਰਿਹਾ। ਫੇਰ ਤਿੰਨ ਸਾਲ ਪੰਜਾਬ ਆਟਰਸ ਕੌਂਸਲ ਦਾ ਚੇਅਰਮੈਨ, ਦੋ ਸਾਲ ਪੰਜਾਬ ਰੈਡ ਕਰਾਸ ਦਾ ਸੈਕਟਰੀ ਤੇ ਚਾਰ ਸਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੱਤਰਕਾਰੀ ਤੇ ਜਨ-ਸੰਚਾਰ ਵਿਭਾਗ ਦਾ ਪ੍ਰੋਫ਼ੈਸਰ ਤੇ ਮੁਖੀ। ਫੇਰ ਤਿੰਨ ਕੁ ਸਾਲ 'ਦੇਸ਼ ਸੇਵਕ' ਦਾ ਸੰਪਾਦਕ।"

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਚੰਗੀ ਸੁੱਝੀ। ਪਹਿਲਾਂ ਉਸ ਨੂੰ ਪ੍ਰੋਫ਼ੈਸਰ ਆਫ਼ ਐਮੀਨੈਂਸ ਦੀ ਪਦਵੀ ਦਿੱਤੀ ਤੇ ਵਿਆਹ ਦੀ 50ਵੀਂ ਵਰ੍ਹੇ-ਗੰਢ ਤੋਂ ਦਸ ਕੁ ਦਿਨ ਪਹਿਲਾਂ ਤਾਜੀਵਨ ਫੈਲੋਸ਼ਿਪ ਦਾ ਸ਼ਗਨ ਪਾ ਦਿੱਤਾ। ਉਸ ਦੀ ਨਿਮਰਤਾ ਵੇਖੋ, "ਮੈਂ ਇਹੋ ਜਿਹਾ ਕੋਈ ਸੰਘਰਸ਼ ਨਹੀਂ ਕੀਤਾ ਜੋ ਦੱਸਣ ਵਾਲਾ ਹੋਵੇ। ਮੇਰੇ ਮਾਪਿਆਂ ਨੇ ਮੈਨੂੰ ਸਬਰ ਸੰਤੋਖ ਸਿਖਾਉਂਦਿਆਂ ਕਿਹਾ ਸੀ ਕਿ ਜ਼ਿੰਦਗੀ ਵਿਚ ਢੇਰੀ ਨਹੀਂ ਢਾਹੁਣੀ। ਜ਼ਿੰਦਗੀ ਵਿਚ ਸਫਲ ਹੋਣ ਦਾ ਇਕੋ ਇਕ ਤਰੀਕਾ ਹੈ, ਢੇਰੀ ਢਾਹੇ ਬਿਨਾਂ ਲੱਗੇ ਰਹਿਣਾ।"

ਕਹਿੰਦਾ ਹੈ, ਮੈਂ ਅੱਸੀਆਂ ਤੋਂ ਟੱਪ ਗਿਆਂ। ਹੁਣ ਮੈਨੂੰ ਕੋਈ ਇਹ ਨਹੀਂ ਪੁੱਛਦਾ ਕਿ ਮੈਂ ਨਵਾਂ ਕੀ ਲਿਖਿਆ? ਇਹੀਉ ਪੁੱਛਿਆ ਜਾਂਦੈ ਕਿ ਸਿਹਤ ਦਾ ਕੀ ਹਾਲ ਹੈ? ਪਹਿਲੀਆਂ ਵਿਚ ਮੈਂ ਇਸ ਦਾ ਉਤਰ 'ਚੜ੍ਹਦੀ ਕਲਾ' ਦਿੰਦਾ ਸੀ। ਫਿਰ 'ਇਕ ਨੰਬਰ' ਕਹਿਣ ਲੱਗ ਪਿਆ। ਉਸ ਪਿੱਛੋਂ 'ਹਾਲੀ ਤਕ ਠੀਕ ਹੈ'। ਅੱਜ ਕੱਲ੍ਹ ਮੇਰਾ ਉਤਰ ਕੇਵਲ ਇਕ ਸ਼ਬਦ ਤਕ ਸੀਮਤ ਹੋ ਗਿਆ ਹੈ-ਚਲਦੈ! ਹੁਣ ਮੈਂ ਉਸ ਗੇਂਦ ਵਾਂਗ ਹਾਂ ਜਿਹੜੀ ਰੁੜ੍ਹ ਤਾਂ ਰਹੀ ਹੈ ਪਰ ਇਸ ਦਾ ਰੁੜ੍ਹਨਾ ਰੁਕਣ ਵਾਲਾ ਹੈ।

ਰੌਅ ਮੇਂ ਹੈ ਰਖਸ਼ ਏ ਉਮਰ ਕਹਾਂ ਦੇਖੀਏ ਥਮੇਂ
ਨਾ ਹਾਥ ਬਾਗ ਪਰ ਹੈ ਨਾ ਪਾ ਹੈ ਰਕਾਬ ਮੇਂ।

ਮੈਂ ਵੀ ਵਿਆਹ 'ਚ ਬੀ ਦਾ ਲੇਖਾ ਪਾ ਬੈਠਾਂ। ਵਿਆਹ ਉਹਦਾ ਦੇਰ ਨਾਲ ਹੋਇਆ, 33ਵੇਂ ਸਾਲ ਦੀ ਉਮਰ ਵਿਚ। ਡਾ. ਸੁਰਜੀਤ ਕੌਰ ਦਾ ਓਦੂੰ ਵੀ ਲੇਟ, 37ਵੇਂ ਸਾਲ ਵਿਚ। ਲਾੜਾ ਅੰਗਰੇਜ਼ੀ ਦੀ ਐਮ. ਏ. ਤੇ ਲਾੜੀ ਐਮ. ਬੀ. ਬੀ. ਐਸ। ਜੇ ਕੋਈ ਕਹਿੰਦਾ, 'ਵਿਆਹ ਬੜਾ ਲੇਟ ਕਰਾਇਆ' ਤਾਂ ਸਫਾਈ ਦਿੰਦੇ, 'ਬਲਵੰਤ ਗਾਰਗੀ ਨਾਲੋਂ ਤਾਂ ਫੇਰ ਵੀ ਪਹਿਲਾਂ ਕਰਾ ਲਿਆ!'

ਸੰਧੂ ਦੇ ਪਿਤਾ ਹਰੀ ਸਿੰਘ ਕੋਲ 15 ਕਿੱਲੇ ਜ਼ਮੀਨ ਸੀ। ਸੰਧੂ 9 ਸਾਲ ਦੀ ਉਮਰ ਵਿਚ ਮੰਗਿਆ ਗਿਆ। ਮੰਗੇਤਰ ਅਨਪੜ੍ਹ ਰਹਿ ਜਾਣ ਕਾਰਨ ਵਿਆਹ ਨਾ ਹੋ ਸਕਿਆ। 15 ਸਾਲ ਦੀ ਉਮਰੇ ਦੁਬਾਰਾ ਮੰਗਿਆ। ਹੋਰ ਪੜ੍ਹਨ ਤੇ ਨੌਕਰੀ ਜੋਗਾ ਹੋਣ ਦੀਆਂ ਗੱਲਾਂ ਸੁਣ ਕੇ ਅਗਲਿਆਂ ਨੇ ਕੁੜੀ ਕਿਤੇ ਹੋਰ ਵਿਆਹੁਣ 'ਚ ਭਲਾ ਸਮਝਿਆ।



*ਤਿੰਨ ਸੰਧੂ-ਪ੍ਰਿੰ. ਸਰਵਣ ਸਿੰਘ, ਗੁਲਜ਼ਾਰ ਸਿੰਘ ਅਤੇ ਸ਼ਮਸ਼ੇਰ ਸਿੰਘ*

ਡਾ. ਮਹਿੰਦਰ ਸਿੰਘ ਰੰਧਾਵਾ ਦੀਆਂ ਦੋ ਤੇ ਹਾਕੀ ਵਾਲੇ ਬਲਬੀਰ ਦੀਆਂ ਤਿੰਨ ਮੰਗਣੀਆਂ ਵੀ ਸਿਰੇ ਨਹੀਂ ਸੀ ਚੜ੍ਹੀਆਂ। ਸੰਧੂ ਦਾ ਵਿਆਹ ਫਿਰ ਉਥੇ ਹੀ ਹੋਇਆ ਜਿਥੇ ਸੰਜੋਗ ਸਨ। ਉਮੈਦਵਾਰੀ ਹੋਈ ਪਰ ਬਾਲ-ਬੱਚਾ ਨਾ ਹੋ ਸਕਿਆ। ਡਾ. ਅਤਰ ਸਿੰਘ ਦੱਸਦਾ ਸੀ, "ਇਕੇਰਾਂ ਸੰਧੂ ਕਨਾਟ ਪਲੇਸ ਕਾਕੇ ਦੇ ਢਾਬੇ 'ਤੇ ਲੋਰ 'ਚ ਨੋਟ ਸੁੱਟਦਾ ਕਹਿੰਦਾ, "ਆਪਣੇ ਕਿਹੜਾ ਜੁਆਕ ਰੋਂਦੇ ਆ!" ਖਿਲਰੇ ਨੋਟ ਅਤਰ ਸਿੰਘ ਨੇ ਹੀ ਸੰਭਾਲੇ ਸਨ।

ਸੰਧੂ ਜੋੜੇ ਨੇ ਲਿਖ ਦਿੱਤਾ ਹੈ ਕਿ ਸਾਡੀਆਂ ਦੇਹਾਂ ਮੈਡੀਕਲ ਸੰਸਥਾਵਾਂ ਨੂੰ ਦਾਨ ਕਰ ਦਿੱਤੀਆਂ ਜਾਣ। ਸਾਡਾ ਮਰਨਾ ਖੁਸ਼ੀ ਨਾਲ ਮਨਾਇਆ ਜਾਵੇ। ਦੇਹ ਦਾਨ ਦਾ ਕਾਰਡ ਉਨ੍ਹਾਂ ਦੀ ਜੇਬ ਵਿਚ ਰਹਿੰਦੈ ਕਿ ਜਿਥੇ ਪ੍ਰਾਣ ਪੰਖੇਰੂ ਹੋਣ ਉਥੋਂ ਦੀ ਨੇੜਲੀ ਡਾਕਟਰੀ ਸੰਸਥਾ ਨੂੰ ਸਬੂਤੀ ਦੇਹ ਦੇ ਦਿੱਤੀ ਜਾਵੇ। ਰਿਸ਼ਤੇਦਾਰਾਂ ਨੂੰ ਪਹਿਲਾਂ ਹੀ ਕਿਹਾ ਹੋਇਆ ਹੈ ਕਿ ਰੋਣ ਕਰਲਾਉਣ ਦੀ ਥਾਂ ਖੁਸ਼ੀ ਮਨਾਈ ਜਾਵੇ।

ਗੁਲਜ਼ਾਰ ਦਾ ਪਹਿਲਾ ਨਾਂ ਬਲਬੀਰ ਸੀ। ਫਿਰ ਬੱਲਾ ਤੇ ਗੁਲਜ਼ਾਰਾ ਹੋ ਗਿਆ। ਫਿਰ ਗੁਲਜ਼ਾਰ ਸਿੰਘ ਸੰਧੂ। ਪਹਿਲਾਂ ਮੈਂ ਵੀ ਆਪਣੇ ਨਾਂ ਨਾਲ ਸੰਧੂ ਲਿਖਦਾ ਸੀ। ਮੈਨੂੰ ਸੰਧੂ ਲਿਖਣੋਂ ਗੁਲਜ਼ਾਰ ਸੰਧੂ ਨੇ ਹਟਾਇਆ। ਅਖੇ ਦੋ ਸੰਧੂਆਂ ਦਾ ਭੁਲੇਖਾ ਪੈ ਜਿਆ ਕਰੂ। ਦਿੱਲੀ ਉਹਦੇ ਕੋਲ ਮੋਟਰ ਸਾਈਕਲ ਸੀ ਤੇ ਮੇਰੇ ਕੋਲ ਸਾਈਕਲ। ਉਹ ਪੰਜਾਬ ਤੋਂ ਆਏ ਲੇਖਕਾਂ ਦੀ ਸੇਵਾ ਕਰਦਾ ਤੇ ਮੋਟਰ ਸਾਈਕਲ ਦੇ ਝੂਟੇ ਦਿੰਦਾ। ਮੈਂ ਅੜੇ-ਥੁੜੇ ਖ਼ਾਲਸਾ ਕਾਲਜ ਦੇ ਡੀ. ਪੀ. ਈ. ਸਰਦਾਰ ਪ੍ਰੀਤਮ ਸਿੰਘ ਬੈਂਸ ਤੋਂ ਪੈਸੇ ਫੜਦਾ। ਸੰਧੂ ਸਰਦਾਰੀ ਮੈਂ ਵੱਡੇ ਭਾਈ ਨੂੰ ਛੱਡਣ ਵਿਚ ਭਲਾ ਸਮਝਿਆ।

ਪ੍ਰੀਤਮ ਸਿੰਘ ਬੈਂਸ ਕੋਲ ਸੰਧੂ ਰਹਿੰਦਾ ਰਿਹਾ ਸੀ। ਦੋਹੇਂ ਦੁਆਬੀਏ ਸਨ। ਜਦੋਂ ਉਹ ਬੈਂਸ ਨੂੰ ਜਨੇਤ ਦਾ ਸੱਦਾ ਦੇਣ ਗਿਆ ਤਾਂ ਬੈਂਸ ਨੇ ਪੁੱਛਿਆ, "ਵਿਆਹ ਕੀਹਦੇ ਨਾਲ ਹੋ ਰਿਹੈ?"

ਸੰਧੂ ਨੇ ਹੁੱਬ ਕੇ ਦੱਸਿਆ, "ਮਾਝੇ ਤੋਂ ਪੰਨੂੰਆਂ ਦੀ ਧੀ ਐ।"

ਬੈਂਸ ਬੋਲਿਆ, "ਮਾਝੇ ਵਾਲੇ ਤਾਂ ਆਪਾਂ ਦੁਆਬੇ ਵਾਲਿਆਂ ਨੂੰ ਕੁੱਟਣਗੇ।"

ਸੰਧੂ ਨੇ ਕਿਹਾ, "ਜੀਹਦੇ ਨਾਲ ਵਿਆਹ ਹੋ ਰਿਹਾ, ਉਹਦਾ ਭਰਾ ਗੁਰਬਚਨ ਘੈਂਟ ਬੰਦਾ ਹੈ, ਉਹ ਨੀ ਕੁੱਟਣ ਦਿੰਦਾ।"

ਗੁਰਬਚਨ 'ਗੁਰਾ' ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਤਕੜਾ ਖਿਡਾਰੀ ਸੀ। ਲੜਾਈ ਭਿੜਾਈ 'ਚ ਕਾਇਮ। ਬੈਂਸ ਉਹਦੇ ਨਾਲ ਪੜ੍ਹਦਾ ਰਿਹਾ ਸੀ। ਉਸ ਨੇ ਕਿਹਾ, "ਜੇ ਗੁਰੇ ਦੀ ਭੈਣ ਐਂ ਤਾਂ ਉਹ ਹੋਰ ਵੀ ਕੁੱਟਣਗੇ।"

ਸੰਧੂ ਨੇ ਪੁੱਛਿਆ, "ਤਾਂ ਫੇਰ ਜਵਾਬ ਦੇ ਦੇਈਏ?"

ਬੈਂਸ ਕੁਝ ਪਲ ਚੁੱਪ ਰਿਹਾ। ਸੋਚ ਕੇ ਬੋਲਿਆ, "ਜਵਾਬ ਦਿੱਤਾ ਤਾਂ ਘਰ ਆ ਕੇ ਕੁੱਟਣਗੇ।"

11 ਮਾਰਚ 1966 ਨੂੰ ਉਨ੍ਹਾਂ ਦਾ ਵਿਆਹ ਹੋਇਆ। 11 ਮਾਰਚ 66 ਨੂੰ ਹੀ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ। ਮੰਗ ਮੰਨਣ ਪਿੱਛੇ 1965 ਦੀ ਭਾਰਤ-ਪਾਕਿਸਤਾਨ ਜੰਗ ਵਿਚ ਸਿੱਖ ਫੌਜੀਆਂ ਤੇ ਸਰਹੱਦ ਨੇੜਲੇ ਪੰਜਾਬੀਆਂ ਵੱਲੋਂ ਜੰਗ ਵਿਚ ਪਾਇਆ ਯੋਗਦਾਨ ਸੀ। ਪੰਜਾਬੀਆਂ ਨੇ ਪੰਜਾਬੀ ਸੂਬਾ ਜੰਗ ਜਿੱਤ ਕੇ ਲਿਆ। ਸਰਹੱਦੀ ਪਿੰਡਾਂ ਵਿਚ ਜੰਗ ਦਾ ਉਜਾੜਾ ਵੇਖਦਿਆਂ ਲੇਖਕ ਸੰਧੂ ਤੇ ਡਾ. ਪੰਨੂੰ ਇਕ ਦੂਜੇ ਦੇ ਹੋ ਗਏ। ਸੰਧੂ ਦੇ ਲਿਖਣ ਮੂਜਬ, "ਸੰਨ 1966 ਤੋਂ ਸੁਰਜੀਤ ਐਸ. ਕੇ. ਸੰਧੂ ਹੋ ਗਈ। ਮੇਰੀ ਜੀਵਨ ਸਾਥਣ। ਭਾਰਤ ਤੇ ਪਾਕਿਸਤਾਨ ਵਾਂਗ ਸਾਡੇ ਵਿਚਕਾਰ ਵੀ ਅਮਨ ਤੇ ਜੰਗ ਦੇ ਦੌਰ ਚਲਦੇ ਰਹਿੰਦੇ ਹਨ। ਲੜਾਈ ਹੁੰਦਿਆਂ ਵੀ ਦੇਰ ਨਹੀਂ ਲੱਗਦੀ ਤੇ ਜੰਗ ਬੰਦੀ ਵੀ ਐਵੇਂ ਕਿਵੇਂ ਹੋ ਜਾਂਦੀ ਹੈ।"

ਸਾਡਾ ਬਾਈ ਸੰਧੂ ਸ਼ਾਇਦ ਕਦੇ ਲਿਖੇ ਪਈ ਮਾਝੇ ਦੇ ਭਾਊਆਂ ਦੀ ਕੁੱਟ ਤੋਂ ਉਹ ਕਿਵੇਂ ਬਚਿਆ ਆ ਰਿਹੈ ਤੇ ਵਿਆਹ ਦੀ ਗੋਲਡਨ ਜੁਬਲੀ ਤਕ ਕਿਵੇਂ ਪਹੁੰਚ ਗਿਐ?

---

## ਮਿੱਤਰਾਂ ਦਾ ਰਿਣ

*(ਪਿਛਲੇ ਸਫੇ ਦੀ ਬਾਕੀ)*

ਖ਼ੁਸ਼ੀ ਉਡ-ਪੁੱਡ ਗਈ। ਅਜਾਇਬ ਹੁੰਦਲ ਹੁਰੀਂ ਤਾਂ ਬੀ-ਕਲਾਸ ਲਵਾ ਕੇ ਤੁਰ ਗਏ ਸਨ। ਰਿਹਾਈ ਤਾਂ ਉਨ੍ਹਾਂ ਤੋਂ ਬਾਅਦ ਹੋਈ ਸੀ। ਉਹ ਇਥੇ ਹੁੰਦੇ ਤਾਂ ਇਸ ਮੁਸ਼ਕਿਲ ਵਿਚੋਂ ਵੀ ਕੱਢਦੇ। ਹੁਣ ਕੀ ਕਰੀਏ! ਉਹ ਦੋਵੇਂ ਧਿਰਾਂ ਅਜੇ ਵੀ ਮੈਨੂੰ ਛੱਡਣ ਜਾਂ ਨਾਂ ਛੱਡਣ ਦੀ ਬਹਿਸ ਕਰ ਰਹੀਆਂ ਸਨ।

ਮੈਂ ਤੇ ਜਸਵੰਤ ਕਿਹੜੇ ਕਚਹਿਰੀਆਂ ਦੇ ਦਸਤੂਰ ਤੋਂ ਜਾਣੂ ਸਾਂ! ਇਸੇ ਵੇਲੇ ਸਾਡੇ ਕੋਲ ਆਣ ਖਲੋਤਾ ਇਕ ਸਰਦਾਰ ਸਾਨੂੰ ਰੱਬ ਵਾਂਗ ਬਹੁੜਿਆ। ਉਸ ਨੇ ਜਸਵੰਤ ਨੂੰ ਪੁੱਛਿਆ, "ਤੁਸੀਂ ਇਨ੍ਹਾਂ ਦੇ ਨਾਲ ਓ?"

ਉਸ ਦੇ 'ਹਾਂ' ਕਹਿਣ 'ਤੇ ਸਰਦਾਰ ਕਹਿੰਦਾ, "ਦਸ ਰੁਪਈਏ ਦਰੋਗੇ ਨੂੰ ਤੇ ਦਸ ਰੁਪਈਏ ਪੁਲਿਸ ਵਾਲਿਆਂ ਨੂੰ ਫੜਾਓ।"

ਸਾਢੇ ਤਿੰਨ ਦਹਾਕੇ ਹੋ ਚੱਲੇ ਨੇ। ਅੱਜ ਦੇ ਹਿਸਾਬ ਨਾਲ ਉਦੋਂ ਵੀ 'ਸਸਤਾ ਜ਼ਮਾਨਾ' ਹੀ ਕਿਹਾ ਜਾ ਸਕਦਾ ਹੈ। ਜਸਵੰਤ ਨੇ ਦੋਵਾਂ ਧਿਰਾਂ ਨੂੰ ਦਸ-ਦਸ ਰੁਪੈ ਦਿੱਤੇ।

ਬੱਸ ਇੰਨੀ ਕੁ ਗੱਲ ਹੀ ਸੀ! ਉਨ੍ਹਾਂ ਮੇਰੀ ਹੱਥਕੜੀ ਲਾਹ ਦਿੱਤੀ। ਮੈਂ ਬਲਬੀਰ ਨਾਲ ਹੱਥ ਮਿਲਾਇਆ। ਮੈਂ ਤੇ ਜਸਵੰਤ ਕਚਹਿਰੀਆਂ ਦੇ ਪਿਛਲੀ ਸੜਕ ਵੱਲ ਚੁਪੀਤੇ ਨਿਕਲ ਗਏ। ਅਸੀਂ ਅਜਾਇਬ ਹੁੰਦਲ ਕੋਲ ਜਾ ਕੇ ਰਿਹਾਈ ਦੀ ਖ਼ੁਸ਼ਖ਼ਬਰੀ ਸਾਂਝੀ ਕਰਨ ਦੀ ਖੇਚਲ ਵੀ ਨਾ ਕੀਤੀ। ਡਰਦੇ ਸਾਂ ਕਿ ਪੁਲਿਸ ਫਿਰ ਨਾ ਫੜ ਲੈਂਦੀ ਹੋਵੇ। ਰਿਕਸ਼ਾ ਲੈ ਕੇ ਬੱਸ ਅੱਡੇ ਵੱਲ ਜਾਣ ਦੀ ਥਾਂ ਅਸੀਂ ਰੇਲਵੇ ਸਟੇਸ਼ਨ ਵੱਲ ਗਏ ਅਤੇ ਉਥੇ ਬੈਠ ਕੇ ਢਾਬੇ ਤੋਂ ਚਾਹ ਪੀਤੀ। ਦਿਲ ਨੂੰ ਟਿਕਾਣੇ ਕੀਤਾ। ਫਿਰ ਸੋਚਿਆ, ਬੱਸ ਅੱਡੇ ਵੱਲ ਨਾ ਜਾਈਏ ਸਗੋਂ ਖ਼ਜ਼ਾਨੇ ਵਾਲੇ ਗੇਟ ਤੋਂ ਜਾ ਕੇ ਆਪਣੇ ਪਿੰਡ ਸੁਰ ਸਿੰਘ ਨੂੰ ਜਾਣ ਵਾਲੀ ਬੱਸ ਫੜੀਏ।

ਸਿਆਲੀ ਦਿਨ ਸਨ। ਪਿੰਡ ਪਹੁੰਚੇ ਤਾਂ ਰਾਤ ਪੈ ਚੁੱਕੀ ਸੀ। ਬੱਸੋਂ ਉਤਰ ਕੇ ਬਾਜ਼ਾਰ ਵੱਲੋਂ ਆਉਂਦੇ ਕਿਸੇ ਨੂੰ ਪੁੱਛਿਆ ਕਿ ਉਸ ਨੇ ਕਿਤੇ ਬਾਜ਼ਾਰ ਵਿਚ ਪੁਲਿਸ ਤਾਂ ਨਹੀਂ ਵੇਖੀ। ਮੇਰਾ ਘਰ ਬਾਜ਼ਾਰ ਵਿਚ ਸੀ। ਉਸ ਦੇ 'ਹਾਂ' ਆਖਣ 'ਤੇ ਅਸੀਂ ਘਰ ਜਾਣ ਦੀ ਥਾਂ ਪਿੰਡ ਦੇ ਬਾਹਰੋਂ ਬਾਹਰ ਦੂਜੇ ਪਾਸੇ ਮੇਰੇ ਮਿੱਤਰ ਮਾਸਟਰ ਸੁਰਿੰਦਰ ਕੋਲ ਪੁੱਜੇ ਤੇ ਉਹਨੂੰ ਕਿਹਾ ਕਿ ਅਸੀਂ ਬਾਹਰ ਰੌੜ ਵਿਚ ਗਾਹੇ ਗਏ ਤੋਰੀਏ ਦੇ ਪੱਲਰ ਕੋਲ ਬਹਿੰਦੇ ਹਾਂ, ਉਹ ਬਾਜ਼ਾਰ ਵਿਚ ਪਤਾ ਕਰ ਕੇ ਆਵੇ ਕਿ ਕਿਤੇ ਪੁਲਿਸ ਮੇਰੇ ਘਰ ਵੱਲ ਤਾਂ ਨਹੀਂ ਆਈ!

ਥੋੜ੍ਹੀ ਦੇਰ ਬਾਅਦ ਸੁਰਿੰਦਰ ਆਇਆ ਤੇ ਖ਼ੁਸ਼ੀ ਖ਼ੁਸ਼ੀ ਕਹਿੰਦਾ, "ਪੁਲਿਸ ਨੇ ਕੋਈ ਰਾਜ਼ੀਨਾਵਾਂ ਕਰਾਇਆ ਸੀ ਤੇ ਉਸ ਰਾਜ਼ੀਨਾਵੇਂ ਤੋਂ ਮਿਲੇ 'ਨਾਂਵੇ' ਨਾਲ 'ਪੀਣ' ਵਾਸਤੇ ਬਾਜ਼ਾਰ ਵਿਚੋਂ ਦਹੀਂ ਲੱਭਦੇ ਫਿਰਦੇ ਸਨ। ਹੁਣ ਹੈ ਨ੍ਹੀਂ ਬਾਜ਼ਾਰ ਵਿਚ ਕੋਈ। ਤੁਸੀਂ ਬੇਫ਼ਿਕਰ ਹੋ ਕੇ ਘਰ ਜਾਓ।"

ਸ਼ੁਕਰ ਸ਼ੁਕਰ ਕਰਦੇ ਅਸੀਂ ਘਰ ਪੁੱਜੇ। ਅਚਨਚੇਤ ਘਰ ਆਉਣ 'ਤੇ ਹੈਰਾਨੀ ਭਰੀ ਚਮਤਕਾਰੀ ਖ਼ੁਸ਼ੀ ਤਾਂ ਹੋਣੀ ਹੀ ਸੀ। ਰਜਵੰਤ ਦਾ ਪੈਰ ਧਰਤੀ 'ਤੇ ਨਹੀਂ ਸੀ ਟਿਕਦਾ। ਉਹ ਚਾਹ-ਪਾਣੀ ਪਿਆ ਕੇ ਹਸੂੰ ਹਸੂੰ ਕਰਦੀ ਸਾਡੇ ਲਈ ਰੋਟੀ-ਟੁੱਕ ਵਿਚ ਰੁੱਝ ਗਈ। ਮੈਂ ਆਪਣੀ ਕੁਝ ਮਹੀਨਿਆਂ ਦੀ ਧੀ ਰੂਪ ਨੂੰ ਕੁੱਛੜ ਚੁੱਕ ਕੇ ਹਿੱਕ ਨਾਲ ਲਾਇਆ ਤਾਂ ਪਿਛਲੇ ਦਿਨਾਂ ਦੀ ਸਾਰੀ ਸਰੀਰਕ ਤੇ ਮਾਨਸਿਕ ਥਕਾਵਟ ਲੋਪ ਹੋ ਗਈ।

ਮੇਰੀ ਸੱਸ-ਮਾਂ ਸਵਰਨ ਕੌਰ ਵਾਰ ਵਾਰ ਆਖ ਰਹੀ ਸੀ, "ਜਸਵੰਤ ਤੂੰ ਬੜਾ ਭਾਗਾਂਵਾਲਾ ਏਂ ਜੋ ਮੇਰੇ ਪੁੱਤ ਨੂੰ ਛੁਡਾ ਕੇ ਲਿਆਇਆ ਏਂ।"

**Punjab Times**
*Ph: 847-359-0746*
*Visit us on the web:*
***punjabtimesusa.com***

---

**ਵਿਅੰਗ**

## ਸਿਧਰੇ ਲੋਕ

ਉਹ ਘੁਸਪੈਠੀਆ ਤਾਂ ਕੁੱਤੇ ਦੀ ਮੌਤ ਮਰਿਆ, ਗੋਲੀ ਲੱਗਦੇ ਸਾਰ ਸੌ ਗਜ ਡੂੰਘੀ ਖੱਡ 'ਚ ਜਾ ਡਿੱਗਿਆ।

ਫੌਜੀਆਂ ਦੀ ਗੱਲ ਸੁਣ ਕੇ, ਡੱਬੂ ਨੇ ਕਾਲੂ ਵੱਲ ਕਣੱਖਾ ਜਿਹਾ ਤੱਕਦਿਆਂ ਕਿਹਾ, "ਇਹ ਬੰਦੇ ਵੀ ਕਮਅਕਲੇ ਹੀ ਨੇ। ਆਪਣੀ ਬੇਵਕੂਫੀ ਵਿਚ ਆਪਾਂ ਨੂੰ ਐਵੇਂ ਘੜੀਸੀ ਫਿਰਦੇ ਨੇ।"

ਕਾਲੂ ਨੇ ਕੈਰੀ ਅੱਖ ਨਾਲ ਝਾਕਦਿਆਂ ਕਿਹਾ, "ਨਾਲੇ ਆਪਾਂ ਨੂੰ ਵਫਾਦਾਰ ਜੀਅ ਸਮਝਦੇ ਨੇ, ਖਾਹਮਖਾਹ ਆਪਣੀ ਬਦਖੋਈ ਵੀ ਕਰੀ ਜਾਂਦੇ ਨੇ।"

"ਇਹ ਹੀ ਤਾਂ ਸਿਧਰਪੁਣਾ ਏ ਇਨ੍ਹਾਂ ਦਾ। ਬੰਦੇ ਨੂੰ ਪਹਾੜ ਤੋਂ ਹੇਠਾਂ ਖੱਡ 'ਚ ਸੁੱਟ ਕੇ ਖੁਸ਼ ਹੋਈ ਜਾਂਦੇ ਨੇ।" ਡੱਬੂ ਨੇ ਸਿਰੇ ਦੀ ਗੱਲ ਕਹਿ ਦਿੱਤੀ।

"ਇਨ੍ਹਾਂ ਨੂੰ ਤਾਂ ਹੁਣ ਕੁੱਤੇ ਦਾ ਕੁੱਤਾ ਵੈਰੀ ਦੀ ਥਾਂ ਮਨੁੱਖ ਦਾ ਮਨੁੱਖ ਵੈਰੀ ਕਹਿਣਾ ਚਾਹੀਦੈ, ਆਪਾਂ ਤਾਂ ਸਭ ਕਾਲੇ ਭੂਰੇ ਰਲ ਮਿਲ ਕੇ ਰਹਿੰਦੇ ਹਾਂ ਪਰ ਇਨ੍ਹਾਂ ਨੂੰ ਤਾਂ ਕਾਲੇ ਫੁੱਟੀ ਅੱਖ ਨਹੀਂ ਭਾਉਂਦੇ, ਇਹ ਤਾਂ ਧਰਮ ਦੇ ਨਾਂ ਉਤੇ ਲੱਖਾਂ ਭਰਾਵਾਂ ਨੂੰ ਕਤਲ ਕਰ ਚੁਕੇ ਨੇ, ਫਿਰ ਵੀ ਆਪਣੇ ਆਪ ਨੂੰ ਸਾਰੀਆਂ ਜੂਨਾਂ ਦਾ ਸਿਰਤਾਜ ਸਮਝਦੇ ਹਨ।

ਗੱਲ ਇਥੇ ਹੀ ਨਹੀਂ ਮੁੱਕਦੀ, ਆਪਣੀ ਬੇਵਕੂਫੀ ਉਤੇ ਆਪੇ ਹੀ ਖੁਸ਼ ਹੋਈ ਜਾਂਦੇ ਨੇ। ਬੇਸ਼ਰਮੀ ਦੀ ਹੱਦ ਉਦੋਂ ਮੁੱਕਦੀ ਐ ਜਦੋਂ ਹਿੱਕ ਥਾਪੜ ਕੇ ਕਹਿੰਦੇ ਨੇ ਕਿ ਮੇਰੇ ਕੋਲ ਸਾਰੀ ਦੁਨੀਆਂ ਨੂੰ ਤਬਾਹ ਕਰ ਦੇਣ ਵਾਲੇ ਹਥਿਆਰ ਨੇ।"

"ਮੂਰਖਾਂ ਨੂੰ ਇਹ ਨਹੀਂ ਪਤਾ ਕਿ ਦੁਨੀਆਂ ਦੇ ਨਾਲ ਤੁਸੀਂ ਵੀ ਤਾਂ ਨਾਲ ਹੀ ਮਰੋਗੇ ਪਰ ਇਹ ਸਿਧਰੇ ਬੁੱਧੀ ਹੀਣ ਬੰਦੇ ਇਹ ਗੱਲ ਸਮਝ ਨਹੀਂ ਸਕਦੇ। ਸਿਧਰਿਆਂ ਦੇ ਕਿਹੜਾ ਸਿੰਗ ਹੁੰਦੇ ਐ। ਇਨ੍ਹਾਂ ਖੂਹ ਦੇ ਡੱਡੂਆਂ ਨੂੰ ਕੋਈ ਸਮਝ ਨਹੀਂ।" ਇਉਂ ਕਹਿ ਕੇ ਦੋਵੇਂ ਕੁੱਤੇ ਉਚੀ ਉਚੀ ਹੱਸਣ ਲੱਗ ਪਏ।

ਪਿੱਠੂ ਠੀਕ ਕਰਦਿਆਂ ਫੌਜੀ ਨੇ ਕਿਹਾ, "ਇਉਂ ਲੱਗਦੈ ਜਿਵੇਂ ਕੁੱਤੇ ਆਪਣੀਆਂ ਗੱਲਾਂ ਸੁਣ ਕੇ ਘੁਸਰ-ਮੁਸਰ ਕਰ ਰਹੇ ਨੇ।"

"ਵਿਗਿਆਨਕ ਯੁੱਗ ਏ ਭਰਾਵਾ, ਹਰ ਕੋਈ ਹਰੇਕ ਦੇ ਕਾਰਖਾਨਿਆਂ ਉਤੇ ਨਿਗਾਹ ਰੱਖਦੈ।"

*-ਅਵਤਾਰ ਸਿੰਘ ਹੰਸਰਾ*
*ਫੋਨ: 661-368-6572*

*ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੇ ਵਿਦਿਆਰਥੀਆਂ ਨੇ ਉਹ ਕੁਝ ਕਰ ਦਿਖਾਇਆ ਜਿਸ ਦੀ ਤਵੱਕੋ ਚਿਰਾਂ ਤੋਂ ਵੱਡੀਆਂ ਸਿਆਸੀ ਪਾਰਟੀਆਂ ਤੋਂ ਕੀਤੀ ਜਾ ਰਹੀ ਸੀ। ਇਨ੍ਹਾਂ ਵਿਦਿਆਰਥੀ ਆਗੂਆਂ ਨੇ ਆਰ.ਐਸ.ਐਸ. ਅਤੇ ਭਾਜਪਾ ਨੂੰ ਸਿੱਧੀ ਵੰਗਾਰ ਪਾਈ ਹੈ। ਦੇਸ਼ ਧਰੋਹ ਦੇ ਕੇਸ ਵਿਚ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਜੇ.ਐਨ.ਯੂ. ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਕਨ੍ਹੱਈਆ ਕੁਮਾਰ ਦੇ ਭਾਸ਼ਣ ਨੇ ਸਭ ਨੂੰ ਮੰਤਰ-ਮੁਗਧ ਕੀਤਾ, ਪਰ ਉਸ ਤੋਂ ਪਹਿਲਾਂ, 22 ਫਰਵਰੀ ਨੂੰ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਵਿਦਿਆਰਥੀ ਆਗੂ ਉਮਰ ਖਾਲਿਦ ਨੇ ਯੂਨੀਵਰਸਿਟੀ ਕੈਂਪਸ ਵਿਚ ਭਾਸ਼ਣ ਦਿੱਤਾ ਸੀ। ਇਸ ਭਾਸ਼ਣ ਵਿਚ ਉਮਰ ਖਾਲਿਦ ਨੇ ਸਪਸ਼ਟ ਵਿਚਾਰ ਰੱਖੇ ਹਨ ਕਿ ਉਹ ਹਿੰਦੋਸਤਾਨ ਵਿਚ ਚਾਹੁੰਦਾ ਕੀ ਹੈ! ਇਸ ਭਾਸ਼ਣ ਨੂੰ ਤੁਹਾਡੇ ਤੱਕ ਪੁੱਜਦਾ ਕਰਨ ਲਈ ਉਚੇਚਾ ਤਰੱਦਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

# ਉਮਰ ਖਾਲਿਦ ਦੀ ਹਾਕ



ਸਾਥੀਓ, ਮੇਰਾ ਨਾਂ ਉਮਰ ਖ਼ਾਲਿਦ ਜ਼ਰੂਰ ਹੈ, ਪਰ ਮੈਂ ਦਹਿਸ਼ਤਗਰਦ ਨਹੀਂ ਹਾਂ। ਸਭ ਤੋਂ ਪਹਿਲਾਂ, ਅੱਜ ਇਥੇ ਇਸ ਵਕਤ, ਤੇ ਪਿਛਲੇ ਕਈ ਦਿਨਾਂ ਤੋਂ ਜਿੰਨੇ ਵਿਦਿਆਰਥੀ ਸੜਕਾਂ 'ਤੇ, ਕੈਂਪਸ ਦੇ ਅੰਦਰ, ਇਸ ਕੈਂਪਸ ਦੇ ਬਾਹਰ, ਤੇ ਉਹ ਸਾਰੇ ਫੈਕਲਟੀ ਮੈਂਬਰ, ਫੈਕਲਟੀ ਅੰਦਰ ਜਿੰਨੇ ਸਾਥੀ ਇਸ ਲੜਾਈ ਵਿਚ ਸ਼ਾਮਲ ਹਨ, ਮੈਂ ਉਨ੍ਹਾਂ ਸਾਰਿਆਂ ਦਾ ਅਤੇ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਤੇ ਹਰ ਕਿਸੇ ਨੂੰ ਮੁਬਾਰਕਵਾਦ ਦੇਣਾ ਚਾਹੁੰਦਾ ਹਾਂ। ਮੈਨੂੰ ਪਤਾ ਹੈ ਜਦੋਂ ਮੈਂ ਇਹ ਕਹਿ ਰਿਹਾ ਹਾਂ, ਇਹ ਲੜਾਈ ਸਾਡੇ ਪੰਜ-ਛੇ ਲੋਕਾਂ ਲਈ ਨਹੀਂ ਹੈ। ਅੱਜ ਇਹ ਲੜਾਈ ਸਾਡੇ ਸਾਰੇ ਲੋਕਾਂ ਦੀ ਲੜਾਈ ਹੈ। ਅੱਜ ਇਹ ਲੜਾਈ ਇਸ ਯੂਨੀਵਰਸਿਟੀ ਦੀ ਲੜਾਈ ਹੈ। ਅੱਜ ਇਹ ਲੜਾਈ ਸਿਰਫ਼ ਇਸ ਯੂਨੀਵਰਸਿਟੀ ਦੀ ਨਹੀਂ, ਬਲਕਿ ਦੇਸ਼ ਭਰ ਦੀ ਹਰ ਯੂਨੀਵਰਸਿਟੀ ਦੀ ਲੜਾਈ ਹੈ। ਤੇ ਸਿਰਫ਼ ਯੂਨੀਵਰਸਿਟੀਆਂ ਦੀ ਨਹੀਂ, ਬਲਕਿ ਇਸ ਸਮਾਜ ਦੀ ਲੜਾਈ ਹੈ ਕਿ ਆਉਣ ਵਾਲੇ ਦਿਨਾਂ ਵਿਚ ਵੱਖਰਾ, ਕੈਸਾ ਸਮਾਜ ਹੋਵੇਗਾ। ਸਾਥੀਓ, ਹੁਣੇ ਕੁਝ ਦਿਨਾਂ ਵਿਚ, ਪਿਛਲੇ ਦਸ ਦਿਨਾਂ ਵਿਚ ਮੈਨੂੰ ਆਪਣੇ ਬਾਰੇ ਵਿਚ ਐਸੀਆਂ ਗੱਲਾਂ ਜਾਨਣ ਨੂੰ ਮਿਲੀਆਂ ਹਨ ਜੋ ਮੈਨੂੰ ਖ਼ੁਦ ਨੂੰ ਨਹੀਂ ਸਨ ਪਤਾ। ਮੈਨੂੰ ਪਤਾ ਲੱਗਿਆ ਕਿ ਮੈਂ ਦੋ ਵਾਰ ਪਾਕਿਸਤਾਨ ਜਾ ਆਇਆ ਹਾਂ। ਫਿਰ ਮੈਨੂੰ ਪਤਾ ਲੱਗਿਆ- ਜਦੋਂ ਇਹ ਗੁਬਾਰਾ ਫਟ ਗਿਆ- ਫਿਰ ਪਤਾ ਲੱਗਿਆ ਕਿ ਮੈਂ ਮਾਸਟਰ-ਮਾਈਂਡ ਹਾਂ; ਮਤਲਬ ਜੇ.ਐਨ.ਯੂ. ਦੇ ਸਟੂਡੈਂਟਸ ਕਮਾਲ ਦੇ ਦਿਮਾਗ ਹਨ, ਪਰ ਮੇਰੇ ਉਪਰ ਕੇਂਦਰਤ ਹੈ ਕਿ ਉਹ ਬੰਦਾ ਮੈਂ ਹਾਂ ਜਿਸ ਨੇ ਇਹ ਸਮੁੱਚਾ ਪ੍ਰੋਗਰਾਮ (9 ਫਰਵਰੀ ਵਾਲਾ) ਯਕੀਨੀ ਬਣਾਇਆ, ਤੇ ਮੈਂ ਇਸ ਪ੍ਰੋਗਰਾਮ ਦੀ 17-18 ਯੂਨੀਵਰਸਿਟੀਆਂ ਵਿਚ ਯੋਜਨਾ ਬਣਾ ਰਿਹਾ ਸੀ। ਮੈਂ ਗੰਭੀਰਤਾ ਨਾਲ ਕਹਿਨਾਂ, ਮੈਨੂੰ ਨਹੀਂ ਸੀ ਪਤਾ, ਮੇਰਾ ਰਸੂਖ਼ ਐਨਾ ਜ਼ਿਆਦਾ ਹੈ!

ਫਿਰ ਉਨ੍ਹਾਂ ਨੇ ਕਿਹਾ ਕਿ ਮੈਂ ਇਸ ਮੀਟਿੰਗ ਦੀ ਯੋਜਨਾ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਬਣਾ ਰਿਹਾ ਸੀ। ਮਤਲਬ ਜੇ.ਐਨ.ਯੂ. ਵਿਚ ਪਬਲਿਕ ਮੀਟਿੰਗ ਕਰਨ ਲਈ ਦਸ ਮਹੀਨੇ ਲੱਗ ਗਏ ਤਾਂ ਫਿਰ ਜੇ.ਐਨ.ਯੂ. ਤਾਂ ਠੱਪ ਹੀ ਹੋ ਜਾਵੇਗੀ। ਫਿਰ ਜਦੋਂ ਇਸ ਨੂੰ ਵੀ ਰੱਦ ਕਰ ਦਿੱਤਾ ਗਿਆ ਤਾਂ ਫਿਰ ਪਤਾ ਲੱਗਿਆ ਕਿ ਪਿਛਲੇ ਕੁਝ ਦਿਨਾਂ ਵਿਚ ਮੈਂ 800 ਕਾਲਾਂ ਕੀਤੀਆਂ; ਮਤਲਬ ਮੀਡੀਆ ਨੂੰ ਹੁਣ ਕੋਈ ਸਬੂਤ, ਕੋਈ 'ਕਥਿਤ ਤੌਰ 'ਤੇ' ਕਹਿਣ ਦੀ ਵੀ ਲੋੜ ਨਹੀਂ ਹੈ। ਉਨ੍ਹਾਂ ਅਨੁਸਾਰ ਬਸ ਇਹ ਕਾਲਾਂ ਕੀਤੀਆਂ ਸਨ; (ਪਰ) ਇਹ ਕਿਥੇ ਕੀਤੀਆਂ ਗਈਆਂ ਸਨ? ਗਲਫ ਵਿਚ ਕੀਤੀਆਂ ਗਈਆਂ, ਕਸ਼ਮੀਰ ਵਿਚ ਕੀਤੀਆਂ ਗਈਆਂ... ਬਈ ਸਬੂਤ ਤਾਂ ਦਿਓ। ਪਹਿਲੀ ਗੱਲ ਤਾਂ (ਇਹ ਕਿ ਅਜਿਹਾ) ਕਰਨ ਨਾਲ ਕੁਝ ਹੁੰਦਾ ਨਹੀਂ ਹੈ, ਜੇ ਕੀਤੀਆਂ ਵੀ ਗਈਆਂ ਹੁੰਦੀਆਂ... ਲੇਕਿਨ ਕੋਈ ਸਬੂਤ, ਕੋਈ ਸੁਣਵਾਈ, ਕੁਝ ਨਹੀਂ ਹੈ। ਇਨ੍ਹਾਂ ਲੋਕਾਂ ਨੂੰ ਬਿਲਕੁਲ ਸ਼ਰਮ ਨਹੀਂ ਆਉਂਦੀ। ਜੇ ਆਪਾਂ ਇਹ ਉਮੀਦ ਰੱਖਾਂਗੇ ਤਾਂ ਖ਼ੁਦ ਨੂੰ ਮੂਰਖ ਬਣਾ ਰਹੇ ਹੋਵਾਂਗੇ। ਜਿਸ ਤਰੀਕੇ ਨਾਲ ਮੀਡੀਆ ਨੇ ਸਾਡੇ ਸਾਰਿਆਂ ਨੂੰ, ਸਾਡੇ ਵਿਚੋਂ ਕੁਝ ਨੂੰ ਪੇਸ਼ ਕੀਤਾ, ਜਿਸ ਤਰੀਕੇ ਨਾਲ ਉਨ੍ਹਾਂ ਨੇ ਸੱਚੀ-ਮੁੱਚੀ ਦਾ ਮੀਡੀਆ ਟਰਾਇਲ ਚਲਾਇਆ, ਜਿਸ ਤਰੀਕੇ ਨਾਲ ਉਨ੍ਹਾਂ ਨੇ ਸਾਨੂੰ ਫਸਾਇਆ, ਜਿਸ ਤਰੀਕੇ ਨਾਲ ਸਾਨੂੰ ਪੇਸ਼ ਕੀਤਾ ਗਿਆ... ਸਰਕਾਰ ਵਲੋਂ ਵੀ ਕਹਿ ਦਿੱਤਾ ਗਿਆ ਕਿ ਜੈਸ਼-ਏ-ਮੁਹੰਮਦ ਦਾ ਇਸ ਨਾਲ ਕੋਈ ਲਿੰਕ ਨਹੀਂ ਹੈ, ਫਿਰ ਵੀ ਮੁਆਫ਼ੀ ਮੰਗਣ ਦੀ, ਇਸ ਤੋਂ ਇਨਕਾਰ ਕਰਨ ਦੀ ਜਾਂ ਕੁਝ ਕਰਨ ਦੀ ਕੋਈ ਜ਼ਰੂਰਤ ਨਹੀਂ ਸਮਝੀ ਗਈ।

ਜਦੋਂ ਮੈਂ ਪਹਿਲੀ ਵਾਰ ਇਹ ਦੇਖਿਆ ਤਾਂ ਮੈਨੂੰ ਹਾਸਾ ਆ ਗਿਆ ਕਿ ਯਾਰ! ਜੈਸ਼-ਏ-ਮੁਹੰਮਦ ਨੂੰ ਪਤਾ ਲੱਗੇਗਾ ਤਾਂ ਸ਼ਾਇਦ ਝੰਡੇਵਾਲਾ (ਦਿੱਲੀ ਵਿਚ ਆਰ.ਐਸ.ਐਸ. ਦਾ ਦਫ਼ਤਰ) ਅੱਗੇ ਪ੍ਰੋਟੈਸਟ ਕਰਨ ਲੱਗ ਜਾਣਗੇ ਕਿ ਮੇਰਾ ਨਾਂ ਉਸ ਨਾਲ ਜੋੜਿਆ ਜਾ ਰਿਹਾ ਹੈ। ਇਨ੍ਹਾਂ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ।

ਜਿਸ ਤਰ੍ਹਾਂ ਦੇ ਝੂਠ ਬੋਲੇ ਗਏ, ਜਿਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ, ਜੋ ਮੀਡੀਆ ਵਾਲਿਆਂ ਨੂੰ ਇਹ ਲਗਦਾ ਹੈ ਕਿ ਇਹ ਲੋਕ ਬਚ ਜਾਣਗੇ ਤਾਂ ਐਸਾ ਨਹੀਂ ਹੋਵੇਗਾ। ਕੋਈ ਆਦਿਵਾਸੀ ਹੈ ਤਾਂ ਉਸ ਨੂੰ ਮਾਓਵਾਦੀ ਕਹਿ ਕੇ, ਕੋਈ ਮੁਸਲਮਾਨ ਹੈ ਤਾਂ ਉਸ ਨੂੰ ਦਹਿਸ਼ਤਗਰਦ ਕਹਿ ਕੇ ਜਿਸ ਤਰੀਕੇ ਨਾਲ ਇਹ ਸਿਲਸਿਲਾ ਚੱਲਿਆ ਹੈ, ਜਿਵੇਂ ਮੀਡੀਆ ਟਰਾਇਲ ਹੋਇਆ ਹੈ, ਜਿਸ ਤਰੀਕੇ ਨਾਲ ਪੂਰਾ ਸਟੇਟ ਅਪਰੇਟਸ ਉਨ੍ਹਾਂ ਦੇ ਪਿੱਛੇ ਪਿਆ ਰਹਿੰਦਾ ਹੈ। ਸ਼ਾਇਦ ਬਹੁਤ ਸਾਰੇ ਲੋਕ ਬੇਵੱਸ ਹੁੰਦੇ ਹਨ, ਉਨ੍ਹਾਂ ਲਈ ਬੋਲਣ ਵਾਲੇ ਬਹੁਤ ਥੋੜ੍ਹੇ ਲੋਕ ਹੁੰਦੇ ਹਨ; ਲੇਕਿਨ ਭਾਈ ਸਾਹਿਬ! ਇਸ ਵਾਰ ਤੁਸੀਂ ਗ਼ਲਤ ਲੋਕਾਂ ਨਾਲ ਪੰਗਾ ਲੈ ਲਿਆ ਹੈ। ਜੇ.ਐਨ.ਯੂ. ਦੇ ਵਿਦਿਆਰਥੀ ਤੁਹਾਨੂੰ ਇਸ ਦਾ ਮਜ਼ਾ ਚਖਾਉਣਗੇ। 'ਕੱਲੇ-'ਕੱਲੇ ਮੀਡੀਆ ਚੈਨਲ ਨੂੰ ਇਸ ਦਾ ਜਵਾਬਦੇਹ ਹੋਣਾ ਪਵੇਗਾ, ਜਿਨ੍ਹਾਂ ਲੋਕਾਂ ਦੇ ਖ਼ਿਲਾਫ਼ ਇਨ੍ਹਾਂ ਨੇ ਇਸ ਤਰੀਕੇ ਨਾਲ ਕੀਤਾ ਹੈ।

ਜੇ ਮੈਂ ਕਿਸੇ ਗੱਲ ਲਈ ਫ਼ਿਕਰਮੰਦ ਸੀ ਤਾਂ ਮੈਂ ਆਪਣੇ ਲਈ ਫ਼ਿਕਰਮੰਦ ਨਹੀਂ ਸੀ, ਕਿਉਂਕਿ ਮੈਨੂੰ ਪੂਰਾ ਭਰੋਸਾ ਸੀ ਕਿ ਤੁਸੀਂ ਸਾਰੇ ਲੋਕ ਹਜ਼ਾਰਾਂ ਦੀ ਤਾਦਾਦ 'ਚ ਆਓਗੇ, ਇਹ ਮੈਨੂੰ ਪਤਾ ਸੀ; ਲੇਕਿਨ ਜੇ ਮੈਂ ਫ਼ਿਕਰਮੰਦ ਹੋਣਾ ਸ਼ੁਰੂ ਹੋਇਆ, ਤੇ ਡਰਨਾ ਸ਼ੁਰੂ ਹੋਇਆ ਤਾਂ ਉਦੋਂ, ਜਦੋਂ ਮੈਂ ਆਪਣੀ ਭੈਣ ਅਤੇ ਆਪਣੇ ਪਿਤਾ ਦੇ ਬਿਆਨ ਦੇਖੇ। ਜਿਸ ਤਰੀਕੇ ਨਾਲ ਮੇਰੀ ਭੈਣ ਨੂੰ- ਮੇਰੀਆਂ ਕਈ ਭੈਣਾਂ ਨੇ, ਲੇਕਿਨ ਉਨ੍ਹਾਂ ਸਾਰਿਆਂ ਨੂੰ ਲੈ ਕੇ ਲੋਕਾਂ ਵਲੋਂ ਸੋਸ਼ਲ ਮੀਡੀਆ ਉਪਰ ਲਿਖਣਾ ਸ਼ੁਰੂ ਕੀਤਾ ਗਿਆ। ਜਿਸ ਤਰੀਕੇ ਨਾਲ ਤਰ੍ਹਾਂ-ਤਰ੍ਹਾਂ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕੀਤੀਆਂ ਗਈਆਂ; ਕਿਸੇ ਨੂੰ ਕਿਹਾ- ਬਲਾਤਕਾਰ ਕਰ ਦਿਆਂਗੇ, ਕਿਸੇ ਨੂੰ ਕਿਹਾ- ਤੇਰੇ ਉਪਰ ਤੇਜ਼ਾਬ ਸੁੱਟਾਂਗੇ, ਕਿਸੇ ਨੂੰ ਕਿਹਾ- ਤੈਨੂੰ ਜਾਨੋਂ ਮਾਰ ਦਿਆਂਗੇ। ਮੈਨੂੰ ਉਹ ਸਮਾਂ ਯਾਦ ਆ ਰਿਹਾ ਸੀ ਜਦੋਂ ਬਜਰੰਗ ਦਲ ਦੇ ਲੋਕ ਕੰਧਮਾਲ ਵਿਚ ਕ੍ਰਿਸ਼ਚੀਅਨ ਸਾਧਵੀ ਨਾਲ ਬਲਾਤਕਾਰ ਕਰ ਰਹੇ ਸਨ ਤਾਂ 'ਭਾਰਤ ਮਾਤਾ ਦੀ ਜੈ' ਬੋਲ ਰਹੇ ਸਨ। ਜੇ ਮੈਂ ਉਸ ਦਿਨ ਵਾਲੇ, ਕਾਮਰੇਡ ਕਨ੍ਹੱਈਆ ਦੇ 11 ਫਰਵਰੀ ਦੇ ਭਾਸ਼ਣ ਨੂੰ ਯਾਦ ਕਰਾਂ ਕਿ ਜੇ ਇਹ ਤੁਹਾਡੀ ਭਾਰਤ ਮਾਤਾ ਹੈ ਤਾਂ ਇਹ ਸਾਡੀ ਭਾਰਤ ਮਾਤਾ ਨਹੀਂ ਹੈ ਅਤੇ ਸਾਨੂੰ ਇਹ ਗੱਲ ਕਹਿਣ ਵਿਚ ਕੋਈ ਸ਼ਰਮਿੰਦਗੀ ਨਹੀਂ ਹੈ।

ਤੇ ਫਿਰ ਮੇਰੇ ਪਿਤਾ ਨੂੰ ਇੰਟੈਰੋਗੇਟ ਕੀਤਾ... ਉਨ੍ਹਾਂ ਦਾ ਪੁਰਾਣਾ ਕਈ ਕੁਝ ਕੱਢ ਲਿਆ... ਮਤਲਬ (ਇਹ ਕਿ) ਹਰ ਹਾਲ ਫਰੇਮ ਕਰਨਾ ਕਰਨਾ ਹੈ। ਕੁਝ ਲੋਕ ਨੇ, ਕੁਝ ਜਰਨਲਿਸਟ ਨੇ, ਕੁਝ 'ਜ਼ੀ ਨਿਊਜ਼' ਵਿਚ ਹਨ, ਕੁਝ ਭਾਈ ਸਾਹਬ 'ਟਾਈਮਜ਼ ਨਾਓ' ਵਿਚ ਹਨ, ਉਨ੍ਹਾਂ ਦੇ ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਵੈਸੇ ਉਨ੍ਹਾਂ ਦੇ ਕੁਝ ਛੋਟੇ-ਮੋਟੇ ਟੁੱਚੇ ਰਿਪੋਰਟਰ ਵੀ ਨੇ। ਇਨ੍ਹਾਂ ਸਾਰੇ ਲੋਕਾਂ ਵਿਚ ਐਨੀ ਨਫ਼ਰਤ ਕਿੱਥੋਂ ਆਉਂਦੀ ਹੈ, ਜੇ.ਐਨ.ਯੂ. ਵਿਦਿਆਰਥੀਆਂ ਉਪਰ ਐਨਾ ਗੁੱਸਾ ਕਿੱਥੋਂ ਆਉਂਦਾ ਹੈ, ਮੈਨੂੰ ਸਮਝ ਨਹੀਂ ਆਉਂਦਾ। ਐਨੀ ਨਫ਼ਰਤ ਪਾਲਦੇ ਕਿਵੇਂ ਨੇ ਇਹ ਲੋਕ?

ਜਿਸ ਤਰੀਕੇ ਨਾਲ ਮੇਰਾ ਮੀਡੀਆ ਟਰਾਇਲ ਹੋਇਆ, ਤੇ ਮੈਂ ਆਪਣੇ ਉਪਰ ਨਿੱਕੀ ਜਿਹੀ ਗੱਲ ਫੋਕਸ ਕਰ ਕੇ ਕਹਿਣੀ ਚਾਹਾਂਗਾ। ਇਹ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ, ਉਹੀ ਦੁਹਰਾ ਰਿਹਾਂ... ਪਿਛਲੇ ਛੇ-ਸੱਤ ਸਾਲਾਂ ਤੋਂ ਮੈਂ ਇਸ ਕੈਂਪਸ ਵਿਚ ਪਾਲਿਟਿਕਸ ਕੀਤੀ ਹੈ, ਮੈਂ ਕਦੇ ਖ਼ੁਦ ਨੂੰ ਮੁਸਲਿਮ ਨਹੀਂ ਸਮਝਿਆ। ਮੈਂ ਕਦੇ ਵੀ ਖ਼ੁਦ ਨੂੰ ਮੁਸਲਿਮ ਵਜੋਂ ਪੇਸ਼ ਨਹੀਂ ਕੀਤਾ। ਮੈਨੂੰ ਲੱਗਿਆ ਕਿ ਅੱਜ ਸਮਾਜ ਵਿਚ ਜੋ ਦਮਨ ਹੈ, ਉਹ ਸਿਰਫ਼ ਮੁਸਲਮਾਨਾਂ ਉਪਰ ਨਹੀਂ ਹੈ, ਵੱਖ-ਵੱਖ ਸ਼ੋਸ਼ਿਤ ਤਬਕਿਆਂ ਉਪਰ ਹੈ। ਚਾਹੇ ਆਦਿਵਾਸੀ ਹੋਣ, ਚਾਹੇ ਦਲਿਤ ਹੋਣ, ਸਾਰਿਆਂ ਉਪਰ ਦਮਨ ਹੈ। ਤੇ ਅਸੀਂ ਲੋਕ ਜੋ ਦੱਬੇ-ਕੁਚਲੇ ਭਾਈਚਾਰਿਆਂ, ਦਬੀਆਂ-ਕੁਚਲੀਆਂ ਆਇਡੈਂਟਿਟੀਜ਼ 'ਚੋਂ ਆਉਂਦੇ ਹਾਂ, (ਤਾਂ) ਸਾਨੂੰ ਆਪਣੀ ਤੱਤਕਾਲੀਨਤਾ (ਇਮੀਡੀਏਸੀ) ਵਿਚੋਂ ਬਾਹਰ ਆਉਣ ਅਤੇ ਇਸ ਸਭ ਕਾਸੇ ਨੂੰ ਸਮੁੱਚਤਾਵਾਦੀ (ਹੋਲਿਸਟਿਕ) ਤਰੀਕੇ ਨਾਲ ਲੈਣ ਦੀ ਲੋੜ ਹੈ।

ਪਹਿਲੀ ਵਾਰ ਪਿਛਲੇ ਸੱਤ ਸਾਲ ਵਿਚ ਮੈਨੂੰ ਲੱਗਿਆ ਕਿ ਮੈਂ ਮੁਸਲਮਾਨ ਹਾਂ, ਤੇ ਉਹ ਪਿਛਲੇ ਦਸ ਦਿਨਾਂ ਵਿਚ ਲੱਗਿਆ। ਜੇ ਰੋਹਿਤ ਵੇਮੁਲਾ ਦਾ ਹਵਾਲਾ ਦਿੰਦੇ ਹੋਏ ਕਿਹਾ ਜਾਵੇ, ਮੈਨੂੰ ਮੇਰੀ ਤੱਤਕਾਲੀ ਪਛਾਣ ਤਕ ਸੁੰਗੇੜ ਦਿੱਤਾ ਗਿਆ। ਇਹ ਗੱਲ ਬਹੁਤ ਸ਼ਰਮਨਾਕ ਹੈ। ਇਹ ਸਾਨੂੰ ਪਾਕਿਸਤਾਨੀ ਏਜੰਟ ਕਹਿ ਰਹੇ ਹਨ, ਤਾਂ ਮੈਂ ਇਕ ਪਾਕਿਸਤਾਨੀ ਸ਼ਾਇਰ ਦੇ ਦੋ ਲਫ਼ਜ਼, ਦੋ ਲਾਈਨਾਂ ਬੋਲਣੀਆਂ ਚਾਹਾਂਗਾ:

ਅਰੇ ਭਾਈ, ਹਿੰਦੁਸਤਾਨ ਭੀ ਮੇਰਾ ਹੈ  
ਔਰ ਪਾਕਿਸਤਾਨ ਭੀ ਮੇਰਾ ਹੈ।  
ਪਰ ਇਨ ਦੋਨੋਂ ਮੁਲਕੋਂ ਮੇਂ  
ਅਮਰੀਕਾ ਕਾ ਡੇਰਾ ਹੈ।


ਤੇ ਤੁਸੀਂ ਅਮਰੀਕਾ ਦੇ ਦਲਾਲ ਹੋ। ਤੁਸੀਂ ਲੋਕ ਜਿਨ੍ਹਾਂ ਨੂੰ ਦਲਾਲੀ ਤੋਂ ਸਿਵਾਏ ਕੁਝ ਨਹੀਂ ਆਉਂਦਾ। ਇਕ ਸਰਕਾਰ ਬੈਠੀ ਹੈ ਜੋ ਅਮਰੀਕਾ ਦੀਆਂ ਤਲੀਆਂ ਚੱਟ ਰਹੀ ਹੈ। ਸਾਡੇ ਦੇਸ਼ ਦੀ ਖਣਿਜ ਦੌਲਤ ਨੂੰ, ਇਥੋਂ ਦੇ ਵਸੀਲਿਆਂ ਨੂੰ, ਇਥੋਂ ਦੀ ਕਿਰਤ ਨੂੰ ਬੜੀਆਂ-ਬੜੀਆਂ ਮਲਟੀਨੈਸ਼ਨਲ ਕੰਪਨੀਆਂ ਨੂੰ ਵੇਚ ਰਹੀ ਹੈ, ਸਿੱਖਿਆ ਨੂੰ ਵੇਚ ਰਹੀ ਹੈ। ਅਸੀਂ ਦੇਖਿਆ ਹੈ ਕਿਸ ਤਰੀਕੇ ਨਾਲ ਡਬਲਯੂ.ਟੀ.ਓ. ਵਿਚ ਜਾ ਕੇ ਗੋਡੇ ਟੇਕ ਦਿੱਤੇ। ਗੋਡੇ ਕੀ ਟੇਕੇ, ਪੂਰਾ ਪੈਰਾਂ ਵਿਚ ਵਿਛ ਗਏ ਉਥੇ ਜਾ ਕੇ। (ਹੁਣ) ਉਹ ਲੋਕ ਸਾਨੂੰ ਦੱਸ ਰਹੇ ਨੇ ਦੇਸ਼ ਭਗਤੀ ਕੀ ਹੋਵੇਗੀ?

ਉਹ ਨਹੀਂ ਸਮਝਦੇ ਅਤੇ ਇਸ ਲਈ ਮੈਂ

(ਬਾਕੀ ਅਗਲੇ ਸਫ਼ੇ 'ਤੇ)

## ਜੇ.ਐਨ.ਯੂ. ਦੇ 'ਦੇਸ਼ ਧਰੋਹੀ' ਵਿਦਿਆਰਥੀ ਅਤੇ 'ਰਾਸ਼ਟਰਵਾਦ'

ਜੇ.ਐਨ.ਯੂ. ਦਿੱਲੀ ਦੇ ਜਿਨ੍ਹਾਂ 6 ਰੌਸ਼ਨ-ਖ਼ਿਆਲ ਵਿਦਿਆਰਥੀਆਂ ਨੂੰ ਦੇਸ਼ ਧਰੋਹੀ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਦੀ ਰਾਸ਼ਟਰਵਾਦ ਬਾਰੇ ਸੋਚ ਅਤੇ ਸਮਝ ਕੀ ਹੈ, ਉਸ ਦਾ ਸਾਰ-ਤੱਤ ਇਉਂ ਹੈ:




**ਕਨ੍ਹੱਈਆ ਕੁਮਾਰ:** ਸਾਡੇ ਲਈ ਰਾਸ਼ਟਰਵਾਦ ਦਾ ਭਾਵ ਹੈ ਹਿੰਦੁਸਤਾਨ ਦੇ 80% ਗ਼ਰੀਬ ਲੋਕਾਂ ਦੇ ਹੱਕਾਂ ਲਈ ਲੜਨਾ; ਸਾਨੂੰ ਇਸ ਮੁਲਕ ਦੇ ਸੰਵਿਧਾਨ ਵਿਚ ਪੂਰਾ ਭਰੋਸਾ ਹੈ, ਜੇ ਕੋਈ ਇਸ ਸੰਵਿਧਾਨ ਵੱਲ ਉਂਗਲ ਕਰਦਾ ਹੈ, ਚਾਹੇ ਸੰਘੀ ਹੋਣ ਜਾਂ ਕੋਈ ਹੋਰ, ਅਸੀਂ ਉਹ ਉਂਗਲ ਬਰਦਾਸ਼ਤ ਨਹੀਂ ਕਰਾਂਗੇ; ਪਰ ਝੰਡੇਵਾਲਾ ਜਾਂ ਨਾਗਪੁਰ ਵਿਖੇ ਜਿਹੜਾ ਸੰਵਿਧਾਨ ਪੜ੍ਹਾਇਆ ਜਾ ਰਿਹਾ ਹੈ, ਉਸ ਸੰਵਿਧਾਨ ਵਿਚ ਸਾਡਾ ਵਿਸ਼ਵਾਸ ਨਹੀਂ ਹੈ; ਸਾਡਾ ਜਾਤਪਾਤੀ ਵਿਤਕਰੇ ਵਿਚ ਕੋਈ ਯਕੀਨ ਨਹੀਂ; ਅਸੀਂ ਹਿੰਦੁਸਤਾਨ ਦੇ ਸੰਵਿਧਾਨ ਵਿਚ ਮਿਲੇ ਹੱਕ ਬੁਲੰਦ ਕਰਨਾ ਚਾਹੁੰਦੇ ਹਾਂ; ਅਸੀਂ ਭਗਤ ਸਿੰਘ ਅਤੇ ਅੰਬੇਡਕਰ ਦੇ ਸੁਪਨਿਆਂ ਦੇ ਹਿੰਦੁਸਤਾਨ ਦੀ ਡੱਟ ਕੇ ਹਮਾਇਤ ਕਰਦੇ ਹਾਂ; ਅਸੀਂ ਇਸ ਸੁਪਨੇ ਦੇ ਹਾਮੀ ਹਾਂ ਕਿ ਸਾਰਿਆਂ ਨੂੰ ਜ਼ਿੰਦਗੀ ਦਾ, ਢਿੱਡ ਭਰਨ ਦਾ, ਵਿਚਾਰ ਪ੍ਰਗਟਾਵੇ ਦਾ ਹੱਕ ਹੋਵੇ। ਰੋਹਿਤ ਨੇ ਇਸ ਸੁਪਨੇ ਲਈ ਆਪਣੀ ਜਾਨ ਕੁਰਬਾਨ ਕੀਤੀ; ਅਸੀਂ ਸਾਰਿਆਂ ਲਈ ਨਿਆਂ ਯਕੀਨੀ ਬਣਾਵਾਂਗੇ, ਤੇ ਇਹ ਪਾਰਲੀਮੈਂਟ 'ਚੋਂ, ਸੰਵਿਧਾਨ 'ਚੋਂ, ਜਮਹੂਰੀਅਤ 'ਚੋਂ ਹਾਸਲ ਹੋਵੇਗਾ; ਜੇ.ਐਨ.ਯੂ. ਸਟੂਡੈਂਟਸ ਯੂਨੀਅਨ ਹਿੰਸਾ, ਦਹਿਸ਼ਤਵਾਦ, ਰਾਸ਼ਟਰ ਵਿਰੋਧੀ ਕਾਰਵਾਈਆਂ ਦੇ ਖ਼ਿਲਾਫ਼ ਹੈ ਜਿਨ੍ਹਾਂ ਅਣਪਛਾਤੇ ਵਿਅਕਤੀਆਂ ਨੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ, ਅਸੀਂ ਉਸ ਦੀ ਪੂਰੀ ਤਰ੍ਹਾਂ ਨਿਖੇਧੀ ਕਰਦੇ ਹਾਂ।



**ਉਮਰ ਖ਼ਾਲਿਦ:** ਉਹ ਕਹਿ ਰਹੇ ਹਨ, ਮੈਂ ਰਾਸ਼ਟਰ ਵਿਰੋਧੀ ਹਾਂ... ਜੇ ਅਸੀਂ ਰਾਸ਼ਟਰ ਵਿਰੋਧੀ ਹਾਂ, ਤਾਂ ਮੈਂ ਕਹਾਂਗਾ ਦੁਨੀਆ ਭਰ ਦੇ ਰਾਸ਼ਟਰ ਵਿਰੋਧੀਓ... ਇਕ ਹੋ ਜਾਓ। ਸਾਡਾ ਲੋਕਾਂ ਲਈ ਪਿਆਰ, ਸਾਡਾ ਸੰਘਰਸ਼ ਹੱਦਾਂ ਦਾ, ਸਰਹੱਦਾਂ ਦਾ ਫ਼ਰਕ ਨਹੀਂ ਕਰਦਾ।... ਉਹ (ਸਰਕਾਰ) ਇਹ ਪਤਾ ਲਾ ਰਹੇ ਹਨ ਕਿ ਅਸੀਂ ਡਰ ਜਾਵਾਂਗੇ। ਆਓ ਇਹ ਚੁਣੌਤੀ ਕਬੂਲ ਕਰੀਏ ਕਿ ਅਸੀਂ ਡਰਾਂਗੇ ਨਹੀਂ! ਅਸੀਂ ਹਰ ਮੁਹਾਜ਼ ਉਪਰ ਲੜਾਂਗੇ। ਅਸੀਂ ਹਰ ਮੁੱਦੇ ਉਪਰ ਲੜਾਂਗੇ। ਇਸ ਕੈਂਪਸ ਵਿਚ ਹਰ ਵਿਦਿਆਰਥੀ ਨੂੰ ਕਿਸੇ ਵੀ ਮੁੱਦੇ ਉੱਪਰ, ਬੇਖ਼ੌਫ਼ ਹੋ ਕੇ ਆਪਣੀ ਰਾਇ ਪੇਸ਼ ਕਰਨ ਦਾ ਹੱਕ ਹੈ।

**ਅਨਿਰਬਾਨ ਭੱਟਾਚਾਰੀਆ:** ਸਾਡੀ ਸਰਕਾਰ ਚਾਹੁੰਦੀ ਹੈ ਕਿ ਵਿਦਿਆਰਥੀ ਸੋਚਣਾ ਬੰਦ ਕਰ ਦੇਣ। ਅਸੀਂ ਉਨ੍ਹਾਂ ਵਕਤਾਂ ਵਿਚ ਰਹਿ ਰਹੇ ਹਾਂ (ਕਿ) ਜਿਉਂ ਹੀ ਤੁਸੀਂ ਸੋਚਣ ਲੱਗਦੇ ਹੋ, ਤੁਸੀਂ ਰਾਸ਼ਟਰ ਵਿਰੋਧੀ ਬਣ ਜਾਂਦੇ ਹੋ।

**ਰਾਮਾ ਨਾਗਾ:** ਮੈਂ ਨਹੀਂ ਸੋਚਦਾ ਸਾਨੂੰ ਸਿਰਫ਼ ਮੁਲਕ ਨੂੰ ਪਿਆਰ ਕਰਨਾ ਚਾਹੀਦਾ ਹੈ, ਸਾਨੂੰ ਇਸ ਮੁਲਕ ਦੇ ਲੋਕਾਂ ਨੂੰ ਵੀ ਪਿਆਰ ਕਰਨਾ ਚਾਹੀਦਾ ਹੈ। ਜੇ.ਐਨ.ਯੂ. ਵਿਖੇ ਅਸੀਂ ਦਲਿਤਾਂ, ਮੁਸਲਮਾਨਾਂ ਅਤੇ ਸਮਾਜ ਦੇ ਸਾਰੇ ਹਾਸ਼ੀਆਗ੍ਰਸਤ ਹਿੱਸਿਆਂ ਸਮੇਤ ਸਾਰੇ ਲੋਕਾਂ ਲਈ ਲੜੇ...। ਸਮੱਸਿਆ ਇਹ ਹੈ ਕਿ ਜੋ ਹੁਕਮਰਾਨ ਭਾਰਤੀ ਜਨਤਾ ਪਾਰਟੀ ਅਤੇ ਉਨ੍ਹਾਂ ਦੇ ਵਿਚਾਰਧਾਰਕ ਗੁਰੂਆਂ, ਆਰ.ਐਸ.ਐਸ. ਵਲੋਂ ਘੜੇ ਰਾਸ਼ਟਰਵਾਦ ਦੇ ਖ਼ਿਆਲਾਂ ਦੇ ਮੇਚ ਨਹੀਂ ਆਉਂਦਾ, ਉਸ ਉਪਰ ਰਾਸ਼ਟਰ ਵਿਰੋਧੀ ਦਾ ਠੱਪਾ ਲਾ ਦਿੱਤਾ ਜਾਂਦਾ ਹੈ।



**ਆਸ਼ੂਤੋਸ਼ ਕੁਮਾਰ:** ਮਾਰਕਸਵਾਦ ਦੇ ਵਿਦਿਆਰਥੀਆਂ ਦੇ ਤੌਰ 'ਤੇ ਅਸੀਂ ਦੁਨੀਆ ਭਰ ਦੇ ਕਿਰਤੀਆਂ ਦੀ ਏਕਤਾ ਦੀ ਗੱਲ ਕਰਦੇ ਹਾਂ। ਜਦੋਂ ਅਸੀਂ ਕਹਿੰਦੇ ਹਾਂ 'ਦੁਨੀਆਂ ਭਰ ਦੇ ਕਿਰਤੀਓ... ਇਕ ਹੋ ਜਾਓ', ਜਦੋਂ ਮੈਂ ਰਾਸ਼ਟਰਵਾਦ ਨੂੰ ਤਸੱਵਰ ਕਰਦਾ ਹਾਂ ਤਾਂ ਮੇਰਾ ਤਸੱਵਰ ਇਹ ਹੈ।... ਅਸੀਂ ਐਸੇ ਸਮਾਜ ਦੀ ਸੋਚ ਰੱਖਦੇ ਹਾਂ ਜਿਥੇ ਕੋਈ ਸਰਹੱਦਾਂ ਨਾ ਹੋਣ। ਅੱਜ ਜੋ ਸਾਡਾ ਸਮਾਜ ਹੈ ਜਿਥੇ 1 ਫੀਸਦੀ ਲੋਕ ਹਰ ਚੀਜ਼ ਦੇ ਮਾਲਕ ਹਨ ਅਤੇ ਉਨ੍ਹਾਂ ਦਾ ਕੰਟਰੋਲ ਹੈ ਅਤੇ ਉਹ ਬਾਕੀ 99 ਫੀਸਦੀ ਦੀ ਲੁੱਟ-ਖਸੁੱਟ ਕਰਦੇ ਹਨ... ਇਹ ਲੋਕ ਹਨ ਜੋ ਰਾਸ਼ਟਰਵਾਦ ਦੇ ਖ਼ਿਆਲਾਂ ਨੂੰ ਪ੍ਰਿਭਾਸ਼ਤ ਕਰਦੇ ਹਨ ਅਤੇ ਇਨ੍ਹਾਂ ਨੂੰ ਸਾਡੇ ਉਪਰ ਥੋਪਦੇ ਹਨ। ਅਸੀਂ ਇਨ੍ਹਾਂ ਦੇ ਖ਼ਿਲਾਫ਼ ਲੜ ਰਹੇ ਹਾਂ। ਭਾਜਪਾ ਅਤੇ ਆਰ.ਐਸ.ਐਸ. ਦਾ ਵਿਸ਼ਵਾਸ ਹੈ ਕਿ ਜੋ ਵੀ ਹਿੰਦੁਸਤਾਨ ਵਿਚ ਜੰਮਿਆ ਅਤੇ ਜਿਸ ਦਾ ਧਰਮ ਹਿੰਦੂ ਹੈ, ਉਹੀ ਹਿੰਦੁਸਤਾਨੀ ਹੋ ਸਕਦਾ ਹੈ... ਅਸੀਂ ਰਾਸ਼ਟਰਵਾਦ ਦੇ ਇਨ੍ਹਾਂ ਖ਼ਿਆਲਾਂ ਨੂੰ ਰੱਦ ਕਰਦੇ ਹਾਂ।





**ਅਨੰਤ ਪ੍ਰਕਾਸ਼ ਨਰਾਇਣ:** ਰਾਸ਼ਟਰਵਾਦ ਤੋਂ ਕੀ ਭਾਵ ਹੈ, ਇਸ ਨੂੰ ਲੈ ਕੇ ਕੁਲ ਦੁਨੀਆਂ ਵਿਚ ਬਹਿਸ ਹੈ। ਇਸ ਬਾਰੇ ਵੱਖੋ-ਵੱਖਰੀਆਂ ਪ੍ਰਿਭਾਸ਼ਾਵਾਂ ਅਤੇ ਨੁਕਤਾਨਜ਼ਰ ਹਨ... ਕੁਝ ਕਹਿੰਦੇ ਹਨ ਕਿ ਪਹਿਲਾਂ ਰਾਸ਼ਟਰ ਬਣਿਆ ਅਤੇ ਫਿਰ ਇਸ ਤੋਂ ਪਿੱਛੋਂ ਰਾਸ਼ਟਰਵਾਦ ਆਇਆ। ਦੂਜਾ ਵਿਚਾਰ ਹੈ ਕਿ ਪਹਿਲਾਂ ਰਾਸ਼ਟਰਵਾਦ ਸੀ ਅਤੇ ਰਾਸ਼ਟਰ ਇਸ ਵਿਚੋਂ ਬਣਿਆ।... ਕੁਝ ਲਈ ਰਾਸ਼ਟਰਵਾਦ ਚਿੰਨ੍ਹਾਂ ਨਾਲ ਜੁੜਿਆ ਹੋਇਆ ਹੈ- ਤੁਸੀਂ ਸਰਹੱਦ ਉਪਰ ਝੰਡਾ ਲਹਿਰਾਉਂਦੇ ਹੋ ਅਤੇ ਤੁਸੀਂ ਰਾਸ਼ਟਰਵਾਦੀ ਹੋ। ਜ਼ਿਆਦਾਤਰ ਫਾਸ਼ੀਵਾਦੀ ਸਰਕਾਰਾਂ ਦੀ ਰੁਚੀ ਚਿੰਨ੍ਹਾਂ ਨੂੰ ਰਾਸ਼ਟਰਵਾਦ ਨਾਲ ਜੋੜਨ ਦੀ ਹੈ... ਹਿੰਦੁਸਤਾਨ ਵਿਚ ਬਹੁਤ ਸਾਰੀਆਂ ਕੌਮੀਅਤਾਂ ਦੀ ਸਹਿਹੋਂਦ ਹੈ, ਪਰ ਸਰਕਾਰ ਹਰ ਚੀਜ਼ ਨੂੰ ਇਕ ਬਣਾਉਣ ਦਾ ਯਤਨ ਕਰ ਰਹੀ ਹੈ ਅਤੇ ਵੰਨ-ਸੁਵੰਨਤਾ ਦੀ ਹੱਤਿਆ ਕਰਨ ਦਾ ਯਤਨ ਕਰ ਰਹੀ ਹੈ... ਅਸੀਂ ਉਸ ਚਿੰਨ੍ਹਵਾਦ, ਰਾਸ਼ਟਰਵਾਦ ਦੇ ਬਹੁਤ ਹੀ ਤੰਗ ਖ਼ਿਆਲ ਤੋਂ ਉਪਰ ਉਠਣਾ ਚਾਹੁੰਦੇ ਹਾਂ ਜਿਸ ਨੂੰ ਕਈਆਂ ਵਲੋਂ ਪ੍ਰਚਾਰਿਆ ਜਾ ਰਿਹਾ ਹੈ। ਮੈਂ ਰਾਸ਼ਟਰਵਾਦ ਦੇ ਖ਼ਿਆਲ ਨੂੰ ਮਜ਼ਦੂਰ ਜਮਾਤ ਅਤੇ ਉਨ੍ਹਾਂ ਦੇ ਸੰਘਰਸ਼ਾਂ, ਦੱਬੇ-ਕੁਚਲਿਆਂ ਤੇ ਦਲਿਤਾਂ ਅਤੇ ਹੋਰ ਸਹੂਲਤਾਂ ਤੋਂ ਵਾਂਝੇ ਲੋਕਾਂ ਦੀ ਲੜਾਈ ਨਾਲ ਜੋੜ ਕੇ ਦੇਖਦਾ ਹਾਂ।

*-ਅਨੁਵਾਦ: ਬੂਟਾ ਸਿੰਘ*

ਤੁਹਾਨੂੰ ਸਾਰੇ ਸਾਥੀ 'ਦੇਸ਼ ਵਿਰੋਧੀਆਂ' ਨੂੰ ਕਹਿ ਰਿਹਾ ਹਾਂ, ਦੁਨੀਆਂ ਦੇ ਸਾਰੇ 'ਦੇਸ਼ ਵਿਰੋਧੀਓ' ਇਕ ਹੋ ਜਾਓ। ਸਾਡਾ ਲੋਕਾਂ ਲਈ ਪਿਆਰ, ਸਾਡਾ ਸੰਘਰਸ਼ ਹੱਦਾਂ ਦਾ, ਸਰਹੱਦਾਂ ਦਾ ਫ਼ਰਕ ਨਹੀਂ ਕਰਦਾ। ਦੁਨੀਆਂ ਭਰ ਵਿਚ ਅਸੀਂ ਸਾਰੇ ਇਕਮੁੱਠ ਹੋਵਾਂਗੇ, ਉਹ ਚਾਹੇ ਕਿਸੇ ਵੀ ਸਰਕਾਰ ਖ਼ਿਲਾਫ਼ ਹੋਵੇ ਜਾਂ ਕਿਸੇ ਵੀ ਦੇਸ਼ ਦੀ ਸਰਕਾਰ ਖ਼ਿਲਾਫ਼ ਹੋਵੇ। ਤੇ ਇਸ ਤਰ੍ਹਾਂ ਦੀਆਂ ਘਿਨਾਉਣੀਆਂ ਚਾਲਾਂ ਨਾਲ ਉਹ ਸਾਨੂੰ ਡਰਾ ਨਹੀਂ ਸਕਦੇ, ਚੁੱਪ ਨਹੀਂ ਕਰਾ ਸਕਦੇ।

ਸਾਥੀਓ, ਤੁਹਾਨੂੰ ਸਾਰੇ ਲੋਕਾਂ ਨੂੰ ਮੈਨੂੰ ਕਹਿਣ ਦੀ ਜ਼ਰੂਰਤ ਨਹੀਂ ਹੈ, ਲੇਕਿਨ ਡਰਨ ਦੀ ਕੋਈ ਜ਼ਰੂਰਤ ਨਹੀਂ ਹੈ। ਇਹ ਲੋਕ- ਇਨ੍ਹਾਂ ਦੀ ਬਹੁ-ਗਿਣਤੀ ਹੋ ਸਕਦੀ ਹੈ, ਇਨ੍ਹਾਂ ਕੋਲ ਬਹੁਤ ਸੀਟਾਂ ਹੋ ਸਕਦੀਆਂ ਹਨ; ਬਹੁਤ ਸਾਰਾ ਮੀਡੀਆ, ਸਟੇਟ ਅਪਰੇਟਸ, ਪੁਲਿਸ... ਕੀ ਕੀ ਹੋ ਸਕਦਾ ਹੈ, ਲੇਕਿਨ ਇਹ ਡਰਪੋਕ ਲੋਕ ਹਨ।

ਉਹ ਡਰਦੇ ਨੇ ਸਾਥੋਂ, ਉਹ ਡਰਦੇ ਨੇ ਸਾਡੇ ਸੰਘਰਸ਼ਾਂ ਤੋਂ... ਉਹ ਡਰਦੇ ਨੇ ਕਿਉਂਕਿ ਅਸੀਂ ਸੋਚਦੇ ਹਾਂ। ਤੇ ਅੱਜ ਸਾਡੇ ਦੇਸ਼ ਵਿਚ, ਮੇਰੇ ਸਾਥੀ ਅਨਿਰਬਾਨ ਨੇ ਇਕ ਗੱਲ 10 ਫਰਵਰੀ ਨੂੰ ਮੀਡੀਆ ਵਿਚ ਕਹੀ ਸੀ- ਸਭ ਤੋਂ ਆਸਾਨ ਹੈ ਦੇਸ਼ ਵਿਰੋਧੀ ਹੋਣਾ! ਤੁਸੀਂ ਸੋਚਣਾ ਸ਼ੁਰੂ ਕਰ ਦਿੱਤਾ, ਤੁਹਾਨੂੰ ਤੁਰੰਤ ਦੇਸ਼ ਵਿਰੋਧੀ ਕਹਿ ਦਿੱਤਾ ਜਾਵੇਗਾ।

ਜੇ ਉਨ੍ਹਾਂ ਨੂੰ ਲਗਦਾ ਹੈ, ਇਸ ਤਰੀਕੇ ਨਾਲ ਸਾਨੂੰ ਡਰਾ ਸਕਦੇ ਹਨ, ਤਾਂ ਉਹ ਬਹੁਤ ਵੱਡੇ ਭਰਮ ਵਿਚ ਨੇ। ਜਿਸ ਤਰੀਕੇ ਨਾਲ ਮੈਂ ਪਹਿਲਾਂ ਬੋਲਿਆ ਹੈ, ਤੁਸੀਂ ਗ਼ਲਤ ਯੂਨੀਵਰਸਿਟੀ ਨਾਲ ਪੰਗਾ ਲੈ ਲਿਆ ਹੈ, ਉਹ ਬਹੁਤ ਸਾਰੀਆਂ ਯੂਨੀਵਰਸਿਟੀਆਂ ਨਾਲ ਪਹਿਲਾਂ ਹੀ ਪੰਗਾ ਲੈ ਰਹੇ ਹਨ; ਲੇਕਿਨ ਚਾਹੇ ਇਹ ਐੱਫ.ਟੀ.ਆਈ.ਆਈ. ਦੀ ਲੜਾਈ ਹੋਵੇ, ਚਾਹੇ ਜੋ ਐੱਚ.ਸੀ.ਯੂ. (ਹੈਦਰਾਬਾਦ ਸੈਂਟਰਲ ਯੂਨੀਵਰਸਿਟੀ) ਵਿਚ ਰੋਹਿਤ ਵੇਮੂਲਾ ਤੇ ਉਨ੍ਹਾਂ ਦੇ ਸਾਥੀਆਂ ਦੇ ਨਾਲ ਹੋਇਆ, ਜਿਸ ਤਰੀਕੇ ਨਾਲ ਰੋਹਿਤ ਵੇਮੂਲਾ ਦੀ ਹੱਤਿਆ ਕੀਤੀ ਗਈ, ਜੋ ਬਨਾਰਸ ਯੂਨੀਵਰਸਿਟੀ ਵਿਚ ਸੰਦੀਪ ਪਾਂਡੇ ਨਾਲ ਹੋਇਆ... ਹਰ ਲੜਾਈ ਵਿਚ ਅਸੀਂ ਮੋਢੇ ਨਾਲ ਮੋਢਾ ਜੋੜ ਕੇ ਲੜੇ ਹਾਂ।

*ਉਹ ਡਰਦੇ ਨੇ ਸਾਥੋਂ, ਉਹ ਡਰਦੇ ਨੇ ਸਾਡੇ ਸੰਘਰਸ਼ਾਂ ਤੋਂ... ਉਹ ਡਰਦੇ ਨੇ ਕਿਉਂਕਿ ਅਸੀਂ ਸੋਚਦੇ ਹਾਂ। ਤੇ ਅੱਜ ਸਾਡੇ ਦੇਸ਼ ਵਿਚ, ਮੇਰੇ ਸਾਥੀ ਅਨਿਰਬਾਨ ਨੇ ਇਕ ਗੱਲ 10 ਫਰਵਰੀ ਨੂੰ ਮੀਡੀਆ ਵਿਚ ਕਹੀ ਸੀ- ਸਭ ਤੋਂ ਆਸਾਨ ਹੈ ਦੇਸ਼ ਵਿਰੋਧੀ ਹੋਣਾ! ਤੁਸੀਂ ਸੋਚਣਾ ਸ਼ੁਰੂ ਕਰ ਦਿੱਤਾ, ਤੁਹਾਨੂੰ ਤੁਰੰਤ ਦੇਸ਼ ਵਿਰੋਧੀ ਕਹਿ ਦਿੱਤਾ ਜਾਵੇਗਾ।... ਜੇ ਉਨ੍ਹਾਂ ਨੂੰ ਲਗਦਾ ਹੈ, ਇਸ ਤਰੀਕੇ ਨਾਲ ਸਾਨੂੰ ਡਰਾ ਸਕਦੇ ਹਨ, ਤਾਂ ਉਹ ਬਹੁਤ ਵੱਡੇ ਭਰਮ ਵਿਚ ਨੇ। ਜਿਸ ਤਰੀਕੇ ਨਾਲ ਮੈਂ ਪਹਿਲਾਂ ਬੋਲਿਆ ਹੈ, ਤੁਸੀਂ .ਗਲਤ ਯੂਨੀਵਰਸਿਟੀ ਨਾਲ ਪੰਗਾ ਲੈ ਲਿਆ ਹੈ, ਉਹ ਬਹੁਤ ਸਾਰੀਆਂ ਯੂਨੀਵਰਸਿਟੀਆਂ ਨਾਲ ਪਹਿਲਾਂ ਹੀ ਪੰਗਾ ਲੈ ਰਹੇ ਹਨ; ਲੇਕਿਨ ਚਾਹੇ ਇਹ ਐੱਫ.ਟੀ.ਆਈ.ਆਈ. ਦੀ ਲੜਾਈ ਹੋਵੇ, ਚਾਹੇ ਜੋ ਐੱਚ.ਸੀ.ਯੂ. (ਹੈਦਰਾਬਾਦ ਸੈਂਟਰਲ ਯੂਨੀਵਰਸਿਟੀ) ਵਿਚ ਰੋਹਿਤ ਵੇਮੂਲਾ ਤੇ ਉਨ੍ਹਾਂ ਦੇ ਸਾਥੀਆਂ ਦੇ ਨਾਲ ਹੋਇਆ, ਜਿਸ ਤਰੀਕੇ ਨਾਲ ਰੋਹਿਤ ਵੇਮੂਲਾ ਦੀ ਹੱਤਿਆ ਕੀਤੀ ਗਈ, ਜੋ ਬਨਾਰਸ ਯੂਨੀਵਰਸਿਟੀ ਵਿਚ ਸੰਦੀਪ ਪਾਂਡੇ ਨਾਲ ਹੋਇਆ... ਹਰ ਲੜਾਈ ਵਿਚ ਅਸੀਂ ਮੋਢੇ ਨਾਲ ਮੋਢਾ ਜੋੜ ਕੇ ਲੜੇ ਹਾਂ।*

ਅਸੀਂ ਹਰ ਲੜਾਈ ਨੂੰ ਸੜਕਾਂ ਉਪਰ ਲੈ ਕੇ ਗਏ ਹਾਂ। ਅਸੀਂ ਆਪਣੀ ਜ਼ਿੰਮੇਦਾਰੀ ਸਮਝਦੇ ਹਾਂ। ਤੇ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਸਭ ਤੋਂ ਬੜਾ ਨੱਕ ਵਿਚ ਦਮ ਜੇ.ਐੱਨ.ਯੂ. ਨੇ ਕੀਤਾ ਹੈ ਤੇ ਤੁਸੀਂ ਉਸ ਨੂੰ ਖ਼ਤਮ ਕਰ ਦਿਓਗੇ, ਤਾਂ ਤੁਹਾਡੇ ਵਰਗੇ ਪਹਿਲਾਂ ਵੀ ਬਥੇਰੇ ਆਏ ਸਨ ਤੇ ਉਨ੍ਹਾਂ ਨੂੰ ਐਸੇ ਤਰੀਕੇ ਨਾਲ ਇੱਥੋਂ ਦਬੱਲ ਦਿੱਤਾ ਗਿਆ ਸੀ। ਸ਼ਾਇਦ ਤੁਸੀਂ ਇੰਦਰਾ ਗਾਂਧੀ ਨੂੰ ਭੁੱਲ ਗਏ। ਐਮਰਜੈਂਸੀ ਤੋਂ ਬਾਅਦ ਜਦੋਂ ਉਹ ਇਥੇ ਆਈ ਸੀ ਤਾਂ ਉਸ ਨੂੰ ਆਉਣ ਨਹੀਂ ਸੀ ਦਿੱਤਾ ਗਿਆ। ਸ਼ਾਇਦ ਤੁਸੀਂ ਮਨਮੋਹਨ ਸਿੰਘ ਨੂੰ ਭੁੱਲ ਗਏ ਜਦੋਂ ਉਹ ਇਥੇ ਨਹਿਰੂ ਦੇ ਬੁੱਤ ਤੋਂ ਪਰਦਾ ਹਟਾਉਣ ਆਇਆ ਸੀ ਤਾਂ ਇਸ ਕੈਂਪਸ ਦੇ ਵਿਦਿਆਰਥੀਆਂ ਨੇ ਜਿਸ ਤਰੀਕੇ ਨਾਲ ਇਸ ਦੇਸ਼ ਨੂੰ ਵੇਚਣ ਦੀ ਸਾਜ਼ਿਸ਼ ਯੂ.ਪੀ.ਏ. ਸਰਕਾਰ ਕਰ ਰਹੀ ਸੀ, ਉਸ ਨੂੰ (ਵਿਰੋਧ ਦੇ) ਝੰਡੇ ਦਿਖਾਏ ਸੀ। ਜਦੋਂ ਪੀ.ਚਿਦੰਬਰਮ ਇਥੇ ਆਇਆ ਸੀ ਤੇ ਉਸ ਨੂੰ ਲੱਗਦਾ ਸੀ ਕਿ ਵਿਦਿਆਰਥੀ ਉਸ ਦਾ ਸਵਾਗਤ ਕਰਨਗੇ, ਤਾਂ ਵਿਦਿਆਰਥੀਆਂ ਨੇ ਉਸ ਨੂੰ ਵੀ ਉਸ ਦੀ ਜਗ੍ਹਾ ਦਿਖਾਈ ਸੀ ਕਿ ਵਿਦਿਆਰਥੀ ਕਿਸ ਦੇ ਨਾਲ ਹਨ। ਵਿਦਿਆਰਥੀ ਇਸ ਦੇਸ਼ ਦੇ ਲੁੱਟੇ-ਪੁੱਟੇ, ਪੀੜਤ ਲੋਕਾਂ ਦੇ ਨਾਲ ਹਨ। ਤੁਹਾਡੇ ਇਸ ਤਰ੍ਹਾਂ ਦੇ ਘਿਨਾਉਣੇ ਦਾਅ-ਪੇਚਾਂ ਨਾਲ ਕੋਈ ਨਹੀਂ ਡਰੇਗਾ। ਇਹ ਮਹਿਜ਼ ਖ਼ਾਮ-ਖ਼ਿਆਲੀਆਂ ਹਨ। ਉਹ ਇਹ ਪਤਾ ਲਾ ਰਹੇ ਹਨ ਕਿ ਅਸੀਂ ਡਰ ਜਾਵਾਂਗੇ। ਆਓ ਇਹ ਚੁਣੌਤੀ ਕਬੂਲ ਕਰੀਏ ਕਿ ਅਸੀਂ ਡਰਾਂਗੇ ਨਹੀਂ। ਅਸੀਂ ਹਰ ਮੁਹਾਜ਼ ਉਪਰ ਲੜਾਂਗੇ। ਅਸੀਂ ਹਰ ਮੁੱਦੇ ਉਪਰ ਲੜਾਂਗੇ। ਇਸ ਕੈਂਪਸ ਵਿਚ ਹਰ ਵਿਦਿਆਰਥੀ ਨੂੰ ਕਿਸੇ ਵੀ ਮੁੱਦੇ ਉੱਪਰ, ਬੇਖੌਫ਼ ਹੋ ਕੇ ਆਪਣੀ ਰਾਇ ਪੇਸ਼ ਕਰਨ ਦਾ ਹੱਕ ਹੈ।

ਸਾਥੀਓ, ਇਹ ਡਰਪੋਕ ਲੋਕ ਹਨ। ਇਨ੍ਹਾਂ ਦਾ ਇਕ ਵਿਦਿਆਰਥੀ ਵਿੰਗ ਹੈ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ। ਇਸ ਕੈਂਪਸ ਦੀ ਜੋ ਇਕ ਬਾਂਦਰ ਸੈਨਾ ਹੈ- ਉਨ੍ਹਾਂ ਨੂੰ ਇਹ ਠੇਕਾ ਮਿਲ ਗਿਆ ਹੈ ਕਿ ਇਥੇ ਕੁਝ ਹੋਵੇ, ਜਦੋਂ ਐਸੀ ਕੋਈ ਗੱਲ ਹੋਵੇ ਕਿ ਤੁਹਾਡਾ ਏਜੰਡਾ ਸਾਹਮਣੇ ਨਹੀਂ ਆ ਰਿਹਾ ਅਤੇ ਲੋਕ ਤੁਹਾਡੀ ਨੁਕਤਾਚੀਨੀ ਕਰ ਰਹੇ ਹਨ ਤਾਂ ਜਾਓ ਜਾ ਕੇ ਹੁੜਦੰਗ ਮਚਾਓ। ਅਸੀਂ (ਸੰਘ ਪਰਿਵਾਰ) ਇਹ ਯਕੀਨੀ ਬਣਾਵਾਂਗੇ ਕਿ ਇਸ ਯੂਨੀਵਰਸਿਟੀ ਦਾ ਵਾਈਸ ਚਾਂਸਲਰ, ਇਸ ਦਾ ਰਜਿਸਟਰਾਰ, ਪੁਲਿਸ, ਐੱਮ.ਪੀ. ਸਾਰੇ ਤੁਹਾਡੇ ਨਾਲ ਖੜ੍ਹਨਗੇ।

ਇਕ-ਇਕ ਚੀਜ਼... ਤੁਸੀਂ ਅੱਪਾ ਰਾਓ ਦੀ ਥਾਂ ਜਗਦੀਸ਼ ਕੁਮਾਰ (ਐੱਚ.ਸੀ.ਯੂ. ਅਤੇ ਜੇ.ਐੱਨ.ਯੂ. ਦੇ ਵਾਈਸ ਚਾਂਸਲਰ) ਨੂੰ ਅੱਗੇ ਲਿਆਉਂਦੇ ਹੋ, ਤੁਸੀਂ ਮਹੇਸ਼ ਗਿਰੀ ਦੀ ਥਾਂ ਦੱਤਾਤ੍ਰੇਯਾ (ਹੈਦਰਾਬਾਦ ਅਤੇ ਦਿੱਲੀ ਤੋਂ ਭਾਜਪਾ ਦੇ ਸੰਸਦ ਮੈਂਬਰ ਜਿਨ੍ਹਾਂ ਨੇ ਏ.ਬੀ.ਵੀ.ਪੀ. ਦੀ ਹਮਾਇਤ ਕਰਦਿਆਂ ਚਿੱਠੀਆਂ ਲਿਖੀਆਂ) ਨੂੰ ਅੱਗੇ ਲਿਆਉਂਦੇ ਹੋ... ਸਕ੍ਰਿਪਟ ਉਹੀ ਹੈ, ਪਰ ਹੁਣ ਹੋਰ ਰੋਹਿਤ ਨਹੀਂ ਬਣਨਗੇ। ਅਸੀਂ ਆਪਣੀ ਤੱਤਕਾਲੀਨ ਪਛਾਣ ਤਕ ਸੀਮਤ ਨਹੀਂ ਹੋਵਾਂਗੇ। ਅਸੀਂ ਤਾਰਾ-ਮੰਡਲ ਬਣਾਂਗੇ ਜੋ ਗਰਦਿਸ਼ 'ਚ ਰਹਿਣਗੇ ਅਤੇ ਟੱਕਰ ਲੈਣਗੇ। ਅਸੀਂ ਜਾਣਦੇ ਹਾਂ, ਅਸੀਂ ਕਿਸ ਮਿੱਟੀ ਦੇ ਬਣੇ ਹਾਂ। ਅਸੀਂ ਇਸ ਕੈਂਪਸ ਨੂੰ ਜਾਣਦੇ ਹਾਂ, ਇਹ ਕੈਂਪਸ ਸਾਡੇ ਦਿਲਾਂ ਵਿਚ ਵਸਦਾ ਹੈ, ਅਸੀਂ ਇਹ ਸਪੇਸ ਉਸਾਰੀ ਹੈ ਅਤੇ ਅਸੀਂ ਤੁਹਾਨੂੰ ਇਸ ਸਪੇਸ ਨੂੰ ਤਬਾਹ ਕਰਨ ਦੀ ਇਜਾਜ਼ਤ ਨਹੀਂ ਦੇਵਾਂਗੇ। ਅਸੀਂ ਤੁਹਾਨੂੰ ਇਕ ਇੰਚ ਸਪੇਸ ਵੀ ਨਹੀਂ ਦਿਆਂਗੇ। ਇਹ ਇਕ-ਇਕ ਇੰਚ ਲਈ ਲੜਾਈ ਹੈ, ਅਸੀਂ ਤੁਹਾਨੂੰ ਇਕ-ਇਕ ਇੰਚ ਖਦੇੜ ਕੇ ਕੱਢਾਂਗੇ।

ਸਾਥੀਓ, ਇਹ ਕਿਉਂ ਹੈ ਕਿ ਏ.ਬੀ.ਵੀ.ਪੀ. ਵਾਲੇ ਇਉਂ ਹਰ ਥਾਂ ਹੁੜਦੰਗ ਮਚਾਉਂਦੇ ਨੇ। ਉਹ ਇਕ ਗੱਲ ਜਾਣਦੇ ਨੇ, ਜਿਸ ਤਰੀਕੇ ਨਾਲ ਸਟੇਟ ਮਸ਼ੀਨਰੀ ਨੂੰ ਲਾਮਬੰਦ ਕਰਦੇ ਹਨ, ਉਹ ਜਨਤਾ ਵਿਚ ਜਾ ਕੇ ਜਨਤਾ ਨੂੰ ਲਾਮਬੰਦ ਨਹੀਂ ਕਰ ਸਕਦੇ। ਪਿਛਲੇ ਦਸ ਦਿਨਾਂ ਵਿਚ, ਮੀਡੀਆ ਵਲੋਂ ਐਨਾ ਪ੍ਰਾਪੇਗੰਡਾ ਕਰਨ ਤੋਂ ਬਾਅਦ, ਇਸ ਤਰੀਕੇ ਨਾਲ ਮੀਡੀਆ ਟਰਾਇਲ ਕਰਨ ਤੋਂ ਬਾਅਦ, ਅੰਦਰੋਂ ਦੇਸ਼ ਭਗਤੀ ਨੂੰ ਜਗਾਉਣ ਦੀ ਕੋਸ਼ਿਸ਼ ਕਰਨ ਤੋਂ ਬਾਅਦ ਵੀ, ਜੋ ਕੁਝ ਦਿਨ ਪਹਿਲਾਂ ਤਕ ਸੁੱਤੀ ਹੋਈ ਸੀ, ਸੜਕਾਂ ਉਪਰ ਜਿੰਨੇ ਪ੍ਰਦਰਸ਼ਨ ਹੋਏ ਹਨ, ਕੁਝ ਤਾਦਾਦ (ਹੀ) ਹੈ ਇਨ੍ਹਾਂ ਦੀ। ਬਹੁਤ ਥੋੜ੍ਹੇ ਕੁਝ ਮੁੱਠੀ ਭਰ ਲੋਕ ਨੇ ਇਹ। ਤੇ ਇਧਰ ਪੰਦਰਾਂ-ਪੰਦਰਾਂ ਹਜ਼ਾਰ ਲੋਕ ਜੁੜੇ ਹਨ (18 ਫਰਵਰੀ ਨੂੰ ਜੇ.ਐੱਨ.ਯੂ. ਨਾਲ ਇਕਮੁੱਠਤਾ ਪ੍ਰਗਟਾਉਂਦਾ ਜਲੂਸ)। ਕੁਝ ਦਿਨ ਪਹਿਲਾਂ ਮੈਂ ਦੇਖ ਰਿਹਾ ਸੀ, ਜਦੋਂ ਰਾਹੁਲ ਗਾਂਧੀ ਇਥੇ ਆਇਆ ਸੀ ਤੇ ਉਸ ਨੂੰ ਕਾਲਾ ਝੰਡਾ ਦਿਖਾਇਆ ਗਿਆ, ਇਹੀ 'ਜ਼ੀ ਨਿਊਜ਼' ਕਹਿ ਰਿਹਾ ਸੀ- ਦੇਖੋ... ਵਿਦਿਆਰਥੀ ਵੰਡੇ ਗਏ ਹਨ। ਅੱਧੇ ਉਸ ਪਾਸੇ ਹਨ, ਅੱਧੇ ਦੂਜੇ ਪਾਸੇ। ਬਾਅਦ ਵਿਚ ਪਤਾ ਲੱਗਿਆ ਕਿ ਉਧਰ ਦਸ-ਬਾਰਾਂ ਜਣੇ ਹੀ ਸਨ ਤੇ ਇਧਰ ਤਿੰਨ ਹਜ਼ਾਰ ਵਿਦਿਆਰਥੀ ਸਨ। ਐਸੇ ਤਰੀਕੇ ਨਾਲ ਝੂਠ ਬੋਲਣਾ, ਬੇਸ਼ਰਮੀ ਨਾਲ (ਤੱਥ) ਤੋੜ-ਮਰੋੜ ਕੇ ਪੇਸ਼ ਕਰਨਾ ਅਤੇ ਝੂਠ ਬੋਲਣਾ ਇਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਆਉਂਦਾ ਹੈ।

ਸਾਥੀਓ, ਇਕ ਗੱਲ ਸਾਨੂੰ ਸਮਝਣ ਦੀ ਜ਼ਰੂਰਤ ਹੈ। ਜਿਸ ਯੂਨੀਵਰਸਿਟੀ ਵਿਚ ਅਸੀਂ ਹਾਂ, ਜਿਸ ਯੂਨੀਵਰਸਿਟੀ ਵਿਚ ਵਿਦਿਆਰਥੀ ਅੰਦੋਲਨ ਨੇ ਸਾਨੂੰ ਇਹ ਜਾਚ ਸਿਖਾਈ ਹੈ ਕਿ ਜੇ ਇਕ ਯੂਨੀਵਰਸਿਟੀ ਵੱਖਰੇ ਵਿਚਾਰਾਂ ਦੀ ਇਜਾਜ਼ਤ ਨਹੀਂ ਦਿੰਦੀ ਤਾਂ ਇਹ ਜੇਲ੍ਹ ਬਣ ਜਾਂਦੀ ਹੈ। ਉਨ੍ਹਾਂ ਦੇ ਯੂਨੀਵਰਸਿਟੀਆਂ ਨੂੰ ਜੇਲ੍ਹਖ਼ਾਨੇ ਬਣਾਉਣ ਦੇ ਏਜੰਡੇ ਨੂੰ ਅਸੀਂ ਹਰਾ ਕੇ ਦਮ ਲਵਾਂਗੇ।

ਅਸੀਂ ਸਾਰੇ ਇਕਜੁੱਟ ਰਹਾਂਗੇ; ਕਿਸੇ ਨੂੰ ਸਾਨੂੰ, ਕਿਸੇ ਵੀ ਜਥੇਬੰਦੀ ਨੂੰ ਦਬਾਉਣ ਦੀ ਇਜਾਜ਼ਤ ਨਹੀਂ ਦਿਆਂਗੇ। ਸਾਡੇ ਵਿਚ ਮੱਤਭੇਦ ਹਨ, ਪਰ ਅਸੀਂ ਜਾਣਦੇ ਹਾਂ ਕਿ ਉਨ੍ਹਾਂ ਮੱਤਭੇਦਾਂ ਨੂੰ ਲੈ ਕੇ ਬਹਿਸ ਕਿਵੇਂ ਕਰਨੀ ਹੈ। ਸਾਥੀ ਆਸ਼ੂਤੋਸ਼ ਜਾਂ ਅਨੰਤ ਪ੍ਰਕਾਸ਼ ਦੀ ਜਥੇਬੰਦੀ ਜੇ ਕੋਈ ਪ੍ਰੋਗਰਾਮ ਕਰਦੀ ਹੈ, ਜਾਂ ਅਸੀਂ ਕੋਈ ਪ੍ਰੋਗਰਾਮ ਕਰੀਏ ਤਾਂ ਸਾਨੂੰ ਜ਼ਰੂਰਤ ਨਹੀਂ ਪੈਂਦੀ ਇਕ ਦੂਜੇ ਦੇ ਪ੍ਰੋਗਰਾਮ ਵਿਚ ਹੁੱਲੜਬਾਜ਼ੀ ਕਰਨ ਤੇ ਖ਼ਲਲ ਪਾਉਣ ਦੀ। ਚਾਹੇ ਅਸੀਂ ਇਕ ਦੂਜੇ ਦੇ ਖ਼ਿਲਾਫ਼ ਹੀ ਪ੍ਰੋਗਰਾਮ ਕਰ ਰਹੇ ਹੋਈਏ, ਕਿਉਂਕਿ ਅਸੀਂ ਜਾਣਦੇ ਹਾਂ ਕਿ ਲੋਕਾਂ ਵਿਚ ਕਿਵੇਂ ਜਾਣਾ ਹੈ। ਇਨ੍ਹਾਂ ਦੀਆਂ ਸਾਰੀਆਂ ਤਿਕੜਮਬਾਜ਼ੀਆਂ ਦੇ ਬਾਵਜੂਦ ਅਸੀਂ ਝੁਕਾਂਗੇ ਨਹੀਂ।

ਅੱਜ ਇਹ ਵੀ ਭਰਮ ਨਾ ਪਾਲੀਏ ਕਿ ਇਹ ਹਮਲਾ ਮਹਿਜ਼ ਯੂਨੀਵਰਸਿਟੀਆਂ ਉਪਰ ਹੈ। ਆਪਣੀ ਤਕਰੀਰ ਨੂੰ ਸਮੇਟਦਿਆਂ ਮੈਂ ਕਹਾਂਗਾ, ਪਿਛਲੇ ਦਸ ਦਿਨਾਂ ਵਿਚ ਦੇਸ਼ ਅੰਦਰ ਬਹੁਤ ਸਾਰੇ ਹਮਲੇ ਹੋਏ ਹਨ- ਚਾਹੇ ਹੌਂਡਾ ਮਜ਼ਦੂਰਾਂ ਉਪਰ ਹੋਵੇ, ਚਾਹੇ ਇਹ ਜਗਦਲਪੁਰ ਲੀਗਲ ਏਡ ਗਰੁੱਪ ਉਪਰ ਜਾਂ ਸੋਨੀ ਸੋਰੀ ਉਪਰ ਹੋਵੇ। ਸਾਨੂੰ ਇਨ੍ਹਾਂ ਸਾਰੇ ਸੰਘਰਸ਼ਾਂ ਨੂੰ ਇਕ ਲੜੀ 'ਚ ਪਰੋਣਾ ਹੋਵੇਗਾ, ਇਨ੍ਹਾਂ ਸਾਰੀਆਂ ਲੜਾਈਆਂ ਨੂੰ ਜੋੜਨਾ ਹੋਵੇਗਾ, ਸਾਨੂੰ ਹਰ ਥਾਂ, ਦੱਬੇ-ਕੁਚਲਿਆਂ ਨਾਲ ਖੜ੍ਹਨਾ ਹੋਵੇਗਾ। ਤੇ ਸਾਨੂੰ ਜੇ.ਐੱਨ.ਯੂ. ਸਟੂਡੈਂਟਸ ਯੂਨੀਅਨ ਦੀ ਰਵਾਇਤ ਜ਼ਿੰਦਾ ਰੱਖਣੀ ਹੋਵੇਗੀ।... ਸ਼ੁਕਰੀਆ, ਇਨਕਲਾਬ ਜ਼ਿੰਦਾਬਾਦ!

000

---

**ਭਖਦੇ ਮਸਲੇ**

# ਕਿਸਾਨੀ ਖੁਦਕੁਸ਼ੀਆਂ-2

*ਦੋ ਹਫਤੇ ਪਹਿਲਾਂ ਪ੍ਰੌਢ ਲੇਖਕਾ ਦਲੀਪ ਕੌਰ ਟਿਵਾਣਾ ਦਾ ਲੇਖ ਛਾਪਿਆ ਗਿਆ ਸੀ ਜਿਸ ਵਿਚ ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ ਬਾਰੇ ਕਈ ਪੱਖਾਂ ਤੋਂ ਖੁਲਾਸਾ ਕੀਤਾ ਗਿਆ ਸੀ। ਸੱਚਮੁੱਚ ਕਿਸਾਨ ਖੁਦਕੁਸ਼ੀਆਂ ਦੇ ਮਸਲੇ ਨੇ ਸਭ ਨੂੰ ਇਕ ਤਰ੍ਹਾਂ ਨਾਲ ਝੰਜੋੜ ਕੇ ਰੱਖ ਦਿੱਤਾ ਹੋਇਆ ਹੈ। ਇਸੇ ਸਿਲਸਿਲੇ ਵਿਚ ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਹ ਲੇਖ ਲਿਖਿਆ ਹੈ। ਲੇਖ ਦਾ ਪਹਿਲਾ ਹਿੱਸਾ ਪਾਠਕ ਪਿਛਲੇ ਅੰਕ ਵਿਚ ਪੜ੍ਹ ਚੁਕੇ ਹਨ, ਦੂਜੇ ਹਿੱਸੇ ਵਿਚ ਉਨ੍ਹਾਂ ਇਕ ਵੱਖਰੇ ਨੁਕਤੇ ਤੋਂ ਇਸ ਮਸਲੇ ਦੀ ਚੀਰ-ਫਾੜ ਕੀਤੀ ਹੈ। -ਸੰਪਾਦਕ*

**ਪ੍ਰੋ. ਹਰਪਾਲ ਸਿੰਘ ਪੰਨੂ**
ਫੋਨ: +91-94642-51454

ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਮਸਲਾ ਗੰਭੀਰ ਹੈ। ਮੇਰਾ ਲੇਖ ਛਪਿਆ ਤਾਂ ਪਾਠਕਾਂ ਦਾ ਤਕੜਾ ਪ੍ਰਤੀਕਰਮ ਹਾਸਲ ਹੋਇਆ, ਕਈ ਕਿਸਮ ਦੀਆਂ ਰਾਵਾਂ ਮਿਲੀਆਂ।

ਗੈਰ ਕਿਸਾਨੀ ਪਬਲਿਕ ਦੇ ਦਿਲ ਵਿਚ ਸਰਕਾਰ ਵਿਰੁਧ ਗੁੱਸਾ ਹੈ ਕਿ ਕਿਸਾਨਾਂ ਨੂੰ ਬਿਜਲੀ ਪਾਣੀ ਮੁਫਤ ਦੇਣ ਦੀ ਕੀ ਤੁਕ? ਪ੍ਰਾਪਤ ਅੰਕੜਿਆਂ ਮੁਤਾਬਕ ਪੰਜਾਬ ਸਿਰ ਇਸ ਵਕਤ ਸਵਾ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਸਰਕਾਰ ਕੋਲ ਮੁਲਾਜ਼ਮਾਂ ਨੂੰ ਦੇਣ ਲਈ ਤਨਖਾਹ ਨਹੀਂ, ਸਰਕਾਰੀ ਡਿਸਪੈਂਸਰੀਆਂ ਵਿਚ ਦਵਾਈਆਂ ਨਹੀਂ। ਸਰਕਾਰੀ ਥਾਂਵਾਂ ਬੈਂਕਾਂ ਕੋਲ ਗਹਿਣੇ ਰੱਖ ਕੇ ਮੁਲਾਜ਼ਮਾਂ ਨੂੰ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਪੀਣ ਵਾਸਤੇ ਪਾਣੀ ਦੀ ਬੋਤਲ ਵੀਹ ਰੁਪਏ ਨੂੰ ਮਿਲੇਗੀ ਪਰ ਖੇਤਾਂ ਨੂੰ ਨਹਿਰਾਂ ਦਾ ਪਾਣੀ ਮੁਫਤ ਮਿਲੇਗਾ। ਕਿਸਾਨ ਅਜਿਹੇ ਗੁਲਛੱਰੇ ਇਸ ਕਰਕੇ ਮੁਫਤ ਉਡਾ ਰਹੇ ਹਨ ਕਿ ਉਨ੍ਹਾਂ ਦੀ ਬਹੁਗਿਣਤੀ ਹੈ, ਉਨ੍ਹਾਂ ਦੀ ਸਰਕਾਰ ਹੈ। ਬਿਜਲੀ ਪਾਣੀ ਦੀ ਰਿਆਇਤ ਗੈਰ ਕਿਸਾਨੀ ਤੋਂ ਟੈਕਸ ਦੇ ਰੂਪ ਵਿਚ ਉਗਰਾਹੀ ਜਾਵੇਗੀ। ਜਿਨ੍ਹਾਂ ਬੈਂਕਾਂ ਦਾ ਕਰਜ਼ਾ ਵਾਪਸ ਨਾ ਮੁੜਿਆ ਉਹ ਗਹਿਣੇ ਪਈਆਂ ਜ਼ਮੀਨਾਂ ਨੀਲਾਮ ਕਰ ਕਰਨਗੇ।

ਦੂਜੀ ਟਿਪਣੀ ਇਹ ਪ੍ਰਾਪਤ ਹੋਈ ਹੈ ਕਿ ਖੇਤੀਬਾੜੀ ਜੇ ਘਾਟੇ ਦਾ ਸੌਦਾ ਹੈ ਤਾਂ ਹਰ ਸਾਲ ਪ੍ਰਤੀ ਏਕੜ ਜ਼ਮੀਨ ਦੇ ਠੇਕੇ ਵਧ ਕਿਉਂ ਰਹੇ ਹਨ? ਇਸ ਵੇਲੇ ਠੇਕੇ ਦੀ ਦਰ ਔਸਤਨ 40-50 ਹਜ਼ਾਰ ਰੁਪਏ ਪ੍ਰਤੀ ਏਕੜ ਹੈ। ਜਿਹੜੇ ਬੰਦੇ ਇਸ ਭਾਅ 'ਤੇ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰ ਰਹੇ ਹਨ, ਉਨ੍ਹਾਂ ਨੂੰ ਕੁਝ ਮੁਨਾਫਾ ਹੈ, ਤਦੇ ਲੈਂਦੇ ਹਨ। ਇਸ ਸੂਰਤ ਵਿਚ ਜਿਨ੍ਹਾਂ ਕਿਸਾਨਾਂ ਦੀ ਆਪਣੀ ਜ਼ਮੀਨ ਹੈ ਤੇ ਆਪ ਖੇਤੀ ਕਰਦੇ ਹਨ, ਉਨ੍ਹਾਂ ਨੂੰ ਕਿਉਂ ਘਾਟਾ ਪੈਂਦਾ ਹੈ ਤੇ ਕਿਉਂ ਖੁਦਕਸ਼ੀਆਂ ਕਰਦੇ ਹਨ?

ਸਰਕਾਰ ਨੇ ਕੁਝ ਪਿੰਡਾਂ ਨੂੰ ਉਤਸ਼ਾਹਿਤ ਕਰਕੇ ਕਿੰਨੂਆਂ ਦੇ ਬਾਗ ਲੁਆਏ, ਅੰਗੂਰਾਂ ਦੇ ਬਾਗ ਲੁਆਏ। ਪੰਜਾਬ ਵਿਚ ਪ੍ਰਾਸੈਸਿੰਗ ਦੀ ਘਾਟ ਕਰਕੇ ਇਨ੍ਹਾਂ ਦੀ ਵਿਕਰੀ ਨਾ ਹੋਈ। ਕਿਸਾਨ ਕਦੀ ਆਲੂਆਂ ਦੇ ਢੇਰ ਸੜਕਾਂ ਉਪਰ ਲਾ ਦਿੰਦੇ ਨੇ ਤੇ ਕਦੇ ਕਮਾਦ ਪੁਟ ਦਿੰਦੇ ਨੇ ਕਿਉਂਕਿ ਮੰਡੀਕਰਣ ਦਾ ਬੰਦੋਬਸਤ ਨਹੀਂ। ਇਸ ਘਾਟ ਕਾਰਨ ਬਹੁਤ ਸਾਰੇ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਇਆ।

ਉਲਝੇ ਰਿਸ਼ਤੇ-ਨਾਤੇ ਅਤੇ ਫਰਜ਼ਾਂ ਪ੍ਰਤੀ ਕੋਤਾਹੀ ਵੀ ਖੁਦਕੁਸ਼ੀਆਂ ਦਾ ਕਾਰਨ ਬਣ ਜਾਂਦੇ ਹਨ। ਇਕ ਫੋਨ ਸੁੱਖਾ ਸਿੰਘ ਦਾ ਆਇਆ। ਉਸ ਨੇ ਦੱਸਿਆ, ਇਥੇ ਦੋ ਕਿਸਾਨ ਭਰਾਵਾਂ ਵਿਚੋਂ ਇਕ ਨੂੰ ਕੈਂਸਰ ਹੋ ਗਈ। ਜਿਸ ਨੂੰ ਕੈਂਸਰ ਹੋਈ ਉਸ ਦਾ ਦੇਣਦਾਰੀਆਂ ਵਾਲਾ ਅਕਸ ਅੱਛਾ ਨਹੀਂ ਸੀ ਪਰ ਤੰਦਰੁਸਤ ਭਰਾ ਈਮਾਨਦਾਰ ਸੀ, ਆੜ੍ਹਤੀਏ ਕਰਜ਼ਾ ਦੇ ਦਿੰਦੇ ਸਨ। ਉਹ ਕਰਜ਼ਾ ਲੈ ਲੈ ਕੇ ਆਪਣੇ ਭਰਾ ਦਾ ਇਲਾਜ ਕਰਵਾਉਂਦਾ ਗਿਆ ਤੇ ਪੰਦਰਾਂ ਲੱਖ ਕਰਜ਼ਾ ਚੜ੍ਹ ਗਿਆ। ਬਿਮਾਰ ਭਰਾ ਨੇ ਇਹ ਪੈਸੇ ਵਾਪਸ ਕਰਨ ਤੋਂ ਨਾਂਹ ਕਰ ਦਿੱਤੀ ਜਿਸ ਕਰਕੇ ਚੰਗੇ ਭਲੇ ਬੰਦੇ ਨੇ ਖੁਦਕੁਸ਼ੀ ਕਰ ਲਈ। ਬਚਣਾ ਬਿਮਾਰੀਗ੍ਰਸਤ ਬੰਦੇ ਨੇ ਵੀ ਨਹੀਂ ਪਰ ਆੜ੍ਹਤੀਆ ਪੰਦਰਾਂ ਲੱਖ ਡੁਬਣ ਪਿਛੋਂ ਖੁਦਕੁਸ਼ੀ ਕਰੇਗਾ ਕਿ ਨਹੀਂ, ਲੋਕ ਦੇਖ ਰਹੇ ਹਨ।

ਥੋੜ੍ਹੀ ਜ਼ਮੀਨ ਵਾਲਾ ਬੰਦਾ ਵੀ ਟਰੈਕਟਰ 50-60 ਹਾਰਸ ਪਾਵਰ ਦਾ ਖਰੀਦਦਾ ਹੈ। ਪਹਿਲੀ ਗੱਲ ਤਾਂ ਇਹ, ਟਰੈਕਟਰ ਏਨੇ ਹੋ ਗਏ ਹਨ ਕਿ ਕਿਰਾਏ 'ਤੇ ਕੰਮ ਕਰਵਾਉਣਾ ਸਸਤਾ ਵੀ ਹੈ, ਸਿਰਦਰਦੀ ਰਹਿਤ ਵੀ। ਲੈਣਾ ਹੀ ਹੈ ਤਾਂ ਛੋਟਾ ਟਰੈਕਟਰ ਕਿਉਂ ਨਹੀਂ ਖਰੀਦਿਆ ਜਾਂਦਾ?

ਮੈਂ ਅਜਿਹੇ ਕਿਸਾਨ ਦੇਖੇ ਹਨ ਜਿਹੜੇ ਬੈਂਕ ਤੋਂ ਕਰਜ਼ਾ ਲੈ ਕੇ ਟਰੈਕਟਰ ਖਰੀਦਦੇ ਹਨ, ਘਾਟਾ ਪਾ ਕੇ ਨਵਾਂ ਟਰੈਕਟਰ ਵੇਚ ਕੇ ਕਾਰ ਖਰੀਦਦੇ ਹਨ। ਇਹ ਕਾਰ ਆਪਣੀ ਵਰਤੋਂ ਲਈ ਵੀ ਖਰੀਦੀ



ਜਾ ਸਕਦੀ ਹੈ, ਧੀ ਨੂੰ ਦਾਜ ਵਿਚ ਵੀ ਦਿੱਤੀ ਜਾ ਸਕਦੀ ਹੈ। ਮੇਰੇ ਰਿਸ਼ਤੇਦਾਰ ਨੇ ਧੀ ਨੂੰ ਕਾਰ ਦਿੱਤੀ ਤੇ ਮੁੰਡੇ ਵਾਸਤੇ ਕਾਰ ਮੰਗੀ। ਇਕ ਮਹੀਨੇ ਅੰਦਰ ਦੋਵਾਂ ਦੇ ਐਕਸੀਡੈਂਟ ਹੋ ਗਏ। ਜਾਨਾਂ ਤਾਂ ਬਚ ਗਈਆਂ ਪਰ ਕਾਰਾਂ ਨੁਕਸਾਨੀਆਂ ਗਈਆਂ। ਖਬਰਸਾਰ ਲੈਣ ਗਏ ਤਾਂ ਰਿਸ਼ਤੇਦਾਰ ਬੋਲਿਆ, ਦੋਵਾਂ ਘਰਾਂ ਨੂੰ ਇਉਂ ਲੱਗਿਆ ਜਿਵੇਂ ਕਾਰਾਂ ਮੁਫਤ ਦੀਆਂ ਮਿਲੀਆਂ ਹਨ। ਜੇ ਆਪੋ ਆਪਣੇ ਪੈਸੇ ਨਾਲ ਆਪਣੀ ਵਰਤੋਂ ਵਾਸਤੇ ਕਾਰਾਂ ਲਈਆਂ ਹੁੰਦੀਆਂ, ਐਕਸੀਡੈਂਟ ਨਾ ਹੁੰਦੇ।

ਜਿਹੜੀ ਆਫਤ ਇਸ ਵੇਲੇ ਐਨ ਸਾਹਮਣੇ ਹੈ, ਪ੍ਰਤੱਖ ਦਿਸ ਰਹੀ ਹੈ, ਉਹ ਹੈ ਧਰਤੀ ਹੇਠਲੇ ਪਾਣੀ ਦਾ ਖਤਮ ਹੋਣਾ। ਕਿੰਨੀ ਕੁ ਦੇਰ ਤਕ ਬੋਰ ਡੂੰਘੇ ਹੁੰਦੇ ਰਹਿਣਗੇ? ਪੂਰਨ ਬੇਦਰਦੀ ਨਾਲ ਹੇਠਲਾ ਪਾਣੀ ਖਤਮ ਕਰ ਦਿੱਤਾ ਹੈ, ਫਿਰ ਪੰਜਾਬ ਦਾ ਭਵਿਖ ਕਲ੍ਹ ਕੀ ਹੋਵੇਗਾ? ਆਸਟਰੇਲੀਆ ਦਾ ਰਕਬਾ ਹਿੰਦੂਸਤਾਨ ਨਾਲੋਂ ਦੁਗਣਾ ਹੈ ਤੇ ਆਬਾਦੀ ਕੇਵਲ ਪੰਜਾਬ ਜਿੰਨੀ। ਚਾਰੇ ਪਾਸੇ ਸਮੁੰਦਰ। ਜੇ ਤੁਸੀਂ ਵਾਹੀਯੋਗ ਜ਼ਮੀਨ ਖਰੀਦਣੀ ਹੈ ਤਾਂ ਦਸ ਏਕੜ ਪਲਾਟ ਖਰੀਦਣਾ ਪਏਗਾ ਜਿਸ ਵਿਚ ਇਕ ਏਕੜ ਦਾ ਤਲਾਬ ਪੁੱਟਣਾ ਲਾਜ਼ਮੀ ਹੈ। ਬਾਰਸ਼ ਹੋਣ 'ਤੇ ਪੂਰੇ ਖੇਤ ਦਾ ਵਾਧੂ ਪਾਣੀ ਇਸ ਤਲਾਬ ਵਿਚ ਇਕੱਠਾ ਕਰੋ ਤਾਂ ਕਿ ਲੋੜ ਪੈਣ 'ਤੇ ਫਸਲ ਦੀ ਸਿੰਜਾਈ ਵਾਸਤੇ ਵਰਤ ਸਕੋ। ਪੰਜਾਬ ਦੀਆਂ ਨਾ ਸਰਕਾਰਾਂ ਨੇ ਅਤੇ ਨਾ ਕਿਸਾਨਾਂ ਨੇ ਇਸ ਬਾਰੇ ਕਦੀ ਸੋਚਿਆ ਹੈ।

ਸ਼ੇਖ ਚਿਲੀ ਨੇ ਉਸ ਬੰਦੇ ਨੂੰ ਪੀਰ ਮੰਨ ਲਿਆ ਸੀ ਜਿਸ ਨੇ ਰਾਹ ਜਾਂਦਿਆਂ ਉਸ ਨੂੰ ਦੱਸਿਆ ਸੀ ਕਿ ਜਿਸ ਟਾਹਣ ਉਪਰ ਬੈਠਾ ਹੈਂ, ਉਸੇ ਨੂੰ ਕੱਟਣ ਨਾਲ ਤੂੰ ਡਿਗ ਕੇ ਸੱਟ ਖਾਏਂਗਾ। ਸ਼ੇਖ ਚਿਲੀ ਨੂੰ ਡਿਗਣ ਤੋਂ ਬਾਅਦ ਸੱਟ ਖਾ ਕੇ ਮੁਸਾਫਰ ਦੀ ਗੱਲ ਸਹੀ ਲੱਗੀ। ਸ਼ੇਖ ਸਾਅਦੀ ਦਾ ਕਥਨ ਹੈ: ਜੋ ਸਿਆਣੇ ਕਰਦੇ ਹਨ, ਕਰਦੇ ਮੂਰਖ ਵੀ ਉਹੋ ਕੁਝ ਹਨ ਪਰ ਬਹੁਤ ਖੱਜਲ ਖੁਆਰ ਹੋਣ ਤੋਂ ਬਾਅਦ।

---

## ਪਿੰਡ ਤੇ ਨਸ਼ੇ

**ਠੇਕੇ ਮੂਹਰੇ ਲੂਣ ਚੱਟ ਕੇ ਪੀਤੀ ਕਰੂਗੀ ਤੰਗ,**
**ਦਿਲ ਲੀਵਰ ਦੇ ਇਲਾਜ ਦਾ ਬਿਲ ਕਰੂਗਾ ਤੰਗ।**
**ਅੱਧਾ ਵਿਹੜਾ ਭੁੱਕੀ ਖਾਵੇ, ਅੱਧਾ ਬੀੜੀਆਂ ਜਰਦਾ,**
**ਅੱਧਾ ਕਮਲਾ ਹੋਇਆ ਲੰਬੜ, ਪੀ ਪੀ ਕੇ ਭੰਗ।**
**ਦੇਸੀ ਦਾਰੂ ਸ਼ਾਮੀਂ ਪੀਂਦੇ, ਪੋਸਤ ਖਾਂਦੇ ਤੜਕੇ,**
**ਤੋਟ ਲੱਗੀ ਤੋਂ ਜਹਾਜ਼ ਨਾ ਉਤਰੇ ਅਮਲੀ ਹੁੰਦੇ ਤੰਗ।**
**ਬਾਹਲੇ ਅਮਲੀ ਛੜੇ ਹੀ ਫਿਰਦੇ ਸ਼ਾਦੀ ਕੋਈ ਨਾ ਕਰਦੀ,**
**ਅਮਲੀ ਮਰੇ ਕਬੀਲਦਾਰ ਤਾਂ ਪਤਨੀ ਤੋੜੇ ਵੰਗ।**
**ਲੱਤ 'ਚ ਨਸ਼ੇ ਦਾ ਟੀਕਾ ਲਾਉਂਦੇ ਕਿਰਲੀ ਭੁੰਨ ਕੇ ਸੁੰਘਣ,**
**ਚਿੱਟਾ-ਕਾਲਾ ਨਸ਼ਾ ਨਾ ਦੇਵੇ, ਸੱਪ ਤੋਂ ਖਾਵਣ ਡੰਗ।**
**ਹੈਰੋਇਨ, ਸਮੈਕ, ਕੋਕੀਨ, ਭੁੱਕੀ ਨੇਤਾਵਾਂ ਨੇ ਵੰਡੀ,**
**ਚੋਣ 'ਚ ਦਾਰੂ ਪੈਸੇ ਵੇਖ ਕੇ, 'ਗਿੱਲ' ਹੋ ਗਿਆ ਦੰਗ।**

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*


# ਬੜੇ ਗੁਲਾਮ ਅਲੀ ਖਾਂ

## ਸੰਗੀਤ ਦੀ ਸਰਗਮ... ਸੁਰਾਂ ਦੀ ਸੰਗਤ

*ਸੰਗੀਤ ਦੇ ਖੇਤਰ ਵਿਚ ਬੜੇ ਗੁਲਾਮ ਅਲੀ ਖਾਨ (2 ਅਪਰੈਲ 1902-23 ਅਪਰੈਲ 1968) ਦਾ ਕੋਈ ਸਾਨੀ ਨਹੀਂ। ਕਲਾਸੀਕਲ ਅਤੇ ਸੁਗਮ ਸੰਗੀਤ ਨੂੰ ਉਨ੍ਹਾਂ ਨਵੀਆਂ ਬੁਲੰਦੀਆਂ ਉਤੇ ਪਹੁੰਚਾਇਆ। ਪੰਜਾਬੀ ਸਾਹਿਤ ਵਿਚ ਰੇਖਾ ਚਿੱਤਰਾਂ ਦੀ ਪਿਰਤ ਪਾਉਣ ਵਾਲੇ ਉਘੇ ਲੇਖਕ ਮਰਹੂਮ ਬਲਵੰਤ ਗਾਰਗੀ ਨੇ ਚਿਰ ਪਹਿਲਾਂ ਉਨ੍ਹਾਂ ਬਾਰੇ ਲੰਮਾ ਰੇਖਾ ਚਿੱਤਰ ਲਿਖਿਆ ਜਿਸ ਵਿਚ ਉਨ੍ਹਾਂ ਦੀ ਸ਼ਖਸੀਅਤ ਅਤੇ ਸੰਗੀਤ ਦੇ ਦਰਸ਼ਨ-ਦੀਦਾਰ ਹੁੰਦੇ ਹਨ। ਇਹ ਲਿਖਤ ਅਸੀਂ ਪਾਠਕਾਂ ਲਈ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*



ਮੋਟਾ ਸਰੀਰ, ਸਿਆਹ ਮੁੱਛਾਂ ਤੇ ਸੁਰਮੇ ਨਾਲ ਲਿੱਪੀਆਂ ਨਿੱਕੀਆਂ ਅੱਖਾਂ। ਬੜੇ ਗੁਲਾਮ ਅਲੀ ਖਾਂ ਹਮੇਸ਼ਾ ਸਵੱਰ ਮੰਡਲ ਨੂੰ ਛਾਤੀ ਨਾਲ ਲਾ ਕੇ ਇਸ ਦੇ ਤਾਰ ਛੇੜਦਾ ਹੋਇਆ ਗਾਉਂਦਾ। ਪਟਿਆਲਾ ਘਰਾਣੇ ਦੀ ਗਾਇਕੀ ਨੂੰ ਮਕਬੂਲ ਕਰਨ ਵਾਲਾ ਖਿਆਲ ਤੇ ਠੁਮਰੀ ਦਾ ਉਸਤਾਦ ਬੜੇ ਗੁਲਾਮ ਅਲੀ ਖਾਂ ਸ਼ਕਤੀਸ਼ਾਲੀ ਸੁਰੀਲੀ ਆਵਾਜ਼ ਦਾ ਮਾਲਕ ਸੀ। ਉਸ ਦੀ ਆਵਾਜ਼ ਖਰਜ ਦੇ ਹੇਠਲੇ ਸਾ ਤੀਕ ਜਾਂਦੀ ਤੇ ਤਾਰ ਸਪਤਕ ਦੇ ਟੀਪ ਦੇ ਸੁਰਾਂ ਤੀਕ ਗੂੰਜਦੀ। ਉਹ ਸਰੋਤਿਆਂ ਨਾਲ ਝੱਟ ਰਾਬਤਾ ਕਾਇਮ ਕਰ ਲੈਂਦਾ ਤੇ ਆਪਣੇ ਸੁਰਾਂ ਦੀ ਗਰਮੀ ਨਾਲ ਆਮ ਆਦਮੀ ਨੂੰ ਵੀ ਪੰਘਰਾ ਦੇਂਦਾ।



ਉਹ 2 ਅਪਰੈਲ 1902 ਨੂੰ ਕਸੂਰ ਵਿਚ ਪੈਦਾ ਹੋਇਆ। ਉਸ ਦਾ ਪਿਤਾ ਅਲੀ ਬਖਸ਼ ਸੂਫ਼ੀ ਫਕੀਰ ਸਈਅਦ

**ਬਲਵੰਤ ਗਾਰਗੀ**

ਸਾਹਿਬ ਦੇ ਡੇਰੇ ਗਿਆ ਹੋਇਆ ਸੀ। ਉਥੇ ਉਹ ਤਕੀਏ ਦੇ ਕੱਚੇ ਵਿਹੜੇ ਵਿਚ ਬੈਠਾ ਗਾ ਰਿਹਾ ਸੀ। ਜਦ ਉਸ ਨੂੰ ਸੁਨੇਹਾ ਮਿਲਿਆ ਕਿ ਉਸ ਦੇ ਘਰ ਪੁੱਤ ਜੰਮਿਆ ਹੈ, ਸੂਫ਼ੀ ਨੇ ਅਲੀ ਬਖਸ਼ ਨੂੰ ਆਸ਼ੀਰਵਾਦ ਦਿੱਤੀ ਤੇ ਆਖਿਆ ਕਿ ਨਵ ਜੰਮੇ ਬੱਚੇ ਦਾ ਨਾਂ ਗੁਲਾਮ ਅਲੀ (ਪੈਗੰਬਰ ਅਲੀ ਦਾ ਗੁਲਾਮ) ਰੱਖਿਆ ਜਾਵੇ। ਬੱਚੇ ਦਾ ਹੋਰ ਕੋਈ ਲਾਡਲਾ ਨਿੱਕਾ ਨਾਂ ਨਹੀਂ ਹੋਣਾ ਚਾਹੀਦਾ। ਕੁਝ ਸਾਲਾਂ ਪਿਛੋਂ ਉਸ ਦੇ ਨਾਂ ਅੱਗੇ ਬੜੇ ਜੋੜ ਦਿੱਤਾ ਗਿਆ ਤਾਂ ਜੁ ਉਹ ਦੂਸਰੇ ਗੁਲਾਮ ਅਲੀ ਨਾਂ ਦੇ ਦੋ ਸੰਗੀਤਕਾਰਾਂ ਤੋਂ ਵੱਖਰਾ ਜਾਣਿਆ ਜਾਵੇ।

ਉਸ ਦੀ ਪਰਵਰਿਸ਼ ਉਸਤਾਦ-ਸ਼ਾਗਿਰਦ ਦੀ ਰਵਾਇਤ ਵਿਚ ਹੋਈ ਜਿਸ ਵਿਚ ਸ਼ਾਗਿਰਦ ਚੌਵੀ ਘੰਟੇ ਉਸਤਾਦ ਦੇ ਨਾਲ ਰਹਿੰਦਾ ਹੈ, ਨਾਲ ਖਾਂਦਾ ਹੈ, ਖਿਦਮਤ ਕਰਦਾ ਹੈ, ਉਸ ਕੋਲੋਂ ਸਿਖਦਾ ਹੈ ਤੇ ਉਸ ਨਾਲ ਰਿਆਜ਼ ਕਰਦਾ ਹੈ। ਗੁਲਾਮ ਅਲੀ ਖਾਂ ਨੇ ਆਪਣੇ ਬਾਪ ਕੋਲੋਂ ਸੰਗੀਤ ਵਿਦਿਆ ਗ੍ਰਹਿਣ ਕੀਤੀ। ਗਾਣਾ ਉਸ ਲਈ ਇਸੇ ਤਰ੍ਹਾਂ ਸੀ ਜਿਵੇਂ ਕੋਈ ਗੱਲਾਂ ਕਰੇ। ਉਸ ਦਾ ਪੁੱਤ ਮੁਨੱਵਰ ਅਲੀ ਖਾਂ ਆਖਦਾ ਸੀ, "ਅੱਬਾ ਜਾਨ ਬਚਪਨ ਵਿਚ ਹੀ ਰਾਗ ਰਾਗਣੀਆਂ ਨੂੰ ਇਉਂ ਪਛਾਣਦੇ ਸਨ ਜਿਵੇਂ ਕੋਈ ਆਪਣੇ ਘਰ ਦੇ ਭਾਂਡੇ ਪਛਾਣਦਾ ਹੈ, ਜਿਸ ਤਰ੍ਹਾਂ ਤਖਾਣ ਦੇ ਪੁੱਤ ਨੂੰ ਪਤਾ ਹੁੰਦਾ ਹੈ ਕਿ ਇਹ ਆਰੀ ਹੈ, ਇਹ ਤੇਸਾ ਹੈ, ਇਹ ਵਰਮੀ ਹੈ, ਇਹ ਸੱਥਰੀ ਹੈ; ਇਸੇ ਤਰ੍ਹਾਂ ਅੱਬਾ ਜਾਨ ਨੂੰ ਪਤਾ ਸੀ ਭੈਰਵੀ ਤੇ ਦਰਬਾਰੀ ਦਾ।"

ਬੜੇ ਗੁਲਾਮ ਅਲੀ ਲਾਹੌਰ ਦੇ ਰੰਗ ਮਹਿਲ ਮਿਸ਼ਨ ਸਕੂਲ ਵਿਚ ਪੜ੍ਹਿਆ, ਪਰ ਪੰਜਵੀਂ ਤੋਂ ਅੱਗੇ ਨਾ ਟੱਪਿਆ। ਪੰਜਾਬੀ ਉਹਦੀ ਮਾਂ ਬੋਲੀ ਸੀ ਤੇ ਉਹ ਆਪਣੇ ਘਰ ਦੇ ਜੀਆਂ ਤੇ ਦੋਸਤਾਂ ਨਾਲ ਪੰਜਾਬੀ ਵਿਚ ਹੀ ਗੱਲ ਕਰਦਾ। ਉਰਦੂ ਉਸ ਦੀ ਦੂਜੇ ਦਰਜੇ ਦੀ ਭਾਸ਼ਾ ਸੀ, ਪਰ ਉਸ ਨੇ ਇਸ ਵਿਚ ਕਦੇ ਕੋਈ ਗੀਤ ਨਾ ਰਚਿਆ। ਉਸ ਨੇ ਸਦਾ ਹਿੰਦੀ ਵਿਚ ਗੀਤ ਗਾਏ ਜਿਨ੍ਹਾਂ ਦੇ ਸ਼ਬਦ ਬ੍ਰਜ ਭਾਸ਼ਾ ਦੇ ਰਸ ਵਿਚ ਭਿੱਜੇ ਹੋਏ ਸਨ। ਇਹ ਉਸ ਦੀ ਸਿਰਜਣਾਤਮਕ ਸ਼ਬਦਾਵਲੀ ਬਣ ਗਏ ਤੇ ਉਸ ਨੇ ਇਸੇ ਭਾਸ਼ਾ ਵਿਚ ਗੀਤ ਤੇ ਬੰਦਿਸ਼ਾਂ ਰਚੀਆਂ।

ਪਟਿਆਲਾ ਦਰਬਾਰ ਦੇ ਮਸ਼ਹੂਰ ਗਾਇਕ ਫ਼ਤਹਿ ਅਲੀ ਖਾਂ ਦੀ ਗਾਇਕੀ ਵਿਚ ਰੰਗ ਤੇ ਰਸ ਸੀ। ਵਿਅਕਤੀਗਤ ਨਿਵੇਕਲਾਪਣ। ਪਟਿਆਲਾ ਦਰਬਾਰ ਵਿਚ ਇਤਨਾ ਹੀ ਮਸ਼ਹੂਰ ਇਕ ਹੋਰ ਗਵੱਈਆ ਸੀ ਅਲੀ ਖਾਂ। ਮਹਾਰਾਜਾ ਭੁਪਿੰਦਰ ਸਿੰਘ ਨੇ ਉਸ ਦੀ ਗਾਇਕੀ ਵਿਚ ਤਾਨ ਪਲਟੇ ਦੀ ਮੁਹਾਰਤ ਤੇ ਦੂਹਰੀ-ਤੀਹਰੀ ਤਾਨ ਦੀ ਚੱਕਰਦਾਰ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਤਾਨ ਜਰਨੈਲ ਦਾ ਖਿਤਾਬ ਦਿੱਤਾ। ਉਹ ਅਤੇ ਫ਼ਤਹਿ ਅਲੀ ਖਾਂ, ਦੋਵੇਂ ਦੂਰ ਦੂਰ ਤੀਕ ਅਲੀ-ਫੱਤੂ ਦੀ ਜੋੜੀ ਦੇ ਨਾਂ ਨਾਲ ਮਸ਼ਹੂਰ ਸਨ।

ਬੜੇ ਗੁਲਾਮ ਅਲੀ ਖਾਂ ਨੇ ਇਨ੍ਹਾਂ ਦੋਹਾਂ ਗਾਇਕਾਂ ਦੀ ਪਰੰਪਰਾ ਨੂੰ ਅੱਗੇ ਤੋਰਿਆ ਅਤੇ ਇਸ ਉਤੇ ਆਪਣੀ ਛਾਪ ਲਾਈ- ਤਕਨੀਕ, ਰਸ ਤੇ ਸੁਰ ਦਾ ਵਿਲੱਖਣ ਸੁਮੇਲ। ਹੁਣ ਪਟਿਆਲਾ ਘਰਾਣਾ ਬੜੇ ਗੁਲਾਮ ਅਲੀ ਖਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਂਝ ਪਟਿਆਲੇ ਨਾਲ ਉਸ ਦਾ ਕੋਈ ਸਬੰਧ ਨਹੀਂ ਸੀ ਤੇ ਨਾ ਹੀ ਉਸ ਦਾ ਪਰਿਵਾਰ ਕਦੇ ਉਥੇ ਰਿਹਾ ਸੀ, ਪਰ ਉਸ ਨੇ 'ਸਾਹ ਤੇ ਸੁਰ' ਪਟਿਆਲਾ ਗਾਇਕੀ ਦੀ ਪਰੰਪਰਾ ਤੋਂ ਲਿਆ। ਇਕ ਪ੍ਰਕਾਰ ਬੜੇ ਗੁਲਾਮ ਅਲੀ ਨੇ ਪਟਿਆਲਾ ਦੀ ਸੰਗੀਤਕ ਧਰਤੀ ਉਤੇ ਹੀ ਜਨਮ ਲਿਆ ਸੀ।

ਮੈਂ ਬੜੇ ਗੁਲਾਮ ਅਲੀ ਖਾਂ ਨੂੰ ਪਹਿਲੀ ਵਾਰ 1958 ਵਿਚ ਇਕ ਸੰਗੀਤ ਸਮਾਰੋਹ ਵਿਚ ਦੇਖਿਆ ਜੋ ਦਿੱਲੀ ਦੇ ਕਾਂਸਟੀਟਿਊਸ਼ਨ ਕਲਬ ਵਿਚ ਹੋਇਆ। ਮੇਰੇ ਉਤੇ ਪਹਿਲਾਂ ਅਸਰ ਇਹ ਪਿਆ ਕਿ ਸ਼ਕਲ ਤੋਂ ਉਹ ਗਵੱਈਆ ਨਹੀਂ ਸੀ ਲਗਦਾ। ਦੂਹਰੇ-ਤੀਹਰੇ ਸਰੀਰ ਦਾ ਭਾਰੀ ਭਰਕਮ ਆਦਮੀ, ਦੋਹਾਂ ਗੱਲ੍ਹਾਂ ਦੇ ਵੱਖਰੇ ਰੰਗ, ਇਕ ਗੱਲ੍ਹ ਜਾਮਨੀ, ਦੂਜੀ ਕਣਕ ਭਿੰਨੀ, ਚਮਕਦਾਰ ਨਿੱਕੀਆਂ ਅੱਖਾਂ ਵਿਚ ਸੁਰਮਾ, ਵਸਮੇ ਨਾਲ ਰੰਗੀਆਂ ਮੁੱਛਾਂ, ਮਜ਼ਬੂਤ ਜਬ੍ਹਾੜੇ, ਬੁਰਜ ਮੱਥਾ। ਉਹ ਸ਼ਕਲ ਤੋਂ ਪਹਿਲਵਾਨ ਲਗਦਾ ਸੀ।

ਸੰਗੀਤ ਸਮਾਰੋਹ ਵਿਚ ਫਿਲਮ ਮਿਊਜ਼ਕ ਡਾਇਰੈਕਟਰ ਵਸੰਤ ਡੇਸਾਈ ਨੇ ਫਿਲਮੀ ਮਿਊਜ਼ਕ ਦੀ ਬਹੁਤ ਤਾਰੀਫ ਕੀਤੀ। ਕਲਾਸਕੀ ਸੰਗੀਤ ਉਤੇ ਚੋਟਾਂ ਕੀਤੀਆਂ ਤੇ ਲਤੀਫ਼ੇ ਸੁਣਾਏ ਜਿਸ ਨਾਲ ਲੋਕ ਬਹੁਤ ਖੁਸ਼ ਹੋਏ। ਉਸ ਨੇ ਲੋਰ ਵਿਚ ਆ ਕੇ ਇਹ ਵੀ ਆਖ ਦਿੱਤਾ ਕਿ ਪੱਕਾ ਰਾਗ ਗਾਉਣ ਲੱਗੇ ਤਾਂ ਇਉਂ ਲਗਦਾ ਹੈ ਜਿਵੇਂ ਕੋਈ ਗਰਾਰੇ ਕਰ ਰਿਹਾ ਹੋਵੇ। ਇਸ ਦੇ ਤਾਨ ਪਲਟੇ ਜਨਤਾ ਨੂੰ ਸਮਝ ਨਹੀਂ ਆਉਂਦੇ। ਲੋਕ ਉਸ ਦੀਆਂ ਟਿੱਪਣੀਆਂ 'ਤੇ ਹੱਸੇ। ਇਸ ਪਿਛੋਂ ਬੜੇ ਗੁਲਾਮ ਅਲੀ ਖਾਂ ਦੀ ਵਾਰੀ ਆਈ। ਮਿਊਜ਼ਕ ਡਾਇਰੈਕਟਰ ਦੀਆਂ ਚੋਟਾਂ ਤੋਂ ਉਹ ਖਿਝ ਗਿਆ ਸੀ। ਉਸ ਨੇ ਸਵੱਰ ਮੰਡਲ ਨੂੰ ਛਾਤੀ ਨਾ ਲਾਇਆ ਤੇ ਆਖਿਆ, "ਸਾਡਾ ਪੱਕਾ ਰਾਗ ਬਹੁਤ ਵੱਡਾ ਖਜ਼ਾਨਾ ਹੈ। ਸਾਡੇ ਗੁਰੂਆਂ ਤੇ ਉਸਤਾਦਾਂ ਨੇ ਰਾਗ ਵਿਦਿਆ ਨੂੰ ਐਵੇਂ ਨਹੀਂ ਸੀ ਗਾਇਆ। ਉਹ ਹਰ ਰਾਗ ਦੇ ਭਾਵ, ਮੰਤਵ ਤੇ ਅਵਸਰ ਨੂੰ ਜਾਣਦੇ ਸਨ। ਉਹ ਗਾਉਂਦੇ ਤਾਂ ਪੱਥਰਾਂ ਵਿਚੋਂ ਪਾਣੀ ਸਿੰਮ ਪੈਂਦਾ, ਤੇ ਦੀਵੇ ਬਲ ਉਠਦੇ। ਸਾਡਾ ਰਾਗ ਸਾਧਨਾ ਹੈ, ਤਪੱਸਿਆ ਹੈ, ਪੂਜਾ ਹੈ। ਵਸੰਤ ਡੇਸਾਈ ਜਿਸ ਫਿਲਮੀ ਮਿਊਜ਼ਕ ਦੀ ਗੱਲ ਕਰਦਾ ਹੈ, ਉਹ ਇਸ ਤਰ੍ਹਾਂ ਦਾ ਹੈ: ਸੀਨ ਮੌਤ ਦਾ ਹੁੰਦਾ ਹੈ ਤੇ ਹੀਰੋਇਨ ਮੇਘ ਮਲ੍ਹਾਰ ਵਿਚ ਗਾ ਰਹੀ ਹੈ। ਮੌਸਮ ਬਸੰਤ ਦਾ ਹੈ ਤੇ ਹੀਰੋ ਆਸਾ ਰਾਗ ਵਿਚ ਇਸ਼ਕੀਆ ਗੀਤ ਗਾ ਰਿਹਾ ਹੈ। ਉਨ੍ਹਾਂ ਨੂੰ ਨਾ ਸਮੇਂ ਦਾ ਪਤਾ ਹੈ, ਨਾ ਭਾਵ ਦਾ। ਨਾ ਉਹ ਮੌਕਾ ਜਾਣਦੇ ਹਨ, ਨਾ ਥਾਂ। ਇਨ੍ਹਾਂ ਗੱਲਾਂ ਦਾ ਤਾਂ ਸਾਡੇ ਪਿੰਡ ਦੀਆਂ ਤੀਵੀਆਂ ਨੂੰ ਵੀ ਪਤਾ ਹੁੰਦਾ ਹੈ। ਜੋ ਰਾਗ ਵਿਦਿਆ ਮੈਂ ਉਸਤਾਦਾਂ ਤੋਂ ਸਿੱਖੀ ਹੈ, ਉਹ ਸਾਲਾਂ ਤੇ ਉਮਰਾਂ ਦੀ ਕਮਾਈ ਹੈ। ਇਸ ਸਾਡੀ ਰੂਹ ਦੀ ਗਜ਼ਾ ਹੈ।" ਇਹ ਆਖ ਕੇ ਉਸ ਨੇ ਸਵੱਰ ਮੰਡਲ ਦੀਆਂ ਤਾਰਾਂ ਛੇੜੀਆਂ ਤੇ ਪੱਕਾ ਰਾਗ 'ਹਰੀ ਓਮ ਤਤਿ ਸਤਿ' ਸ਼ੁਰੂ ਕੀਤਾ। ਸਰੋਤੇ ਮੁਗਧ ਹੋ ਗਏ। ਇਕ ਘੰਟਾ ਬੈਠੇ ਉਸ ਦੇ ਸੰਗੀਤ ਦਾ ਰਸ ਮਾਣਦੇ ਰਹੇ। ਬੜੇ ਗੁਲਾਮ ਅਲੀ ਖਾਂ ਨੇ ਲੋਕਾਂ ਦੇ ਦਿਲਾਂ ਨੂੰ ਝੰਜੋੜ ਦਿੱਤਾ। ਕੁਝ ਲੋਕ ਇਤਨੇ ਭਾਵੁਕ ਹੋ ਗਏ ਕਿ ਉਹ ਸ਼ਾਇਦ ਵਸੰਤ ਡੇਸਾਈ ਨੂੰ ਕੁੱਟ ਸੁੱਟਦੇ, ਪਰ ਵਸੰਤ ਡੇਸਾਈ ਪਹਿਲਾਂ ਹੀ ਛੂ-ਮੰਤਰ ਹੋ ਗਿਆ ਸੀ।

ਬੜੇ ਗੁਲਾਮ ਅਲੀ ਖਾਂ ਨੇ ਵਾਰ ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਲਾਸਕੀ ਸੰਗੀਤ ਖੂਬਸੂਰਤ ਹੋਣਾ ਚਾਹੀਦਾ ਹੈ। ਸਵੱਰ ਨੂੰ ਇਸ ਤਰ੍ਹਾਂ ਭਰਿਆ ਜਾਵੇ, ਤੇ ਆਵਾਜ਼ ਨੂੰ ਇਸ ਤਰ੍ਹਾਂ ਸਾਧਿਆ ਜਾਵੇ ਕਿ ਉਹ ਸੁਣਨ ਵਾਲਿਆਂ ਨੂੰ ਮੋਹ ਲਵੇ। ਕਈ ਪੁਰਾਣੇ ਸੰਗੀਤਕਾਰਾਂ ਨੇ ਬੜੇ ਗੁਲਾਮ ਅਲੀ ਖਾਂ ਦੇ ਇਸ ਕਥਨ ਦੇ ਗਲਤ ਅਰਥ ਕੱਢ ਲਏ ਤੇ ਉਸ ਨੂੰ ਲੋਕਵਾਦੀ ਸੰਗੀਤ ਦਾ ਹਾਮੀ ਆਖ ਕੇ ਭੰਡਿਆ, ਪਰ ਇਹ ਕੇਵਲ ਬੜੇ ਗੁਲਾਮ ਅਲੀ ਖਾਂ ਗਾਇਕੀ ਦਾ ਹੀ ਕਮਾਲ ਸੀ ਕਿ ਸਾਧਾਰਨ ਆਦਮੀ ਵੀ ਪੱਕੇ ਰਾਗ ਦੀ ਖੂਬਸੂਰਤੀ ਨੂੰ ਗ੍ਰਹਿਣ ਕਰ ਕੇ ਦਾਦ ਦੇਂਦਾ ਸੀ।

ਮੈਨੂੰ ਬਹੁਤ ਵਾਰ ਬੜੇ ਗੁਲਾਮ ਅਲੀ ਖਾਂ ਨੂੰ ਸੁਣਨ ਦਾ ਮੌਕਾ ਮਿਲਿਆ। ਇਕ ਵਾਰ ਮੈਂ ਕਰੋਲ ਬਾਗ ਵਿਚ ਉਸ ਨੂੰ ਮਿਲਣ ਗਿਆ ਜਿਥੇ ਉਹ ਕਿਸੇ ਵਕੀਲ ਦੋਸਤ ਦੇ ਘਰ ਠਹਿਰਿਆ ਹੋਇਆ ਸੀ। ਸ਼ਾਮ ਡੂੰਘੀ ਹੋ ਗਈ ਸੀ। ਜਦ ਮੈਂ ਕਮਰੇ ਵਿਚ ਦਾਖਿਲ ਹੋਇਆ, ਉਹ ਸਵੱਰ ਮੰਡਲ ਲਈ ਮੰਜੇ 'ਤੇ ਬੈਠਾ ਗੁਣਗੁਣਾ ਰਿਹਾ ਸੀ।

ਉਸ ਦਾ ਪੁੱਤਰ, ਤਿੰਨ ਸ਼ਗਿਰਦ, ਵਕੀਲ, ਹੇਠਾਂ ਦਰੀ ਉਤੇ ਬੈਠੇ ਸਨ। ਮੈਂ ਵੀ ਨਾਲ ਹੀ ਬੈਠ ਗਿਆ। ਇਕ ਨੌਕਰ ਭਾਫ਼ਾਂ ਛੱਡਦੀ ਬਰਿਆਨੀ ਤੇ ਗਰਮ-ਗਰਮ ਗੋਸ਼ਤ ਦਾ ਪਤੀਲਾ ਲੈ ਕੇ ਆਇਆ। ਪਲੇਟਾਂ ਵੀ ਆ ਗਈਆਂ। ਬੜੇ ਗੁਲਾਮ ਅਲੀ ਖਾਂ ਨੇ ਸਾਨੂੰ ਹੁਕਮ ਦਿੱਤਾ ਕਿ ਅਸੀਂ ਪਹਿਲਾਂ ਮੀਟ ਤੇ ਬਰਿਆਨੀ ਆਪਣੀਆਂ ਪਲੇਟਾਂ ਵਿਚ ਪਾਈਏ। ਉਸ ਨੇ ਸਵੱਰ ਮੰਡਲ ਵਿਚ ਇਕ ਪਾਸੇ ਰੱਖਿਆ। ਬਰਿਆਨੀ ਤੇ ਗੋਸ਼ਤ ਨਾਲ ਆਪਣੀ ਪਲੇਟ ਭਰੀ ਤੇ ਖਾਣ ਲੱਗਾ।

ਸੰਖੀ ਚੂਸਦਿਆਂ ਬੋਲਿਆ, "ਹੋਰ ਖਾਉ। ਹੱਡੀ ਵਾਲਾ ਗੋਸ਼ਤ ਦਿਮਾਗ ਲਈ ਬਹੁਤ ਚੰਗਾ ਹੈ।"

ਖਾਣਾ ਬਹੁਤ ਲਜ਼ੀਜ਼ ਸੀ। ਖਾਣੇ ਪਿਛੋਂ ਇਕ ਸ਼ਾਗਿਰਦ ਉਸ ਦੀ ਪਲੇਟ ਲੈ ਲਿਆ। ਤੌਲੀਏ ਨਾਲ ਬੜੇ ਗੁਲਾਮ ਅਲੀ ਖਾਂ ਨੇ ਆਪਣਾ ਮੂੰਹ ਤੇ ਚਮਕਦਾਰ ਮੁੱਛਾਂ ਪੂੰਝੀਆਂ ਤੇ ਫਿਰ ਸਵੱਰ ਮੰਡਲ ਚੁੱਕ ਕੇ ਛਾਤੀ ਨਾਲ ਲਾ ਲਿਆ। ਉਸ ਨੇ ਅੱਖਾਂ ਮੁੰਦ ਲਈਆਂ। ਸਵੱਰ ਮੰਡਲ ਦੀਆਂ ਤਾਰਾਂ ਨੂੰ ਜਗਾਇਆ ਤੇ ਦਰਬਾਰੀ ਰਾਗ ਛੇੜ ਦਿੱਤਾ। ਵਿਚ-ਵਿਚ ਉਸ ਨੇ ਸੰਗੀਤ ਦੇ ਗਹਿਰੇ ਰਾਜ਼ ਸਮਝਾਏ, ਸੁਰ ਤੇ ਅਲਾਪ ਤੇ ਤਾਨ ਬਾਰੇ ਕਈ ਗੁੱਝੇ ਨੁਕਤੇ ਦੱਸੇ, ਲਤੀਫ਼ੇ ਸੁਣਾਏ।

ਉਹ ਆਖਣ ਲੱਗਾ, "ਮੇਰੀ ਗਾਇਕੀ ਦਾ ਮਕਸਦ ਰੂਹਾਨੀ ਹੈ। ਜਿੰਨਾ ਮੈਂ ਲੋਕਾਂ ਨੂੰ ਦਿੰਦਾ ਹਾਂ, ਉਸ ਤੋਂ ਵੱਧ ਉਹ ਮੈਨੂੰ ਦੇਂਦੇ ਹਨ। ਮੈਂ ਗਾਉਂਦਾ ਹਾਂ ਤੇ ਮੇਰਾ ਗਾਣਾ ਲੋਕਾਂ ਦੀ ਆਤਮਾ ਨੂੰ ਟੁੰਬਦਾ ਹੈ। ਇਹੋ ਰੂਹਾਨੀ ਤਾਕਤ ਹੈ।"

ਦੋ ਘੰਟੇ ਗਾਉਣ ਪਿਛੋਂ ਉਸ ਨੇ ਸਵੱਰ ਮੰਡਲ ਸਿਰਹਾਣੇ ਰੱਖਿਆ, ਤੇ ਲੇਟ ਗਿਆ। ਰਾਤ ਦੇ ਗਿਆਰਾਂ ਵੱਜੇ ਸਨ। ਅਸੀਂ ਲੀਡਰਾਂ, ਅੰਤਰਰਾਸ਼ਟਰੀ ਝਗੜਿਆਂ, ਨਵੇਂ ਨਾਟਕਾਂ ਤੇ ਫਿਲਮਾਂ ਅਤੇ ਵਧ ਰਹੀਆਂ ਕੀਮਤਾਂ ਬਾਰੇ ਗੱਲਾਂ ਕਰਨ ਲੱਗੇ। ਅੱਧ ਸੁੱਤਾ ਬੜੇ ਗੁਲਾਮ ਅਲੀ ਖਾਂ ਦਰਬਾਰੀ ਦੀ ਉਹੀ ਸਰਗਮ ਗੁਣਗੁਣਾ ਰਿਹਾ ਸੀ।

ਉਹ ਆਖਦਾ ਸੀ, ਗਵੱਈਏ ਨੂੰ ਖੁੱਲ੍ਹੀ ਆਵਾਜ਼ ਵਿਚ ਗਾਉਣਾ ਚਾਹੀਦਾ ਹੈ। ਆਵਾਜ਼ ਧੁੰਨੀ ਤੋਂ ਨਿਕਲੇ, ਭਰਵੇਂ ਸੁਰ ਪੂਰੀ ਆਵਾਜ਼ ਵਿਚ ਨਿਕਲਣ। ਸੰਗਾਊ ਤੇ ਸ਼ਰਮੀਲੀ ਆਵਾਜ਼ ਚੰਗੀ ਨਹੀਂ। ਆਵਾਜ਼ ਨੂੰ ਦਬਾ ਕੇ ਗਾਉਣਾ ਠੀਕ ਨਹੀਂ। ਉਸ ਨੇ ਆਪਣੇ ਸ਼ਾਗਿਰਦਾਂ ਨੂੰ ਆਵਾਜ਼ ਨੂੰ ਪਕਾਉਣ ਦਾ ਪਹਿਲਾ ਸਬਕ ਇਹ ਦਿੱਤਾ ਕਿ ਪਹਿਲਾਂ ਖਰਜ ਭਰਨਾ ਸਿੱਖੋ। ਆਵਾਜ਼ ਨੂੰ ਖਰਜ ਦੇ ਸਾ ਤੀਕ ਪਹੁੰਚੋ ਤੇ ਆਵਾਜ਼ ਨੂੰ ਭਰਨਾ ਸਿੱਖੋ। ਆਵਾਜ਼ ਕੱਚੀ ਸੁਰਾਹੀ ਵਰਗੀ ਨਾ ਹੋਵੇ, ਸਗੋਂ ਆਵੇ ਵਿਚ ਪੱਕੇ ਹੋਏ ਘੜੇ ਵਰਗੀ ਹੋਵੇ। ਇਸ ਨੂੰ ਬਨਾਉਟੀ ਢੰਗ ਨਾਲ ਗਲੇ ਵਿਚੋਂ ਨਹੀਂ ਕੱਢਣਾ ਚਾਹੀਦਾ। ਉਸ ਨੇ ਖੁਦ ਭਿੰਨ-ਭਿੰਨ ਤਾਨਾਂ, ਪਲਟਿਆਂ, ਤਾਲ-ਬੱਧ ਵੰਨਗੀਆਂ ਤੇ ਸੂਤਰਾਂ ਵਿਚ ਰਾਗ ਦੀ ਵਿਸ਼ੇਸ਼ ਚੱਸ ਨੂੰ ਉਜਾਗਰ ਕੀਤਾ। ਪੱਕੇ ਰਾਗ ਦਾ ਧਨੀ, ਮੰਝੇ ਹੋਏ ਸੁਰ ਤੇ ਅਲਾਪ ਦਾ ਮਾਹਿਰ, ਬੜੇ ਗੁਲਾਮ ਅਲੀ ਖਾਂ ਖਯਾਲ ਗਾਇਕੀ ਦਾ ਬਾਦਸ਼ਾਹ ਸੀ।

ਉਸ ਨੇ ਦੱਸਿਆ, "ਆਵਾਜ਼ ਵਿਚ ਰੌਸ਼ਨੀ ਹੋਣੀ ਚਾਹੀਦੀ ਹੈ... ਇਹ ਆਭਾ ਜੋ ਅਸੀਂ ਆਪਣੇ ਕੰਨਾਂ ਨਾਲ ਦੇਖ ਸਕਦੇ ਹਾਂ। ਅਸੀਂ ਆਵਾਜ਼ ਨੂੰ ਸਿਰਫ਼ ਸੁਣਦੇ ਨਹੀਂ, ਇਸ ਨੂੰ ਦੇਖਦੇ ਵੀ ਹਾਂ। ਇਸ ਵਿਚ ਦਰਸ਼ਨੀ ਗੁਣ ਹੋਣਾ ਚਾਹੀਦਾ ਹੈ। ਆਵਾਜ਼ ਨੂੰ ਰਿਆਜ਼ ਨਾਲ ਸਾਧਣਾ ਚਾਹੀਦਾ ਹੈ। ਆਵਾਜ਼ ਸਿਰਜਣਾ ਦਾ ਸੋਮਾ ਹੈ।"

ਜਦੋਂ ਉਸ ਨੇ ਠੁਮਰੀ ਗਾਈ ਤਾਂ ਉਸ ਨੇ ਇਸ ਦਾ ਰੂਪ ਬਦਲ ਦਿੱਤਾ। ਠੁਮਰੀ ਵਿਚ ਆਮ ਤੌਰ 'ਤੇ ਲਚਕ ਅਤੇ ਸ਼ਿੰਗਾਰ ਦੀ ਕੋਮਲਤਾ ਹੁੰਦੀ ਹੈ, ਪਰ ਗੁਲਾਮ ਅਲੀ ਖਾਂ ਨੇ ਇਸ ਵਿਚ ਆਪਣੇ ਨਿੱਜੀ ਅੰਦਾਜ਼ ਦਾ ਜਲੌਅ, ਗੰਭੀਰਤਾ ਤੇ ਆਭਾ ਭਰ ਦਿੱਤੀ ਜਿਸ ਨਾਲ ਇਹ ਲਗਭਗ ਖਯਾਲ ਬਣ ਗਈ। ਮੁਨੱਵਰ ਅਲੀ ਖਾਂ ਆਖਦਾ ਸੀ, "ਮੇਰੇ ਅੱਬਾ ਦੀ ਮਸ਼ਹੂਰ ਰਚਨਾ 'ਹਰੀ ਓਮ ਤਤਿ ਸਤਿ' ਨੂੰ ਭਜਨ ਜਾਂ ਠੁਮਰੀ ਨਹੀਂ ਕਿਹਾ ਜਾ ਸਕਦਾ। ਵੱਧ ਤੋਂ ਵੱਧ ਇਸ ਨੂੰ ਬੜੇ ਗੁਲਾਮ ਅਲੀ ਖਾਂ ਦੀ ਬੰਦਿਸ਼ ਆਖਿਆ ਜਾ ਸਕਦਾ ਹੈ।"

ਉਹ ਹਰ ਸ਼ੈਅ ਨੂੰ ਸੰਗੀਤ ਦਾ ਰੂਪ ਦੇ ਦੇਂਦਾ ਸੀ। ਸੁਰਾਂ ਨੂੰ ਦ੍ਰਿਸ਼ਟੀਮੂਲਕ ਬਣਾ ਦੇਂਦਾ। ਇਕ ਵਾਰ ਕੁੱਕੜ ਸਵੇਰ ਸਾਰ ਬਾਂਗ ਦੇ ਰਿਹਾ ਸੀ। ਜਦੋਂ ਬੜੇ ਗੁਲਾਮ ਅਲੀ ਖਾਂ ਨੇ ਸਵੇਰ ਦੇ ਸ਼ਾਂਤ ਵਾਯੂ ਮੰਡਲ ਵਿਚ ਗੂੰਜਦੀ ਹੋਈ ਕੁਕੜੂ-ਘੜੂੰ ਸੁਣੀ ਤਾਂ ਉਹ ਆਖਣ ਲੱਗਾ, "ਇਹ ਕੁੱਕੜ, ਰਾਗ ਟੋਡੀ ਵਿਚ ਬਾਂਗਾਂ ਦੇ ਰਿਹਾ ਹੈ। ਇਹਦੇ ਸੁਰਾਂ ਨੂੰ ਸੁਣੋ-ਆਰੋਹੀ ਤੇ ਅਵਰੋਹੀ... ਸਾ ਰੇ ਮਾ ਪਾ ਧਾ ਪਾ, ਧਾ, ਪਾ, ਮਾ ਪਾ ਧਾ ਮਾ ਪਾ ਗਾ ਰੇ... ਸਾ...।"

ਤਾਨ ਦੀ ਸਰਗਮ ਗਤੀ ਨੂੰ ਸਪਸ਼ਟ ਕਰਨ ਲਈ ਉਹ ਵਸਤੂਆਂ ਤੇ ਘਟਨਾਵਾਂ ਦੀਆਂ ਮਿਸਾਲਾਂ ਦੇਂਦਾ। ਜੋ ਤਾਨ ਉਪਰ ਚੜ੍ਹਦੀ ਚੱਕਰ ਕੱਟਦੀ ਤੇ ਅੰਤ ਵਿਚ ਠੀਕ ਸਮ ਉਤੇ ਡਿਗਦੀ ਹੈ, ਉਸ ਬਾਰੇ ਉਹ ਆਖਦਾ ਸੀ, "ਮੈਂ ਸਰਕਸ ਵਿਚ ਬਾਜ਼ੀਗਰ ਨੂੰ ਦੇਖਿਆ। ਉਸ ਨੇ ਚਾਕੂ ਨੂੰ ਹਵਾ ਵਿਚ ਉਛਾਲਿਆ ਤੇ ਜਦੋਂ ਚਾਕੂ ਘੁੰਮਦਾ ਹੋਇਆ ਹੇਠਾਂ ਡਿਗਿਆ ਤਾਂ ਉਸ ਨੇ ਇਸ ਨੂੰ ਦੰਦਾਂ ਵਿਚ ਬੋਚ ਲਿਆ। ਗਾਇਕ ਨੂੰ ਚਾਹੀਦਾ ਹੈ ਕਿ ਉਹ ਤਾਨ ਇਸ ਤਰ੍ਹਾਂ ਮਾਰੇ ਕਿ ਇਹ ਚਾਕੂ ਵਾਂਗ ਸਮ ਉਤੇ ਡਿੱਗੇ। ਇਹੀ ਕਮਾਲ ਹੈ ਤੇ ਸਾਧਨਾ ਹੈ ਸੁਰ ਦੀ।"

ਉਸ ਨੂੰ ਆਪਣੇ ਭਾਰੇ ਸਰੀਰ ਦਾ ਅਹਿਸਾਸ ਸੀ। ਉਸ ਨੇ ਆਪਣੇ ਪਹਿਲਵਾਨੀ ਰੂਪ ਬਾਰੇ ਕਹਾਣੀ ਸੁਣਾਈ। ਕੋਈ ਪੇਂਡੂ ਨਵੀਂ ਦਿੱਲੀ ਦੇ ਕਨਾਟ ਪਲੇਸ ਵਿਚ ਘੁੰਮ ਰਿਹਾ ਸੀ। ਉਸ ਦੀ ਨਜ਼ਰ ਸ਼ੋਅ ਰੂਮ ਵਿਚ ਰੱਖੇ ਰਿਕਾਰਡ 'ਤੇ ਪਈ ਜਿਸ ਉਤੇ ਬੜੇ ਗੁਲਾਮ ਅਲੀ ਖਾਂ ਦੀ ਤਸਵੀਰ ਸੀ। ਭਾਰੇ ਚਿਹਰੇ ਤੇ ਕੁੰਡਲਦਾਰ ਸਿਆਹ ਮੁੱਛਾਂ ਵੱਲ ਦੇਖ ਕੇ ਪੇਂਡੂ ਨੇ ਆਖਿਆ, "ਬੱਲੇ ਬੱਲੇ ਉਏ ਗਾਮਿਆ, ਹੁਣ ਤੂੰ ਗਾਉਣਾ ਵੀ ਸ਼ੁਰੂ ਕਰ ਦਿੱਤਾ।"

ਉਹ ਸੰਗੀਤ ਬਾਰੇ ਬੜੀਆਂ ਡੂੰਘੀਆਂ ਗੱਲਾਂ ਕਰਦਾ। ਉਸ ਨੂੰ ਸੁਰ ਤੇ ਤਾਲ ਦੀ ਦੁਨੀਆਂ ਦਾ ਅਥਾਹ ਗਿਆਨ ਸੀ। ਕਦੇ ਕਦੇ ਉਹ ਹਉਕਾ ਭਰ ਕੇ ਆਖਦਾ, "ਤੁਹਾਨੂੰ ਕੀ ਪਤਾ ਕਿ ਮੈਂ ਕਿੱਡੇ ਵੱਡੇ ਵੱਡੇ ਉਸਤਾਦਾਂ ਨੂੰ ਸੁਣਿਆ ਹੈ। ਕਮਾਲ ਦਾ

(ਬਾਕੀ ਅਗਲੇ ਸਫੇ 'ਤੇ)

*ਜਦੋਂ ਉਸ ਨੇ ਠੁਮਰੀ ਗਾਈ ਤਾਂ ਉਸ ਨੇ ਇਸ ਦਾ ਰੂਪ ਬਦਲ ਦਿੱਤਾ। ਠੁਮਰੀ ਵਿਚ ਆਮ ਤੌਰ 'ਤੇ ਲਚਕ ਅਤੇ ਸ਼ਿੰਗਾਰ ਦੀ ਕੋਮਲਤਾ ਹੁੰਦੀ ਹੈ, ਪਰ ਗੁਲਾਮ ਅਲੀ ਖਾਂ ਨੇ ਇਸ ਵਿਚ ਆਪਣੇ ਨਿੱਜੀ ਅੰਦਾਜ਼ ਦਾ ਜਲੌਅ, ਗੰਭੀਰਤਾ ਤੇ ਆਭਾ ਭਰ ਦਿੱਤੀ ਜਿਸ ਨਾਲ ਇਹ ਲਗਭਗ ਖਯਾਲ ਬਣ ਗਈ। ਮੁਨੱਵਰ ਅਲੀ ਖਾਂ ਆਖਦਾ ਸੀ, "ਮੇਰੇ ਅੱਬਾ ਦੀ ਮਸ਼ਹੂਰ ਰਚਨਾ 'ਹਰੀ ਓਮ ਤਤਿ ਸਤਿ' ਨੂੰ ਭਜਨ ਜਾਂ ਠੁਮਰੀ ਨਹੀਂ ਕਿਹਾ ਜਾ ਸਕਦਾ। ਵੱਧ ਤੋਂ ਵੱਧ ਇਸ ਨੂੰ ਬੜੇ ਗੁਲਾਮ ਅਲੀ ਖਾਂ ਦੀ ਬੰਦਿਸ਼ ਆਖਿਆ ਜਾ ਸਕਦਾ ਹੈ।"*





*ਬੜੇ ਗੁਲਾਮ ਅਲੀ ਖਾਂ ਦੀਆਂ ਦੋ ਤਸਵੀਰਾਂ।*

ਗਾਉਂਦੇ ਸਨ ਉਹ ਲੋਕ। ਮੈਂ ਕੀ ਹਾਂ ਉਨ੍ਹਾਂ ਸਾਹਮਣੇ। ਮੈਂ ਤਾਂ ਬਸ ਉਨ੍ਹਾਂ ਦੇ ਨਕਸ਼-ਇ-ਕਦਮ ਉਤੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਹਾਂ।"

ਇਕ ਵਾਰ ਕਿਸੇ ਬੁੱਧੀਜੀਵੀ ਨੇ ਉਸ ਨੂੰ ਪੁੱਛਿਆ ਕਿ ਉਸ ਨੂੰ ਪਿਕਾਸੋ ਦੀ ਕਲਾ ਬਾਰੇ ਕੁਝ ਪਤਾ ਹੈ? ਬੜੇ ਗੁਲਾਮ ਅਲੀ ਖਾਂ ਨੇ ਤੁਰੰਤ ਜੁਆਬ ਦਿੱਤਾ, "ਪਿਕਾਸੋ ਨੂੰ ਮੇਰੀ ਗਾਇਕੀ ਦਾ ਪਤਾ ਹੈ? ਮੇਰੇ ਲਈ ਇਹ ਕਾਫ਼ੀ ਹੈ ਕਿ ਮੈਂ ਆਪਣੀ ਪਰੰਪਰਾ ਨੂੰ ਜਾਣਦਾ ਹਾਂ, ਰਾਗਾਂ ਦੀ ਦੁਨੀਆਂ ਨੂੰ ਤੇ ਸੁਰਾਂ ਦੇ ਰਾਜ਼ ਨੂੰ। ਸੰਗੀਤ ਨੂੰ ਜਾਣਨਾ ਆਪਣੇ ਆਪ ਨੂੰ ਜਾਣਨਾ ਹੈ। ਮੈਂ ਆਪਣੀ ਖੁਸ਼ੀ ਲਈ ਗਾਉਂਦਾ ਹਾਂ। ਪੈਸੇ ਖਾਤਰ ਵੀ ਗਾਉਂਦਾ ਹਾਂ, ਜਦ ਮੇਰੀ ਗਾਇਕੀ ਪ੍ਰਬੰਧਕਾਂ ਲਈ ਪੈਸੇ ਲਿਆਉਂਦੀ ਹੋਵੇ। ਇਕ ਵਾਰ ਫਿਲਮ ਡਾਇਰੈਕਟਰ ਕੇ. ਆਸਿਫ਼ ਨੇ ਮੈਨੂੰ 'ਮੁਗਲ-ਇ-ਆਜ਼ਮ' ਵਿਚ ਗਾਉਣ ਲਈ ਆਖਿਆ। ਅਸੀਂ ਪੈਸਿਆਂ ਬਾਰੇ ਗੱਲ ਕੀਤੀ ਤਾਂ ਉਸ ਨੇ ਪੁੱਛਿਆ, "ਕਿੰਨੇ ਪੈਸੇ ਲਵੋਗੇ ਖਾਂ ਸਾਹਿਬ?" ਮੈਂ ਆਖਿਆ, ਇਕ ਗੀਤ ਦਾ ਵੀਹ ਹਜ਼ਾਰ ਰੁਪਿਆ। ਉਹ ਝੱਟ ਰਜ਼ਾਮੰਦ ਹੋ ਗਿਆ। ਇਹੋ ਵਜ੍ਹਾ ਸੀ ਕਿ ਮੈਂ ਫਿਲਮ ਵਿਚ ਗਾਇਆ, ਪਰ ਜਦੋਂ ਮੈਂ ਆਪਣੇ ਘਰ, ਦੋਸਤਾਂ ਤੇ ਸ਼ਾਗਿਰਦਾਂ ਵਿਚ ਬੈਠ ਕੇ ਗਾਉਂਦਾ ਹਾਂ, ਤਾਂ ਸਿਰਫ਼ ਆਪਣੀ ਖੁਸ਼ੀ ਦੀ ਖਾਤਰ।"

---

ਬੜੇ ਗੁਲਾਮ ਅਲੀ ਖਾਂ ਦੀ ਸ਼ਾਦੀ 1927 ਵਿਚ ਲਾਹੌਰ ਵਿਚ ਹੋਈ। ਉਸ ਦੀ ਪਤਨੀ ਦਾ ਨਾਂ ਅੱਲਾ ਜਿਵਾਈ ਸੀ। ਉਨ੍ਹਾਂ ਦੇ ਘਰ ਦੋ ਪੁੱਤਰ ਜੰਮੇ- ਕਰਾਮਤ ਅਲੀ ਅਤੇ ਮੁਨੱਵਰ ਅਲੀ। ਅੱਲਾ ਜਿਵਾਈ 1935 ਵਿਚ ਪ੍ਰਲੋਕ ਸਿਧਾਰ ਗਈ ਜਿਸ ਪਿਛੋਂ ਬੜੇ ਗੁਲਾਮ ਅਲੀ ਖਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸੰਗੀਤ ਦੇ ਅਰਪਣ ਕਰ ਦਿੱਤਾ। ਉਸ ਦੇ ਦੋਵੇਂ ਪੁੱਤਰ ਉਸ ਦੀ ਨਿਗਰਾਨੀ ਹੇਠ ਪਲਣ ਲੱਗੇ।

ਬੜੇ ਗੁਲਾਮ ਅਲੀ ਖਾਂ ਸਾਰੇ ਹਿੰਦੁਤਸਾਨ ਵਿਚ ਘੁੰਮਿਆ, ਆਪਣੇ ਸੰਗੀਤ ਦਾ ਜਲਵਾ ਦਿਖਾਇਆ ਤੇ ਰੱਜ ਕੇ ਪ੍ਰਸੰਸਾ ਹਾਸਲ ਕੀਤੀ। ਹਰ ਥਾਂ ਬਹੁਤ ਭਾਰੀ ਗਿਣਤੀ ਵਿਚ ਉਸ ਦੇ ਪ੍ਰਸੰਸਕ ਸਨ, ਖਾਸ ਤੌਰ 'ਤੇ ਬੰਬਈ, ਕਲਕੱਤਾ ਤੇ ਦਿੱਲੀ ਵਿਚ।

ਮੁਲਕ ਦੇ ਬਟਵਾਰੇ ਵੇਲੇ ਉਹ ਆਪਣੇ ਪਰਿਵਾਰ ਸਮੇਤ ਬੰਬਈ ਛੱਡ ਕੇ ਕਰਾਚੀ ਚਲਾ ਗਿਆ ਤੇ ਫਿਰ ਉਥੋਂ ਕਾਬੁਲ। ਪਹਿਲੀ ਨਵੰਬਰ 1947 ਵਿਚ ਲਾਹੌਰ ਵਾਪਸ ਆ ਗਿਆ। ਉਦੋਂ ਤੀਕ ਪਾਕਿਸਤਾਨ ਤੇ ਹਿੰਦੁਸਤਾਨ ਦੋ ਵੱਖਰੇ ਦੇਸ਼ ਬਣ ਚੁੱਕੇ ਸਨ। ਬੜੇ ਗੁਲਾਮ ਅਲੀ ਖਾਂ ਦੀ ਕਲਾ ਭਰ ਜੋਬਨ ਉਤੇ ਸੀ। ਮੁਨੱਵਰ ਅਲੀ ਖਾਂ ਨੇ ਮੈਨੂੰ ਦੱਸਿਆ, "ਜਿਸ ਤਰ੍ਹਾਂ ਖੂਬਸੂਰਤ ਔਰਤ ਆਪਣੇ ਹੁਸਨ ਦਾ ਜਲੌਅ ਦਿਖਾਉਣ ਲਈ ਬੇਤਾਬ ਹੁੰਦੀ ਹੈ ਤੇ ਚਾਹੁੰਦੀ ਹੈ ਕਿ ਹਰ ਪਾਸੇ ਉਸ ਦੇ ਪ੍ਰਸੰਸਕ ਹੋਣ, ਮੇਰੇ ਅੱਬਾ ਨੂੰ ਪ੍ਰਸੰਸਕਾਂ ਤੇ ਸਰੋਤਿਆਂ ਦੀ ਭੁੱਖ ਸੀ। ਉਨ੍ਹੀਂ ਦਿਨੀਂ ਪਾਕਿਸਤਾਨ ਰਿਫਿਊਜੀਆਂ ਨੂੰ ਮੁੜ ਵਸਾਉਣ ਤੇ ਲੱਖਾਂ ਲੋਕਾਂ ਨੂੰ ਘਰ ਦੇਣ ਦੀਆਂ ਸਮੱਸਿਆਵਾਂ ਵਿਚ ਮਸਰੂਫ਼ ਸੀ। ਕਲਾਸਕੀ ਖਯਾਲ ਤੇ ਠੁਮਰੀ ਲਈ ਕਿਸ ਕੋਲ ਸਮਾਂ ਸੀ? ਅੱਬਾ ਜੀ ਨੂੰ ਇਹ ਨਹੀਂ ਸੀ ਪਤਾ ਲਗਦਾ ਕਿ ਕਿਥੇ ਗਾਵੇ ਤੇ ਆਪਣਾ ਸੰਗੀਤਕ ਖਜ਼ਾਨਾ ਕਿਥੇ ਪੇਸ਼ ਕਰੇ।"

ਉਹ ਲਾਹੌਰ ਵਿਚ ਹੀ ਰਿਹਾ। 1948 ਵਿਚ ਉਸ ਮੁੜ ਸ਼ਾਦੀ ਕੀਤੀ ਤੇ ਫਿਰ ਕਰਾਚੀ ਚਲਾ ਗਿਆ। ਦੋਹਾਂ ਸਭਿਆਚਾਰਕ ਰਾਜਧਾਨੀਆਂ ਵਿਚ ਉਸ ਦਾ ਚੱਕਰ ਲਗਦਾ ਰਿਹਾ। ਉਸ ਦੀ ਪੱਕੀ ਗਾਇਕੀ ਕ੍ਰਿਸ਼ਨ ਭਗਤੀ ਤੇ ਬ੍ਰਜ ਕਾਵਿ ਦੀ ਸੰਗੀਤਕਤਾ ਵਿਚ ਭਿੱਜੀ ਹੋਈ ਸੀ। ਇਹ ਕੱਟੜ ਇਸਲਾਮੀ ਖਿੱਤੇ ਵਿਚ ਭਰਵਾਂ ਹੁੰਗਾਰਾ ਨਾ ਪ੍ਰਾਪਤ ਕਰ ਸਕੀ। ਉਸ ਨੂੰ ਇਸ ਦੀ ਬੜੀ ਸਿੱਕ ਸੀ। ਉਸ ਨੇ ਹਉਕਾ ਭਰਿਆ ਤੇ ਮੁਨੱਵਰ ਨੂੰ ਆਖਣ ਲੱਗਾ, "ਪੁੱਤਰ, ਮੈਂ ਕ੍ਰਿਸ਼ਨ ਨੂੰ ਅਲੀ ਜਾਂ ਹੁਸੈਨ ਵਿਚ ਨਹੀਂ ਸਾਂ ਬਦਲ ਸਕਦਾ। ਸੰਗੀਤ ਦੇ ਲਫ਼ਜ਼ੀ ਅਰਥ ਨਹੀਂ ਹੁੰਦੇ, ਇਹ ਨਵਾਂ ਪਸਾਰ ਜਗਾਉਂਦੇ ਹਨ ਤੇ ਸੁਰਾਂ ਦੀਆਂ ਉਤੇਜਨਾਵਾਂ ਰੋਸ਼ਨ ਕਰਦੇ ਹਨ। ਪਾਕਿਸਤਾਨ ਵਿਚ ਕੱਟੜਪੰਥੀ ਲੋਕ ਹਰ ਚੀਜ਼ ਨੂੰ ਇਸਲਾਮੀ ਰੰਗ ਦੇ ਰਹੇ ਹਨ। ਮੈਂ ਭਾਵੇਂ ਆਪਣੇ ਧਰਮ ਤੇ ਆਪਣੀ ਪਰੰਪਰਾ ਨੂੰ ਪਿਆਰ ਕਰਦਾ ਹਾਂ, ਪਰ ਮੈਂ ਕ੍ਰਿਸ਼ਨ ਤੇ ਰਾਧਾ ਦੇ ਸ਼ਿੰਗਾਰਮਈ ਗੀਤਾਂ ਨੂੰ ਬਦਲ ਨਹੀਂ ਸਕਦਾ। ਨਾ ਹੀ ਹਿੰਦੂ ਦਰਸ਼ਨ ਦੀ ਵਿਲਾਸਤਾ ਨਾਲ ਜੁੜੀਆਂ ਠੁਮਰੀਆਂ ਤੇ ਖਯਾਲਾਂ ਦੇ ਸ਼ਬਦਾਂ ਨੂੰ ਨਵਾਂ ਰੂਪ ਦੇ ਸਕਦਾ ਸਾਂ।"


ਉਸ ਨੂੰ ਆਪਣੀ ਕਲਾ ਦੇ ਪ੍ਰਗਟਾਉ ਲਈ ਵਿਸਤਾਰ ਦੀ ਲੋੜ ਸੀ। ਉਹ ਬਗੈਰ ਕਿਸੇ ਸਿਆਸੀ ਬਖੇੜੇ ਦੇ ਆਪਣੀ ਪਤਨੀ ਤੇ ਮੁਨੱਵਰ ਅਲੀ ਨਾਲ 1955 ਵਿਚ ਹਿੰਦੁਸਤਾਨ ਆ ਗਿਆ। ਇਹ ਉਸ ਦੀ ਪ੍ਰਤਿਭਾ ਦਾ ਸੰਗੀਤਕ ਪ੍ਰਗਟਾਵਾ ਸੀ। ਉਸ ਦੇ ਪ੍ਰਸੰਸਕ ਸਾਰੇ ਧਰਮਾਂ ਤੇ ਖਿੱਤਿਆਂ ਦੇ ਸਨ ਤੇ ਉਸ ਦਾ ਸੰਗੀਤ ਧਾਰਮਿਕ ਤੇ ਜਾਤੀਗਤ ਹੱਦਾਂ ਤੋਂ ਮੁਕਤ ਸੀ। ਉਸ ਨੇ ਆਪਣਾ ਸਾਹਿਤਕ ਨਾਂ 'ਸਬਰੰਗ' ਰੱਖਿਆ ਤੇ ਇਸ ਨਾਂ ਨੂੰ ਗੀਤਾਂ ਵਿਚ ਪਰੋ ਕੇ ਬੰਦਿਸ਼ਾਂ ਬੰਨ੍ਹੀਆਂ। ਇਹ ਨਾਂ ਉਸ ਨੇ ਆਪਣੀਆਂ ਰਚਨਾਵਾਂ ਵਿਚ ਇਤਨੀ ਪ੍ਰਬੁੱਧਤਾ ਨਾਲ ਜੜਿਆ ਕਿ ਇਸ ਦੇ ਸ਼ਾਬਦਿਕ ਅਰਥ ਗੀਤਾਂ ਵਿਚ ਐਨ ਢੁਕਵੇਂ ਬੈਠੇ। ਬੰਬਈ ਨੂੰ ਆਪਣਾ ਘਰ ਬਣਾਇਆ। ਇਥੇ ਉਹ ਮਾਲਾਬਾਰ ਹਿਲਜ਼ ਦੇ ਇਕ ਫਲੈਟ ਵਿਚ ਰਿਹਾ। ਕੁਝ ਸਾਲਾਂ ਪਿਛੋਂ ਆਪਣੀ ਦੂਜੀ ਬੀਵੀ ਨਾਲ ਕਲਕੱਤੇ ਚਲਾ ਗਿਆ।

1958 ਵਿਚ ਉਸ ਨੂੰ ਅਧਰੰਗ ਦਾ ਦੌਰਾ ਪਿਆ ਤੇ ਉਸ ਦਾ ਇਕ ਪਾਸਾ ਮਾਰਿਆ ਗਿਆ, ਪਰ ਉਸ ਨੇ ਫਿਰ ਰਿਆਜ਼ ਸ਼ੁਰੂ ਕਰ ਦਿੱਤਾ, ਡਾਕਟਰ ਦੇ ਮਸ਼ਵਰੇ ਦੇ ਖਿਲਾਫ਼ ਉਹ ਮਾਲਸ਼ੀਏ ਕੋਲੋਂ ਰੋਜ਼ ਮਾਲਿਸ਼ ਕਰਵਾਉਂਦਾ। ਲੱਕੜ ਦੇ ਦੀਵਾਨ ਉਤੇ ਲੇਟਿਆ ਉਹ ਆਪਣੇ ਸਿਰ, ਗਰਦਨ, ਛਾਤੀ, ਪਿੱਠ ਤੇ ਲੱਤਾਂ ਦੀ ਮਾਲਿਸ਼ ਦਾ ਆਨੰਦ ਲੈਂਦਾ ਤੇ ਨਾਲ-ਨਾਲ ਗਾਉਂਦਾ। ਮਾਲਸ਼ੀਏ ਦੀ ਲੈਆਤਮਕ ਚੰਪੀ ਨਾਲ ਸੁਰ ਤੇ ਤਾਲ ਮਿਲਾ ਕੇ ਗਾਉਂਦਾ। ਕਦੇ ਉਹ ਕਿਸੇ ਸਰਗਮ ਜਾਂ ਅਲਾਪ ਜਾਂ ਤਾਨ ਨੂੰ ਵਿਲੰਬਿਤ ਵਿਚ ਗਾਉਂਦੇ ਹੋਏ ਯਕਦਮ ਦ੍ਰੁਤ ਵਿਚ ਬਦਲ ਦੇਂਦਾ ਅਤੇ ਤਾਨ ਤੇ ਗਰਾਰੀ ਨੂੰ ਮਾਲਿਸ਼ ਦੀ ਤਾਲ ਤੇ ਚਾਲ ਅਨੁਸਾਰ ਤੋਰਦਾ।

ਇਕ ਵਾਰੀ ਉਸ ਨੇ ਮਾਲਸ਼ੀਏ ਨੂੰ ਆਪਣੇ ਸਾਹਮਣੇ ਬਿਠਾ ਲਿਆ ਤੇ ਸ਼ਿੰਗਾਰ ਰਸ ਦੀ ਠੁਮਰੀ ਗਾਉਣ ਲੱਗਾ। ਉਸ ਨੇ ਹੱਥਾਂ ਤੇ ਅੱਖਾਂ ਨਾਲ ਭਾਵ ਦੀ ਅਦਾਇਗੀ ਕੀਤੀ ਤੇ ਪਿਆਰ ਰਸ ਵਿਚ ਡੁੱਬੀ ਠੁਮਰੀ ਨੂੰ ਇਸ ਖੂਬਸੂਰਤੀ ਨਾਲ ਗਾਇਆ ਜਿਵੇਂ ਉਹ ਆਪਣੀ ਮਹਿਬੂਬਾ ਸਾਹਮਣੇ ਬੈਠਾ ਗਾ ਰਿਹਾ ਹੋਵੇ। ਮਾਲਸ਼ੀਆ ਕੀਲਿਆ ਹੋਇਆ ਬੈਠਾ ਸੁਣਦਾ ਰਿਹਾ ਤੇ ਬੜੇ ਗੁਲਾਮ ਅਲੀ ਖਾਂ ਪੇਚਦਾਰ ਤਾਨਾਂ ਤੇ ਪਲਟਿਆਂ ਨਾਲ ਆਪਣਾ ਸ਼ਿੰਗਾਰ ਭਾਵ ਪ੍ਰਗਟਾਉਣ ਵਿਚ ਮੁਗਧ ਸੀ। ਮਾਲਸ਼ੀਆ ਫਸੇ ਹੋਏ ਕਾਂ ਵਾਂਗ ਬੈਠਾ ਸੀ। ਨਾ ਉਠ ਸਕਦਾ ਸੀ, ਨਾ ਹਿਲ ਸਕਦਾ ਸੀ। ਬੜੇ ਗੁਲਾਮ ਅਲੀ ਖਾਂ ਤਾਂ ਮਾਲਸ਼ੀਏ ਦਾ ਸ਼ੁਕਰੀਆ ਅਦਾ ਕਰ ਰਿਹਾ ਸੀ ਤੇ ਠੁਮਰੀ ਉਸ ਦੇ ਹਿੱਤਾਂ ਭੇਟ ਕਰ ਰਿਹਾ ਸੀ। ਮਾਲਸ਼ੀਏ ਨੇ ਇਹੋ ਜਿਹੀ ਜਬਰੀ ਸੰਗੀਤਕ ਸਜ਼ਾ ਕਦੇ ਨਹੀਂ ਸੀ ਕੱਟੀ।

ਜੇ ਕੋਈ ਤਬਲਚੀ ਆਉਂਦਾ ਤਾਂ ਉਹ ਉਸ ਨਾਲ ਸੰਗੀਤ ਦੀਆਂ ਲੈਅਬੱਧ ਵੰਨਗੀਆਂ, ਤਾਲਾਂ, ਤੋੜੇ ਤੇ ਉਨ੍ਹਾਂ ਦੀ ਮਾਤਰਾ ਵੰਡ ਦੀਆਂ ਗੱਲਾਂ ਕਰਦਾ ਤਬਲਚੀ ਨੂੰ ਝੱਟ ਤਾਲ ਵਜਾਉਣ ਲਈ ਆਖਦਾ ਤੇ ਉਤਨੇ ਹੀ ਸਮੇਂ ਵਿਚ ਉਹ ਖੁਦ ਤੀਨ ਤਾਲ ਦੀਆਂ ਸੋਲਾਂ ਮਾਤਰਾਂ ਗਿਣਦਾ ਤੇ ਦੋਵੇਂ ਜਣੇ ਵੱਖ-ਵੱਖ ਤਾਲ ਚੱਕਰਾਂ ਨੂੰ ਕਟਦੇ ਇਕੋ ਵੇਲੇ ਸਮ ਉਤੇ ਆ ਡਿਗਦੇ। ਇਸ ਪ੍ਰਕਾਰ ਉਹ ਕਈ ਮਿਸ਼ਰਿਤ ਤਾਲ ਵੰਨਗੀਆਂ ਸਿਰਜਦਾ ਤੇ ਸ੍ਰੋਤਿਆਂ ਦੇ ਦਰਸ਼ਕਾਂ ਨੂੰ ਚਕ੍ਰਿਤ ਕਰ ਦੇਂਦਾ।

ਬਿਮਾਰੀ ਦੀ ਹਾਲਤ ਵਿਚ ਇਕ ਵਾਰ ਇਕ ਮਸ਼ਹੂਰ ਡਾਕਟਰ ਉਸ ਨੂੰ ਦੇਖਣ ਲਈ ਆਇਆ। ਡਾਕਟਰ ਨੇ ਸੋਚਿਆ ਕਿ ਉਹ ਬਿਸਤਰੇ ਵਿਚ ਪਏ ਅਧਰੰਗ ਦੇ ਮਾਰੇ ਕਿਸੇ ਮਰੀਜ਼ ਨੂੰ ਮਿਲੇਗਾ, ਪਰ ਉਸ ਨੇ ਬੜੇ ਗੁਲਾਮ ਅਲੀ ਖਾਂ ਨੂੰ ਤਖ਼ਤਪੋਸ਼ ਉਤੇ ਬੈਠੇ ਗਾਉਂਦੇ ਹੋਏ ਦੇਖਿਆ। ਡਾਕਟਰ ਨੂੰ ਹੈਰਾਨੀ ਹੋਈ ਕਿ ਬੜੇ ਗੁਲਾਮ ਅਲੀ ਖਾਂ ਰਿਆਜ਼ ਕਰ ਰਿਹਾ ਸੀ, ਸ਼ਾਗਿਰਦਾਂ ਨੂੰ ਹਦਾਇਤਾਂ ਦੇ ਰਿਹਾ ਸੀ, ਤਾਨਾਂ ਤੇ ਰਾਗਣੀਆਂ ਦੇ ਅਰਥ ਗਾ ਕੇ ਸਮਝਾ ਰਿਹਾ ਸੀ। ਡਾਕਟਰ ਆਖਣ ਲੱਗਾ ਕਿ ਇਹ ਗੱਲ ਸੰਗੀਤਕ ਇਤਿਹਾਸ ਵਿਚ ਹੀ ਨਹੀਂ, ਸਗੋਂ ਡਾਕਟਰੀ ਇਤਿਹਾਸ ਵਿਚ ਵੀ ਮਿਸਾਲ ਹੈ ਕਿ ਕਿਵੇਂ ਦ੍ਰਿੜ ਨਿਸਚੇ ਵਾਲਾ ਸੰਗੀਤਕਾਰ ਆਪਣੇ ਸਰੀਰ ਵਿਚ ਨਵੀਂ ਸ਼ਕਤੀ ਭਰ ਸਕਦਾ ਹੈ। ਅਧਰੰਗ ਦੇ ਦੌਰੇ ਕਾਰਨ ਉਸ ਦੇ ਚਿਹਰੇ ਦਾ ਇਕ ਪਾਸਾ ਵਿਗੜ ਗਿਆ ਸੀ ਤੇ ਜਿਸਮ ਦਾ ਅੱਧਾ ਹਿੱਸਾ ਨਿਸੱਤਾ ਹੋ ਗਿਆ ਸੀ। ਬੜੇ ਗੁਲਾਮ ਅਲੀ ਖਾਂ ਬੜੀ ਖੁਸ਼ੀ ਤੇ ਖੂਬੀ ਨਾਲ ਭਲੀ-ਭਾਂਤ ਦਸ-ਬਾਰਾਂ ਸਾਲ ਆਪਣੇ ਕਲਾ ਦੇ ਜੌਹਰ ਦਿਖਾਉਂਦਾ ਰਿਹਾ। ਉਹ ਆਖਣ ਲੱਗਾ, "ਡਾਕਟਰਾਂ ਦੀਆਂ ਗੱਲਾਂ 'ਤੇ ਨਾ ਜਾਓ। ਉਹ ਮੈਨੂੰ ਆਖਦੇ ਨੇ- 'ਬਸ ਬਿਸਤਰੇ ਵਿਚ ਪਏ ਰਹੋ, ਆਰਾਮ ਕਰੋ'। ਡਾਕਟਰ ਨੇ ਮੈਨੂੰ ਮਸ਼ਵਰਾ ਦਿੱਤਾ ਕਿ ਮੈਂ ਰਿਆਜ਼ ਨਾ ਕਰਾਂ। ਭਲਾ ਦੱਸੋ, ਮੈਂ ਰਿਆਜ਼ ਕੀਤੇ ਬਿਨਾਂ ਕਿਵੇਂ ਰਹਿ ਸਕਦਾ ਹਾਂ? ਇਹ ਤਾਂ ਬਿਲਕੁਲ ਉਵੇਂ ਹੀ ਹੈ ਜਿਵੇਂ ਮੈਨੂੰ ਕੋਈ ਆਖੇ ਕਿ ਸਾਹ ਲੈਣਾ ਬੰਦ ਕਰ ਦੇ। ਰਿਆਜ਼ ਤਾਂ ਮੈਂ ਕਰਨਾ ਹੀ ਕਰਨਾ ਹੈ। ਇਹ ਮੇਰੀ ਜ਼ਿੰਦਗੀ ਹੈ...।"



**ਬੜੇ ਗੁਲਾਮ ਅਲੀ ਖਾਨ, ਉਸਤਾਦ ਆਸ਼ਿਕ ਅਲੀ ਖਾਨ, ਮੁਖਤਾਰ ਬੇਗਮ ਤੇ ਉਸਤਾਦ ਮੁਬਾਰਕ ਅਲੀ ਖਾਨ ਨਾਲ। ਹੇਠਾਂ ਬੈਠੇ ਹਨ ਬੜੇ ਗੁਲਾਮ ਅਲੀ ਖਾਨ ਦੇ ਦੋਵੇਂ ਪੁੱਤਰ ਮੁਨੱਵਰ ਅਤੇ ਕਰਾਮਤ।**

ਇਕ ਦਿਨ ਅਚਾਨਕ ਕੱਥਕ ਡਾਂਸਰ ਸ਼ੰਭੂ ਮਹਾਰਾਜ ਉਸ ਨੂੰ ਮਿਲਣ ਗਿਆ। ਬੜੇ ਗੁਲਾਮ ਅਲੀ ਖਾਂ ਨੇ ਉਸ ਨੂੰ ਖੁਸ਼-ਆਮਦੀਦ ਆਖਿਆ। ਆਪਣੇ ਪੁਰਾਣੇ ਮਿੱਤਰ ਦੇ ਆਉਣ ਦੀ ਖੁਸ਼ੀ ਵਿਚ ਝੂਮ ਕੇ ਠੁਮਰੀ ਗਾਉਣ ਲੱਗਾ। ਜਦੋਂ ਉਹ ਗਾ ਰਿਹਾ ਸੀ ਤਾਂ ਸ਼ੰਭੂ ਮਹਾਰਾਜ ਨੇ ਇਸ ਨੂੰ ਨ੍ਰਿਤ ਦੀਆਂ ਮੁਦਰਾਵਾਂ ਤੇ ਭਾਵਾਂ ਦੁਆਰਾ ਰੂਪਮਾਨ ਕਰਨਾ ਸ਼ੁਰੂ ਕਰ ਦਿੱਤਾ। ਇਹ ਇਕ ਪ੍ਰਕਾਰ ਦੀ ਦੋ ਉਸਤਾਦਾਂ ਦੀ ਜੁਗਲਬੰਦੀ ਸੀ, ਦੋਵੇਂ ਜਜ਼ਬੇ ਨੂੰ ਉਭਾਰ ਰਹੇ ਸਨ ਤੇ ਸਿਖਰਾਂ 'ਤੇ ਪਹੁੰਚਾ ਰਹੇ ਸਨ। ਦੋਹਾਂ ਦਾ ਜਤਨ ਸੀ ਕਿ ਮਹਿਬੂਬ ਦੀ ਸਿਰਜਣਾਤਕ ਝਲਕ ਵਿਚ ਇਕ ਦੂਜੇ ਨੂੰ ਮਾਤ ਪਾਇਆ ਜਾਵੇ।

ਬੜੇ ਗੁਲਾਮ ਅਲੀ ਖਾਂ ਹਰ ਕਾਰਜ, ਰੌਂਅ ਤੇ ਅਵਸਰ ਨੂੰ ਸੰਗੀਤ ਵਿਚ ਪ੍ਰਗਟਾਉਣ ਦੀ ਹੱਦ ਤੀਕ ਜਾਂਦਾ। ਇਹ ਸੰਗੀਤਕ ਜਨੂੰਨ ਜੇ ਕਿਸੇ ਮਾੜੇ-ਮੋਟੇ ਸੰਗੀਤਕਾਰ ਵਿਚ ਹੁੰਦਾ ਤਾਂ ਲੋਕਾਂ ਨੇ ਉਸ ਨੂੰ ਸਿਰ ਫਿਰਿਆ ਆਖਣਾ ਸੀ, ਪਰ ਬੜੇ ਗੁਲਾਮ ਅਲੀ ਖਾਂ ਦੇ ਪ੍ਰਸੰਗ ਵਿਚ ਇਹ ਉਤਮ ਸੰਗੀਤਕ ਸਿਰਜਣਾ ਬਣ ਗਿਆ। ਇਹ ਜਨੂੰਨ ਉਸ ਉਤੇ ਇਤਨਾ ਹਾਵੀ ਸੀ ਕਿ ਦੰਦਾਂ ਨੂੰ ਬੁਰਸ਼ ਕਰਦਿਆਂ ਤੇ ਸ਼ੇਵ ਕਰਦਿਆਂ ਵੀ ਉਹ ਗਤੀ ਅਨੁਸਾਰ ਕੋਈ ਰਾਗਣੀ ਗੁਣਗੁਣਾਉਂਦਾ। ਗੱਡੀ ਵਿਚ ਸਫ਼ਰ ਕਰਦਿਆਂ ਉਹ ਇਸ ਦੀ ਰਫ਼ਤਾਰ ਤੇਜ਼ ਹੋਣ ਨਾਲ ਤਾਨ ਨੂੰ ਤੇਜ਼ ਕਰਦਾ ਤੇ ਜਦੋਂ ਗੱਡੀ ਸਟੇਸ਼ਨ ਦੇ ਨੇੜੇ ਆਉਣ ਲਗਦੀ ਤੇ ਇਸ ਦੀ ਰਫ਼ਤਾਰ ਹੌਲੀ ਹੁੰਦੀ ਤਾਂ ਉਹ ਸਰਗਮ ਦੀ ਰਫਤਾਰ ਵਿਚ ਦੇਖਿਆ ਜਾਂਦਾ ਹੈ- ਝੱਲਾ, ਖੂਬਸੂਰਤ, ਸੁੱਚਾ ਤੇ ਸਾਧਨ ਸੰਪੰਨ।

ਉਸ ਦੀ ਚਹੇਤੀ ਸ਼ਾਗਿਰਦ ਮਾਲਿਤੀ ਗਿਲਾਨੀ ਆਖਦੀ ਹੈ, "ਮੈਂ ਬੜੇ ਗੁਲਾਮ ਅਲੀ ਖਾਂ ਨੂੰ ਉਨੀ ਸੌ ਤਰੇਹਠ ਵਿਚ ਕਲਕੱਤੇ ਦੀ ਇਕ ਮਹਿਫ਼ਲ ਵਿਚ ਮਿਲੀ। ਗਾਣਾ ਖਤਮ ਹੋਣ 'ਤੇ ਖਾਂ ਸਾਹਿਬ ਨੇ ਮੇਰੇ ਵੱਲ ਉਦਾਰਤਾ ਨਾਲ ਦੇਖਿਆ। ਉਹ ਬੜੇ ਖੁਸ਼ ਹੋਏ ਕਿ ਮੈਂ ਪੰਜਾਬੀ ਸਾਂ ਤੇ ਮੈਨੂੰ ਸੰਗੀਤ ਦਾ ਸ਼ੌਕ ਸੀ। ਉਨ੍ਹਾਂ ਮੈਨੂੰ ਆਪਣਾ ਪਤਾ ਦਿੱਤਾ। ਕੁਝ ਦਿਨਾਂ ਪਿਛੋਂ ਮੈਂ ਉਨ੍ਹਾਂ ਨੂੰ ਮਿਲਣ ਗਈ। ਉਹ ਕਮਰੇ ਵਿਚ ਤਖਤਪੋਸ਼ ਉਤੇ ਬੈਠੇ ਸਨ। ਉਨ੍ਹਾਂ ਦੇ ਬੰਗਾਲੀ ਸ਼ਾਗਿਰਦ ਹੇਠਾਂ ਦਰੀ ਉਤੇ। ਉਨ੍ਹਾਂ ਨੇ ਮੈਨੂੰ ਆਖਿਆ, ਮੈਂ ਉਨ੍ਹਾਂ ਨੂੰ ਗਾ ਕੇ ਸੁਣਾਵਾਂ। ਮੈਂ ਗੰਧਰਵ ਮਹਾਵਿਦਿਆਲਯ ਤੋਂ ਪੰਜ ਸਾਲ ਕਲਾਸਕੀ ਸੰਗੀਤ ਸਿਖਿਆ ਸੀ। ਪੱਕਾ ਰਾਗ ਗਾਇਆ। ਉਹ ਹੱਸ ਕੇ ਆਖਣ ਲੱਗੇ, "ਪੁੱਤਰ, ਇਹ ਕੋਈ ਸੰਗੀਤ ਨਹੀਂ। ਜੇ ਤੂੰ ਗਾਉਣਾ ਚਾਹੁੰਦੀ ਹੈ ਤਾਂ ਤੈਨੂੰ ਠੀਕ ਤਰੀਕੇ ਨਾਲ ਗਾਉਣਾ ਸਿੱਖਣਾ ਚਾਹੀਦਾ ਹੈ। ਸੰਗੀਤ ਰਿਆਜ਼ ਮੰਗਦਾ ਹੈ, ਸਾਧਨਾ ਤੇ ਤਵੱਜੋਂ।" ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਰਾਗ ਵਿਦਿਆ ਸਿਖਾ ਦੇਣ। ਉਨ੍ਹਾਂ ਦੇ ਆਖਿਆ, "ਪੁੱਤਰ, ਮੈਂ ਤੈਨੂੰ ਨਹੀਂ ਸਿਖਾ ਸਕਦਾ। ਮੈਂ ਬਹੁਤ ਮਸਰੂਫ਼ ਹਾਂ। ਕਈ ਵਾਰ ਮੈਂ ਲੰਮੇ ਸਫ਼ਰ ਉਤੇ ਜਾਂਦਾ ਹਾਂ। ਤੂੰ ਕਿਸੇ ਹੋਰ ਉਸਤਾਦ ਤੋਂ ਸਿੱਖ। ਇਹ ਬੜੀ ਮਿਹਨਤ ਦਾ ਕੰਮ ਹੈ।" ਪਰ ਮੈਂ ਉਨ੍ਹਾਂ ਨੂੰ ਹੀ ਮਨ ਵਿਚ ਆਪਣਾ ਗੁਰੂ ਧਾਰ ਚੁੱਕੀ ਸਾਂ। ਇਕ ਦਿਨ ਮੈਂ ਆਪਣੀ ਮਾਂ ਨੂੰ ਨਾਲ ਲੈ ਕੇ ਖਾਂ ਸਾਹਿਬ ਕੋਲ ਗਈ। ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਆਪਣੀ ਸ਼ਾਗਿਰਦੀ ਵਿਚ ਲੈ ਲੈਣ। ਸਾਡੇ ਮਜਬੂਰ ਕਰਨ 'ਤੇ ਉਨ੍ਹਾਂ ਮੇਰੀ ਅਰਜ਼ ਕਬੂਲ ਕੀਤੀ। ਸ਼ਾਗਿਰਦੀ ਦੀ ਰਸਮ ਦਾ ਦਿਨ ਮੁਕੱਰਰ ਹੋਇਆ। ਮੈਂ ਫਲ, ਫੁੱਲ, ਨਾਰੀਅਲ, ਮਿਠਾਈ, ਰੇਸ਼ਮੀ ਕੁੜਤਾ ਪਜਾਮਾ ਤੇ ਰੇਸ਼ਮੀ ਸ਼ਾਲ ਲੈ ਕੇ ਗਈ ਤੇ ਇਹ ਚੀਜ਼ਾਂ ਉਨ੍ਹਾਂ ਨੂੰ ਭੇਟ ਕੀਤੀਆਂ। ਉਨ੍ਹਾਂ ਨੇ ਮੇਰੀ ਕਲਾਈ ਉਤੇ ਗੰਡਾ ਬੰਨ੍ਹਣ ਦੀ ਰਸਮ ਅਦਾ ਕੀਤੀ।"

ਕੁਝ ਦੇਰ ਸੋਚ ਕੇ ਮਾਲਿਤੀ ਨੇ ਆਖਿਆ, "ਜਦੋਂ ਖਾਂ ਸਾਹਿਬ ਉਦਾਸ ਹੁੰਦੇ, ਤਾਂ ਅਸੀਂ ਕਾਰ ਵਿਚ ਘੁੰਮਣ ਲਈ ਨਿਕਲਦੇ। ਜਦੋਂ ਮੈਂ ਕਾਰ ਚਲਾ ਰਹੀ ਹੁੰਦੀ, ਤਾਂ ਉਹ ਆਪਣੀਆਂ ਸੰਗੀਤਕ ਹਦਾਇਤਾਂ ਜਾਰੀ ਰੱਖਦੇ। ਉਹ ਆਖਦੇ, "ਪੁੱਤਰ ਅਹੁ ਦੇਖ ਸਾਹਮਣੇ ਲਾਲ ਬੱਤੀ। ਤੂੰ ਇਸ ਹਿਸਾਬ ਨਾਲ ਬਰੇਕ ਲਗਾ ਕਿ ਕਾਰ ਐਨ ਚਿੱਟੀ ਲੀਕ ਦੇ ਨਿਸ਼ਾਨ 'ਤੇ ਜਾ ਕੇ ਰੁਕ ਜਾਵੇਗੀ। ਤੈਨੂੰ ਚਾਹੀਦਾ ਹੈ ਕਿ ਤਾਨ ਵੀ ਇਸ ਤਰ੍ਹਾਂ ਮਾਰੇ ਕਿ ਇਹ ਆਰੋਹੀ ਤੇ ਅਵਰੋਹੀ ਦੀਆਂ ਸਰਗਮਾਂ ਨੂੰ ਚੰਡਦੀ ਐਨ ਠੀਕ ਸਮ ਉਤੇ ਆ ਕੇ ਡਿੱਗੇ।" ਜੇ ਮੈਂ ਸੜਕ ਦਾ ਮੋੜ ਕੱਟਦੇ ਹੋਏ ਕਾਰ ਨੂੰ ਮੋੜਦੀ ਤਾਂ ਉਹ ਆਖਦੇ, "ਪੁੱਤਰ, ਆਪਣੀ ਆਵਾਜ਼ ਨੂੰ ਵੀ ਗਲੇ ਵਿਚ ਇਸੇ ਖੂਬੀ ਨਾਲ ਮੋੜਿਆ ਕਰ। ਤੂੰ ਕਾਰ ਏਨੀ ਵਧੀਆ ਚਲਾਉਂਦੀ ਏਂ, ਹੈਰਾਨੀ ਦੀ ਗੱਲ ਹੈ ਕਿ ਤੂੰ ਵਧੀਆ ਗਾ ਕਿਉਂ ਨਹੀਂ ਸਕਦੀ।" ਉਨ੍ਹਾਂ ਨੂੰ ਹਰ ਕੰਮ ਤੋਂ ਉਤਸ਼ਾਹ ਮਿਲਦਾ। ਪੰਛੀ ਦੀ ਉਡਾਣ ਤੋਂ, ਪਾਣੀ ਵਿਚ ਤੈਰਦੀ ਮੱਛੀ ਤੋਂ, ਸਰਪਟ ਦੌੜਦੇ ਘੋੜੇ ਤੋਂ, ਖਿੜੇ ਹੋਏ ਫੁੱਲ ਤੋਂ, ਗੁਲਾਬ ਦੀ ਪੱਤੀ 'ਤੇ ਪਏ ਤ੍ਰੇਲ ਤੁਪਕਿਆਂ ਤੋਂ। ਉਹ ਇਨ੍ਹਾਂ ਸਭਨਾਂ ਨੂੰ ਤਾਨਾਂ ਤੇ ਲੈਅਮਈ ਸੁਰਾਂ ਵਿਚ ਪ੍ਰਗਟਾਉਂਦੇ।

ਬੜੇ ਗੁਲਾਮ ਅਲੀ ਖਾਂ ਦਾ ਸਮੁੱਚਾ ਜੀਵਨ ਸੰਗੀਤ ਸੀ ਤੇ ਇਸ ਨਾਲ ਜੁੜੇ ਹੋਏ ਸਾਰੇ ਤੱਤ- ਸਾਜ਼, ਸਵੱਰ, ਲੈਅ, ਬੋਲ। ਉਸ ਦੀ ਗਾਇਕੀ ਵਿਚ ਸਭ ਤੋਂ ਮਹੱਤਵਪੂਰਨ ਤੱਤ ਸੀ ਬੋਲ ਦੀ ਅਦਾਇਗੀ। ਸ਼ਬਦ ਨੂੰ ਕਿਸ ਤਰ੍ਹਾਂ ਲੰਮਾ ਕੀਤਾ ਜਾਵੇ, ਕਿਵੇਂ ਖਿੱਚਿਆ ਜਾਵੇ, ਕਿਵੇਂ ਇਸ ਵਿਚ ਜਜ਼ਬਾ ਭਰਿਆ ਜਾਵੇ। ਉਸ ਨੇ ਪੱਕੇ ਰਾਗ ਨੂੰ ਮਕਬੂਲ ਕੀਤਾ। ਕਲਾਸਕੀ ਰੂਹ ਨੂੰ ਬਰਕਰਰ ਰੱਖਦੇ ਹੋਏ ਆਪਣੇ ਸੰਗੀਤ ਨੂੰ ਖੂਬਸੂਰਤ ਦਿਲਕਸ਼ ਤੇ ਸੱਜਰਾ ਬਣਾਇਆ। ਉਹ ਸੰਗੀਤ ਨੂੰ ਕਮਾਈ ਦਾ ਸਾਧਨ ਨਹੀਂ ਸੀ ਸਮਝਦਾ। ਉਹ ਆਖਦਾ ਸੀ, "ਕੀ ਮੈਂ ਪੈਸੇ ਕਮਾਉਣ ਦੀ ਖਾਤਰ ਗਾਉਂਦਾ ਹਾਂ? ਨਹੀਂ। ਮੈਂ ਗਾਉਂਦਾ ਹਾਂ ਕਿਉਂਕਿ ਮੈਨੂੰ ਸੰਗੀਤ ਨਾਲ ਇਸ਼ਕ ਹੈ। ਇਹ ਅੱਲ੍ਹਾ ਦਾ ਫਜ਼ਲ ਹੈ। ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੈਂ ਸਿਰਫ਼ ਗਾ ਸਕਦਾ ਹਾਂ।"

ਕਿਸੇ ਪ੍ਰੋਗਰਾਮ ਜਾਂ ਸੰਗੀਤ ਵਾਦਨ 'ਤੇ ਜਾਣਾ ਹੁੰਦਾ ਤਾਂ ਉਸ ਨੂੰ ਚਾਅ ਚੜ੍ਹ ਜਾਂਦਾ। ਸਵੇਰੇ ਤੋਂ ਹੀ ਉਹ ਤਿਆਰੀ ਕਰਨੀ ਸ਼ੁਰੂ ਕਰ ਦਿੰਦਾ। ਖਿਜ਼ਾਬ ਵਿਚ ਮਹਿੰਦੀ ਰਲਾ ਕੇ ਸਭ ਤੋਂ ਪਹਿਲਾਂ ਆਪਣੀਆਂ ਭਵਾਂ ਰੰਗਦਾ, ਫਿਰ ਮੁੱਛਾਂ ਤੇ ਅਖੀਰ ਵਿਚ ਸਿਰ 'ਤੇ ਥੋੜ੍ਹੇ ਜਿਹੇ ਵਾਲਾਂ ਨੂੰ ਚਮਕਾਉਂਦਾ, ਜਿਸਤ ਦੇ ਸੁਰਮਚੂ ਨਾਲ ਅੱਖਾਂ ਵਿਚ ਸੁਰਮਾ ਪਾਉਂਦਾ। ਉਸ ਦੇ ਸੱਜ ਹੱਥ ਦੀ ਉਂਗਲ ਵਿਚ ਸੋਨੇ ਦੀ ਮੁੰਦਰੀ ਪਾਈ ਹੁੰਦੀ ਜਿਸ ਵਿਚ ਵੱਡਾ ਫਿਰੋਜ਼ਾ ਜੜਿਆ ਹੁੰਦਾ। ਉਹ ਕਮੀਜ਼ ਤੇ ਟੋਪੀ ਲਈ ਮਚਲ ਜਾਂਦਾ। ਘਰ ਵਿਚ ਸਾਰੇ ਜਣੇ ਇਹ ਟੋਪੀ ਲੱਭ ਰਹੇ ਹੁੰਦੇ ਤੇ ਉਹ ਰੁੱਸ ਜਾਂਦਾ ਕਿ ਇਸ ਟੋਪੀ ਬਗੈਰ ਉਸ ਨੇ ਪ੍ਰੋਗਰਾਮ ਕਰਨ ਹੀ ਨਹੀਂ ਜਾਣਾ। ਆਖਰ ਇਹ ਟੋਪੀ ਮਿਲ ਜਾਂਦੀ ਤੇ ਉਹ ਠਾਠ ਨਾਲ ਪਹਿਨ ਕੇ ਖਿੜ ਉਠਦਾ।

ਉਸ ਦੀ ਗਾਇਕੀ ਦੀ ਪ੍ਰਤਿਭਾ ਦੀ ਸ਼ਲਾਘਾ ਕਰਦਿਆਂ ਰਾਸ਼ਟਰਪਤੀ ਨੇ ਉਸ ਨੂੰ ਪਦਮ ਭੂਸ਼ਨ ਨਾਲ ਸਨਮਾਨਿਆ। ਵਿਸ਼ਵ ਭਾਰਤੀ ਵੱਲੋਂ ਡੀ.ਲਿਟ. ਦੀ ਡਿਗਰੀ ਤੇ ਸੰਗੀਤ ਨਾਟਕ ਅਕਾਦਮੀ ਵੱਲੋਂ ਹਿੰਦੁਸਤਾਨੀ ਮਿਊਜ਼ਕ ਦਾ ਐਵਾਰਡ ਮਿਲਿਆ। ਕਈ ਰਾਜਿਆਂ ਤੇ ਨਵਾਬਾਂ ਦੇ ਦਰਬਾਰਾਂ ਤੋਂ ਵੀ ਉਸ ਨੂੰ ਸਨਮਾਨ ਪ੍ਰਾਪਤ ਹੋਇਆ।

1967 ਦੇ ਅਖੀਰ ਵਿਚ ਉਹ ਹੈਦਰਾਬਾਦ ਗਿਆ ਅਤੇ ਨਵਾਬ ਜ਼ਹੀਰ ਯਾਰ ਜੰਗ ਦੇ ਮਹਿਲ ਵਿਚ ਠਹਿਰਿਆ। ਇਥੇ ਉਸ ਨੂੰ ਦਿਲ ਦਾ ਦੌਰਾ ਪਿਆ। ਉਹ ਇਤਨਾ ਬਿਮਾਰ ਤੇ ਕਮਜ਼ੋਰ ਹੋ ਗਿਆ ਕਿ ਸਫਰ ਨਹੀਂ ਸੀ ਕਰ ਸਕਦਾ। ਨਵਾਬ ਯਾਰ ਜੰਗ ਦੇ ਮਹਿਲ ਦੇ ਇਕ ਕਮਰੇ ਵਿਚ ਉਸ ਦਾ ਇਲਾਜ ਹੋਣ ਲੱਗਾ। ਉਸ ਦੇ ਕਮਰੇ ਦੀਆਂ ਵੱਡੀਆਂ ਖਿੜਕੀਆਂ ਵਿਚੋਂ ਦੀ ਦਰਖਤਾਂ ਤੇ ਆਸਮਾਨ ਦਾ ਦ੍ਰਿਸ਼ ਨਜ਼ਰ ਆਉਂਦਾ ਸੀ। ਉਸ ਦੇ ਸਿਰਹਾਂਦੀ ਕੰਧ ਉਤੇ ਚੁਗਤਾਈ ਦੀ ਬਣਾਈ ਹੋਈ ਕਿਸੇ ਔਰਤ ਦੀ ਪੇਂਟਿੰਗ ਟੰਗੀ ਹੋਈ ਸੀ।

ਖਾਂ ਸਾਹਿਬ ਦਾ ਜਿਗਰ ਵਧ ਗਿਆ ਸੀ, ਇਸ ਲਈ ਉਹ ਸਿੱਧਾ ਨਹੀਂ ਸੀ ਲੇਟ ਸਕਦਾ, ਸਗੋਂ ਵੱਡੇ ਤਕੀਏ ਦਾ ਢਾਸਣਾ ਲਾ ਕੇ ਲੇਟਣਾ ਪੈਂਦਾ ਸੀ। ਪੀੜ ਦੀ ਹਾਲਤ ਵਿਚ ਉਹ ਸੌਂ ਨਹੀਂ ਸੀ ਸਕਦਾ। ਬਿਜਲੀ ਦਾ ਪੁਰਾਣਾ ਪੱਖਾ ਘੂੰ-ਘੂੰ ਦੀ ਆਵਾਜ਼ ਕਰਦਾ ਸੀ। ਬੜੇ ਗੁਲਾਮ ਅਲੀ ਖਾਂ ਨੂੰ ਇਹ ਘੂੰ-ਘੂੰ ਦੇ ਸੁਰ ਵਾਂਗ ਜਾਪਦੀ। ਉਹ ਇਸ ਨੂੰ ਸਾਂ ਮੰਨ ਕੇ ਆਵਾਜ਼ ਚਲਾਉਂਦਾ ਤੇ ਕਈ-ਕਈ ਘੰਟੇ ਟੋਡੀ ਜਾਂ ਭੈਰਵੀ ਗੁਣਗੁਣਾਉਂਦਾ ਰਹਿੰਦਾ।

ਨਵਾਬ ਦੇ ਮਹਿਲ ਦਾ ਇਹ ਕੈਦੀ, ਇਹ ਮਹਾਨ ਸੰਗੀਤਕਾਰ, ਇਹ ਪਟਿਆਲਾ ਘਰਾਣੇ ਦੀ ਗਾਇਕੀ ਦਾ ਅਜ਼ੀਮ ਗਵੱਈਆ ਇਸੇ ਹਾਲਤ ਵਿਚ ਕਈ ਮਹੀਨੇ ਉਥੇ ਪਿਆ ਰਿਹਾ। ਉਸ ਦੀ ਆਜ਼ਾਦ ਤਬੀਅਤ ਦੀ ਪਰਵਾਜ਼ ਇਸ ਹਾਲਤ ਵਿਚ ਵੀ ਸੰਗੀਤ ਦੇ ਖੂਬਸੂਰਤ ਸਵੱਰ ਮਹਿਲ ਖੜ੍ਹੇ ਕਰਦੀ ਤੇ ਫਿਜ਼ਾ ਵਿਚ ਰਾਗ ਰਾਗਣੀਆਂ ਦਾ ਟੂਣਾ ਫੂਕਦੀ।

ਆਖਿਰ 23 ਅਪਰੈਲ 1968 ਦੀ ਸਵੇਰ ਨੂੰ ਉਹ ਬੇਹੋਸ਼ ਹੋ ਗਿਆ ਤੇ ਸਾਰਾ ਦਿਨ ਇਸ ਹਾਲਤ ਵਿਚ ਪਿਆ ਰਿਹਾ। ਰਾਤ ਦੇ ਸਵਾ ਦਸ ਵਜੇ ਉਸ ਨੇ ਪ੍ਰਾਣ ਤਿਆਗ ਦਿੱਤੇ। ਮੁਨੱਵਰ ਅਲੀ ਖਾਂ ਜੋ ਉਸ ਵੇਲੇ ਉਸ ਦੇ ਸਿਰਹਾਣੇ ਬੈਠਾ ਹੋਇਆ ਸੀ, ਆਖਦਾ ਸੀ- "ਮੇਰੇ ਅੱਬਾ ਆਖਰੀ ਵਕਤ ਮਾਲਕੌਂਸ ਦਾ ਅਲਾਪ ਕਰ ਰਹੇ ਸਨ।"

*-0-*

***ਬੜੇ ਗੁਲਾਮ ਅਲੀ ਨੂੰ ਆਪਣੀ ਕਲਾ ਦੇ ਪ੍ਰਗਟਾਉ ਲਈ ਵਿਸਤਾਰ ਦੀ ਲੋੜ ਸੀ। ਉਹ ਬਗੈਰ ਕਿਸੇ ਸਿਆਸੀ ਬਖੇੜੇ ਦੇ ਆਪਣੀ ਪਤਨੀ ਤੇ ਮੁਨੱਵਰ ਅਲੀ ਨਾਲ 1955 ਵਿਚ ਹਿੰਦੁਸਤਾਨ ਆ ਗਿਆ। ਇਹ ਉਸ ਦੀ ਪ੍ਰਤਿਭਾ ਦਾ ਸੰਗੀਤਕ ਪ੍ਰਗਟਾਵਾ ਸੀ। ਉਸ ਦੇ ਪ੍ਰਸੰਸਕ ਸਾਰੇ ਧਰਮਾਂ ਤੇ ਖਿੱਤਿਆਂ ਦੇ ਸਨ ਤੇ ਉਸ ਦਾ ਸੰਗੀਤ ਧਾਰਮਿਕ ਤੇ ਜਾਤੀਗਤ ਹੱਦਾਂ ਤੋਂ ਮੁਕਤ ਸੀ। ਉਸ ਨੇ ਆਪਣਾ ਸਾਹਿਤਕ ਨਾਂ 'ਸਬਰੰਗ' ਰੱਖਿਆ ਤੇ ਇਸ ਨਾਂ ਨੂੰ ਗੀਤਾਂ ਵਿਚ ਪਰੋ ਕੇ ਬੰਦਿਸ਼ਾਂ ਬੰਨ੍ਹੀਆਂ। ਇਹ ਨਾਂ ਉਸ ਨੇ ਆਪਣੀਆਂ ਰਚਨਾਵਾਂ ਵਿਚ ਇਤਨੀ ਪ੍ਰਬੁੱਧਤਾ ਨਾਲ ਜੜਿਆ ਕਿ ਇਸ ਦੇ ਸ਼ਾਬਦਿਕ ਅਰਥ ਗੀਤਾਂ ਵਿਚ ਐਨ ਢੁਕਵੇਂ ਬੈਠੇ। ਬੰਬਈ ਨੂੰ ਆਪਣਾ ਘਰ ਬਣਾਇਆ।... ਇਕ ਦਿਨ ਅਚਾਨਕ ਕੱਥਕ ਡਾਂਸਰ ਸ਼ੰਭੂ ਮਹਾਰਾਜ ਉਸ ਨੂੰ ਮਿਲਣ ਗਿਆ। ਬੜੇ ਗੁਲਾਮ ਅਲੀ ਖਾਂ ਨੇ ਉਸ ਨੂੰ ਖੁਸ਼-ਆਮਦੀਦ ਆਖਿਆ। ਆਪਣੇ ਪੁਰਾਣੇ ਮਿੱਤਰ ਦੇ ਆਉਣ ਦੀ ਖੁਸ਼ੀ ਵਿਚ ਝੂਮ ਕੇ ਠੁਮਰੀ ਗਾਉਣ ਲੱਗਾ। ਜਦੋਂ ਉਹ ਗਾ ਰਿਹਾ ਸੀ ਤਾਂ ਸ਼ੰਭੂ ਮਹਾਰਾਜ ਨੇ ਇਸ ਨੂੰ ਨ੍ਰਿਤ ਦੀਆਂ ਮੁਦਰਾਵਾਂ ਤੇ ਭਾਵਾਂ ਦੁਆਰਾ ਰੂਪਮਾਨ ਕਰਨਾ ਸ਼ੁਰੂ ਕਰ ਦਿੱਤਾ।***

# ਬੰਨੇ ਚੰਨੇ ਦੇ ਭਰਾ

*ਅਫਜ਼ਲ ਅਹਿਸਨ ਰੰਧਾਵਾ ਲਹਿੰਦੇ ਪੰਜਾਬ ਤੋਂ ਨਿਹਾਇਤ ਨਫੀਸ ਅਦੀਬ ਹੈ। ਉਸ ਨੇ ਨਜ਼ਮ ਵੀ ਲਿਖੀ ਹੈ ਅਤੇ ਨਸਰ ਵੀ। ਉਸ ਦੀਆਂ ਸ਼ਾਹਮੁਖੀ ਵਿਚ 20 ਤੋਂ ਵੱਧ ਪੁਸਤਕਾਂ ਛਪ ਚੁਕੀਆਂ ਹਨ ਜਿਨ੍ਹਾਂ ਵਿਚ ਨਾਵਲ, ਕਹਾਣੀ ਸੰਗ੍ਰਹਿ, ਕਾਵਿ ਸੰਗ੍ਰਹਿ ਅਤੇ ਅਨੁਵਾਦ ਸ਼ਾਮਲ ਹਨ। ਉਸ ਦੇ ਦੋ ਨਾਵਲ 'ਸੂਰਜ ਗ੍ਰਹਿਣ' ਤੇ 'ਦੋਆਬਾ' ਅਤੇ ਇਕ ਕਹਾਣੀ ਸੰਗ੍ਰਹਿ 'ਰੰਨ ਤਲਵਾਰ ਅਤੇ ਘੋੜਾ' ਇਧਰਲੇ ਪੰਜਾਬ ਵਿਚ ਵੀ ਬੜੇ ਮਕਬੂਲ ਹੋਏ ਹਨ। ਉਸ ਦੀਆਂ ਕਹਾਣੀਆਂ ਦੀ ਖਾਸੀਅਤ ਇਹ ਹੈ ਕਿ ਉਹ ਵੰਡ ਤੋਂ ਪਹਿਲਾਂ ਦੇ, ਖਾਸ ਕਰ ਪਿੰਡਾਂ ਦੇ ਸਭਿਆਚਾਰ ਦਾ ਬਹੁਤ ਹੀ ਖੂਬਸੂਰਤੀ ਨਾਲ ਚਿਤਰਨ ਕਰਦਾ ਹੈ। ਉਸ ਦੀਆਂ ਕਹਾਣੀਆਂ ਪੜ੍ਹ ਕੇ ਵੰਡ ਦਾ ਸੰਤਾਪ ਝਲ ਚੁਕੀ ਪੀੜ੍ਹੀ ਨੂੰ ਤਾਂ ਇਉਂ ਜਾਪਦਾ ਹੈ, ਜਿਵੇਂ ਉਹ ਆਪਣੇ ਬਚਪਨ ਜਾਂ ਜਵਾਨੀ ਦੇ ਦਿਨਾਂ ਵਿਚ ਚਲੇ ਗਏ ਹੋਣ। ਆਪਣੀ ਇਸ ਕਹਾਣੀ 'ਬੰਨੇ ਚੰਨੇ ਦੇ ਭਰਾ' ਵਿਚ ਲੇਖਕ ਨੇ ਘੋੜੀ ਨੂੰ ਕੇਂਦਰ ਬਣਾ ਕੇ ਨਾ ਸਿਰਫ ਉਨ੍ਹਾਂ ਵੇਲਿਆਂ ਦੇ ਪੇਂਡੂ ਸਭਿਆਚਾਰ ਦਾ ਹੀ ਚਿਤਰਨ ਕੀਤਾ ਹੈ, ਸਗੋਂ ਉਸ ਵੇਲੇ ਦੇ ਸਾਦ-ਮੁਰਾਦੇ ਲੋਕਾਂ ਦੇ ਸੁਭਾ ਦੇ ਵੀ ਦਰਸ਼ਨ ਕਰਵਾਏ ਹਨ।-ਸੰਪਾਦਕ*

"ਸਬਜ਼ਾ ਗੁਲਜ਼ਾਰ ਰੰਗ ਦੀ ਉਹ ਘੋੜੀ ਬੜੀ ਵੱਡੀ ਸਾਰੀ ਘੋੜੀ ਸੀ। ਲੱਖਾਂ 'ਚੋਂ ਇਕ-ਅੱਧਾ ਜਾਨਵਰ ਹੀ ਏਡਾ ਪੂਰਾ, ਏਡਾ ਸੋਹਣਾ, ਏਡਾ ਸਾਊ ਤੇ ਏਡੀਆਂ ਸਿਫ਼ਤਾਂ ਵਾਲਾ ਹੁੰਦਾ ਹੈ। ਉਹ ਘੋੜੀ ਦੇਸੀ ਸੀ, ਮਾਂ-ਪਿਓ ਵਲੋਂ ਖਾਲਸ ਪੰਜਾਬੀ, ਪਰ ਚੰਗੀਆਂ ਸੋਹਣੀਆਂ ਸੁਥਰੀਆਂ ਸਿੰਧੀ, ਬਲੋਚੀ, ਅਰਬੀ, ਇਰਾਕੀ ਤੇ ਥਾਰੋ ਨਸਲ ਦੀਆਂ ਘੋੜੀਆਂ ਰੰਗ-ਰੂਪਾਂ, ਕੰਮ ਤੇ ਦਮ ਵਿਚ ਕਿਧਰੇ ਉਹਦੇ ਨੇੜੇ-ਤੇੜੇ ਵੀ ਨਹੀਂ ਸਨ ਢੁਕਦੀਆਂ। ਉਹ ਘੋੜੀ ਵੇਖਣ ਨੂੰ ਤਸਵੀਰ ਤੇ ਉਡਣ ਨੂੰ ਪੂਰੀ ਸੀ-ਵੇਖਿਆਂ ਉਹਨੂੰ ਭੁੱਖਾਂ ਲਹਿੰਦੀਆਂ ਤੇ ਉਤੇ ਚੜ੍ਹੇ ਸਵਾਰ ਨੂੰ ਲੈ ਕੇ ਹਵਾ ਹੋ ਜਾਂਦੀ। ਮੂੰਹ ਦੀ ਨਰਮ, ਤਬੀਅਤ ਦੀ ਗਰਮ ਤੇ ਸਾਹ ਦੀ ਪੱਕੀ। ਲੰਮੀ, ਦੌੜ, ਜ਼ੋਰ ਤੇ ਸਾਹ ਦਮ ਵਿਚ ਥਾਰੋ-ਨਸਲਾਂ ਵੀ ਉਹਦੇ ਅੱਗੇ ਸਿਰ ਸੁੱਟ ਜਾਂਦੀਆਂ। ਦਸ ਕੋਹ ਉਹਨੂੰ ਸਰਪਟ ਦੌੜਾਓ, ਫੇਰ ਵੀ ਨਵੀਂ ਨਕੋਰ, ਤਿਆਰ ਤੇ ਤਾਜ਼ਾ ਦਮ-ਜ਼ਰਾ ਲਗਾਮ ਨੂੰ ਇਸ਼ਾਰਾ ਦਿਓ ਤੇ ਫੇਰ ਸਵਾਰ ਨੂੰ ਲੈ ਕੇ ਉਡ ਜਾਏ। ਉਹਦੇ ਲਹੂ ਵਿਚ ਜਾਂ ਅੱਗ ਸੀ ਜਾਂ ਬਿਜਲੀਆਂ। ਨਰਾਂ



**ਅਫਜ਼ਲ ਅਹਿਸਨ ਰੰਧਾਵਾ**

**ਲਿਪੀਅੰਤਰ:ਜਤਿੰਦਰ ਪਾਲ ਜੌਲੀ**

ਤੋਂ ਚੌੜੀ ਉਹਦੀ ਛਾਤੀ ਵਿਚ ਨਰਾਂ ਤੋਂ ਕਿੱਧਰੇ ਵੱਧ ਹੌਸਲਾ ਤੇ ਦਲੇਰੀ ਸੀ!

ਜਵਾਨ ਕੁੜੀਆਂ ਵਰਗੀਆਂ ਸ਼ੋਖੀਆਂ, ਤੇਜ਼ੀਆਂ ਤੇ ਚੁੱਘੀਆਂ ਭਰਨ ਦੇ ਸ਼ੌਕ ਦੇ ਨਾਲ ਨਾਲ ਦਾਨੀਆਂ-ਪ੍ਰਧਾਨੀਆਂ ਸਵਾਣੀਆਂ ਵਰਗਾ ਸੁਹੱਪਣ, ਠਹਿਰਾਓ, ਨਿੱਘ ਤੇ ਸਾਊਪੁਣਾ ਵੀ ਉਹਦੇ ਵਿਚ ਵਾਫਰ ਸੀ-ਕੀ ਕਦੇ ਉਸ ਵੱਢਣ ਨੂੰ ਮੂੰਹ ਖੋਲ੍ਹਿਆ ਤੇ ਮਾਰਨ ਨੂੰ ਪੌੜ ਚੁੱਕਿਆ ਹੋਣਾ ਏਂ? ਕਿੱਲੇ ਬੱਧੀ ਦੀ ਪੂਛਲ ਨਾਲ ਭਾਵੇਂ ਅੰਞਾਣੇ ਲਮਕ ਕੇ ਖੇਡਦੇ ਰਹਿਣ, ਪਰ ਇਕ ਵਾਰੀ ਲਗਾਮ ਦੇ ਕੇ ਕਾਠੀ ਉਹਦੇ ਉਤੇ ਪਾ ਕੇ ਰਕਾਬ ਵਿਚ ਪੈਰ ਧਰਨ ਦੀ ਦੇਰ ਹੁੰਦੀ ਤੇ ਘੋੜੀ ਆਪਣੇ ਚਾਰੇ ਪੌੜ ਜ਼ਮੀਨ 'ਤੇ ਧਰਨੇ ਹੀ ਨਹੀਂ ਇਕੱਠੇ-ਤੇ ਇਹ ਵੀ ਆਖਿਆ ਜਾਂਦਾ ਕਿ ਸ਼ਾਹ ਸਵਾਰ ਉਹ, ਜਿਹੜਾ ਉਹਦੇ ਉਤੇ ਚੜ੍ਹ ਕੇ ਉਹਦੇ ਚਾਰੇ ਪੌੜ 'ਕੱਠੇ ਜ਼ਮੀਨ ਉਤੇ ਲਵਾ ਦੇਵੇ। ਸਵਾਰ ਉਹ ਨਹੀਂ ਹੈ, ਜਿਹੜਾ ਘੋੜੀ 'ਤੇ ਚੜ੍ਹ ਕੇ ਉਹਨੂੰ ਆਪਣੀ ਮਨਮਰਜ਼ੀ ਦੀ ਚਾਲ ਚਲਾਏ। ਘੋੜੀ ਸਰਪਟ ਦੌੜਨਾ ਚਾਹਵੇ ਤਾਂ ਸਵਾਰ ਉਹਨੂੰ ਪੋਈਏ 'ਚੋਂ ਨਾ ਨਿਕਲਣ ਦੇਵੇ। ਘੋੜੀ ਪੋਈਏ ਪੈਣਾ ਚਾਹਵੇ ਤਾਂ ਸਵਾਰ ਉਹਨੂੰ ਲਗਾਮ 'ਚੋਂ ਨਾ ਨਿਕਲਣ ਦੇਵੇ। ਘੋੜੀ ਟਾਪ ਪੈਣਾ ਚਾਹਵੇ ਤਾਂ ਸਵਾਰ ਉਹਨੂੰ ਰਵਾਲ ਟੋਰੇ। ਘੋੜੀ ਚੁੱਘੀਆਂ ਭਰਦੀ ਛੁੱਟਣ ਲਈ ਲਗਾਮ ਦੀ ਢਿੱਲ ਮੰਗੇ ਤਾਂ ਸਵਾਰ ਉਹਨੂੰ ਪੋਈਏ 'ਚੋਂ ਕੱਢ ਕੇ ਟਾਪ ਵਿਚ ਲੈ ਜਾਏ-ਤੇ ਫੇਰ ਜਦੋਂ ਚਾਹਵੇ ਟਾਪ ਤੋਂ ਪੋਈਏ ਪਾ ਲਏ ਤੇ ਜਦੋਂ ਚਾਹਵੇ ਪੋਈਏ ਤੋਂ ਸਰਪਟ ਸੁੱਟ ਦੇਵੇ, ਤੇ ਫੇਰ ਜਦੋਂ ਚਾਹਵੇ ਸਰਪਟ ਨੂੰ ਥੰਮ੍ਹ ਕੇ ਫੇਰ ਲਗਾਮ ਟੋਰ ਲਏ। ਅਜਿਹੇ ਸਵਾਰ ਹੀ ਸ਼ਾਹ ਸਵਾਰ ਅਖਵਾਉਣ ਦੇ ਲਾਇਕ ਹੁੰਦੇ ਨੇ!! ਸ਼ਾਹ ਸਵਾਰ ਦੀਆਂ ਲਗਾਮਾਂ ਫੜਨ ਵਾਲੀਆਂ ਉਂਗਲਾਂ ਵਿਚ ਹੁਨਰ, ਰਕਾਬ ਵਿਚ ਧਰਨ ਵਾਲੇ ਪੱਬ ਵਿਚ ਸੱਤ ਘੋੜੀ ਦਵਾਲੇ ਜਮੂਰ ਵਾਂਗ ਕੱਸੇ ਹੋਏ ਪੱਟਾਂ ਵਿਚ ਤਾਕਤ ਤੇ ਘੋੜੀ ਦੀ ਹਰਕਤ, ਹਰ ਅਦਾ 'ਤੇ ਨਜ਼ਰ ਰੱਖਣ ਵਾਲੀ ਅੱਖ ਵਿਚ ਸਮਝ-ਸਿਆਣ ਦਾ ਨੂਰ ਹੋਵੇ ਤੇ ਘੋੜੀ ਆਪਣਾ ਜੁੱਸਾ ਸਵਾਰ ਦੇ ਜੁੱਸੇ ਨਾਲ ਰਲਾ ਲੈਂਦੀ ਏ।

ਸਬਜ਼ਾ ਗੁਲਜ਼ਾਰ ਰੰਗ ਦੀ ਓਸ ਅਨਮੋਲ ਘੋੜੀ ਨੂੰ, ਉਹਦੀ ਸਾਰੀ ਹਯਾਤੀ ਵਿਚ ਇਕ ਹੀ ਅਜਿਹਾ ਸ਼ਾਹ ਸਵਾਰ ਲੱਭਾ ਸੀ-ਉਹ ਮੇਰੇ ਭਾਈ ਸਾਹਿਬ ਸਨ।

ਉਹ ਘੋੜੀ ਜ਼ਿਲ੍ਹਾ ਸਰਗੋਧਾ ਦੇ ਚੱਕ ਚਾਲੀ ਦੀ ਜੰਮਪਲ ਸੀ। ਉਸ ਈ ਚੱਕ ਦੇ ਇਕ ਤਗੜੇ ਸੌਖੇ ਮੁਸਲਮਾਨ ਜੱਟ ਦੀ ਘੋੜੀ ਦੀ ਵਛੇਰੀ ਸੀ, ਜਿਹਨੂੰ ਜੱਟ ਨੇ ਬੜੀ ਰੀਝ ਤੇ ਬੜੀ ਜਾਨ ਮਾਰ ਕੇ ਪਾਲਿਆ ਸੀ। ਜਦੋਂ ਘੋੜੀ ਜਵਾਨ ਹੋਣ ਲੱਗੀ, ਤਾਂ ਉਹਦੀ ਧੁੰਮ ਦੂਰ-ਦੂਰ ਤੱਕ ਖਿੱਲਰ ਗਈ। ਸਰਗੋਧੇ, ਲਾਇਲਪੁਰ ਦੀਆਂ ਮੰਡੀਆਂ ਵਿਚ, ਨਾ ਉਸ ਘੋੜੀ ਦੀ ਕਦੇ ਮੂੰਹ ਵਿਖਾਈ ਹੋਈ ਤੇ ਨਾ ਹੀ ਉਹ ਦੌੜੀ, ਤਾਂ ਵੀ ਉਹਦੀ ਦੱਸ ਭੈਣੀ ਸਾਹਿਬ ਸਾਡੇ ਗੁਰੂ ਸਾਹਿਬ ਨੂੰ ਪੈ ਗਈ। ਗੁਰੂ ਸਾਹਿਬ ਮਹਾਰਾਜ ਭੈਣੀ ਸਾਹਿਬ ਤੋਂ ਚੜ੍ਹੇ ਤੇ ਸਰਗੋਧਾ, ਚਾਲੀ ਚੱਕ ਵਿਚ ਜਾ ਉਤਰੇ-ਉਹ ਘੋੜੀ ਦੇਖੀ, ਜਾਂਚੀ ਤੇ ਉਹਦਾ ਮੁੱਲ ਕਰਕੇ ਇਕ ਤੀਲਾ ਮਾਲਕ ਦੀ ਤਲੀ ਉਤੇ ਰੱਖਿਆ ਸਾਈ ਦਾ ਤੇ ਆ ਗਏ। ਆਉਂਦਿਆਂ ਫਰਮਾਇਓ ਨੇ, 'ਸਾਡਾ ਬੰਦਾ ਆਏਗਾ। ਪੈਸੇ ਦੇ ਜਾਏਗਾ ਤੇ ਘੋੜੀ ਲੈ ਜਾਏਗਾ। ਉਦੋਂ ਤੀਕ ਸਾਡੀ ਏਸ ਘੋੜੀ ਦੀ ਅੱਗੇ ਵਾਂਗ ਹੀ ਸੇਵਾ ਕਰੀਂ।' ਸਾਈਂ 'ਆਮੀਨ' ਆਖਿਆ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਨੂੰ ਗੁਰੂਆਂ ਦੀ ਘੋੜੀ ਜਾਣ ਕੇ ਅੱਗੇ ਨਾਲੋਂ ਵੀ ਵੱਧ ਸੇਵਾ ਕਰਨ ਲੱਗ ਪਿਆ।

ਏਸ ਗੱਲ ਦਾ ਹੁਣ ਮੈਨੂੰ ਥਹੁ ਨਹੀਂ ਭਈ ਗੁਰੂ ਮਹਾਰਾਜ ਉਦੋਂ ਹੀ ਉਹਦਾ ਮੁੱਲ ਤਾਰ ਕੇ ਘੋੜੀ ਲੈ ਕਿਉਂ ਨਾ ਗਏ? ਖੌਰੇ ਏਸ ਗੱਲ ਵਿਚ ਵੀ ਕੋਈ ਹਿਕਮਤ ਸੀ? ਫੇਰ ਇਹ ਗੱਲ ਪਤਾ ਨਹੀਂ ਕਿਦਾਂ ਕਈ ਮਹੀਨੇ ਗੁਰੂ ਸਾਹਿਬ ਮਹਾਰਾਜ ਹੁਰਾਂ ਦੇ ਮਨੋਂ ਵਿਸਰ ਗਈ?

ਕੋਈ ਚਾਰ-ਪੰਜ ਮਹੀਨੇ ਮਗਰੋਂ ਜਦੋਂ ਗੁਰਾਂ ਦਾ ਬੰਦਾ ਪੈਸੇ ਲੈ ਕੇ ਘੋੜੀ ਲੈਣ ਗਿਆ ਤਾਂ ਘੋੜੀ ਮਾਲਕ ਨੇ ਕਿਧਰੇ ਹੋਰ ਵੇਚ ਛੱਡੀ ਹੋਈ ਸੀ। ਜਦੋਂ ਗੁਰੂ ਸਾਹਿਬ ਦੇ ਬੰਦੇ ਨੇ ਮਾਲਕ ਨੂੰ ਸੌਦੇ ਤੋਂ ਫਿਰ ਜਾਣ 'ਤੇ ਹੋਏ ਤੋਏ ਕੀਤੀ ਤਾਂ ਖਚਰੇ ਜੱਟ ਨੇ ਹੱਥ ਜੋੜ ਕੇ ਕਿਹਾ, "ਮਹਾਰਾਜ! ਬਾਦਸ਼ਾਹਾਂ ਦੇ ਘਰ ਲਾਲਾਂ ਦਾ ਕੀ ਕਾਲ? ਗੁਰੂ ਹੋਰਾਂ ਕੋਲ ਤੇ ਦੁਨੀਆਂ ਜਹਾਨ ਦੀਆਂ ਚੰਗੀਆਂ ਚੰਗੀਆਂ ਤੇ ਇਕ ਤੋਂ ਇਕ ਵੱਧ ਘੋੜੀਆਂ ਨੇ। ਤੁਸੀਂ ਭੌਂ ਕੇ ਬਹੁੜੇ ਹੀ ਨਾ, ਤੇ ਮੈਂ ਸਮਝਿਆ ਘੋੜੀ ਤੁਹਾਨੂੰ ਪੰਦ ਹੀ ਨਹੀਂ ਆਈ। ਉਤੋਂ ਉਸ ਘੋੜੀ ਨੇ ਤਾਂ ਮੇਰੀਆਂ ਨੀਂਦਰਾਂ ਹੀ ਹਰਾਮ ਕਰ ਛੱਡੀਆਂ ਸਨ। ਬੰਦੂਕਾਂ ਵਾਲੇ ਦੋ ਬੰਦੇ ਰਾਤ ਉਹਦਾ ਪਹਿਰਾ ਦੇਂਦੇ। ਤਾਂ ਵੀ ਚਾਰ ਵਾਰ ਚੋਰ ਉਹਦੇ 'ਤੇ ਝਪਟੇ। ਜਿਉਂ ਹੀ ਘੋੜੀ ਘਰੋਂ ਗਈ, ਮਗਰੋਂ ਲੱਥੀ। ਹੁਣ ਅਮਨ ਦੀ ਨੀਂਦ ਸੌਂਦਾ ਆਂ। ਗੁਰੂਆਂ ਦਾ ਮੈਂ ਦੇਣਦਾਰ ਆਂ। ਹੁਣ ਜਦੋਂ ਉਹਦੀ ਮਾਂ ਸੂਈ, ਤੋੜ ਆ ਕੇ ਵਛੇਰਾ-ਵਛੇਰੀ ਗੁਰਾਂ ਦੇ ਅਸਤਬਲ ਵਿਚ ਬੰਨ੍ਹ ਆਵਾਂਗਾ। ਗੋਲੀ ਕੀਹਦੀ ਤੇ ਗਹਿਣੇ ਕੀਹਦੇ।"

ਜਦੋਂ ਘੋੜੀ ਲੈਣ ਗਏ ਬੰਦੇ ਨੇ ਭੈਣੀ ਸਾਹਿਬ ਪਰਤ ਕੇ ਖਾਲੀ ਹੱਥ ਬੰਨ੍ਹ ਕੇ ਗੁਰੂ ਨੂੰ ਸਾਰੀ ਗੱਲ ਸੁਣਾਈ ਤਾਂ ਗੁਰੂ ਦੇ ਸਿੱਖਾਂ ਦਾ ਲਹੂ ਖੌਲ ਗਿਆ। ਪਰ ਗੁਰੂ ਮਹਾਰਾਜ ਘੜੀ ਕੁ ਚੁੱਪ ਰਹੇ, ਫੇਰ ਫੁਰਮਾਉਣ ਲੱਗੇ, "ਅਸੀਂ ਵੀ ਤੇ ਭੁੱਲ ਹੀ ਗਏ ਸਾਂ। ਚਲੋ ਘੋੜੀ ਕੋਈ ਸ਼ੌਕੀਨ ਬੰਦਾ ਲੈ ਗਿਆ। ਮੌਜਾਂ ਲੁੱਟੇ! ਉਹਦੇ ਨਸੀਬ।"

ਇਹ ਗੱਲ ਸਾਰੇ ਪੰਜਾਬ ਵਿਚ ਪੰਜਾਂ ਦਰਿਆਵਾਂ ਦੇ ਹੜ੍ਹ ਵਾਂਗ ਖਿੱਲਰ ਗਈ ਕਿ ਕੋਈ ਬੰਦਾ ਗੁਰੂਆਂ ਦੇ ਸੌਦੇ ਉਤੇ ਸੌਦਾ ਕਰਕੇ ਉਨ੍ਹਾਂ ਦੀ ਘੋੜੀ ਲੈ ਗਿਆ, ਪਰ ਕਿਹੜਾ ਮਾਈ ਦਾ ਲਾਲ? ਬੜੇ ਚਿਰ ਤੱਕ ਮੈਨੂੰ ਇਹ ਪਤਾ ਨਾ ਲੱਗ ਸਕਿਆ।

ਏਸ ਗੱਲ ਦੇ ਕੋਈ ਛੇ ਮਹੀਨੇ ਮਗਰੋਂ ਮੈਂ ਭੈਣੀ ਸਾਹਿਬ ਗੁਰਾਂ ਦੇ ਦਰਸ਼ਨਾਂ ਨੂੰ ਗਿਆ। ਗੁਰੂ ਮਹਾਰਾਜ ਲਾਹੌਰ ਚੜ੍ਹਾਈਆਂ ਕਰ ਰਹੇ ਸਨ। ਮੈਨੂੰ ਵੀ ਸਾਥ ਚੱਲਣ ਦਾ ਹੁਕਮ ਦਿੱਤੋ ਨੇ। ਮੇਰੇ ਧੰਨ ਭਾਗ! ਲਾਹੌਰ ਅੱਪੜ ਕੇ ਆਪਣੇ ਰਸਾਲੇ ਤੇ ਪੈਦਲਾਂ ਨੂੰ ਗੁਰਦੁਆਰੇ ਅੱਪੜਨ ਦਾ ਹੁਕਮ ਦਿੱਤਾ। ਤੇ ਮੈਨੂੰ ਤੇ ਪੰਜ ਹੋਰ ਸੇਵਕਾਂ ਨੂੰ ਆਪਣੇ ਨਾਲ ਚੱਲਣ ਲਈ ਆਖਿਆ। ਧੰਨ ਭਾਗ।

"ਕਿੱਧਰ?" ਮੇਰੇ ਮਨ ਵਿਚ ਸਵਾਲ ਪੁੰਗਰਿਆ।

ਗੁਰੂ ਮਹਾਰਾਜ ਤੇ ਦਿਲਾਂ ਦੇ ਭੇਦ ਜਾਨਣ ਵਾਲੇ ਸਨ, ਹੱਸ ਕੇ ਕਹਿਣ ਲੱਗੇ, "ਭਾਈ ਟਹਿਲ ਸਿਹਾਂ! ਤੇਰੇ ਭਰਾ ਚੌਧਰੀ ਵੱਲ ਚੱਲੇ ਆਂ। ਉਹਦੇ ਘਰ ਦਾ ਰਾਹ ਆਉਂਦਾ ਈ?'


"ਅਹ ਮਹਾਰਾਜ।" ਮੈਂ ਹੱਥ ਬੰਨ੍ਹ ਕੇ ਅਰਜ਼ ਗੁਜ਼ਾਰੀ, "ਧੰਨ ਭਾਗ ਉਹਦੇ!"

'ਸ਼ਾਹੋ ਦੀ ਗੜ੍ਹੀ ਭਾਈ ਸਾਹਿਬ ਦੇ ਘਰ ਅੱਪੜੇ ਤਾਂ ਉਹ ਆਪ ਘਰ ਕੋਈ ਨਹੀਂ ਸਨ। ਗੁਰੂ ਮਹਾਰਾਜ ਏਸ ਗੱਲ ਦੀ ਪ੍ਰਵਾਹ ਕੀਤਿਓਂ ਬਗੈਰ ਘੋੜੀਆਂ ਦੇ ਖੁਰਲ ਵੱਲ ਗਏ। ਇਕ ਘੋੜੀ ਦੇ ਕੋਲ ਅੱਪੜ ਕੇ ਉਹਨੂੰ ਥਾਪੀ ਦਿਤੀਓ ਨੇ। ਫੇਰ ਉਹਦੀ ਧੌਣ ਨੂੰ ਕਲਾਵਾ ਭਰ ਕੇ ਉਹਦਾ ਮੂੰਹ ਆਪਣੇ ਸੀਨੇ ਨਾਲ ਲਾ ਲਿਓ ਨੇ, ਜਿਵੇਂ ਕੋਈ ਮਾਂ ਆਪਣੇ ਵਿੱਛੜ ਕੇ ਮਿਲੇ ਲਾਲ ਨੂੰ ਆਪਣੇ ਨਾਲ ਚਮੋੜ ਲੈਂਦੀ ਏ। ਗੁਰੂ ਹੋਰੀਂ ਬੜੀ ਦੇਰ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾਈ, ਉਹਨੂੰ ਪਿਆਰ ਕਰਦੇ ਤੇ ਉਹਦੇ ਮੱਥੇ ਉਤੇ ਹੱਥ ਫੇਰਦੇ ਰਹੇ। ਨੌਕਰਾਂ ਪ੍ਰਾਹੁਣੇ ਦੇਖ ਕੇ ਅੰਦਰੋਂ ਨਵੀਆਂ-ਨਵਾਰੀ ਮੰਜੀਆਂ ਕੱਢੀਆਂ, ਨਵੇਂ ਸਿਰਹਾਣੇ-ਖੇਸ ਲਿਆ ਕੇ ਸਿਰਹਾਂਦੀ ਪਵਾਂਦੀ ਰੱਖੇ। ਪਰ ਗੁਰੂ ਮਹਾਰਾਜ ਬੈਠੇ ਨਾ। ਘੋੜੀ ਨੂੰ ਪਿਆਰ ਕਰਕੇ ਪਿਛਾਂਹ ਪਰਤੇ ਤੇ ਬਾਹਰੋਂ ਭਾਈ ਹੋਰੀਂ ਆ ਗਏ। ਇਕ ਵਾਰ ਤਾਂ ਉਹ ਗੁਰੂ ਮਹਾਰਾਜ ਨੂੰ ਦੇਖ ਕੇ ਹੈਰਾਨ ਹੋਏ। ਫੇਰ ਸਤਿ ਸ੍ਰੀ ਅਕਾਲ ਬੁਲਾ ਕੇ ਮੇਰੇ ਕੋਲ ਆ ਕੇ ਖਲੋ ਗਏ।

'ਬਿਸਮਿਲ੍ਹਾ ਮਹਾਰਾਜ!' ਭਾਈ ਆਖਿਆ, 'ਅੱਜ ਤੇ ਸੱਚੀ-ਮੁੱਚੀ ਕੀੜੀ ਦੇ ਘਰ ਨਰਾਇਣ ਆ ਗਿਆ ਏ। ਤਸ਼ਰੀਫ ਰੱਖੋ। ਅੰਨ ਪਾਣੀ ਦੀ ਸੁਣਾਓ?'

'ਅੰਨ-ਪਾਣੀ ਵੱਲੋਂ ਪੁਰਬਾਸ਼।' ਗੁਰੂ ਹੋਰੀਂ ਖਲੋਤਿਆਂ ਈ ਕਹਿਣ ਲੱਗੇ, "ਚੌਧਰੀ ਤੂੰ ਘੋੜੀ ਕਿਉਂ ਮਾੜੀ ਕਰ ਛੱਡੀ ਏ।"

ਭਾਈ ਹੋਰੀਂ ਉਚੀ ਸਾਰੀ ਹੱਸ ਪਏ, ਕਹਿਣ ਲੱਗੇ, "ਮਹਾਰਾਜ! ਇਹ ਗੁਰਾਂ ਦੀ ਘੋੜੀ ਤੇ ਨਹੀਂ ਨਾ? ਜਿਨ੍ਹੇ ਕਿੱਲੇ ਬੱਧੀ ਨੇ ਦਾਣੇ ਚਰਦਿਆਂ-



ਚਰਦਿਆਂ ਮੱਝ ਬਣ ਜਾਣਾ ਏਂ। ਇਹ ਤੇ ਗਰੀਬ ਜੱਟ ਦੀ ਘੋੜੀ ਏ, ਜੀਹਦੇ ਉਤੇ ਮੈਂ ਦੋ ਵੇਲੇ ਸਵਾਰੀ ਕਰਨਾ ਆਂ। ਸਵਾਰੀ ਵਾਲੀ ਘੋੜੀ ਮਾੜੀ ਤੇ ਭਾਵੇਂ ਨਾ ਹੋਵੇ, ਪਰ ਉਹਦੇ ਉਤੇ ਵਾਧੂ ਮਾਸ ਵੀ ਤੇ ਨਹੀਂ ਚੜ੍ਹਦਾ ਮਾਹਰਾਜ!"

ਗੁਰੂ ਮਹਾਰਾਜ ਖਿੜਖਿੜਾ ਕੇ ਹੱਸ ਪਏ। ਕਹਿਣ ਲੱਗੇ, "ਗੱਲ ਠੀਕ ਆਖੀ ਆ ਚੌਧਰੀ!"

"ਅਗਾੜੀਆਂ-ਪਿਛਾੜੀਆਂ ਪਾ ਕੇ ਬੱਧੀ, ਨਹਾਤੇ-ਧੋਤੇ ਜੁੱਸੇ ਉਤੇ ਚਮਕਦੇ ਫੁੱਲਾਂ ਵਾਲੀ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਅੱਗੇ ਨਾਲੋਂ ਮਾੜੀ ਤੇ ਨਹੀਂ, ਸਗੋਂ ਚੁਸਤ, ਬਾਂਕੀ ਤੇ ਬਹੁਤ ਸੋਹਣੀ ਪਈ ਲੱਗਦੀ ਸੀ। ਆਪਣੇ ਮਾਲਕ ਨੂੰ ਨੇੜੇ ਵੇਖ ਕੇ ਘੋੜੀ ਨੇ ਹਿਣਕ ਕੇ ਸਿਰ ਹਿਲਾਇਆ ਤੇ ਉਹਦੇ ਗਲੇ ਦੀਆਂ ਝਾਲਰਾਂ ਹਿੱਲੀਆਂ। ਭਾਈ ਹੋਰਾਂ ਅਗਾਂਹ ਹੋ ਕੇ ਘੋੜੀ ਨੂੰ ਥਾਪੀ ਦਿੱਤੀ ਤੇ ਗੁਰੂ ਹੋਰਾਂ ਦੂਜੇ ਬੰਨਿਓਂ ਉਹਨੂੰ ਪਿਆਰ ਦਿੱਤਾ ਤੇ ਅਸੀਂ ਪਰਤ ਆਏ। ਘੋੜੀ ਵਾਲੀ ਸਾਰੀ ਗੱਲ ਮੇਰੀ ਸਮਝ ਵਿਚ ਆ ਗਈ ਸੀ ਤੇ ਮੈਂ ਨਮੋਸ਼ੀ ਵਿਚ ਡੁੱਬਦਾ ਜਾਂਦਾ ਸਾਂ, ਪਰ ਗੁਰੂ ਮਹਾਰਾਜ ਦੇ ਚਿਹਰੇ 'ਤੇ ਉਹੋ ਨੂਰ ਸੀ। ਉਹ ਘੋੜੀ ਨੂੰ ਦੇਖ ਕੇ ਬਹੁਤ ਖੁਸ਼ ਸਨ। ਮੇਰੀ ਨਮੋਸ਼ੀ ਤਾੜ ਕੇ ਕਹਿਣ ਲੱਗੇ, "ਤੇਰਾ ਭਰਾ ਸ਼ੌਕੀਨ ਏ ਘੋੜੀਆਂ ਦਾ ਤੇ ਏਸ ਘੋੜੀ ਦੀ ਸਾਂਭ ਵੀ ਉਹੋ ਈ ਕਰ ਸਕਦਾ ਸੀ। ਵੇਖ ਕਹੀ ਸੋਹਣੀ ਸਾਂਭ ਕੇ ਰੱਖੀ ਸੂ ਘੋੜੀ? ਜੀਊਂਦਾ ਵੱਸਦਾ ਰਵ੍ਹੇ।" ਮੈਂ ਆਪਣੇ ਮਨ ਵਿਚ ਸ਼ਰਮਸਾਰ ਸਾਂ, ਕੀ ਆਖਦਾ?

ਅਗਲੇ ਵਰ੍ਹੇ ਗੁਰੂ ਮਹਾਰਾਜ ਸਾਡੇ ਪਿੰਡਾਂ ਵੱਲ ਆਏ। ਮੈਂ ਉਨ੍ਹਾਂ ਦੇ ਆਵਣ ਦੀ ਖਬਰ ਲਾਹੌਰ ਭਾਈ ਹੁਰਾਂ ਨੂੰ ਘੱਲੀ। ਹੜ੍ਹ ਵਾਲੇ ਮੈਦਾਨ ਵਿਚ ਗੁਰਾਂ ਦੇ ਡੇਰੇ ਸਨ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਗੁਰੂ ਹੁਰਾਂ ਦੇ ਦਰਸ਼ਨਾਂ ਨੂੰ ਆਏ ਹੋਏ, ਤਿੰਨ-ਚਾਰ ਹਜ਼ਾਰ ਸਿੱਖਾਂ ਵਿਚ ਗੁਰੂ ਮਹਾਰਾਜ ਬੈਠੇ ਹੋਏ। ਇੰਞ ਲੱਗਦਾ ਜਿਵੇਂ ਤਾਰਿਆਂ ਵਿਚ ਚੌਧਵੀਂ ਰਾਤ ਦਾ ਚੰਨ। ਹਵਾ ਦੀਆਂ ਲਹਿਰਾਂ ਵਿਚ ਬਹੁਤ ਸਾਰੀਆਂ ਆਵਾਜ਼ਾਂ ਤੇ ਰਾਗ ਰਲੇ ਹੋਏ ਚੁਫੇਰੇ ਖਿੱਲਰੇ ਹੋਏ ਸੁਣੇ ਜਾਂਦੇ:

ਸਾਡੇ ਭਾਗ ਭਲੇ
ਗੁਰਾਂ ਦੇ ਦਰਸ਼ਨ ਪਾਏ
ਸਾਡੇ ਭਾਗ ਭਲੇ...!

ਭਾਈ ਹੋਰੀਂ ਆਏ। ਉਨ੍ਹਾਂ ਦੇ ਹੱਥ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਦਾ ਰੱਸਾ ਫੜਿਆ ਹੋਇਆ ਸੀ, ਜਿਹਨੂੰ ਕੱਲ੍ਹ ਉਹ ਲਾਹੌਰੋਂ ਗੱਡੀ ਵਿਚ ਪਾ ਕੇ ਪਿੰਡ ਲੈ ਕੇ ਆਏ ਸਨ। ਗੁਰੂ ਸਾਹਿਬ ਉਠੇ ਤੇ ਅਗਾਂਹ ਵਧ ਕੇ ਉਨ੍ਹਾਂ ਭਾਈ ਨੂੰ ਦੁਆਵਾਂ ਦਿੱਤੀਆਂ ਤੇ ਘੋੜੀ ਦਾ ਮੂੰਹ-ਸਿਰ ਛਾਤੀ ਨਾਲ ਲਾ ਕੇ ਉਹਨੂੰ ਪਿਆਰ ਕੀਤੋ ਨੇ। ਸੰਗਤਾਂ ਦੀਆਂ ਨਜ਼ਰਾਂ ਗੁਰਾਂ ਉਤੇ ਗੱਡੀਆਂ ਹੋਈਆਂ ਸਨ।

ਭਾਈ ਹੁਰਾਂ ਘੋੜੀ ਦਾ ਰੱਸਾ ਗੁਰੂ ਸਾਹਿਬ ਨੂੰ ਪੇਸ਼ ਕਰਦਿਆਂ ਕਿਹਾ, "ਮਹਾਰਾਜ! ਇਹ ਤੁਹਾਡਾ ਮਾਲ ਏ, ਕਬੂਲ ਕਰੋ।"

ਗੁਰੂ ਸਾਹਿਬ ਨੇ ਰੱਸਾ ਫੜ ਲਿਆ ਤੇ ਘੋੜੀ ਦੇ ਪਿੰਡੇ ਉਤੇ ਪਿਆਰ ਨਾਲ ਹੱਥ ਫੇਰ ਕੇ ਰੱਸਾ ਭਾਈ ਨੂੰ ਫੜਾਉਂਦਿਆਂ ਫੁਰਮਾਣ ਲੱਗੇ, "ਚੌਧਰੀ ਵੱਸਦਾ ਰਹੁ। ਤੇਰੀ ਘੋੜੀ ਸਾਨੂੰ ਅੱਪੜ ਗਈ।"

"ਇਹ ਘੋੜੀ ਤੇ ਮਹਾਰਾਜ ਤੁਹਾਨੂੰ ਲੈਣੀ ਪਏਗੀ!" ਭਾਈ ਹੁਰਾਂ ਅਦਬ ਤੇ ਪਿਆਰ ਨਾਲ ਆਖਿਆ, "ਏਸ ਘੋੜੀ ਤੋਂ ਤੁਸੀਂ ਮੇਰੇ ਭਰਾ ਨਾਲ ਗੁੱਸੇ ਓ।"

ਗੁਰੂ ਹੁਰਾਂ ਫੁਰਮਾਇਆ, "ਚੌਧਰੀ ਤੇਰਾ ਭਰਾ ਭਾਈ ਟਹਿਲ ਸਿੰਘ ਭਲਾ ਲੋਕ ਆਦਮੀ ਏ। ਉਹਦੇ ਨਾਲ ਤੇ ਅਸੀਂ ਭੋਰਾ ਵੀ ਨਰਾਜ਼ ਨਹੀਂ। ਉਹਨੂੰ ਤੇ ਅਸਾਂ ਇਹ ਗੱਲ ਕਦੇ ਜਤਾਈ ਵੀ ਨਹੀਂ। ਘੋੜੀ ਸਾਡੀ ਹੋ ਗਈ, ਪਰ ਇਹ ਰਵ੍ਹੇਗੀ ਤੇਰੇ ਕੋਲ ਭਾਈਆ! ਸਾਥੋਂ ਇਹਦੀ ਸਾਂਭ ਤੇਰੇ ਵਰਗੀ ਤੇ ਨਹੀਂ ਨਾ ਹੋ ਸਕਦੀ।

ਤੇ ਗੁਰੂ ਹੁਰਾਂ ਖੁਸ਼ ਹੋ ਕੇ ਦੁਆਵਾਂ ਦਿੱਤੀਆਂ, ਸਵਾਰ ਨੂੰ ਵੀ ਤੇ ਘੋੜੀ ਨੂੰ ਵੀ।

1940-41 ਦੀ ਇਹ ਕਹਾਣੀ ਚਾਚਾ ਟਹਿਲ ਸਿੰਘ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਆਪਣੇ ਖਤ ਵਿਚ ਮੈਨੂੰ 1981 ਵਿਚ ਲਿਖਦਾ ਏ ਤੇ ਨਾਲ ਮੈਨੂੰ ਇਸ ਕਹਾਣੀ ਨੂੰ ਲਿਖਣ ਲਈ ਆਖਦਾ ਏ। ਏਸ ਕਹਾਣੀ ਵਿਚ ਭੈਣੀ ਸਾਹਿਬ ਵਾਲੇ ਗੁਰੂ, ਗੁਰੂ ਪ੍ਰਤਾਪ ਸਿੰਘ ਜੀ ਹੁਰੀਂ ਨੇ। ਚਾਚਾ ਟਹਿਲ ਸਿੰਘ ਨਵੇਂ ਪਿੰਡ ਵਾਲਾ ਭਾਈ ਟਹਿਲ ਸਿੰਘ ਰੰਧਾਵਾ ਨਾਮਧਾਰੀ ਏ, ਜਿਹੜਾ ਮੇਰੇ ਵਾਲਦ ਦਾ ਪੱਗ ਵੱਟ ਭਰਾ, ਦੋਸਤ, ਜਮਾਤੀ ਤੇ ਸਾਥੀ ਸੀ। ਹੁਣ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬੈਠਾ ਏ। ਕਹਾਣੀ ਵਿਚ ਉਹਦਾ ਭਾਈ ਸਾਹਿਬ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਗੁਰਾਂ ਤੋਂ ਉਤੋਂ ਦੀ ਮੁੱਲ ਦੇ ਕੇ ਲੈ ਆਵਣ ਵਾਲਾ ਬੰਦਾ ਮੇਰਾ ਵਾਲਦ ਏ। ਇਹ ਮੇਰੇ ਹੋਸ਼ ਸੰਭਾਲਣ ਤੋਂ ਪਹਿਲੋਂ ਦੀਆਂ ਬਾਤਾਂ ਨੇ। ਮੈਂ ਉਸ ਘੋੜੀ ਨੂੰ ਦੇਖਿਆ ਵੀ ਨਹੀਂ। ਪਰ ਚਾਚੇ ਟਹਿਲ ਸਿੰਘ ਦਾ ਇਹ ਖਤ ਪੜ੍ਹ ਕੇ ਮੈਨੂੰ ਉਸ ਘੋੜੀ ਬਾਰੇ ਹੋਰ ਜਾਨਣ ਦਾ ਸ਼ੌਕ ਕੁੱਦਿਆ।

ਇਕ ਦਿਨ ਪਿੰਡ ਬੈਠਿਆਂ ਘੋੜੀਆਂ ਦੀਆਂ ਗੱਲਾਂ ਹੋ ਰਹੀਆਂ ਸਨ ਤੇ ਮੈਂ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਉਸ ਘੋੜੀ ਦੀ ਗੱਲ ਵਾਹ ਦਿੱਤੀ। ਪਰ੍ਹਾਂ ਚੁੱਪ ਕਰਕੇ ਬੈਠੇ ਅੱਬਾ ਜੀ ਦੀਆਂ ਤਸਬੀਹ ਫੇਰਦੀਆਂ ਉਂਗਲਾਂ ਖਲੋ ਗਈਆਂ। ਉਨ੍ਹਾਂ ਦੀਆਂ ਭੂਰੀਆਂ ਬਦਾਮੀ ਖੂਬਸੂਰਤ ਚਮਕਦੀਆਂ ਅੱਖੀਆਂ ਦੇ ਵਿਚ ਵੀ ਮਸ਼ਾਲਾਂ ਜਿਹੀਆਂ ਬਲੀਆਂ।

"ਭਾਈ, ਉਹ ਬੜੀ ਘੋੜੀ ਸੀ!" ਉਹ ਆਖ ਕੇ ਚੁੱਪ ਕਰ ਗਏ। ਤੇ ਤਸਬੀਹ ਦੇ ਦਾਣੇ ਫੇਰ ਉਨ੍ਹਾਂ ਦੀਆਂ ਉਂਗਲਾਂ ਵਿਚ ਫਿਰਨ ਲੱਗ ਪਏ। ਚਾਚਾ ਟਹਿਲ ਸਿੰਘ ਉਨ੍ਹਾਂ ਨੂੰ ਬੜਾ ਪਿਆਰਾ ਸੀ ਤੇ ਉਹਦੇ ਜ਼ਿਕਰ 'ਤੇ ਅੱਬਾ ਜੀ ਸਦਾ ਹੀ ਉਦਾਸ ਹੋ ਜਾਂਦੇ। ਮੈਂ ਦੁੱਖਾਂ-ਦਰਦਾਂ ਦੇ ਫੋਲਣੇ ਤੇ ਨਹੀਂ ਫੋਲਣਾ ਚਾਹੁੰਦਾ ਸਾਂ, ਪਰ ਦੋ-ਤਿੰਨ ਗੱਲਾਂ ਪੁੱਛਿਓਂ ਬਿਨਾਂ ਮੈਥੋਂ ਰਹਿ ਵੀ ਨਾ ਹੋਇਆ, "ਜਦੋਂ ਤੁਹਾਨੂੰ ਚਾਚਾ ਟਹਿਲ ਸਿੰਘ ਏਡਾ ਈ ਪਿਆਰਾ ਸੀ ਤਾਂ ਫੇਰ ਤੁਸਾਂ ਉਹਦੇ ਗੁਰੂ ਸਾਹਿਬ ਦੇ ਸੌਦੇ ਉਤੇ ਸੌਦਾ ਕਿਉਂ ਕੀਤਾ?"

"ਇਹਨੂੰ ਹੂੜਮੱਤ ਤੇ ਮੂਰਖਪੁਣਾ ਹੀ ਕਿਹਾ ਜਾ ਸਕਦਾ ਏ।" ਅੱਬਾ ਜੀ ਨੇ ਨਿੱਕਾ ਜਿਹਾ ਜੁਆਬ ਦੇ ਕੇ ਗੱਲ ਮੁਕਾਈ। "ਘੋੜੀ ਵੇਖ ਕੇ ਮੈਂ ਰਹਿ ਨਾ ਸਕਿਆ ਤੇ ਘੋੜੀ ਮੈਂ ਲਈ ਵੀ ਗੁਰੂ ਸਾਹਿਬ ਦੇ ਮੁੱਲ ਤੋਂ ਬਹੁਤਾ ਮੁੱਲ ਤਾਰ ਕੇ ਤੇ ਬੜਿਆਂ ਜ਼ੋਰਾਂ ਨਾਲ-ਤਾਂ ਵੀ ਮੈਂ ਸਮਝਿਆ ਮੈਂ ਘੋੜੀ ਕੱਖਾਂ ਦੇ ਮੁੱਲ ਲੈ ਆਂਦੀ ਏ। ਗੁਰੂ ਸਾਹਿਬ ਦੇ ਘਰ ਰੁਪਏ ਪੈਸੇ ਦੀ ਕਾਹਦੀ ਥੋੜ੍ਹ? ਉਹ ਤੇ ਆਪਣਿਆਂ ਸਿੱਖਾਂ ਨੂੰ ਇਸ਼ਾਰਾ ਕਰਦੇ ਤੇ ਅਗਲੇ ਘੋੜੀ ਸੋਨੇ ਨਾਲ ਤੋਲ ਕੇ ਵੀ ਲੈ ਆਉਂਦੇ।"

ਮੇਰਾ ਦੂਸਰਾ ਸਵਾਲ, ਮੈਂ ਕਿਹਾ "ਅਸੂਲ ਨਾਲ ਤੇ ਸਾਈ ਦੇਣ ਮਗਰੋਂ ਘੋੜੀ ਉਨ੍ਹਾਂ ਦੀ ਹੋ ਗਈ, ਫੇਰ ਉਹ ਉਸ ਘੋੜੀ ਦੇ ਬੜੇ ਆਸ਼ਕ ਸਨ, ਤਾਂ ਵੀ ਉਨ੍ਹਾਂ ਤੁਹਾਡੀ ਏਸ ਹਰਕਤ ਦਾ ਬੁਰਾ ਨਾ ਮਨਾਇਆ? ਤੁਹਾਡੀ ਏਸ ਹਰਕਤ ਤੋਂ ਉਹ ਚਾਚੇ ਟਹਿਲ ਸਿੰਘ ਨਾਲ ਰੰਜ ਕਿਉਂ ਨਾ ਹੋਏ?"

"ਇਹਦੇ ਵਿਚ ਕਿਉਂ ਨਾ ਹੋਏ? ਦਾ ਕੀ ਸਵਾਲ ਏ ਬੱਲਿਆ? ਇਹ ਗੁਰੂ ਹੁਰਾਂ ਦੀ ਵਡਿਆਈ ਸੀ। ਐਵੇਂ ਤੇ ਨਹੀਂ ਲੱਖਾਂ ਬੰਦੇ ਉਨ੍ਹਾਂ ਦੀਆਂ ਮਿੰਨਤਾਂ ਕਰਦੇ ਰਹੇ? ਉਹ ਬੜੇ ਹੌਸਲੇ ਤੇ ਬੜੀਆਂ ਸਿਫਤਾਂ ਵਾਲੇ ਇਨਸਾਨ ਸਨ। ਜਦੋਂ ਉਹ ਘੋੜੀ ਨੂੰ ਮਿਲਣ ਮੇਰੇ ਘਰ ਆਏ, ਜੇ ਮੈਂ ਉਦੋਂ ਘੋੜੀ ਉਨ੍ਹਾਂ ਦੀ ਨਜ਼ਰ ਕਰਦਾ ਤੇ ਗੱਲ ਹੌਲੀ ਰਹਿ ਜਾਂਦੀ। ਏਸ ਕਰਕੇ ਹੀ ਮੈਂ ਤੋੜ ਪਿੰਡ ਆ ਕੇ ਘੋੜੀ ਉਨ੍ਹਾਂ ਦੀ ਨਜ਼ਰ ਕੀਤੀ ਜਿਹੜੀ ਉਨ੍ਹਾਂ ਕਬੂਲ ਤਾਂ ਕਰ ਲਈ, ਪਰ ਘੋੜੀ ਨਾ ਲਈ। ਮੈਂ ਭਾਈ ਟਹਿਲ ਸਿੰਘ ਦੀ ਵਜ੍ਹਾ ਤੋਂ ਹੀ ਘੋੜੀ ਉਨ੍ਹਾਂ ਦੀ ਨਜ਼ਰ ਕਰਨਾ ਚਾਹੁੰਦਾ ਸਾਂ ਤਾਂ ਜੁ ਉਹ ਮੇਰੇ ਮੂਰਖਪੁਣੇ ਤੋਂ ਭਾਈ ਨਾਲ ਨਾਰਾਜ਼ ਨਾ ਹੋਣ ਤੇ ਆਪਣੇ ਸਿੱਖ, ਆਪਣੇ ਇਕ ਮੰਨਣ ਵਾਲੇ ਆਪਣੇ ਇਕ ਚੇਲੇ ਦਾ ਮੈਨੂੰ ਭਰਾ ਸਮਝ ਕੇ ਹੀ ਉਨ੍ਹਾਂ

*(ਬਾਕੀ ਅਗਲੇ ਸਫੇ 'ਤੇ)*

# ਕੁਦਰਤੀ ਵਾਤਾਵਰਨ ਅਤੇ ਗੁਰੂ ਸਾਹਿਬਾਨ

**ਅਜੋਕੀ ਗੱਲ**

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਇਤਿਹਾਸ ਜਿਥੇ ਹੱਕ, ਸੱਚ, ਨਿਆਂ ਅਤੇ ਬਰਾਬਰੀ ਦੀ ਵਿਵਸਥਾ ਸਥਾਪਤ ਕਰਨ ਲਈ ਸੰਘਰਸ਼ ਅਤੇ ਕੁਰਬਾਨੀ ਦੀ ਲਾਸਾਨੀ ਦਾਸਤਾਨ ਹੈ, ਉਥੇ ਇਸ ਦਾ ਸਬੰਧ ਕੁਦਰਤੀ ਵਾਤਾਵਰਨ ਪ੍ਰਤੀ ਲਗਾਓ ਅਤੇ ਮੁਹੱਬਤ ਨਾਲ ਵੀ ਓਨਾ ਹੀ ਗਹਿਰਾ ਅਤੇ ਅਟੁੱਟ ਹੈ। ਸ਼ਸਤਰਾਂ, ਘੋੜਿਆਂ, ਕਿਲਿਆਂ ਅਤੇ ਫੌਜਾਂ ਵਾਂਗ ਰੁੱਖਾਂ, ਬਿਰਖਾਂ, ਪਹਾੜਾਂ, ਨਦੀਆਂ, ਨਾਲਿਆਂ, ਚਸ਼ਮਿਆਂ ਤੇ ਹੋਰ ਕੁਦਰਤੀ ਨਜ਼ਾਰਿਆਂ ਅਤੇ ਸਰੋਤਾਂ ਨਾਲ ਉਨ੍ਹਾਂ ਦੇ ਜੀਵਨ ਦਾ ਗੂੜ੍ਹਾ ਰਿਸ਼ਤਾ ਹੈ। ਅੱਜ ਜਦੋਂ ਕੁਦਰਤੀ ਵਾਤਾਵਰਨ ਦਾ ਵਿਗਾੜ ਸਾਡੇ ਲਈ ਸਭ ਤੋਂ ਵੱਡਾ ਖਤਰਾ ਬਣਿਆ ਹੋਇਆ ਹੈ ਤਾਂ ਪੌਣ ਪਾਣੀ ਦੀ ਸ਼ੁੱਧੀ ਅਤੇ ਕੁਦਰਤੀ



**ਜਸਵੰਤ ਸਿੰਘ ਜ਼ਫ਼ਰ**
ਫੋਨ:91-96461-18208

ਵਾਤਾਵਰਨ ਦੀ ਸੰਭਾਲ ਪ੍ਰਤੀ ਆਪਣੀ ਜਿੰਮੇਵਾਰੀ ਦੇ ਮਹੱਤਵ ਨੂੰ ਜਾਣਨ-ਸਮਝਣ ਲਈ ਗੁਰੂ ਸਾਹਿਬ ਦੇ ਜੀਵਨ ਅਤੇ ਇਤਿਹਾਸ ਤੋਂ ਚੋਖੀ ਰੋਸ਼ਨੀ ਮਿਲ ਸਕਦੀ ਹੈ।

ਗੁਰੂ ਸਾਹਿਬ ਦੇ ਸਮਕਾਲੀ ਭਾਈ ਨੰਦ ਲਾਲ ਨੇ ਗੁਰੂ ਸਾਹਿਬ ਨੂੰ ਬਾਦਸ਼ਾਹ ਦਰਵੇਸ਼ ਲਿਖਿਆ ਹੈ। ਬਾਬਾ ਫਰੀਦ ਨੇ ਕਿਹਾ ਹੈ ਕਿ ਦਰਵੇਸ਼ ਦਾ ਜਿਗਰਾ ਰੁੱਖਾਂ ਜਿੰਨਾ ਵਿਸ਼ਾਲ ਹੋਣਾ ਚਾਹੀਦਾ ਹੈ:

ਫਰੀਦਾ ਸਾਹਿਬ ਦੀ ਕਰਿ ਚਾਕਰੀ
ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥

ਰੁੱਖ ਬਿਨਾਂ ਵਿਤਕਰੇ ਸਭ ਨੂੰ ਜੀਵਨ ਅਤੇ ਆਸਰਾ ਬਖ਼ਸ਼ਦੇ ਹਨ। ਵੱਢਣ ਵਾਲਿਆਂ ਪ੍ਰਤੀ ਵੀ ਰੁੱਖ ਬਦਲਾਖੋਰ ਨਹੀਂ ਹੁੰਦੇ। ਇਸ ਲਈ ਲੰਬੇ ਚੌੜੇ ਸੰਘਰਸ਼ ਦੌਰਾਨ ਪੂਰਾ ਪਰਿਵਾਰ ਗੁਆ ਕੇ ਰੁੱਖਾਂ ਜੇਡ ਵਿਸ਼ਾਲ ਜਿਗਰਾ ਸਾਬਤ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਨੂੰ ਸਾਰੇ ਮਨੁੱਖ ਇਕ ਜਾਤੀ ਦਿਖਾਈ ਦਿੰਦੇ ਹਨ:

ਮਾਨਸ ਕੀ ਜਾਤ
ਸਬੈ ਏਕ ਹੀ ਪਹਿਚਾਨਬੋ॥

ਗੁਰੂ ਗੋਬਿੰਦ ਸਿੰਘ ਜਦ ਕਿਸੇ ਪਿੰਡ, ਨਗਰ ਜਾਂ ਸ਼ਹਿਰ ਗਏ ਤਾਂ ਉਨ੍ਹਾਂ ਆਪਣਾ ਟਿਕਾਣਾ ਆਮ ਤੌਰ 'ਤੇ ਇਨ੍ਹਾਂ ਦੇ ਬਾਹਰ ਵਾਰ ਰੁੱਖਾਂ ਦੀਆਂ ਰੱਖਾਂ 'ਚ ਕੀਤਾ। ਇਹੀ ਕਾਰਨ ਹੈ ਕਿ ਗੁਰੂ ਚਰਨ ਛੋਹ ਪ੍ਰਾਪਤ ਬਹੁਤ ਸਾਰੇ ਸਥਾਨਾਂ ਦੇ ਨਾਂ ਰੁੱਖਾਂ ਨਾਲ ਜੁੜੇ ਹੋਏ ਹਨ, ਜਿਵੇਂ ਝਾੜ ਸਾਹਿਬ, ਜੰਡ ਸਾਹਿਬ, ਫਲਾਹੀ ਸਾਹਿਬ, ਟਾਹਲੀਆਣਾ ਸਾਹਿਬ ਆਦਿ। ਪਰ ਅਸੀਂ ਇਨ੍ਹਾਂ ਅਸਥਾਨਾਂ 'ਤੇ ਇਮਾਰਤਾਂ ਵੱਡੀਆਂ ਕਰਨ ਲਈ ਇਨ੍ਹਾਂ ਪੁਰਾਤਨ ਰੁੱਖਾਂ ਦੀਆਂ ਰੱਖਾਂ ਨੂੰ ਮਲੀਆਮੇਟ ਕਰ ਦਿੱਤਾ ਹੈ। ਹਰ ਥਾਂ ਕੇਵਲ ਇਕ ਦਰੱਖਤ ਨੂੰ ਛੱਡ ਕੇ ਜਿਸ ਹੇਠ ਗੁਰੂ ਸਾਹਿਬ ਸੁੱਤੇ ਸਨ ਜਾਂ ਜਿਸ ਨਾਲ ਘੋੜਾ ਬੰਨ੍ਹਿਆਂ ਸੀ ਜਾਂ ਜਿਸ ਦੀ ਦਾਤਣ ਕੀਤੀ ਸੀ, ਬਾਕੀ ਸਭ ਦਾ ਵਢਾਂਗਾ ਕਰ ਦਿੱਤਾ ਹੈ। ਕੀ ਇਕ ਥਾਂ 'ਤੇ ਠਹਿਰਾਓ ਸਮੇਂ ਗੁਰੂ ਸਾਹਿਬ ਦਾ ਸਬੰਧ ਇਕਲੌਤੇ ਦਰਖਤ ਨਾਲ ਸੀ? ਉਸ ਥਾਂ ਦੇ ਸਾਰੇ ਰੁੱਖ ਗੁਰੂ ਸਾਹਿਬ ਦੀ ਆਮਦ ਦੇ ਜੀਵੰਤ ਗਵਾਹ ਸਨ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਹੋਈ ਹੋਵੇਗੀ। ਪਰ ਦੁਖ ਦੀ ਗੱਲ ਹੈ ਕਿ ਇਸ ਤਬਾਹੀ ਲਈ ਮੋਹਰੀਆਂ ਨੂੰ 'ਕਾਰਸੇਵਾ ਵਾਲੇ ਬਾਬੇ' ਜਾਂ 'ਮਹਾਂਪੁਰਸ਼' ਕਿਹਾ ਜਾਂਦਾ ਹੈ। 15 ਕੁ ਸਾਲ ਪਹਿਲਾਂ ਗੁਰਦੁਆਰਾ ਚਰਨ ਕੰਵਲ ਸਾਹਿਬ ਮਾਛੀਵਾੜਾ, ਜਿਥੇ ਗੁਰੂ ਸਾਹਿਬ ਚਮਕੌਰ ਦੀ ਲੜਾਈ ਪਿੱਛੋਂ ਟਿੰਡ ਦਾ ਸਿਰਹਾਣਾ ਕਰਕੇ ਜੰਡ ਹੇਠ ਸੁੱਤੇ ਸਨ, ਦੁਆਲੇ 60-70 ਅੰਬਾਂ ਦੇ ਅਤੇ ਹੋਰ ਦਰਖਤ ਸਨ, ਇਹ ਸਾਰੇ ਕਾਰਸੇਵਾ ਵਾਲੇ ਬਾਬਿਆਂ ਦੀ ਕਰੋਪੀ ਦਾ ਸ਼ਿਕਾਰ ਹੋ ਚੁੱਕੇ ਹਨ।

ਡਾ. ਸੰਤੋਖ ਸਿੰਘ ਸ਼ਹਰਯਾਰ (ਅੰਮ੍ਰਿਤਸਰ) ਦੇ ਦੱਸਣ ਮੁਤਾਬਿਕ ਸਰਹਿੰਦ ਦਾ ਉਹ ਠੰਡਾ ਬੁਰਜ ਜਿਸ ਵਿਚ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਕੈਦ ਸਨ, ਨੂੰ ਢਾਹੁਣ ਮਗਰੋਂ 'ਕਾਰਸੇਵਾ ਵਾਲੇ ਬਾਬਾ ਜੀ' ਨੇ ਕਾਰ ਸੇਵਕਾਂ ਨੂੰ ਉਹ ਪਿੱਪਲ ਦਾ ਦਰਖਤ ਜੜ੍ਹੋਂ ਪੁੱਟ ਦੇਣ ਦੀ ਹਦਾਇਤ ਕੀਤੀ ਜਿਸ ਤੋਂ ਦੀ ਚੜ੍ਹ ਕੇ ਮੋਤੀ ਮਹਿਰੇ ਨੇ ਰਾਤ ਨੂੰ ਸਾਹਿਬਜ਼ਾਦਿਆਂ ਨੂੰ ਦੁੱਧ ਛਕਾਇਆ ਸੀ। ਕਿਸੇ ਸਿੱਖ ਨੇ ਉਸ ਨਿਰਦੋਸ਼ ਪਿੱਪਲ ਦੀ ਇਤਿਹਾਸਕ ਮਹੱਤਤਾ ਦਾ ਵਾਸਤਾ ਪਾ ਕੇ ਉਸ ਨੂੰ ਬਖਸ਼ ਦੇਣ ਦੀ ਅਰਜ਼ ਕੀਤੀ ਤਾਂ 'ਮਹਾਂਪੁਰਸ਼' ਗਰਜ ਕੇ ਬੋਲੇ, "ਇਹਨੂੰ ਅੰਬ ਲੱਗਣੇ ਨੇ? ਵੱਢੋ ਇਹਨੂੰ।" ਆਦੇਸ਼ ਮਿਲਦਿਆਂ ਹੀ 'ਸੰਗਤਾਂ' ਪਿੱਪਲ ਨੂੰ ਟੁੱਟ ਕੇ ਪੈ ਗਈਆਂ। ਅਜਿਹੀ ਕਾਰਸੇਵਾ ਨੇ ਰੁੱਖਾਂ ਦੇ ਝੁੰਡਾਂ ਵਿਚਲੇ ਤੇ ਰੁੱਖਾਂ ਦੇ ਨਾਂਵਾਂ ਵਾਲੇ ਤਕਰੀਬਨ ਸਾਰੇ ਇਤਿਹਾਸਕ ਸਥਾਨਾਂ ਨੂੰ ਸੰਗਮਰਮਰ ਸਾਹਿਬ ਜਾਂ



ਸੰਗਮਰਮਰ ਲਾ ਲਾ ਬਣਾਏ ਗੁਰਦੁਆਰੇ

ਮਕਰਾਣਾ ਸਾਹਿਬ (ਰਾਜਸਥਾਨ ਵਿਚ ਸੰਗਮਰਮਰ ਦੀਆ ਖਾਣਾਂ ਦਾ ਸਥਾਨ) ਬਣਾ ਦਿੱਤਾ ਹੈ। ਜਦ ਕਿ ਗੁਰਬਾਣੀ ਮੁਤਾਬਕ ਇਹ ਧਰਤੀ ਬਨਸਪਤੀ ਦੀ ਹਰਿਆਵਲ ਕਾਰਨ ਹੀ ਸੁਹਾਵਣੀ ਅਤੇ ਬਰਕਤਾਂ ਵਾਲੀ ਹੈ। ਗੁਰੂ ਰਾਮਦਾਸ ਜੀ ਦਾ ਵਾਕ ਹੈ:

ਸਾ ਧਰਤੀ ਭਈ ਹਰੀਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ॥

ਇਥੇ ਗੁਰੂ ਰਾਮਦਾਸ ਜੀ ਨੇ ਇਹ ਨਹੀਂ ਸੀ ਕਿਹਾ ਕਿ ਜਿਥੇ ਗੁਰੂ ਬੈਠੇਗਾ ਉਥੇ ਬਹੁ-ਮੰਜ਼ਲੀ ਉਚੀਆਂ ਇਮਾਰਤਾਂ ਹੋਣਗੀਆਂ, ਮਹਿੰਗਾ ਸੰਗਮਰਮਰ ਲੱਗਾ ਹੋਵੇਗਾ। ਸਗੋਂ ਗੁਰੂ ਦੇ ਸਥਾਨ ਦਾ ਹਰਿਆ-ਭਰਿਆ ਹੋਣਾ ਲਾਜ਼ਮੀ ਦੱਸਿਆ ਹੈ। ਇਸ ਲਈ ਜਿਸ ਨੂੰ ਵੀ ਅਸੀਂ ਆਪਣਾ ਗੁਰੂ ਮੰਨਦੇ ਹੋਇਏ ਉਸ ਦੇ ਅਸਥਾਨ ਨੂੰ ਹਰਿਆ-ਭਰਿਆ ਬਣਾਉਣਾ ਸਾਡਾ ਧਾਰਮਿਕ ਫਰਜ ਹੈ। ਗੁਰੂ ਅੰਗਦ ਦੇਵ ਜੀ ਸੱਚੇ ਗੁਰੂ ਦੀ ਵਡਿਆਈ ਅਤੇ ਗੁਣਾਂ ਦਾ ਵਰਣਨ ਰੁੱਖ ਦੀ ਉਦਾਹਰਣ ਨਾਲ ਕਰਦੇ ਹਨ ਕਿ ਗੁਰੂ ਅਤੇ ਰੁੱਖ ਅੰਮ੍ਰਿਤ ਦੇ ਦਾਤੇ ਹਨ, ਸ਼ੁਭ ਗੁਣਾਂ ਦੇ ਧਾਰਨੀ ਹੋਣ ਦਾ ਅਮਲੀ ਸੰਦੇਸ਼ ਦੇਣ ਵਾਲੇ ਹਨ:

ਸਤਿਗੁਰੁ ਅੰਮ੍ਰਿਤ ਬਿਰਖੁ ਹੈ
ਅੰਮ੍ਰਿਤ ਰਸਿ ਫਲਿਆ॥

ਅਸੀਂ ਕੁੱਲੀ, ਗੁੱਲੀ ਅਤੇ ਜੁੱਲੀ ਨੂੰ ਜੀਵਨ ਦੀਆਂ ਮੁਢਲੀਆਂ ਜ਼ਰੂਰਤਾਂ ਮੰਨਦੇ ਹਾਂ। ਪਰੰਤੂ ਗੁਰਬਾਣੀ ਇਨ੍ਹਾਂ ਵਿਚੋਂ ਕਪੜੇ ਅਤੇ ਮਕਾਨ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਨਹੀਂ ਮੰਨਦੀ। ਬੁਨਿਆਦੀ ਲੋੜਾਂ ਹਨ: ਸਾਹ ਲੈਣ ਲਈ ਹਵਾ, ਪੀਣ ਲਈ ਪਾਣੀ ਅਤੇ ਖਾਣ ਲਈ ਭੋਜਨ।

ਪਾਣੀ ਪਖਾ ਪੀਸਉ ਸੇਵਕ ਕੈ
ਠਾਕੁਰ ਹੀ ਕਾ ਆਹਰੁ ਜੀਉ॥ (ਪੰਨਾ 101)
ਪਾਨੀ ਪਖਾ ਪੀਸਉ ਸੰਤ ਆਗੈ
ਗੁਣ ਗੋਵਿੰਦ ਜਸੁ ਗਾਈ॥ (ਪੰਨਾ 673)
ਪਾਣੀ ਪਖਾ ਪੀਸੁ ਦਾਸ ਕੈ
ਤਬ ਹੋਹਿ ਨਿਹਾਲੁ॥ (ਪੰਨਾ 811)
ਹਉ ਪਾਣੀ ਪਖਾ ਪੀਸਉ ਸੰਤ ਆਗੈ
ਪਗ ਮਲਿ ਮਲਿ ਧੂਰਿ ਮੁਖਿ ਲਾਈਐ॥
(ਪੰਨਾ 881)

ਇਸ ਤਰ੍ਹਾਂ ਜੀਵਨ ਦਾ ਪਹਿਲਾ ਸੱਚ ਪਾਣੀ ਨੂੰ ਪ੍ਰਵਾਨ ਕੀਤਾ ਗਿਆ ਹੈ:

ਨਾਨਕ ਇਹੁ ਜਗਤੁ ਸਭੁ ਜਲੁ ਹੈ
ਜਲ ਹੀ ਤੇ ਸਭ ਕੋਇ॥
ਗੁਰ ਪਰਸਾਦੀ ਕੋ ਵਿਰਲਾ ਬੂਝੈ
ਸੋ ਜਨੁ ਮੁਕਤੁ ਸਦਾ ਹੋਇ॥

ਸਾਰੀਆਂ ਸਭਿਅਤਾਵਾਂ ਦਾ ਜਨਮ ਅਤੇ ਵਿਕਾਸ ਪਾਣੀਆਂ ਭਾਵ ਨਦੀਆਂ ਕਿਨਾਰੇ ਹੋਇਆ। ਬਹੁਤੀਆਂ ਸਭਿਅਤਾਵਾਂ ਦੇ ਤਾਂ ਨਾਂ ਵੀ ਸਬੰਧਤ ਨਦੀਆਂ ਅਤੇ ਦਰਿਆਵਾਂ ਦੇ ਨਾਂਵਾਂ ਤੋਂ ਬਣੇ ਹਨ। ਕਈ ਭੂਗੋਲਿਕ ਖਿੱਤਿਆਂ ਦੀ ਪਛਾਣ ਉਥੇ ਵਗਦੇ ਦਰਿਆਵਾਂ ਨਾਲ ਜੁੜੀ ਹੋਈ ਹੈ। ਧਰਤੀ ਦੇ ਜਿਸ ਖਿੱਤੇ ਵਿਚ ਅਸੀਂ ਰਹਿ ਰਹੇ ਹਾਂ ਇਸ ਦਾ ਪੁਰਾਣਾ ਨਾਂ ਸੱਤ ਦਰਿਆਵਾਂ ਕਾਰਨ ਸਪਤ ਸਿੰਧੂ ਸੀ। ਨਵਾਂ ਨਾਂ ਪੰਜਾਬ ਇਥੇ ਵਗਦੇ ਪੰਜ ਦਰਿਆਵਾਂ ਜਾਂ ਵੱਖ ਵੱਖ ਦਰਿਆਵਾਂ ਵਿਚਕਾਰ ਪੈਂਦੇ ਪੰਜ ਦੁਆਬਾਂ ਕਾਰਨ ਹੈ। ਇਨ੍ਹਾਂ ਸਬੰਧੀ ਪ੍ਰੋ. ਪੂਰਨ ਸਿੰਘ ਲਿਖਦੇ ਹਨ:

ਖਾੜ ਖਾੜ ਚੱਲਣ ਵਿਚ ਮੇਰੇ ਸੁਫ਼ਨਿਆਂ
ਪੰਜਾਬ ਦੇ ਦਰਿਆ
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ
ਪਿਆਰਾ ਜਾਪੁ ਸਾਹਿਬ ਗਾਉਂਦੇ, ਠੰਢੇ ਤੇ ਠਾਰਦੇ, ਪਯਾਰਦੇ।

ਗੁਰੂ ਗੋਬਿੰਦ ਸਿੰਘ ਦਾ ਜਨਮ ਗੰਗਾ ਕਿਨਾਰੇ ਵਸੇ ਪਟਨਾ ਸ਼ਹਿਰ ਵਿਖੇ ਹੋਇਆ। ਬਚਪਨ ਦੇ ਪਹਿਲੇ ਛੇ ਸਾਲ ਇਸੇ ਗੰਗਾ ਦੇ ਤੱਟਾਂ ਉਤੇ ਅਤੇ ਗੰਗਾ ਦੇ ਪਾਣੀਆਂ ਨਾਲ ਖੇਡਦਿਆਂ ਬੀਤੇ। ਪਿਤਾ ਗੁਰੂ ਤੇਗ ਬਹਾਦਰ ਨੇ ਅਨੰਦਪੁਰ ਸਾਹਿਬ ਨੂੰ ਵਸਾਉਣ ਲਈ ਦਰਿਆ ਸਤਲੁਜ ਦਾ ਕਿਨਾਰਾ ਚੁਣਿਆ। ਇਸ ਤੋਂ ਪਹਿਲਾਂ ਉਨ੍ਹਾਂ ਦੇ ਦਾਦਾ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਵੀ ਸਤਲੁਜ ਕੰਢੇ ਵਸਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਦੀ ਬਾਣੀ ਦੀ ਰਚਨਾ ਇਸੇ ਸਤਲੁਜ ਦੇ ਕੰਢੇ ਬਿਭੌਰ ਸਾਹਿਬ ਵਿਖੇ ਕੀਤੀ ਗਈ ਮੰਨੀ ਜਾਂਦੀ ਹੈ। ਆਪਣੀ ਸ਼੍ਰੋਮਣੀ ਕਿਰਤ ਜਾਪੁ ਸਾਹਿਬ ਯਮੁਨਾ ਨਦੀ ਕਿਨਾਰੇ ਪਾਉਂਟਾ ਸਾਹਿਬ ਵਿਖੇ ਰਚੀ।

ਚਿਰਾਂ ਤੋਂ ਸਥਾਪਤ ਧਾਰਮਿਕ, ਸਮਾਜਿਕ, ਰਾਜਨੀਤਕ ਪ੍ਰਬੰਧ ਅਤੇ ਕਦਰਾਂ-ਕੀਮਤਾਂ ਨੂੰ



ਕੁਦਰਤ ਦੇ ਨਜ਼ਾਰੇ

ਮੁੱਢੋਂ-ਸੁੱਢੋਂ ਨਵਾਂ ਰੂਪ ਦੇਣ ਲਈ ਉਨ੍ਹਾਂ ਨੇ ਪ੍ਰਤੀਬੱਧ ਸਿੱਖਾਂ ਦੀ ਜਮਾਤ ਤਿਆਰ ਕਰਨ ਭਾਵ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਨਿਰਣਾ ਲਿਆ, ਜਿਸ ਤਹਿਤ ਸਿੱਖਾਂ ਦੀ ਵਿਚਰਨ ਸ਼ੈਲੀ ਨੂੰ ਰੂਪਾਂਤ੍ਰਿਤ ਕਰਨ ਲਈ 1699 ਦੀ ਵਿਸਾਖੀ ਤੋਂ ਅੰਮ੍ਰਿਤ ਛਕਾਉਣ ਦੀ ਰੀਤ ਸ਼ੁਰੂ ਹੋਈ। ਖੰਡਾ ਬਾਟਾ ਸੀ, ਪੰਜ ਬਾਣੀਆਂ ਦਾ ਪਾਠ ਸੀ, ਪਤਾਸੇ ਸਨ। ਪਰ ਇਸ ਅੰਮ੍ਰਿਤ ਦਾ ਮੂਲ ਚੌਨਸਟਟ੍ਰਿਏਨਟ ਤਾਂ ਸਤਲੁਜ ਦਾ ਸਵੱਛ ਤੇ ਸ਼ਫਾਫ ਜਲ ਸੀ। ਏਸ ਅਮੁਲੀ ਦਾਤ ਕਾਰਨ ਗੁਰੂ ਸਾਹਿਬ ਨੇ ਆਪਣੀ ਸਾਰੀ ਦੌਲਤ ਪਿਆਰੇ ਸਤਲੁਜ ਤੋਂ ਵਾਰ ਦਿੱਤੀ। ਅਨੰਦਪੁਰ ਸਾਹਿਬ ਦੀ ਧਰਤੀ ਨੂੰ ਵਿਦਾ ਕਹਿਣ ਤੋਂ ਪਹਿਲਾਂ ਉਨ੍ਹਾਂ ਸਾਰਾ ਖਜ਼ਾਨਾ ਭਾਵ ਸੋਨਾ, ਚਾਂਦੀ, ਹੀਰੇ, ਮੋਤੀ, ਜਵਾਹਰਾਤ ਆਦਿ ਆਪਣੇ ਹੱਥੀਂ ਪਿਆਰੇ ਸਤਲੁਜ ਨੂੰ ਭੇਟ ਕੀਤੇ। ਇਸ ਸਾਰੇ ਕਾਸੇ ਦੀ ਕੀਮਤ ਉਨ੍ਹਾਂ ਸਮਿਆਂ ਵਿਚ ਅਠਾਰਾਂ ਕਰੋੜ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ। ਪਰ ਸਾਡੀ ਸਨਅਤੀ 'ਤਰੱਕੀ' ਨੇ ਸਤਲੁਜ ਦੇ ਪਾਣੀ ਨੂੰ ਪੀਣਯੋਗ ਨਹੀਂ ਛੱਡਿਆ।

ਅਨੰਦਪੁਰ ਸਾਹਿਬ ਛੱਡ ਕੇ ਜਦ ਗੁਰੂ ਸਾਹਿਬ ਚਮਕੌਰ, ਮਾਛੀਵਾੜਾ, ਆਲਮਗੀਰ, ਰਾਏਕੋਟ ਆਦਿ ਤੋਂ ਹੁੰਦੇ ਹੋਏ ਮਾਲਵੇ ਦੇ ਇਲਾਕੇ ਗਏ ਤਾਂ ਉਨ੍ਹਾਂ ਨਾਲ ਗਿਣਤੀ ਦੇ ਸਿੰਘ ਸਨ। ਖਿਦਰਾਣੇ ਦੇ ਸਥਾਨ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਚੜ੍ਹ ਕੇ ਆਈ ਸ਼ਾਹੀ ਫੌਜ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਮੁਕਤਸਰ ਦੀ ਇਸ ਲੜਾਈ ਵਿਚ ਗਿਣਤੀ ਦੇ ਸਿੱਖਾਂ ਨੇ ਸ਼ਾਹੀ ਫੌਜ ਨੂੰ ਪਛਾੜ ਦਿੱਤਾ। ਇਹ ਕਿਵੇਂ ਸੰਭਵ ਹੋਇਆ? ਇਕ ਦਸਮ ਪਾਤਸ਼ਾਹ ਦੇ ਰੂਪ 'ਚ ਗੁਰੂ ਅਤੇ ਦੂਜਾ ਖਿਦਰਾਣੇ ਦੀ ਢਾਬ ਦੇ ਪਾਣੀ ਦੇ ਰੂਪ 'ਚ ਪਿਤਾ ਸਿੰਘਾਂ ਦੇ ਅੰਗ-ਸੰਗ ਸੀ।

ਜੀਵਨ ਦੇ ਆਖਰੀ ਸਾਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੱਖਣੀ ਭਾਰਤ ਦੀ ਨਦੀ ਗੋਦਾਵਰੀ ਦੇ ਸੰਗ ਸਾਥ ਰਹੇ।

ਗੁਰੂ ਅਮਰ ਦਾਸ ਜੀ ਦਾ ਬਚਨ ਦੇਖੋ:

ਜਿਉ ਮੀਹਿ ਵੁਠੈ ਗਲੀਆ
ਨਾਲਿਆ ਟੋਭਿਆ ਕਾ ਜਲੁ ਜਾਇ ਪਵੈ
ਵਿਚਿ ਸੁਰਸਰੀ ਸੁਰਸਰੀ ਮਿਲਤ
ਪਵਿਤ੍ਰੁ ਪਾਵਨੁ ਹੋਇ ਜਾਵੈ॥
ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ
ਜਿਤੁ ਮਿਲਿਐ ਤਿਸਨਾ ਭੁਖ ਉਤਰੈ
ਹਰਿ ਸਾਂਤਿ ਤੜ ਆਵੈ॥ (ਪੰਨਾ 855)

ਜਿਸ ਪਾਣੀ ਦੀ ਸੰਗਤ ਮਾਣਦਿਆਂ ਗੁਰੂ ਸਾਹਿਬ ਨੇ ਬਾਣੀ ਉਚਾਰਨ ਕੀਤੀ, ਉਸ ਪਾਣੀ ਅਤੇ ਉਸ ਦੇ ਕੁਦਰਤੀ ਸਰੋਤਾਂ ਨੂੰ ਅਸੀਂ ਜ਼ਹਿਰੀਲੇ ਕਰ ਰਹੇ ਹਾਂ। ਜਿਸ ਪਾਣੀ ਨੂੰ ਗੁਰਬਾਣੀ ਨੇ ਪਿਤਾ ਕਹਿ ਕੇ ਇੰਨਾ ਸਨਮਾਨ ਦਿੱਤਾ, ਅਸੀਂ ਆਪ ਵੀ ਉਸ ਦੇ ਸਿਰ ਸਵਾਹ ਪਾ ਰਹੇ ਹਾਂ ਅਤੇ ਦੂਸਰਿਆਂ ਨੂੰ ਪਾਉਂਦੇ ਦੇਖ ਕੇ ਬੜੇ ਆਰਾਮ ਨਾਲ ਸਹਿਣ ਕਰ ਰਹੇ ਹਾਂ। ਪੰਜਾਬ ਦੀ ਰਾਜਨੀਤੀ ਵਿਚ ਦਰਿਆਵਾਂ ਦੇ ਪਾਣੀਆਂ ਦੀ ਵੰਡ ਵੱਡੇ ਮੁੱਦੇ ਅਤੇ ਮਸਲੇ ਦੇ ਤੌਰ 'ਤੇ ਉਭਰਦੀ ਰਹਿੰਦੀ ਹੈ। ਮੋਰਚੇ ਵੀ ਲੱਗਦੇ ਹਨ। ਪਰ ਪਾਣੀਆਂ ਦੀ ਸੰਭਾਲ ਤਾਂ ਪਾਣੀਆਂ ਦੀ ਵੰਡ ਨਾਲੋਂ ਵੀ ਅਹਿਮ ਅਤੇ ਜ਼ਰੂਰੀ ਮੁੱਦਾ ਹੈ। ਪਾਣੀ ਦੇ ਪ੍ਰਦੂਸ਼ਨ ਨੂੰ ਰੋਕਣ ਲਈ ਥਾਓਂ ਥਾਈਂ ਮੋਰਚੇ ਲਾਉਣ ਦੀ ਲੋੜ ਹੈ। ਅਮੀਰ ਸਮਝੇ ਜਾਂਦੇ ਮੁਲਕਾਂ ਦੇ ਲੋਕ ਆਪਣੇ ਨਦੀਆਂ, ਨਾਲਿਆਂ, ਝੀਲਾਂ ਆਦਿ ਦੇ ਪਾਣੀ ਦੀ ਨਿਰਮਲਤਾ ਬਣਾਈ ਰੱਖਣ ਲਈ ਬਹੁਤ ਸੁਚੇਤ ਹਨ। ਸਰਕਾਰਾਂ ਅਤੇ ਜਨਤਾ ਦੋਵੇਂ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਨੂੰ ਕਾਨੂੰਨੀ ਅਤੇ ਇਖਲਾਕੀ ਫਰਜ਼ ਸਮਝਦੀਆਂ ਹਨ। ਪਰ ਸਨਅਤੀ ਤੌਰ 'ਤੇ ਵਿਕਸਤ ਦੇਸ਼ ਬਹੁ ਰਾਸ਼ਟਰੀ ਕੰਪਨੀਆਂ ਦੇ ਮਾਧਿਅਮ ਰਾਹੀਂ ਜਾਂ ਹੋਰ ਢੰਗਾਂ ਨਾਲ ਆਪਣੀ ਪੁਰਾਣੀ ਉਦਯੋਗਿਕ ਤਕਨੀਕ ਅਤੇ ਮਸ਼ੀਨਰੀ ਨੂੰ ਵਿਕਾਸਸ਼ੀਲ ਜਾਂ ਪਛੜੇ ਦੇਸ਼ਾਂ ਵੱਲ ਧੱਕ ਰਹੇ ਹਨ, ਜਿਸ ਦਾ ਇਨ੍ਹਾਂ ਦੇਸ਼ਾਂ ਦੇ ਵਾਤਾਵਰਨ 'ਤੇ ਬੁਰਾ ਅਸਰ ਪੈਂਦਾ ਹੈ। ਆਪਣੇ ਪੌਣ ਪਾਣੀ ਨੂੰ ਅਸੀਂ ਆਪ ਸੁਥਰਾ ਨਹੀਂ ਰੱਖਾਂਗੇ ਤਾਂ ਬੇਗਾਨੇ ਵੀ ਇਸ ਪਾਸੇ ਕਿਉਂ ਧਿਆਨ ਦੇਣਗੇ? ਪੌਣ ਪਾਣੀ ਪ੍ਰਤੀ ਸਾਡੇ ਆਪਣੇ ਨਕਾਰਾਤਮਕ ਰਵੱਈਏ ਕਾਰਨ ਜੇ ਕਿਸੇ ਨੂੰ ਕਮਾਈ ਹੁੰਦੀ ਹੈ ਤਾਂ ਉਹ ਜ਼ਰੂਰ ਕਰੇਗਾ। ਸਾਡੇ ਅਜਿਹੇ ਰਵੱਈਏ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਸਮੁੱਚੀ ਕੁਦਰਤ ਦਾ ਅੰਗ ਨਹੀਂ ਸਮਝਦੇ। ਅਸੀਂ ਗੈਰ ਜ਼ਿੰਮੇਵਾਰ ਅਤੇ ਜ਼ਾਲਮ ਹੁਕਮਰਾਨਾਂ ਵਾਂਗ ਵਿਚਰਨ ਲੱਗੇ ਹਾਂ। ਬਖਸ਼ਿਸ਼ ਤੋਂ ਮੂੰਹ ਮੋੜ ਕੇ ਕੁਦਰਤ ਦੀ ਕਰੋਪੀ ਨੂੰ ਵਾਜਾਂ ਮਾਰ ਰਹੇ ਹਾਂ। ਜੇ ਸਾਰਾ ਪਾਣੀ ਰੋਗੀ ਹੋ ਗਿਆ ਤਾਂ ਧਰਤੀ ਵੀ ਰੋਗੀ ਹੋ ਜਾਏਗੀ। ਮਨੁੱਖਾਂ ਨੇ ਤੰਦਰੁਸਤ ਕਿਥੋਂ ਰਹਿਣਾ ਹੈ?

ਪਉਣੁ ਪਾਣੀ ਬੈਸੰਤਰੁ ਰੋਗੀ
ਰੋਗੀ ਧਰਤਿ ਸਭੋਗੀ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ
ਰੋਗੀ ਕੁਟੰਬ ਸੰਜੋਗੀ॥ (ਪੰਨਾ 1153)

# ਬੰਨੇ ਚੰਨੇ ਦੇ ਭਰਾ

*(ਪਿਛਲੇ ਸਫੇ ਦੀ ਬਾਕੀ)*

ਮੈਥੋਂ ਘੋੜੀ ਨਾ ਲਈ-ਇਹੋ ਜਿਹੀਆਂ ਵਡਿਆਈਆਂ ਬੰਦਿਆਂ ਵਿਚ ਨਹੀਂ, ਫਰਿਸ਼ਤਿਆਂ ਵਿਚ ਹੁੰਦੀਆਂ ਨੇ ਤੇ ਉਹ ਸੱਚੀਂ-ਮੁੱਚੀਂ ਫਰਿਸ਼ਤਿਆਂ ਵਰਗੇ ਹੀ ਮਨੁੱਖ ਸਨ।"

ਮੈਂ ਆਖਰੀ ਸਵਾਲ ਰੇੜ੍ਹਿਆ, "ਫੇਰ ਉਸ ਘੋੜੀ ਦਾ ਕੀ ਬਣਿਆ?"

"ਬਣਨਾ ਕੀ ਸੀ?" ਅੱਬਾ ਜੀ ਨਿੰਮ੍ਹਾ ਜਿਹਾ ਹੱਸ ਕੇ ਬੋਲੇ, "ਜਿਸ ਘੋੜੀ ਦੇ ਏਸਰਾਂ ਦੇ ਐਨੇ ਸਾਰੇ ਕਿੱਸੇ ਬਣ ਜਾਣ, ਟੁਰ ਤੇ ਆਖਰ ਉਸ ਜਾਣਾ ਹੀ ਸੀ। ਬੜੇ ਬੜੇ ਸੇਠ ਸ਼ਾਹੂਕਾਰ, ਰਾਜੇ, ਮਹਾਰਾਜੇ ਤੇ ਅਮੀਰ-ਗਰੀਬ ਲੋਕ ਉਹਦੇ ਗਾਹਕ ਬਣੇ, ਪਰ ਮੈਂ ਕਦ ਵੇਚਦਾ ਸਾਂ ਉਹਨੂੰ? ਪਰ ਪੰਜ ਹੱਥਿਆਂ ਅੱਗੇ ਮੇਰੀ ਕੋਈ ਪੇਸ਼ ਨਾ ਗਈ।"

"ਕਿਵੇਂ?" ਮੇਰੇ ਮੂੰਹੋਂ ਨਿਕਲਿਆ।

"ਪੰਜ ਹੱਥੇ, ਪੰਜੇ ਭਰਾ ਤਿੰਨ ਵੱਡੇ ਨੋਟਾਂ ਦੀਆਂ ਬੋਰੀਆਂ ਤੇ ਦਸ ਸੇਰ ਪੱਕੇ ਸੋਨੇ ਦੀਆਂ ਟੂੰਬਾਂ ਦੀ ਪੰਡ ਲੈ ਕੇ ਮੇਰੇ ਬੂਹੇ 'ਤੇ ਆ ਕੇ ਬਹਿ ਗਏ। ਪੰਜ ਹੱਥੇ ਤੇ ਉਨ੍ਹਾਂ ਦੀ ਅੱਲ ਪੈ ਗਈ ਹੋਈ ਸੀ। ਉਹ ਪੰਜੇ ਭਰਾ ਬੜੇ ਭਾਰੇ ਜਵਾਨ ਤੇ ਵੱਡੇ ਡਾਕੂ ਸਨ, ਪਰ ਸਨ ਆਪਣੀ ਬਰਾਦਰੀ ਦੇ ਭਰਾ, ਨਾਲ ਦੇ ਪਿੰਡ ਦੇ। ਆਪਣਿਆਂ ਪਿੰਡਾਂ ਵਿਚ ਤੇ ਉਹ ਕਦੇ ਕਿਸੇ ਨੂੰ ਕੰਨੀਂ ਪਾਇਆਂ ਵੀ ਨਾ ਦੁਖਦੇ। ਦੂਰ-ਦੂਰ ਦੇ ਸ਼ਹਿਰਾਂ ਵਿਚ ਜਾ ਕੇ ਡਾਕੇ ਮਾਰਦੇ। ਇਕ ਇਕ ਬੰਦਾ ਪੰਜਾਂ-ਪੰਜਾਂ ਹੱਥਾਂ ਵਾਲਾ ਲੱਗਦਾ ਤੇ ਏਸ ਪਾਰੋਂ ਹੀ ਲੋਕ ਉਨ੍ਹਾਂ ਨੂੰ ਪੰਜ ਹੱਥੇ ਆਖਣ ਲੱਗ ਪਏ।

ਜਦੋਂ ਉਹ ਆਏ, ਰਾਤ ਅੰਨ ਪਾਣੀ ਖੁਆ ਕੇ ਹੱਸਦਿਆਂ-ਹੱਸਦਿਆਂ ਪੁੱਛਿਆ, ਲਾਹੌਰ ਲੁੱਟਣ ਆਏ ਓ ਪੰਜ ਹੱਥਿਓ?

ਈਸ਼ਰ ਸਿੰਘ ਦੀ ਚਿੱਟੀ ਦਾੜ੍ਹੀ ਸੀ ਤੇ ਸਾਰਿਆਂ ਭਰਾਵਾਂ ਵਿਚੋਂ ਵੱਡਾ। ਸਿਰੋਂ ਆਪਣੀ ਪੱਗ ਲਾਹ ਕੇ ਗਲ ਵਿਚ ਪਾ ਲਈਓ ਸੂ ਤੇ ਹੱਥ ਜੋੜ ਕੇ ਬੋਲਿਆ, 'ਭਰਾ ਜਿਹੜੀ ਘੋੜੀ ਦਾ ਮੁੱਲ ਗੁਰੂ ਤੇ ਰਾਜੇ-ਮਹਾਰਾਜੇ ਨਹੀਂ ਦੇ ਸਕੇ, ਅਸਾਂ ਕੀ ਦੇ ਲੈਣਾ ਏ? ਪਰ ਫੇਰ ਵੀ ਅਸੀਂ ਆਪਣੀ ਸਾਰੀ ਉਮਰ ਦੀ ਕਮਾਈ ਲੈ ਕੇ ਆਏ ਆਂ ਤੇ ਜਾਵਾਂਗੇ ਘੋੜੀ ਲੈ ਕੇ। ਨਹੀਂ ਤੇ ਸਹੁੰ ਭਾਈਏ ਦੀ! ਸਾਰੀ ਉਮਰ ਤੇਰੇ ਬੂਹੇ 'ਤੇ ਬਹਿ ਰਹਾਂਗੇ। ਤੇਰੇ ਮਾਲ ਡੰਗਰ ਨੂੰ ਪੱਠਾ-ਦੱਥਾ ਪਾ ਛੱਡਿਆ ਤੇ ਤੇਰੀਆਂ ਰੋਟੀਆਂ ਤੋੜ ਛੱਡਿਆਂ ਕਰਾਂਗੇ।' ਈਸ਼ਰ ਸਿੰਘ ਦੀ ਗੱਲ ਅਟੱਲ ਸੀ।"

"ਫੇਰ ਘੋੜੀ ਲੈ ਗਏ ਪੰਜ ਹੱਥੇ?" ਮੈਂ ਪੁੱਛਿਆ।

"ਲੈ ਗਏ"। ਅੱਬਾ ਜੀ ਹੱਸ ਕੇ ਬੋਲੇ, "ਸਵੇਰੇ ਉਨ੍ਹਾਂ ਨੂੰ ਸ਼ਾਹ ਵੇਲਾ ਖਵਾ ਕੇ ਮੈਂ ਘੋੜੀ ਖੋਲ੍ਹ ਕੇ ਉਨ੍ਹਾਂ ਦੇ ਹੱਥ ਫੜਾਈ ਤੇ ਉਹ ਛਾਲਾਂ ਮਾਰਦੇ ਉਡ ਗਏ।"

"ਕਿੰਨੇ ਦੀ?" ਮੈਂ ਕੀਮਤ ਪੁੱਛਣ ਲਈ ਬੇਚੈਨ ਸਾਂ। "ਆਖਰ ਏਡੀ ਨਾਮੀ-ਗਰਾਮੀ ਤੇ ਵੱਡੀ ਘੋੜੀ ਦਾ ਕੀ ਮੁੱਲ ਲੱਗਿਆ?"

"ਮੁੱਲ?" ਹੱਸ ਕੇ ਅੱਬਾ ਜੀ ਨੇ ਕਿਹਾ, "ਇਕ ਰੁਪਿਆ ਚਾਂਦੀ ਦਾ।" "ਇਕ ਰੁਪਿਆ?" ਮਸਾਂ ਈ ਮੇਰੇ ਮੂੰਹੋਂ ਨਿਕਲਿਆ।

"ਆਹੋ ਕਾਕਾ! ਬੰਨੇ ਚੰਨੇ ਦੇ ਭਰਾ ਸਨ ਤੇ ਬੂਹੇ 'ਤੇ ਆ ਕੇ ਬੈਠੇ ਹੋਏ ਸਨ। ਮੈਂ ਉਨ੍ਹਾਂ ਤੋਂ ਘੋੜੀ ਦਾ ਮੁੱਲ ਲੈਂਦਾ ਚੰਗਾ ਲੱਗਦਾ ਸਾਂ।"

ਅੱਬਾ ਜੀ ਕਹਿਣ ਲੱਗੇ।

"ਤੇ ਰੁਪਿਆ ਕਿੰਵ ਹੋਇਆ ਫੇਰ?"

"ਮੁੱਲ ਦੇਣ ਲਈ ਉਨ੍ਹਾਂ ਦੇ ਜ਼ੋਰ ਲਾਉਣ 'ਤੇ ਮੈਂ ਚਾਂਦੀ ਦਾ ਇਕ ਰੁਪਿਆ ਉਨ੍ਹਾਂ ਤੋਂ ਲੈ ਲਿਆ।" ਅੱਬਾ ਜੀ ਹਨੇਰੇ ਵਿਚ ਦੇਖਦਿਆਂ ਹੋਇਆਂ ਹੱਸ ਕੇ ਬੋਲੇ! ਹੁਣ ਇਹ ਮੇਰੇ ਲਈ ਲਿਖਿਆ ਗਿਆ ਏ ਕਿ ਕਿਆਮਪੁਰ ਤੇ ਮੁਕੇਰੀਆਂ ਵਿਚ ਏਧਰ-ਓਧਰ ਖਿੱਲਰੀਆਂ ਹੋਈਆਂ ਕਹਾਣੀਆਂ ਨੂੰ 'ਕੱਠੀਆਂ ਕਰ ਕੇ ਲਿਖਦਾ ਰਵ੍ਹਾਂ।

# ਅਜਿਹਾ ਕਿਉਂ?



ਬ੍ਰਿਜਿੰਦਰ ਸਿੰਘ ਸਿੱਧੂ
ਫੋਨ: 925-683-1982

ਪੰਜਾਬ ਦੇ ਹਰ ਪਿੰਡ ਵਾਂਗ ਮੇਰੇ ਪਿੰਡ ਵੀ ਸਿੱਧੂਆਂ ਦੇ ਨਾਲ ਰਵਿਦਾਸੀਏ ਸਿੱਖ ਅਤੇ ਮਜ਼ਹਬੀ ਸਿੱਖਾਂ ਦੇ ਘਰ ਹਨ। ਰਵਿਦਾਸੀਏ ਸਿੱਖ ਮਜ਼ਹਬੀ ਸਿੱਖਾਂ ਨਾਲੋਂ ਥੋੜ੍ਹੇ ਜਿਹੇ ਸਾਫ ਰੰਗ ਦੇ ਹਨ। ਕੰਮ ਕਾਰ ਵਿਚ ਵੀ ਕੁਝ ਅਗਾਂਹਵਧੂ ਹਨ ਪ੍ਰੰਤੂ ਮਾਇਕ ਪੱਖੋਂ ਬਹੁਤਾ ਫਰਕ ਨਹੀਂ। ਮੈਨੂੰ ਹਮੇਸ਼ਾ ਹੈਰਾਨੀ ਹੁੰਦੀ ਰਹੀ ਕਿ ਰਵਿਦਾਸੀਏ ਭਾਈ ਆਪਣੇ ਆਪ ਨੂੰ ਜੱਟ ਸਿੱਖਾਂ ਦੇ ਬਰਾਬਰ ਸਮਝਣ ਲੱਗੇ ਰਹਿੰਦੇ ਨੇ ਅਤੇ ਮਜ਼ਹਬੀ ਸਿੱਖਾਂ ਨੂੰ ਆਪਣੇ ਤੋਂ ਨੀਵੇਂ ਸਮਝਦੇ ਹਨ। ਆਖਿਰ ਐਸਾ ਕਿਉਂ?

ਪਿਛਲੇ ਦਿਨੀਂ ਇਕ ਕਿਤਾਬ ਬਾਰੇ ਪੜ੍ਹਿਆ ਜੋ ਮਹਾਤਮਾ ਗਾਂਧੀ ਦੇ ਦੱਖਣੀ ਅਫਰੀਕਾ ਵਿਚ ਰਹਿਣ ਸਮੇਂ ਦਾ ਬਿਆਨ ਕਰਦੀ ਹੈ। ਬਹੁਤ ਅਜੀਬ ਲੱਗਾ ਜਦੋਂ ਪੜ੍ਹਿਆ ਕਿ ਗਾਂਧੀ ਜੀ ਉਥੋਂ ਦੇ ਗੋਰਿਆਂ ਦਾ ਭਾਰਤੀ ਲੋਕਾਂ ਤੋਂ ਆਪਣੇ ਆਪ ਨੂੰ ਉਚਾ ਸਮਝਣਾ ਬੁਰਾ ਕਹਿੰਦੇ ਸਨ ਪ੍ਰੰਤੂ ਭਾਰਤੀਆਂ ਨੂੰ ਕਾਲਿਆਂ ਤੋਂ ਉਚਾ ਹੋਣਾ ਉਨ੍ਹਾਂ ਨੂੰ ਚੰਗਾ ਲੱਗਦਾ ਸੀ।

ਪਤਾ ਨਹੀਂ ਕਿਉਂ? ਮੈਨੂੰ ਤਾਂ ਉਨ੍ਹਾਂ ਦਾ ਪਛੜੀਆਂ ਸ਼੍ਰੇਣੀਆਂ ਨੂੰ ਹਰੀਜਨ ਕਹਿਣਾ ਭੀ ਕਦੀ ਚੰਗਾ ਨਹੀਂ ਲੱਗਾ। ਆਪਣੀ ਪਾਰਟੀ ਨੂੰ ਵੋਟਾਂ ਮਿਲਣ ਦੀ ਤਾਂ ਮੌਜ ਹੋ ਗਈ ਪ੍ਰੰਤੂ ਹਰੀਜਨਾਂ ਨੂੰ ਰਿਜ਼ਰਵ ਸੁਵਿਧਾ ਨੇ ਹੀਣ ਭਾਵਨਾ ਨੂੰ ਜਨਮ ਦੇ ਦਿੱਤਾ ਜੇ ਕਦੀ ਜਾਤ-ਪਾਤ ਦੀ ਥਾਂ ਗਰੀਬੀ ਰੇਖਾ ਤੋਂ ਨੀਵੇਂ ਸਭ ਲੋਕਾਂ ਨੂੰ ਰਿਜ਼ਰਵੇਸ਼ਨ ਮਿਲ ਸਕਦੀ, ਫੇਰ ਵੀ ਪਛੜੀਆਂ ਸ਼੍ਰੇਣੀਆਂ ਇਸ ਅਧੀਨ ਆ ਜਾਂਦੀਆਂ। ਫੇਰ ਕੋਈ ਉਂਗਲ ਉਠਾ ਕੇ ਰਿਜ਼ਰਵੇਸ਼ਨ ਵਾਲੇ ਕਰਮਚਾਰੀ ਨੂੰ ਇਹ ਨਾ ਕਹਿ ਸਕਦਾ ਕਿ ਇਹ ਤਾਂ ਹਰੀਜਨ ਜਾਂ ਪਛੜੀ ਜਾਤੀ ਦਾ ਹੈ। 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਦੀ ਥਾਂ ਇਕ ਤਬਕੇ ਨੂੰ ਹਰੀਜਨ ਕਹਿ ਕੇ ਚੰਗੀ ਗੱਲ ਨਹੀਂ ਕੀਤੀ।

ਮੈਂ ਦਸਵੀਂ ਪਾਸ ਕਰ ਕੇ ਪੰਜਾਹਵਿਆਂ ਵਿਚ ਮਹਿੰਦਰਾ ਕਾਲਜ ਪਟਿਆਲਾ ਦਾਖਲ ਹੋ ਗਿਆ। ਹੋਸਟਲ 'ਚ ਰਹਿੰਦੇ ਮੇਰੇ ਕਰੀਬ ਸਾਰੇ ਸਾਥੀ ਸਮਾਣਾ, ਬਰਨਾਲਾ, ਮਾਨਸਾ, ਮੁਕਤਸਰ ਅਤੇ ਬਠਿੰਡਾ ਵਲੋਂ ਸਨ। ਬਾਕੀ ਪੰਜਾਬ ਨਾਲੋਂ ਇਹ ਇਲਾਕਾ ਕੁਝ ਪੱਛੜਿਆ ਹੋਇਆ ਸੀ। ਉਨ੍ਹਾਂ ਦਿਨਾਂ ਦੇ ਇਕ ਸਰਵੇਖਣ ਅਨੁਸਾਰ ਬਠਿੰਡੇ ਜ਼ਿਲ੍ਹੇ (ਜਿਸ ਵਿਚ ਮਾਨਸਾ ਤੇ ਫਰੀਦਕੋਟ ਸ਼ਾਮਲ ਸਨ) ਦਾ ਇਕ ਵੀ ਵਿਅਕਤੀ ਆਈ. ਏ. ਐਸ. ਨਹੀਂ ਸੀ। ਹੁਸ਼ਿਆਰਪੁਰ ਸਭ ਤੋਂ ਅੱਗੇ ਸੀ। ਮਾਲਵੇ ਦੇ ਪਿੰਡਾਂ ਵਿਚ ਇਕ ਕਹਾਵਤ ਮਸ਼ਹੂਰ ਸੀ, ਜੱਟ ਦਾ ਪੁਤ ਪੜ੍ਹ ਗਿਆ, ਬਲਦ ਕੋਠੇ 'ਤੇ ਚੜ੍ਹ ਗਿਆ। ਮਤਲਬ ਦੋਨੋਂ ਗੱਲਾਂ ਬਦਸ਼ਗਨੀ ਹਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਜਦੋਂ ਖੇਤਾਂ ਵਿਚ ਕੰਮ ਕਰਨ ਵਾਲੇ ਇਹ ਕਿਹਾ ਕਰਦੇ ਸਨ, 'ਕਾਕਾ ਪੜ੍ਹ ਕੇ ਆਦਮੀ ਦੀ ਅਕਲ ਠਿਕਾਣੇ ਨਹੀਂ ਰਹਿੰਦੀ, ਉਹ ਬੇਵਕੂਫ ਬਣ ਜਾਂਦਾ ਹੈ।' ਮੈਂ ਇਹ ਸੁਣ ਕੇ ਹੱਸ ਛੱਡਦਾ।

ਅਜਿਹੇ ਮਾਹੌਲ ਵਿਚ ਰਹਿ ਕੇ ਅਤੇ ਦੂਰ ਦੂਰ ਸਕੂਲਾਂ ਵਿਚ ਪੈਦਲ ਚੱਲ ਕੇ ਪੜ੍ਹਨ ਜਾਣਾ ਸੌਖਾ ਕੰਮ ਨਹੀਂ ਸੀ। ਫਿਰ ਵੀ ਇਹ ਸਾਰੇ ਵਿਦਿਆਰਥੀ ਚੰਗੇ ਨੰਬਰ ਲੈ ਕੇ ਦਸਵੀਂ ਕਰ ਕੇ ਆਏ ਸਨ। ਪਤਾ ਨਹੀਂ ਕਿਉਂ? ਬਹੁਤੇ ਅਗਾਂਹਵਧੂ ਖਿਆਲ ਵਾਲੇ ਸਨ। ਮੈਨੂੰ ਉਨ੍ਹਾਂ ਦੀ ਇਹ ਰੁਚੀ ਚੰਗੀ ਲਗਦੀ। ਪ੍ਰੰਤੂ ਜਦੋਂ ਇਹ ਰੁਚੀ ਸੱਚਾਈ ਨੂੰ ਆਪਣੇ ਅਧੀਨ ਕਰ ਲੈਂਦੀ ਤਾਂ ਹੈਰਾਨੀ ਹੁੰਦੀ। ਮਿਸਾਲ ਵਜੋਂ ਇਕ ਗੱਲ ਚੇਤੇ ਆ ਗਈ। ਪ੍ਰੋ. ਪ੍ਰੀਤਮ ਸਿੰਘ ਨੇ ਆਪਣੀ ਕਲਾਸ ਨੂੰ ਲੇਖ ਲਿਖਣ ਲਈ ਕਿਹਾ, ਭਾਈ ਵੀਰ ਸਿੰਘ ਨਿੱਕੀ ਕਵਿਤਾ ਦੇ ਵੱਡੇ ਕਵੀ। ਮੇਰੇ ਨਾਲ ਰਹਿਣ ਵਾਲੇ ਮਿੱਤਰ ਨੇ ਲੇਖ ਸ਼ੁਰੂ ਕੀਤਾ, ਦੋ ਧੜਿਆਂ ਵਿਚ ਦੁਨੀਆਂ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ।

ਮੈਂ ਲੇਖ ਪੜ੍ਹ ਕੇ ਕਿਹਾ, ਭਾਈ ਜਾਨ ਇਸ ਲੇਖ ਦੇ ਵਿਸ਼ੇ ਦਾ ਇਨ੍ਹਾਂ ਸ਼ਬਦਾਂ ਨਾਲ ਕੀ ਸਬੰਧ? ਜੁਆਬ ਸੀ, ਅੱਜ ਕੱਲ੍ਹ ਇਹੀ ਰਿਵਾਜ ਹੈ। ਪਤਾ ਨਹੀਂ ਕਿਉਂ ਬੁੱਧੀਜੀਵੀ ਅਤੇ ਸਿਆਸਤੀ ਲੋਕ ਭੀ ਇਕ ਪਾਸੜ ਰੁਚੀ ਵਿਚ ਫਸੇ ਹੋਏ ਹਨ? ਹਰ ਸਾਲ ਬਜਟ ਪੇਸ਼ ਹੁੰਦੇ ਹਨ। ਬਿਨਾਂ ਘੋਖਿਆਂ ਵਿਰੋਧੀ ਪਾਰਟੀ ਨੇ ਇਸ ਨੂੰ ਮਾੜਾ ਕਹਿਣਾ ਹੈ ਤੇ ਪੇਸ਼ ਕਰਨ ਵਾਲੀ ਪਾਰਟੀ ਨੇ ਚੰਗਾ।

ਅਮਰੀਕਾ ਰਹਿੰਦਿਆਂ ਮੈਂ ਦੇਖਦਾ ਹਾਂ ਕਿ ਬਹੁਤੀਆਂ ਚੀਜ਼ਾਂ ਚੀਨ ਦੀਆਂ ਬਣੀਆਂ ਹੋਈਆਂ ਹੀ ਮਿਲਦੀਆਂ ਹਨ। ਮਤਲਬ ਦੋਨਾਂ ਦੇਸ਼ਾਂ ਦਾ ਵਪਾਰ ਸਬੰਧ ਦਿਨ ਬਦਿਨ ਵਧ ਰਿਹਾ ਹੈ। ਜੇਕਰ ਭਾਰਤ ਆਪਣੇ ਵਪਾਰਕ ਰਿਸ਼ਤੇ ਅਮਰੀਕਾ ਨਾਲ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰੇ ਤਾਂ ਕਾਮਰੇਡ ਇਸ ਦਾ ਵਿਰੋਧ ਕਰਦੇ ਹਨ। ਆਮ ਲੋਕਾਂ ਨਾਲੋਂ ਸਾਡੇ ਕਾਮਰੇਡ ਕਾਫੀ ਸਿਆਣੇ ਹਨ। ਆਪਣੇ ਬੱਚਿਆਂ ਨੂੰ ਰੂਸ ਜਾਂ ਚੀਨ ਦੀ ਥਾਂ ਅਮਰੀਕਾ ਜਾਂ ਕੈਨੇਡਾ ਭੇਜਦੇ ਹਨ ਅਤੇ ਆਪ ਭੀ ਇਨ੍ਹਾਂ ਦੇਸ਼ਾਂ ਦੀਆਂ ਸਹੂਲਤਾਂ ਮਾਣਦੇ ਹਨ। ਫਿਰ ਭੀ ਇਨ੍ਹਾਂ ਦੀ ਨੁਕਤਾਚੀਨੀ ਠੋਕ ਵਜਾ ਕੇ ਕਰਦੇ ਹਨ। ਇਥੇ ਪ੍ਰੈਸ ਦੀ ਕਾਫੀ ਆਜ਼ਾਦੀ ਹੈ। ਗਲਤ ਨੀਤੀ ਜ਼ਰੂਰ ਨਿੰਦਣ ਪ੍ਰੰਤੂ ਚੰਗੀ ਗੱਲ ਦੀ ਤਾਰੀਫ ਭੀ ਕਰਨ।

ਮੈਂ ਸਾਇੰਸ ਦਾ ਵਿਦਿਆਰਥੀ ਸਾਂ। ਸਾਹਿਤ ਅਤੇ ਇਤਿਹਾਸ ਪੜ੍ਹਨਾ ਮੇਰਾ ਸ਼ੌਕ ਸੀ। ਪੰਜਾਬ ਦਾ ਇਤਿਹਾਸ ਪਹਿਲੀ ਪਸੰਦ ਸੀ। ਸਿੱਖਾਂ ਦੀ ਅੰਗਰੇਜ਼ਾਂ ਨਾਲ ਦੂਜੀ ਜੰਗ ਵੇਲੇ ਜੋ ਫੌਜ ਪੰਜਾਬ ਵਿਰੁਧ ਲੜ ਰਹੀ ਸੀ, ਉਸ ਵਿਚ ਅਫਸਰਾਂ ਨੂੰ ਛੱਡ ਕੇ ਬਾਕੀ ਸਭ ਭਾਰਤੀ ਹੀ ਸਨ, ਤਦੇ ਤਾਂ ਸ਼ਾਹ ਮੁਹੰਮਦ ਨੇ ਕਿਹਾ, ਜੰਗ ਹਿੰਦ ਪੰਜਾਬ ਦਾ ਹੋਣ ਲੱਗਾ। ਉਨ੍ਹਾਂ ਵਿਚੋਂ ਕਿਸੇ ਨੇ ਭੀ ਇਹ ਨਾ ਕਿਹਾ ਕਿ ਅਸੀਂ ਆਪਣੇ ਹੀ ਦੇਸ਼ ਦੇ ਲੋਕਾਂ ਵਿਰੁਧ ਨਹੀਂ ਲੜਾਂਗੇ। ਕਿਸੇ ਭੀ ਇਤਿਹਾਸਕਾਰ ਨੇ ਕਰੜੇ ਸ਼ਬਦਾਂ ਵਿਚ ਇਹ ਨਹੀਂ ਲਿਖਿਆ ਕਿ ਹਿੰਦੁਸਤਾਨੀ ਫੌਜ ਨੇ ਉਸ ਵੇਲੇ ਬਗਾਵਤ ਕਿਉਂ ਨਾ ਕੀਤੀ? ਉਹ ਸਹੀ ਸਮਾਂ ਸੀ, ਗੋਰਿਆਂ ਨੂੰ ਭਜਾਉਣ ਦਾ।

1857 ਵਿਚ ਕਾਰਤੂਸਾਂ ਵਿਚ ਚਰਬੀ ਹੋਣ ਦੀ ਗਲਤ ਅਫਵਾਹ ਅਤੇ ਸਮੁੰਦਰ ਤੋਂ ਪਾਰ ਨਾ ਜਾਣ ਦੀ ਹਾਸੋਹੀਣੀ ਬਹਾਨੇਬਾਜ਼ੀ ਸਦਕਾ ਕੁਝ ਫੌਜੀ ਦਸਤਿਆਂ ਨੇ ਜੋਸ਼ ਵਿਚ ਹੁਕਮ ਅਦੂਲੀ ਦੇ ਨਾਲ ਨਾਲ ਬਗਾਵਤ ਵੀ ਕਰ ਦਿੱਤੀ। ਗੁੱਸੇ ਵਿਚ ਆਏ ਨੌਜਵਾਨਾਂ ਨੇ ਗੋਰਿਆਂ ਦੀ ਅਹੀ-ਤਹੀ ਫੇਰ ਦਿੱਤੀ। ਇਸ ਵਰਤਾਰੇ ਨੂੰ ਕੁਚਲਣ ਲਈ ਬਹੁਤ ਸਾਰੀ ਬਾਕੀ ਭਾਰਤੀ ਫੌਜ ਦੇ ਗਲ ਨਾਲ ਫੂਲਕੀਆਂ ਰਿਆਸਤ ਦੀਆਂ ਫੌਜਾਂ ਨੇ ਸਾਥ ਦਿੱਤਾ। ਰਿਆਸਤਾਂ ਕੋਲ ਕਿੰਨੀ ਕੁ ਫੌਜ ਰੱਖਣ ਦੀ ਸਮਰੱਥਾ ਸੀ? ਜੇ ਸਾਰੀ ਹਿੰਦੋਸਤਾਨੀ ਫੌਜ ਬਗਾਵਤ ਕਰ ਦਿੰਦੀ ਤਾਂ ਸਿੱਖਾਂ ਦੀ ਫੌਜ ਦੇ ਢਾਈ ਟੋਟਰੂ ਅੰਗਰੇਜ਼ਾਂ ਨੂੰ ਕਿਵੇਂ ਬਚਾ ਲੈਂਦੇ? ਫਿਰ ਭੀ ਬਹੁਤੇ ਇਤਿਹਾਸਕਾਰ ਇਸ ਜੰਗੇ ਆਜ਼ਾਦੀ ਨੂੰ ਫੇਲ੍ਹ ਕਰਨ ਵਿਚ ਸਿੱਖ ਫੌਜ ਨੂੰ ਹੀ ਜ਼ਿੰਮੇਵਾਰ ਮੰਨਦੇ ਹਨ। ਸੱਚ ਪੁੱਛੋ ਤਾਂ ਮੈਨੂੰ ਤਾਂ ਕਦੀ ਵੀ ਇਹ 'ਪਹਿਲੀ ਆਜ਼ਾਦੀ ਦੀ ਲੜਾਈ' ਨਹੀਂ ਲੱਗੀ। ਇਸ ਜੋਸ਼ ਵਿਚ ਉਠੇ ਤੁਫਾਨ ਵਿਚ ਕੋਈ ਵੀ ਰੋਸ਼ਨ ਦਿਮਾਗ ਵਿਅਕਤੀ ਸਹੀ ਸੇਧ ਲੈ ਕੇ ਆਇਆ ਨਜ਼ਰ ਨਹੀਂ ਆਉਂਦਾ। ਆਖਰੀ ਮੁਗਲ ਬਾਦਸ਼ਾਹ ਨੂੰ ਗੱਦੀ 'ਤੇ ਬਿਠਾਉਣ ਦਾ ਸੁਪਨਾ, ਬਿਨਾਂ ਕਿਸੇ ਜਰਨੈਲ ਦੇ ਆਪੋਧਾਪੀ ਫੌਜ ਦਾ ਕੰਟਰੋਲ ਕਰਨਾ, ਕਿਸੇ ਪ੍ਰਧਾਨ ਮੰਤਰੀ ਜਾਂ ਬਿਨਾਂ ਕਿਸੇ ਵਿਧਾਨ ਤੋਂ ਐਡੇ ਵੱਡੇ ਦੇਸ਼ ਨੂੰ ਸਾਂਭਣਾ ਕਿਹੋ ਜਿਹੀ ਆਜ਼ਾਦੀ ਦੀ ਤਸਵੀਰ ਸੀ? ਫਿਰ ਭੀ ਅਸੀਂ ਇਸ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਕਹਿੰਦੇ ਨਹੀਂ ਥੱਕਦੇ। ਐਸਾ ਕਿਉਂ?

ਅੱਜ ਕੱਲ੍ਹ ਪੰਜਾਬ ਦੇ ਬਹੁਤ ਸਾਰੇ ਮਸਲਿਆਂ ਵਿਚੋਂ ਇਕ ਵੱਡਾ ਮਸਲਾ ਕਿਸਾਨਾਂ ਦੀ ਖੁਦਕੁਸ਼ੀ ਦਾ ਹੈ। ਇਸ ਨੂੰ ਨਜਿੱਠਣ ਲਈ ਸਾਰੀਆਂ ਪਾਰਟੀਆਂ ਆਪੋ ਆਪਣੇ ਢੰਗ ਨਾਲ ਇਨ੍ਹਾਂ ਦੀ ਮਦਦ ਦਾ ਭਰੋਸਾ ਦੇ ਰਹੀਆਂ ਹਨ। ਕੋਈ ਸ਼ੱਕ ਨਹੀਂ ਕਿ ਕਿਸਾਨਾਂ ਨੂੰ ਚੰਗੇ ਬੀਜ, ਸਹੀ ਭਾਅ, ਚੰਗੀ ਤੇ ਸਸਤੀ ਖਾਦ ਆਦਿ ਕੁਝ ਨਹੀਂ ਮਿਲ ਰਿਹਾ। ਕੁਦਰਤੀ ਅਲਾਮਤਾਂ ਦੀ ਮਾਰ ਦਾ ਭੀ ਕੋਈ ਤਸੱਲੀਬਖਸ਼ ਇੰਤਜ਼ਾਮ ਨਹੀਂ ਹੋ ਰਿਹਾ। ਕੀ ਇਹ ਸਭ ਮੁਸ਼ਕਿਲਾਂ ਹੱਲ ਕਰ ਕੇ ਕਿਸਾਨਾਂ ਦੀ ਹਾਲਤ ਸੁਧਰ ਜਾਵੇਗੀ? ਮੇਰਾ ਖਿਆਲ ਹੈ, ਨਹੀਂ। ਗਹੁ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਖੁਦਕੁਸ਼ੀਆਂ ਬਹੁਤੀਆਂ ਮਾਲਵੇ ਵਿਚ ਹੋ ਰਹੀਆਂ ਹਨ। ਮਾਝਾ ਤੇ ਦੁਆਬਾ ਕੁਝ ਸੁਖੀ ਹੈ। ਪਹਿਲਾ ਕਾਰਨ, ਕੈਂਸਰ ਨਾਲ ਬਹੁਤ ਲੋਕ ਮਰ ਰਹੇ ਹਨ। ਉਨ੍ਹਾਂ ਦੇ ਇਲਾਜ ਉਤੇ ਲੱਗਿਆ ਪੈਸਾ ਕਰਜ਼ੇ ਦਾ ਰੂਪ ਧਾਰਦਾ ਹੈ। ਖੁਦਕੁਸ਼ੀ ਮਜਬੂਰੀ ਬਣ ਜਾਂਦੀ ਹੈ।

ਦੂਜਾ, ਰੀਸੋ-ਰੀਸੀ ਵਿਆਹਾਂ-ਸ਼ਾਦੀਆਂ, ਮਰਗਾਂ ਅਤੇ ਹੋਰ ਰਸਮਾਂ 'ਤੇ ਗਰੀਬ ਤੋਂ ਗਰੀਬ ਕਿਸਾਨ ਭੀ ਅੱਡੀਆਂ ਚੁੱਕ ਕੇ ਫਾਹਾ ਲੈਣ ਲਈ ਤਿਆਰ ਰਹਿੰਦੇ ਹਨ। ਕਈ ਸ਼ਾਦੀਆਂ 'ਤੇ ਕਰੋੜ ਰੁਪਏ ਖਰਚ ਹੁੰਦੇ ਹਨ। ਸ਼ਾਦੀ ਪੰਜ ਪੰਜ ਹਿੱਸਿਆਂ ਵਿਚ ਹੁੰਦੀ ਹੈ। ਚੁੰਨੀ ਦੀ ਰਸਮ ਪਿੰਡ ਵਿਚ, ਮਹਿੰਦੀ ਕਿਸੇ ਹੋਟਲ ਵਿਚ, ਨਾਸ਼ਤਾ ਇਕ ਸ਼ਹਿਰ ਅਤੇ ਅਨੰਦ ਕਾਰਜ ਗੁਰਦੁਆਰੇ। ਕੀਰਤਨੀਏ, ਮਸ਼ਹੂਰੀ ਵਾਲੇ, ਦੁਪਹਿਰ ਦਾ ਖਾਣਾ ਕਿਸੇ ਮੈਰਿਜ ਪੈਲੇਸ ਤੇ ਰਿਸੈਪਸ਼ਨ ਕਿਸੇ ਹੋਟਲ ਵਿਚ। ਪ੍ਰਾਹੁਣੇ ਅਣਗਿਣਤ। ਸਿਆਸੀ ਬੰਦਿਆਂ ਨਾਲ ਪੂਰੀ ਫੌਜ, ਦੋਸਤਾਂ ਦੇ ਦੋਸਤ। ਇਨ੍ਹਾਂ ਵਿਚੋਂ ਬਹੁਤੇ ਲੜਕੇ-ਲੜਕੀ ਨੂੰ ਜਾਣਦੇ ਵੀ ਨਹੀਂ ਹੁੰਦੇ।

ਬੇਸ਼ੱਕ ਸਾਰੇ ਕਿਸਾਨ ਇਸ ਲੜੀ ਵਿਚ ਪਰੋਏ ਨਹੀਂ ਜਾ ਸਕਦੇ ਪ੍ਰੰਤੂ ਰੀਸ ਅਤੇ ਰਿਸ਼ਤੇਦਾਰੀਆਂ ਵਿਚ ਫਸੇ ਹੋਏ ਬਹੁਤਿਆਂ ਨੂੰ ਮੁਸ਼ਕਿਲ ਵਿਚ ਹੁੰਦਿਆਂ ਭੀ ਇਹ ਅੱਕ ਚੱਬਣਾ ਹੀ ਪੈਂਦਾ ਹੈ। ਰਹਿੰਦੀ ਖੂਹੰਦੀ ਕਸਰ ਸਾਡੇ ਐਨ ਆਰ ਆਈ ਭਾਈ ਪੂਰੀ ਕਰ ਦਿੰਦੇ ਹਨ। ਮੈਂ ਕਈਆਂ ਨੂੰ ਜਾਣਦਾ ਹਾਂ ਜਿਨ੍ਹਾਂ ਦਾ ਅਮਰੀਕਾ ਵਿਚ ਗੁਜ਼ਾਰਾ ਹੀ ਚੱਲਦਾ ਹੈ ਪ੍ਰੰਤੂ ਭਾਰਤ ਜਾ ਕੇ ਕੁਝ ਹਜ਼ਾਰ ਡਾਲਰਾਂ ਨਾਲ ਫੋਕੀ ਟੌਹਰ ਦਿਖਾ ਕੇ ਗਰੀਬ ਕਿਸਾਨਾਂ ਦੇ ਮੁੰਡਿਆਂ ਨੂੰ ਪਰਦੇਸ ਜਾਣ ਦੀ ਚੰਦਰੀ ਲਾਲਸਾ ਲਾ ਦਿੰਦੇ ਹਨ। ਇਹ ਅਨਭੋਲ ਮੁੰਡੇ ਕੰਮ ਕਾਰ ਅਤੇ ਪੜ੍ਹਾਈ ਛੱਡ ਕੇ ਇਕ ਹੀ ਧੁਨ ਫੜ੍ਹ ਲੈਂਦੇ ਹਨ, ਵਿਦੇਸ਼ ਜਾਣ ਦੀ। ਬੇਅੰਤ ਢੰਗਾਂ ਨਾਲ ਵਿਦੇਸ਼ ਜਾਣ ਦੀ ਤਾਂਘ ਮਾਂ-ਬਾਪ ਦਾ ਕਰਜ਼ੇ 'ਚ ਲਿਆ ਪੈਸਾ ਬਰਬਾਦ ਕਰ ਦਿੰਦੀ ਹੈ।

ਤੀਜਾ, ਟਰੈਕਟਰ ਲੈਣ ਦੀ ਬਿਮਾਰੀ ਭੀ ਅਜੀਬ ਹੈ। ਦੋ ਤੋਂ ਤਿੰਨ ਏਕੜ ਵਾਲੇ ਕਿਸਾਨ ਭੀ ਮੇਰੇ ਵਾਕਿਫ ਹਨ। ਕਰਜ਼ੇ ਨਾਲ ਮਸ਼ੀਨ ਖਰੀਦ ਲਈ, ਡੀਜ਼ਲ ਲੈਣ ਅਤੇ ਕਿਸ਼ਤ ਭਰਨ ਦੀ ਹਿੰਮਤ ਨਹੀਂ। ਦੋ ਸਾਲਾਂ ਪਿਛੋਂ ਟਰੈਕਟਰ ਪਸ਼ੂਆਂ ਦੀ ਮੰਡੀ ਤਰ੍ਹਾਂ ਮੋਗੇ ਚਲਾ ਗਿਆ। ਅੱਧੀ ਕੀਮਤ 'ਚ ਵੇਚ ਕੇ ਮਾਇਆ ਕਬੀਲਦਾਰੀ ਵਿਚ ਖਰਚ ਕਰ ਲਈ ਅਤੇ ਬੈਂਕ ਦਾ ਕਰਜ਼ਾ ਉਤਾਰਨ ਲਈ ਜ਼ਮੀਨ ਵੇਚਣੀ ਪਈ। ਇਹ ਅਲਾਮਤਾਂ ਹੀ ਖੁਦਕੁਸ਼ੀ ਲਈ ਜ਼ਿੰਮੇਵਾਰ ਹਨ। ਖੇਤੀ ਕਰਮਾਂ ਸੇਤੀ ਦਾ ਤਾਂ ਇਨ੍ਹਾਂ ਫਜ਼ੂਲ ਖਰਚਿਆਂ ਵਿਚ ਨਾਂ ਨਹੀਂ।

ਖੇਤੀ ਦਾ ਕੰਮ ਔਖਾ ਹੋਣ ਕਰ ਕੇ ਜ਼ਿਆਦਾ ਬੰਦਿਆਂ ਦੀ ਲੋੜ ਹੈ। ਬਹੁਤੇ ਪੁੱਤਾਂ ਵਾਲ ਕਿਸਾਨ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹੈ ਕਿ ਕੱਲੀ ਹੋਵੇ ਨਾ ਬਣਾਂ ਵਿਚ ਲੱਕੜੀ, ਕੱਲਾ ਨਾ ਹੋਵੇ ਪੁੱਤ ਜੱਟ ਦਾ। ਡੰਡਾ ਸੋਟਾ ਚਲਾਉਣ ਅਤੇ ਲੜਾਈ ਝਗੜੇ ਵਿਚ ਅੱਜ ਦਾ ਕਿਸਾਨ ਭੀ ਯਕੀਨ ਰੱਖਦਾ ਹੈ। ਭੁੱਲ ਜਾਂਦਾ ਹੈ ਕਿ ਜ਼ਮੀਨ ਵੰਡੀ ਜਾਊ, ਮੁੰਡਿਆਂ ਨੇ ਬੱਚਾ ਦੂਹਰਾ ਨਹੀਂ ਕਰਨਾ। ਭਈਏ ਖੇਤਾਂ 'ਚ ਕੰਮ ਕਰ ਕੇ ਟੱਬਰ ਕਿਵੇਂ ਪਾਲਣਗੇ?

ਜੇ ਇਨ੍ਹਾਂ ਮਸਲਿਆਂ ਵੱਲ ਕਿਸੇ ਨੇ ਧਿਆਨ ਨਾ ਦਿੱਤਾ, ਕੇਵਲ ਕਰਜ਼ਾ ਮੁਆਫ ਕਰਨਾ ਹੀ ਠੀਕ ਸਮਝਿਆ ਤਾਂ ਦੋ-ਤਿੰਨ ਸਾਲਾਂ ਵਿਚ ਇਤਨੇ ਹੀ ਕਰਜ਼ੇ ਫੇਰ ਹੋ ਜਾਣਗੇ।

**ਕੁਝ ਸੁਝਾਅ:**

1. ਕਿਸਾਨਾਂ ਦੇ ਮੁੰਡਿਆਂ ਨੂੰ ਫੌਜ 'ਚ ਭਰਤੀ ਹੋਣ ਲਈ ਉਤਸ਼ਾਹਤ ਕੀਤਾ ਜਾਵੇ। ਸੈਂਟਰ ਪਹਿਲ ਦੇ ਆਧਾਰ 'ਤੇ ਭਰਤੀ ਕਰੇ। ਬੇਸ਼ੱਕ ਇਕ ਨਵੀਂ ਕਿਸਾਨ ਰੈਜੀਮੈਂਟ ਭੀ ਕਿਉਂ ਨਾ ਬਣਾਉਣੀ ਪਵੇ। ਮਾਲਵੇ ਤੋਂ ਹੀ ਸੂਬੇਦਾਰ ਨੰਦ ਸਿੰਘ ਕੁਝ ਦੇਰ ਪਹਿਲਾਂ ਹੀ ਸੁਰਗਵਾਸ ਹੋਇਆ ਹੈ। ਦੇਸ਼ ਦੇ ਸਭ ਤੋਂ ਉਚੇ ਬਹਾਦਰੀ ਦੇ ਪੁਰਸਕਾਰ ਦਾ ਉਹ ਮਾਲਕ ਸੀ। ਜਨਰਲ ਮੈਨਿਕਸ਼ਾ ਇਸ ਇਲਾਕੇ ਦੇ ਜੁਆਨਾਂ ਨੂੰ ਦੇਖ ਕੇ ਬਹੁਤ ਖੁਸ਼ ਹੁੰਦਾ।
2. ਕਿਸਾਨਾਂ ਵਿਚ ਪਰਿਵਾਰ ਨਿਯੋਜਨ ਸਖਤੀ ਨਾਲ ਵਰਤਿਆ ਜਾਵੇ।
3. ਪਰਦੇਸ ਵਿਚ ਭੇਜਣ ਲਈ ਸਟੇਟ ਅਤੇ ਸੈਂਟਰ ਚੰਗੀਆਂ ਅਤੇ ਈਮਾਨਦਾਰ ਸੰਸਥਾਵਾਂ ਦਾ ਪ੍ਰਬੰਧ ਕਰੇ। ਦੂਜੇ ਦੇਸ਼ਾਂ ਨਾਲ ਸੰਪਰਕ ਕਰ ਕੇ ਇਨ੍ਹਾਂ ਦੀ ਸਹਾਇਤਾ ਕਰੇ।
4. ਥੋੜ੍ਹੀ ਜ਼ਮੀਨ ਵਾਲੇ ਨੂੰ ਟਰੈਕਟਰ ਖਰੀਦਣ ਦੀ ਆਗਿਆ ਨਾ ਹੋਵੇ ਪ੍ਰੰਤੂ ਮੁਨਾਸਿਬ ਕਿਰਾਏ 'ਤੇ ਜ਼ਮੀਨਾਂ ਵਾਹੁਣ ਦੀ ਸਹੂਲਤ ਹੋਵੇ।
5. ਬਹੁਤ ਥੋੜ੍ਹੇ ਵਿਆਜ ਉਤੇ ਬੀਜ, ਖਾਦ ਅਤੇ ਦਵਾਈਆਂ ਲੈਣ ਲਈ ਕਰਜ਼ੇ ਦਿੱਤੇ ਜਾਣ।
6. ਵਿਆਹਾਂ ਸ਼ਾਦੀਆਂ, ਮਰਗਾਂ ਅਤੇ ਹੋਰ ਸਮਾਗਮਾਂ 'ਤੇ ਕੀਤੀ ਜਾਂਦੀ ਫਜ਼ੂਲ ਖਰਚੀ ਸਖਤੀ ਨਾਲ ਬੰਦ ਕੀਤੀ ਜਾਵੇ।
7. ਆਪਣੀ ਮੰਡੀਆਂ ਹਰ ਸ਼ਹਿਰ ਵਿਚ ਲਾਈਆਂ ਜਾਣ।

ਇਸ ਨਿਮਾਣੇ ਜਿਹੇ ਲੇਖ ਨੂੰ ਥੋੜ੍ਹਾ ਜਿਹਾ ਹਲਕਾ ਰੰਗ ਦੇਣ ਲਈ ਇਕ ਮਿਸਾਲ ਪੇਸ਼ ਹੈ।

**ਅੰਤਿਕਾ:** ਮੈਂ ਇਕ ਬਜ਼ੁਰਗ ਜੋੜੇ ਨੂੰ ਮਿਲਿਆ। ਸਰਦਾਰ ਜੀ ਆਰਮੀ ਵਿਚੋਂ ਵੱਡੇ ਅਫਸਰ ਸੇਵਾ ਮੁਕਤ ਹੋਏ ਸਨ। ਭੈਣ ਜੀ ਕਹਿਣ ਲੱਗੇ, ਹੋਰ ਸਭ ਠੀਕ ਹੈ ਪ੍ਰੰਤੂ ਇਹ ਫੌਜੀ ਬੜੇ ਜ਼ਿੱਦੀ ਹੁੰਦੇ ਹਨ। ਸੁਆਦ ਨਹੀਂ ਆਇਆ।

ਦੂਸਰੇ ਵਡੇਰੀ ਉਮਰ ਦੇ ਭਾਈ ਸਾਹਿਬ ਸੈਸ਼ਨ ਜੱਜ ਰਿਟਾਇਰ ਹੋਏ ਸਨ। ਮੇਰੇ ਨਾਲ ਬੜੀਆਂ ਅਰਥਭਰਪੂਰ ਗੱਲਾਂ ਵਿਚ ਰੁੱਝ ਗਏ। ਬੀਬੀ ਜੀ ਆ ਕੇ ਕਹਿਣ ਲੱਗੇ, ਇਕ ਤਾਂ ਇਨ੍ਹਾਂ ਦੀਆਂ ਗੱਲਾਂ ਹੀ ਨਹੀਂ ਮੁੱਕਦੀਆਂ। ਸ਼ਾਇਦ ਕਚਹਿਰੀਆਂ ਵਿਚ ਚੁੱਪ ਰਹਿਣ ਦੀ ਕਸਰ ਕੱਢ ਰਹੇ ਹਨ। ਜੱਜ ਸਾਹਿਬ ਕਹਿਣ ਲੱਗੇ, ਤੈਨੂੰ ਕੀ ਤਕਲੀਫ ਹੈ? ਮੇਰੇ ਬੋਲਣ 'ਤੇ ਭੀ ਕੰਟਰੋਲ ਕਰਨਾ ਹੈ? ਇਹ ਦੇਖ ਕੇ ਮਨ ਉਦਾਸ ਹੋ ਗਿਆ। ਬੁਢੇਪੇ ਵਿਚ ਪਿਆਰ ਦਾ ਜਜ਼ਬਾ ਕਿਉਂ ਠੰਡਾ ਹੋ ਗਿਆ। ਮੋਹ ਦੀ ਤੰਦ ਕਿਉਂ ਢਿੱਲੀ ਹੋ ਗਈ। ਪਲਾਂ ਵਿਚ ਦਿਲ ਦੇ ਦਰਵਾਜ਼ੇ 'ਤੇ ਆਈ ਦਸਤਕ ਨੇ ਮਨ ਨਿਹਾਲ ਕਰ ਦਿਤਾ। ਉਸ ਦੇ ਬੋਲ ਸਨ,

ਇਕੱਠੇ ਰਹਿ ਰਹਿ ਥੱਕ ਗਏ ਨੇ।
ਉਹੀ ਗੱਲਾਂ ਸੁਣ ਸੁਣ ਅੱਕ ਗਏ ਨੇ।
ਇੰਡੀਆ ਵਾਂਗਰ ਪੱਕ ਗਏ ਨੇ।

## ਸੰਪਾਦਕ ਦੀ ਡਾਕ

### ਡਿਸ਼ ਦੇ ਨਾਂ 'ਤੇ ਹੁੰਦੀ ਠੱਗੀ ਤੋਂ ਬਚੋ

ਪਿਛਲੇ ਕੁਝ ਸਾਲਾਂ ਤੋਂ ਇਕ ਠੱਗੀ ਦਾ ਬੜੇ ਲੋਕ ਸ਼ਿਕਾਰ ਹੋਏ ਹਨ ਜਦੋਂ ਕੋਈ ਵਿਅਕਤੀ ਫੋਨ 'ਤੇ ਆਖਦਾ ਕਿ ਉਹ ਆਈ ਆਰ ਐਸ ਤੋਂ ਬੋਲ ਰਿਹਾ ਹੈ ਅਤੇ ਤੁਸੀਂ ਪਿਛਲੇ ਕੁਝ ਸਾਲਾਂ ਵਿਚ ਸਹੀ ਟੈਕਸ ਨਹੀਂ ਤਾਰਿਆ, ਇੰਨੇ ਡਾਲਰ ਤੁਰੰਤ ਵੈਸਟਰਨ ਯੂਨੀਅਨ ਰਾਹੀਂ ਜਮ੍ਹਾਂ ਕਰਵਾਉ, ਨਹੀਂ ਤਾਂ ਤੁਹਾਨੂੰ ਗ੍ਰਿਫਤਾਰ ਵੀ ਕੀਤਾ ਜਾ ਸਕਦਾ ਹੈ। ਕਈ ਲੋਕ ਭੋਲੇਭਾਅ ਹੀ ਇਸ ਠੱਗੀ ਦਾ ਸ਼ਿਕਾਰ ਹੋ ਗਏ। ਬਹੁਤੀ ਵਾਰ ਫੋਨ ਕਰਨ ਵਾਲਾ ਹਿੰਦੀ ਹੀ ਬੋਲਦਾ। ਇਨ੍ਹੀਂ ਦਿਨੀਂ ਇਕ ਨਵੀਂ ਠੱਗੀ ਡਿਸ਼ ਨੈਟਵਰਕ ਦੇ ਨਾਂ 'ਤੇ ਚਲਾਈ ਜਾ ਰਹੀ ਹੈ ਜਿਸ ਦਾ ਮੈਂ ਸ਼ਿਕਾਰ ਹੋ ਚੁਕਾ ਹਾਂ।

ਮੈਂ ਵੀ ਕਈ ਸਾਲਾਂ ਤੋਂ ਡਿਸ਼ ਨੈਟਵਰਕ ਦਾ ਕਸਟਮਰ ਸਾਂ। ਕੋਈ ਚਾਰ ਸਾਲ ਪਹਿਲਾਂ ਮੈਨੂੰ ਮੁੜ ਮੁੜ ਕਾਲਾਂ ਆਉਣ ਲੱਗੀਆਂ ਕਿ ਅਸੀਂ ਤੁਹਾਡਾ ਡਿਸ਼ ਦਾ ਬਿਲ 50 ਡਾਲਰ ਮਹੀਨਾ ਘਟਾ ਸਕਦੇ ਹਾਂ। ਪਹਿਲਾਂ ਤਾਂ ਮੈਂ ਇਨ੍ਹਾਂ ਕਾਲਾਂ ਨੂੰ ਨਜ਼ਰ ਅੰਦਾਜ਼ ਕਰਦਾ ਰਿਹਾ। ਪਰ ਕਿਉਂਕਿ ਉਹ ਹਿੰਦੀ ਬੋਲਦਾ ਸੀ, ਅਖੀਰ ਫੈਸਲਾ ਕਰ ਲਿਆ ਕਿ ਚਲੋ ਦੇਖੋ ਤਾਂ ਸਹੀ ਕਹਿੰਦਾ ਕੀ ਹੈ? ਉਸ ਨੇ ਮੇਰੇ ਤੋਂ ਕੁਝ ਜਾਣਕਾਰੀ ਮੰਗੀ ਅਤੇ ਮੈਂ ਭੋਲੇਭਾਅ ਦੇ ਵੀ ਦਿੱਤੀ। ਕਰੀਬ 5 ਮਹੀਨੇ ਬਾਅਦ ਉਨ੍ਹਾਂ ਕੈਲੀਫੋਰਨੀਆ ਵਿਚ ਡਿਸ਼ ਸਰਵਿਸ ਸ਼ੁਰੂ ਵੀ ਕਰ ਦਿੱਤੀ ਅਤੇ ਮੇਰੇ ਖਾਤੇ ਵਿਚੋਂ 400 ਡਾਲਰ ਕਢਾ ਲਏ। ਮੈਂ ਇਲੀਨਾਏ ਰਹਿੰਦਾ ਹਾਂ, ਸੋ ਮੈਂ ਕੈਲੀਫੋਰਨੀਆ ਵਿਚ ਸਰਵਿਸ ਕੀ ਕਰਨੀ ਸੀ? ਮੈਂ ਆਪਣੇ ਬੈਂਕ ਨਾਲ ਸੰਪਰਕ ਕੀਤਾ ਅਤੇ ਪੈਸੇ ਕਢਾਉਣ ਵਾਲੀ ਫਰਮ ਖਾਨ ਸੈਟੇਲਾਈਟ ਨੂੰ ਅੱਗੋਂ ਭੁਗਤਾਨ ਰੋਕਣ ਲਈ ਆਖ ਦਿੱਤਾ ਪਰ ਡਿਸ਼ ਨੈਟਵਰਕ ਨੇ ਇਹ ਆਖ ਕੇ ਮੇਰੇ ਪੈਸੇ ਮੋੜਨ ਤੋਂ ਮਨ੍ਹਾਂ ਕਰ ਦਿੱਤਾ ਕਿ ਮੈਂ ਸਰਵਿਸ ਦਾ ਆਰਡਰ ਦਿੱਤਾ ਸੀ। ਉਨ੍ਹਾਂ ਮੈਨੂੰ ਕੰਟਰੈਕਟ ਦੀ ਕਾਪੀ ਵੀ ਭੇਜ ਦਿੱਤੀ, ਜੋ ਮੇਰੇ ਨਾਂ ਨਹੀਂ ਸਗੋਂ ਸੰਜੀਵ ਕੁਮਾਰ ਨਾਂ ਦੇ ਕਿਸੇ ਬੰਦੇ ਦੇ ਨਾਂ ਸੀ। ਮੈਂ ਆਪਣੀ ਲੀਗਲ ਸ਼ੀਲਡ ਦੇ ਵਕੀਲ ਨਾਲ ਸੰਪਰਕ ਕੀਤਾ ਜਿਸ ਨੇ ਡਿਸ਼ ਨੈਟਵਰਕ ਨੂੰ ਇਕ ਪੱਤਰ ਲਿਖਿਆ ਤੇ ਤਿੰਨ ਦਿਨ ਪਿਛੋਂ ਪੈਸੇ ਵਾਪਸ ਆ ਗਏ।

ਪਿਛਲੇ ਸਾਲ ਅਨੰਦ ਨਾਂ ਦੇ ਕਿਸੇ ਵਿਅਕਤੀ ਨੇ ਮੈਨੂੰ ਹਰ ਹਫਤੇ ਕਾਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅਖੀਰ ਮੈਂ ਉਸ ਦੀ ਗੱਲ ਸੁਣੀ ਅਤੇ ਉਸ ਨੇ ਕਿਹਾ ਕਿ ਉਹ ਡਿਸ਼ ਦਾ ਬਿਲ 50 ਡਾਲਰ ਮਹੀਨਾ ਘਟਾ ਸਕਦਾ ਹੈ ਅਤੇ ਮੈਨੂੰ 350 ਡਾਲਰ ਪਹਿਲਾਂ ਹੋਮ ਡਿਸ਼ ਨੈਟਵਰਕ ਕੋਲ ਜਮ੍ਹਾਂ ਕਰਵਾਉਣ ਲਈ ਕਿਹਾ ਤੇ ਉਸ ਵਿਚੋਂ ਉਹ ਹਰ ਮਹੀਨੇ ਡਿਸ਼ ਨੈਟਵਰਕ ਨੂੰ ਅਦਾਇਗੀ ਕਰਦਾ ਰਹੇਗਾ। ਮੈਂ ਇਸੇ ਦੌਰਾਨ ਇੰਡੀਆ ਚਲੇ ਗਿਆ ਅਤੇ ਜਦੋਂ ਜਨਵਰੀ ਮਹੀਨੇ ਮੁੜ ਕੇ ਆਇਆ ਤਾਂ ਵੇਖਿਆ ਕਿ ਕਿਸੇ ਜੇ. ਪਟੇਲ ਨਾਂ ਦੇ ਵਿਅਕਤੀ ਵਲੋਂ ਹਰ ਮਹੀਨੇ ਮੇਰੇ ਬੈਂਕ ਖਾਤੇ ਵਿਚੋਂ 352 ਡਾਲਰ ਕਢਾਏ ਜਾਂਦੇ ਰਹੇ ਹਨ। ਮੈਨੂੰ ਆਪਣਾ ਡਿਸ਼ ਨੈਟਵਰਕ ਕੈਂਸਲ ਕਰਵਾਉਣਾ ਪਿਆ। ਹੁਣ ਪੱਕਾ ਫੈਸਲਾ ਕਰ ਲਿਆ ਹੈ ਕਿ ਇਨ੍ਹਾਂ ਦੇਸੀ ਭਰਾਵਾਂ ਕਰਕੇ ਮੁੜ ਕਦੀ ਡਿਸ਼ ਨੈਟਵਰਕ ਨਹੀਂ ਲਵਾਵਾਂਗਾ। ਮੇਰੀ ਸਭ ਨੂੰ ਸਲਾਹ ਹੈ ਕਿ ਅਜਿਹੇ ਫੋਨ ਆਉਣ ਵੇਲੇ ਆਪਣੀ ਜਾਣਕਾਰੀ ਦੇਣ ਤੋਂ ਪਹਿਲਾਂ ਸਾਰੀ ਪੁੱਛ ਪੜਤਾਲ ਕਰ ਲਈ ਜਾਵੇ।


-ਠਾਕਰ ਸਿੰਘ ਬਸਾਤੀ
ਫੋਨ: 847-736-6092

### ਸਿੱਖਾਂ ਨਾਲ ਵਿਤਕਰਾ ਅਤੇ ਸਿੱਖ

'ਪੰਜਾਬ ਟਾਈਮਜ਼' ਦੇ 5 ਮਾਰਚ 2016 ਦੇ ਅੰਕ ਵਿਚ ਮਾਸਟਰ ਨਿਰਮਲ ਸਿੰਘ ਲਾਲੀ ਦੀ ਚਿੱਠੀ ਪੜ੍ਹੀ ਜੋ ਉਨ੍ਹਾਂ ਮੇਰੀ ਚਿੱਠੀ ਬਾਰੇ ਲਿਖੀ ਸੀ ਜਿਹੜੀ 20 ਫਰਵਰੀ 2016 ਵਾਲੇ ਅੰਕ ਵਿਚ ਛਪੀ ਸੀ। ਉਨ੍ਹਾਂ ਗਣਤੰਤਰ ਪਰੇਡ ਵਿਚ ਸਿੱਖ ਰੈਜੀਮੈਂਟ ਨੂੰ ਸ਼ਾਮਲ ਨਾ ਕੀਤੇ ਜਾਣ ਨੂੰ ਛੋਟਾ ਜਾਂ ਵੱਡਾ ਮਸਲਾ ਸਮਝਣ ਬਾਰੇ ਟਿੱਪਣੀ ਕੀਤੀ ਹੈ, ਪਰ ਇਹ ਟਿੱਪਣੀ ਕਰਦਿਆਂ ਉਨ੍ਹਾਂ ਮੇਰੀ ਲਿਖੀ ਮੂਲ ਗੱਲ ਗੌਲੀ ਹੀ ਨਹੀਂ ਹੈ। ਮੈਂ ਲਿਖਿਆ ਸੀ ਕਿ ਝਾਕੀ ਭੇਜਣ ਦਾ ਫੈਸਲਾ ਪੰਜਾਬ ਸਰਕਾਰ ਨੇ ਕਰਨਾ ਹੁੰਦਾ ਹੈ ਅਤੇ ਕਈ ਸਾਲਾਂ ਤੋਂ ਪੰਜਾਬ ਸਰਕਾਰ ਇਸ ਪਰੇਡ ਵਿਚ ਝਾਕੀ ਨਹੀਂ ਭੇਜ ਰਹੀ। ਇਸ ਵਿਚ ਕੇਂਦਰ ਦੇ ਵਿਤਕਰੇ ਵਾਲੀ ਗੱਲ ਕਿੱਥੋਂ ਆ ਗਈ? ਜੇ ਮਸਲਾ ਇੰਡਾ ਹੀ ਵੱਡਾ ਜਾਪਦਾ ਹੈ ਤਾਂ ਤੱਥਾਂ ਨੂੰ ਸਮਝ ਕੇ, ਪੰਜਾਬ ਸਰਕਾਰ ਨੂੰ ਘੇਰਨਾ ਬਣਦਾ ਹੈ। ਉਂਜ ਮੇਰੀ ਨਿਜੀ ਰਾਏ ਹੈ ਕਿ ਪੰਜਾਬ ਦੇ ਮਸਲੇ ਇਸ ਤੋਂ ਬਹੁਤ ਵੱਡੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜੇ ਅਸੀਂ ਭਾਰਤ ਸਰਕਾਰ ਤੋਂ ਖਹਿੜਾ ਛੁਡਾਉਣ ਬਾਰੇ ਕੁਝ ਸੋਚਦੇ ਹਾਂ, ਤਾਂ ਉਸ ਤੋਂ ਫੋਕੀਆਂ ਆਸਾਂ ਕਿਉਂ ਲਾਈ ਬੈਠੇ ਹਾਂ? ਆਪਣੀ ਗੱਲ ਦੇ ਹੱਕ ਵਿਚ ਮੈਂ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲਿਆਂ ਦੀ ਇਕ ਗੱਲ ਸੁਣਾ ਦਿੰਦਾ ਹਾਂ। ਬਹੁਤ ਚਿਰਾਂ ਬਾਅਦ, ਫੈਡਰੇਸ਼ਨ ਦੇ ਬਿੱਟੂ ਧੜੇ ਨੇ ਆਪਣੇ ਨਾਂ ਨਾਲੋਂ 'ਆਲ ਇੰਡੀਆ' ਸ਼ਬਦ ਲਾਹ ਦਿੱਤੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਜਦੋਂ ਅਸੀਂ ਭਾਰਤ ਦੀ ਈਨ ਮੰਨਦੇ ਹੀ ਨਹੀਂ, ਇਸ ਤੋਂ ਵੱਖ ਵੀ ਹੋਣਾ ਚਾਹੁੰਦੇ ਹਾਂ, ਤਾਂ ਆਪਣੇ ਨਾਂ ਨਾਲ 'ਆਲ ਇੰਡੀਆ' ਕਿਉਂ ਟੰਗਦੇ ਫਿਰੀਏ? ਇਹ ਤਾਂ ਹੋਈ ਨਾ ਗੱਲ! ਮੈਂ ਚਾਹੁੰਦਾ ਹਾਂ ਕਿ ਰੈਜੀਮੈਂਟ ਵਾਲੀ ਗੱਲ ਨੂੰ ਮਾਸਟਰ ਲਾਲੀ ਫੈਡਰੇਸ਼ਨ ਦੀ ਇਸ ਪਹੁੰਚ ਨਾਲ ਜੋੜ ਕੇ ਦੇਖਣ ਅਤੇ ਫਿਰ ਅਗਲੀ ਕੋਈ ਗੱਲ ਕਰਨ।

ਦੂਜੀ ਗੱਲ ਸਿਰਦਾਰ ਕਪੂਰ ਸਿੰਘ ਬਾਰੇ ਹੈ ਜੋ ਉਨ੍ਹਾਂ ਮੇਰੇ ਹਵਾਲੇ ਨਾਲ ਲਿਖੀ ਹੈ। ਮੈਂ ਸਿਰਦਾਰ ਜੀ ਨੂੰ ਗਲਤ ਕਿਉਂ ਸਾਬਤ ਕਰਨਾ ਹੋਇਆ? ਮੈਂ ਤਾਂ ਸਿਰਫ ਉਹ ਸਵਾਲ ਉਠਾਇਆ ਹੈ ਜੋ ਹੁਣ ਦੇਰ ਨਾਲ ਹੀ ਸਹੀ, ਸਿੱਖ ਉਠਾ ਰਹੇ ਹਨ ਕਿ ਸਿੱਖਾਂ ਨੂੰ ਜਰਾਇਮ ਪੇਸ਼ਾ ਐਲਾਨਣ ਵਾਲਾ ਉਹ ਸਰਕੂਲਰ ਹੈ ਕਿੱਥੇ? ਇਸੇ ਕਰ ਕੇ ਮੈਂ ਸ. ਹਜ਼ਾਰਾ ਸਿੰਘ ਕੈਨੇਡਾ ਦੇ ਲੇਖ ਦਾ ਹਵਾਲਾ ਦਿੱਤਾ ਸੀ। ਮਾਸਟਰ ਲਾਲੀ ਕੋਲ ਜੇ ਇਸ ਬਾਰੇ ਕੋਈ ਹੋਰ ਵਧੇਰੇ ਜਾਣਕਾਰੀ ਹੈ ਤਾਂ ਜ਼ਰੂਰ ਸਾਂਝੀ ਕਰਨ, ਨਹੀਂ ਤਾਂ 'ਸੋੜੀ ਸੋਚ, ਸੌੜੀ ਸੋਚ' ਆਖ ਕੇ ਗੱਲ ਟਾਲਣ ਦਾ ਯਤਨ ਨਾ ਕਰਨਾ। ਸੌੜੀ ਸੋਚ ਤਾਂ ਉਦੋਂ ਹੁੰਦੀ ਹੈ ਜਦੋਂ ਤੁਸੀਂ ਖੁਦ ਸੱਚ ਮੰਨਣ ਤੋਂ ਇਨਕਾਰੀ ਹੋ ਜਾਂਦੇ ਹੋ। ਇਸ ਨਾਲ ਮੌਕੇ 'ਤੇ ਤਾਂ ਭਾਵੇਂ ਬਚਾਓ ਹੋ ਜਾਂਦਾ ਹੋਵੇ, ਪਰ ਅਗਲੀਆਂ ਪੀੜ੍ਹੀਆਂ ਦਾ ਬਹੁਤ ਨੁਕਸਾਨ ਹੁੰਦਾ ਹੈ, ਕਿਉਂਕਿ ਤੁਸੀਂ ਉਨ੍ਹਾਂ ਦੀ ਸੋਚ ਅੰਦਰ ਇਕ ਹੀ ਗੱਲ ਵਾਰ-ਵਾਰ ਵਾੜੀ ਜਾਂਦੇ ਹੋ ਜਿਸ ਬਾਰੇ ਤੁਹਾਡੇ ਕੋਲ ਤੱਥ ਵੀ ਪੂਰੇ ਨਹੀਂ ਹੁੰਦੇ, ਜਾਂ ਤੁਹਾਡੇ ਕੋਲ ਕੋਈ ਬਣਦਾ-ਸਰਦਾ ਜਵਾਬ ਨਹੀਂ ਹੁੰਦਾ। ਆਸ ਕਰਦਾ ਹਾਂ ਕਿ ਮਾਸਟਰ ਜੀ ਇਨ੍ਹਾਂ ਤੱਥਾਂ ਨੂੰ ਮੁੜ ਵਿਚਾਰਨਗੇ।

-ਜਗਮੀਤ ਸਿੰਘ ਓਬਰਾਏ
ਮਿਨੀਐਪੋਲਿਸ (ਮਿਨੀਸੋਟਾ)





# ਮਨੋਜ: ਭਾਰਤ ਕੁਮਾਰ ਤੋਂ ਫਾਲਕੇ ਇਨਾਮ ਤੱਕ

***ਆਖਰ ਭਾਰਤ ਸਰਕਾਰ ਨੇ ਭਾਰਤ ਕੁਮਾਰ ਨੂੰ ਮਾਨਤਾ ਦੇ ਹੀ ਦਿੱਤੀ।***

ਇਹ ਸ਼ਬਦ ਅਦਾਕਾਰ ਮਨੋਜ ਕੁਮਾਰ ਦੇ ਸਨ ਜਦੋਂ ਉਨ੍ਹਾਂ ਨੂੰ ਵੱਕਾਰੀ ਦਾਦਾਸਾਹਿਬ ਫਾਲਕੇ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ। 78 ਸਾਲਾ ਅਦਾਕਾਰ-ਫਿਲਮਸਾਜ਼-ਨਿਰਮਾਤਾ-ਲੇਖਕ ਨੂੰ 47ਵੇਂ ਦਾਦਾਸਾਹਿਬ ਫਾਲਕੇ ਪੁਰਸਕਾਰ ਵਜੋਂ 10 ਲੱਖ ਰੁਪਏ, ਸੋਨ ਕਮਲ ਅਤੇ ਸ਼ਾਲ ਭੇਟ ਕੀਤਾ ਜਾਵੇਗਾ। ਇਸ ਪੁਰਸਕਾਰ ਲਈ ਉਸ ਦੀ ਚੋਣ ਪੰਜ ਮੈਂਬਰੀ ਜਿਊਰੀ ਨੇ ਸਰਬਸੰਮਤੀ ਨਾਲ ਕੀਤੀ। ਇਸ ਜਿਊਰੀ ਵਿਚ ਲਤਾ ਮੰਗੇਸ਼ਕਰ, ਆਸ਼ਾ ਭੋਸਲੇ, ਨਿਤਿਨ ਮੁਕੇਸ਼, ਅਨੂਪ ਜਲੋਟਾ ਅਤੇ ਲੇਖਕ ਸਲੀਮ ਖਾਨ ਸ਼ਾਮਲ ਸਨ।

24 ਜੁਲਾਈ 1937 ਨੂੰ ਐਬਟਾਬਾਦ (ਪਾਕਿਸਤਾਨ) ਵਿਚ ਜਨਮੇ ਮਨੋਜ ਕੁਮਾਰ ਦਾ ਬਚਪਨ ਦਾ ਨਾਂ ਹਰੀਕਿਸ਼ਨ ਗੋਸਵਾਮੀ ਸੀ। ਬਾਅਦ ਵਿਚ ਉਹ ਫਿਲਮਾਂ ਵਾਲੇ ਦਲੀਪ ਕੁਮਾਰ ਨਾ ਮੁਰੀਦ ਹੋ ਗਿਆ ਅਤੇ 1949 ਵਿਚ ਆਈ ਫਿਲਮ 'ਸ਼ਬਨਮ' ਵਿਚ ਦਲੀਪ ਕੁਮਾਰ ਦੇ ਕਿਰਦਾਰ ਮਨੋਜ ਕੁਮਾਰ ਦੇ ਨਾਂ 'ਤੇ ਉਸ ਨੇ ਆਪਣਾ ਨਾਂ ਮਨੋਜ ਕੁਮਾਰ ਰੱਖ ਲਿਆ। ਉਸ ਦੀ ਪਹਿਲੀ ਫਿਲਮ 'ਫੈਸ਼ਨ' 1957 ਵਿਚ ਆਈ ਜਿਸ ਵਿਚ ਪ੍ਰਦੀਪ ਕੁਮਾਰ ਅਤੇ ਮਾਲਾ ਸਿਨਹਾ ਦੇ ਮੁੱਖ ਰੋਲ ਸਨ। ਉਹ ਉਦੋਂ 19 ਵਰ੍ਹਿਆਂ ਦਾ ਸੀ, ਪਰ ਫਿਲਮ ਵਿਚ ਉਸ ਨੇ 90 ਵਰ੍ਹਿਆਂ ਦੇ ਭਿਖਾਰੀ ਦਾ ਕਿਰਦਾਰ ਨਿਭਾਇਆ। ਉਸ ਨੇ ਇਸ ਕਿਰਦਾਰ ਵਿਚ ਇੰਨੀ ਜਾਨ ਪਾ ਦਿੱਤੀ ਕਿ ਉਹ ਛੇਤੀ ਹੀ ਫਿਲਮ ਦੁਨੀਆਂ ਵਿਚ ਛਾ ਗਏ।

ਛੇਤੀ ਹੀ ਮਨੋਜ ਕੁਮਾਰ ਦਾ ਨਾਂ ਦੇਸ਼ ਭਗਤੀ ਵਾਲੀਆਂ ਫਿਲਮਾਂ ਨਾਲ ਜੁੜ ਗਿਆ ਅਤੇ ਉਸ ਨੂੰ ਭਾਰਤ ਕੁਮਾਰ ਕਿਹਾ ਜਾਣ ਲੱਗਾ। ਇਹ ਸ਼ੁਰੂਆਤ 1965 ਵਿਚ ਫਿਲਮ 'ਸ਼ਹੀਦ' ਨਾਲ ਹੋਈ ਸੀ। ਇਹ ਫਿਲਮ ਸ਼ਹੀਦ ਭਗਤ ਸਿੰਘ ਦੇ ਜੀਵਨ ਉਤੇ ਆਧਾਰਿਤ ਸੀ ਅਤੇ ਫਿਲਮ ਵਿਚ ਭਗਤ ਸਿੰਘ ਕਿਰਦਾਰ ਮਨੋਜ ਕੁਮਾਰ ਨੇ ਨਿਭਾਇਆ ਸੀ। 1967 ਵਿਚ ਉਸ ਨੇ ਖੁਦ 'ਉਪਕਾਰ' ਫਿਲਮ ਡਾਇਰੈਕਟਰ ਕੀਤੀ ਅਤੇ ਇਸ ਵਿਚ ਲਾਲ ਬਹਾਦਰ ਸ਼ਾਸਤਰੀ ਦੇ ਨਾਅਰੇ 'ਜੈ ਜਵਾਨ ਜੈ ਕਿਸਾਨ' ਨੂੰ ਰੂਪਮਾਨ ਕੀਤਾ ਸੀ।

# ਸੋਹਣੀ ਜਿਹੀ ਸੋਨਮ



ਅਦਾਕਾਰਾ ਸੋਨਮ ਕਪੂਰ ਇਕ ਵਾਰ ਫਿਰ ਚਰਚਾ ਵਿਚ ਹੈ। ਇਸ ਵਾਰ ਚਰਚਾ ਦਾ ਕਾਰਨ ਹੁਣੇ-ਹੁਣੇ ਰਿਲੀਜ਼ ਹੋਈ ਫਿਲਮ 'ਨੀਰਜਾ' ਹੈ ਜੋ ਹੁਣ 100 ਕਰੋੜ ਰੁਪਏ ਕਮਾਈ ਵਾਲੇ ਕਲੱਬ ਵਿਚ ਸ਼ਾਮਲ ਹੋ ਗਈ ਹੈ। ਇਸ ਨੇ ਪਹਿਲੇ ਤਿੰਨ ਹਫ਼ਤਿਆਂ ਵਿਚ 100 ਕਰੋੜ ਰੁਪਏ ਤੋਂ ਵੱਧ ਕਮਾਈ ਕਰ ਲਈ ਹੈ। ਇਹ ਫਿਲਮ 22 ਸਾਲਾ ਨੀਰਜਾ ਭਨੋਟ ਦੇ ਜੀਵਨ ਉਤੇ ਆਧਾਰਿਤ ਹੈ ਜਿਸ ਨੂੰ ਜਹਾਜ਼ ਅਗਵਾਕਾਰਾਂ ਨੇ ਕਤਲ ਕਰ ਦਿੱਤਾ ਸੀ। ਭਾਰਤ ਸਰਕਾਰ ਨੇ ਮਰਨ ਉਪਰੰਤ ਉਸ ਨੂੰ ਅਸ਼ੋਕ ਚੱਕਰ ਪੁਰਸਕਾਰ ਨਾਲ ਨਵਾਜਿਆ ਸੀ। 2004 ਵਿਚ ਉਸ ਦੀ ਯਾਦ ਵਿਚ ਸਰਕਾਰ ਵੱਲੋਂ ਡਾਕ ਟਿਕਟ ਵੀ ਜਾਰੀ ਕੀਤੀ ਗਈ ਸੀ। ਫਿਲਮ 'ਨੀਰਜਾ' ਲਈ ਸੋਨਮ ਕਪੂਰ ਦੀ ਖੂਬ ਪ੍ਰਸ਼ੰਸਾ ਹੋਈ ਹੈ। ਫਿਲਮ ਵਿਚ ਸੋਨਮ ਕਪੂਰ ਤੋਂ ਇਲਾਵਾ ਸ਼ਬਾਨਾ ਆਜ਼ਮੀ, ਕਵਿਤਾ ਸ਼ਾਸਤਰੀ ਅਤੇ ਸ਼ੇਖਰ ਰਵਜਿਆਨੀ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਇਸ ਤੋਂ ਪਹਿਲਾਂ ਵੀ ਸੋਨਮ ਕਪੂਰ ਫਿਲਮੀ ਦੁਨੀਆਂ ਵਿਚ ਅਕਸਰ ਚਰਚਾ ਵਿਚ ਰਹਿੰਦੀ ਹੈ। ਸਭ ਤੋਂ ਵੱਧ ਚਰਚਾ ਉਸ ਦੇ ਲਿਬਾਸਾਂ ਅਤੇ ਪੁਸ਼ਾਕਾਂ ਦੀ ਹੁੰਦੀ ਹੈ। ਉਸ ਦੀਆਂ ਸਹੇਲੀਆਂ ਅਤੇ ਸਾਥੀ ਹੀਰੋਇਨਾਂ ਦਾ ਤਾਂ ਕਈ ਵਾਰ ਇਹ ਇਤਰਾਜ਼ ਵੀ ਪੜ੍ਹਨ-ਸੁਣਨ ਨੂੰ ਮਿਲਦਾ ਹੈ ਕਿ ਸੋਨਮ ਕਪੂਰ ਦੇ ਫੈਸ਼ਨ ਕਾਰਨ ਉਨ੍ਹਾਂ ਨੂੰ ਵੀ ਪਾਰਟੀਆਂ ਵਿਚ ਫੱਬਣ ਦਾ ਫਿਕਰ ਲੱਗਿਆ ਰਹਿੰਦਾ ਹੈ। ਅਸਲ ਵਿਚ ਪਹਿਰਾਵੇ ਅਤੇ ਸਜਣ-ਫੱਬਣ ਦੇ ਮਾਮਲਿਆਂ ਵਿਚ ਸੋਨਮ ਕਪੂਰ ਬਹੁਤ ਚੇਤੰਨ ਰਹਿੰਦੀ ਹੈ ਅਤੇ ਢਿੱਲ ਦੀ ਕਿਤੇ ਕੋਈ ਗੁੰਜਾਇਸ਼ ਨਹੀਂ ਛੱਡਦੀ ਹੈ। ਇਸੇ ਕਰ ਕੇ ਹਰ ਪਾਰਟੀ ਵਿਚ ਉਸ ਦੇ ਕੱਪੜਿਆਂ ਦੀ ਉਚੇਚੀ ਚਰਚਾ ਹੁੰਦੀ ਰਹਿੰਦੀ ਹੈ। ਇਹੀ ਨਹੀਂ, ਉਹ ਫਿਲਮਾਂ ਵੀ ਚੁਣ-ਚੁਣ ਕੇ ਕਰਦੀ ਹੈ। ਉਸ ਦੀ ਪਹਿਲੀ ਫਿਲਮ 'ਸਾਂਵਰੀਆ' 2007 ਵਿਚ ਆਈ ਸੀ ਅਤੇ 9-10 ਸਾਲਾਂ ਵਿਚ ਉਸ ਨੇ ਸਿਰਫ ਗਿਣਤੀ ਦੀਆਂ ਹੀ ਫਿਲਮਾਂ ਕੀਤੀਆਂ ਹਨ। ***-ਸਿਮਰਨ ਕੌਰ***



# ਮਾਰੂਥਲ 'ਚੋਂ ਕਿਰਦੀ ਕਵਿਤਾ: ਲੇਕਿਨ

**ਆਵਾਜ਼ ਦੇ ਕਹਾਂ ਹੈ... -41-**



**ਕੁਲਦੀਪ ਕੌਰ**
**ਫੋਨ: +91-98554-04330**

ਫਿਲਮ 'ਲੇਕਿਨ' ਗੁਲਜ਼ਾਰ ਦੁਆਰਾ ਨਿਰਦੇਸ਼ਿਤ ਭੂਤ ਕਹਾਣੀ ਹੈ। ਗੁਲਜ਼ਾਰ ਨੇ ਇਸ ਫਿਲਮ ਦੀ ਪਟਕਥਾ ਇੱਕ ਲੋਕ ਕਥਾ ਤੋਂ ਮੁਤਾਸਰ ਹੋ ਕੇ ਲਿਖੀ। ਇਸੇ ਲੋਕ ਕਥਾ ਨੂੰ ਆਧਾਰ ਬਣਾ ਕੇ ਪਹਿਲਾਂ ਰਾਬਿੰਦਰਨਾਥ ਟੈਗੋਰ ਵੀ ਕਹਾਣੀ ਲਿਖ ਚੁੱਕੇ ਸਨ। ਭਾਰਤੀ ਸਿਨੇਮਾ ਵਿਚ ਭੂਤਾਂ-ਪ੍ਰੇਤਾਂ 'ਤੇ ਅਨੇਕਾਂ ਫਿਲਮਾਂ ਬਣੀਆਂ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸਦੀਆਂ ਤੋਂ ਚਲੀਆਂ ਆ ਰਹੀਆਂ ਦੰਦ-ਕਥਾਵਾਂ ਨੂੰ ਹੀ ਫਿਲਮੀ ਜਾਮਾ ਪਹਿਨਾਉਣ ਤੱਕ ਸੀਮਿਤ ਰਹਿ ਜਾਂਦੀਆਂ ਹਨ। ਇਨ੍ਹਾਂ ਫਿਲਮੀ ਕਹਾਣੀਆਂ ਵਿਚਲੇ ਭੂਤਾਂ ਦੇ ਭੂਤ ਬਣਨ ਦਾ 'ਦੁੱਖ' ਵੀ ਨਿਰਦੇਸ਼ਕਾਂ ਦੇ ਹੱਥਾਂ ਵਿਚ ਦਰਸ਼ਕਾਂ ਨੂੰ ਡਰਾਉਣ ਦਾ ਸਾਧਨ ਬਣ ਜਾਂਦਾ ਹੈ। ਇਹ ਚਰਚਾ ਦਾ ਵਿਸ਼ਾ ਬਣ ਸਕਦਾ ਹੈ ਕਿ ਜੇ ਭੂਤ ਕਲਪਿਤ ਵੀ ਹਨ, ਤਾਂ ਵੀ ਉਨ੍ਹਾਂ ਬਾਰੇ ਸੋਚਦੇ ਹੋਏ ਤਰਕ ਅਤੇ ਦਲੀਲ ਨੂੰ ਖੂੰਜੇ ਕਿਉਂ ਲਗਾ ਦਿੱਤਾ ਜਾਂਦਾ ਹੈ? ਕਿਤੇ ਇਹ ਤਾਂ ਨਹੀਂ ਕਿ ਇਹ ਮੁੱਦਾ ਅਸਲ ਵਿਚ ਭੂਤ ਬਣੇ ਬੰਦੇ ਦੀ ਨਿੱਜੀ ਪੀੜ ਨੂੰ ਸਮਝਣ ਦੀ ਸਾਡੀ ਸਮੂਹਿਕ ਅਸਮਰੱਥਾ ਦੀ ਨਿਸ਼ਾਨੀ ਹੈ? ਵਿਗਿਆਨ ਭੂਤਾਂ ਨੂੰ ਸਿਰੇ ਤੋਂ ਰੱਦ ਕਰਦਾ ਹੈ, ਇਸ ਨੂੰ ਮਾਨਸਿਕ ਕਮਜ਼ੋਰੀ ਦੱਸਦਾ ਹੈ, ਇਸ ਦਲੀਲ ਨੂੰ ਤੱਥਾਂ ਨਾਲ ਸਾਬਿਤ ਵੀ ਕਰਦਾ ਹੈ। ਇਸ ਦੇ ਬਾਵਜੂਦ ਸਦੀਆਂ ਤੋਂ ਬੰਦੇ ਦੀ ਦਿਲਚਸਪੀ ਭੂਤਾਂ ਵਿਚ ਜਿਉਂ ਦੀ ਤਿਉਂ ਹੈ। ਸ਼ਾਇਦ ਇਹ ਬੰਦੇ ਦੀ ਦਿਮਾਗੀ ਕਲਪਨਾ ਦਾ ਉਹ ਹਿੱਸਾ ਹੈ ਜਿਸ ਨੂੰ ਉਹ ਆਪਣੀ ਹੋਂਦ ਤੇ ਸਮਰੱਥਾ ਤੋਂ ਪਾਰ ਜਾਣ ਲਈ ਵਰਤਦਾ ਹੈ; ਜਿਸ ਨੂੰ ਉਹ ਸਮਝ ਕੇ ਵੀ ਸਮਝਣਾ ਨਹੀਂ ਚਾਹੁੰਦਾ। 'ਭੂਤ ਤਾਂ ਕੁਝ ਵੀ ਕਰ ਸਕਦੇ ਹਨ'; ਭਾਵ, ਇਸ ਸੰਦ ਨਾਲ ਬੰਦਾ ਆਪਣੀ ਜਵਾਬਦੇਹੀ ਤੋਂ ਆਰਾਮ ਨਾਲ ਬਚ ਸਕਦਾ ਹੈ। ਬੰਦਿਆਂ ਤੋਂ ਭੂਤ ਬਣਨ ਦੀਆਂ ਕਹਾਣੀਆਂ, ਬੰਦੇ ਦੇ ਹਾਲਾਤ ਅੱਗੇ ਬੇਵੱਸ ਹੋ ਕੇ ਭੂਤ ਜਾਮਾ ਪਾਉਣ ਦੀ ਅਦਾਕਾਰੀ ਕਰਨ ਦੀਆਂ ਕਹਾਣੀਆਂ ਹਨ। ਕਿਹਾ ਜਾਂਦਾ ਹੈ ਕਿ ਹਰ ਮੁਜਰਮ ਦੇ ਜੁਰਮ ਦੀ ਕਹਾਣੀ ਦਾ ਸਿਰਾ ਉਸ ਨਾਲ ਹੋਈ ਕਿਸੇ ਨਾ ਕਿਸੇ ਵਧੀਕੀ ਨਾਲ ਜਾ ਜੁੜਦਾ ਹੈ। ਜੁਰਮ ਕਰਨ ਦੇ ਕਾਰਨ ਨਿੱਜੀ ਨਾਲੋਂ ਸਮਾਜਿਕ ਵੱਧ ਹੁੰਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਸਹੀ ਪ੍ਰਸੰਗ ਨਾਲ ਜੋੜ ਕੇ ਪੜ੍ਹਿਆ ਜਾਣਾ ਬਣਦਾ ਹੈ। ਭੂਤਾਂ ਬਾਰੇ ਪ੍ਰਚੱਲਿਤ ਮਹਤੱਵਪੂਰਨ ਧਾਰਨਾਵਾਂ ਵਿਚੋਂ ਇੱਕ ਇਹ ਹੈ ਕਿ ਇਹ ਜ਼ਮਾਨੇ ਦੇ ਸਤਾਏ ਹੁੰਦੇ ਹਨ ਅਤੇ ਬਦਲਾ ਲੈਣ ਲਈ ਭੂਤ ਬਣ ਜਾਂਦੇ ਹਨ। ਇਸ ਦਾ ਦੂਜਾ ਅਰਥ ਇਹ ਬਣਦਾ ਹੈ ਕਿ ਭੂਤ ਖਲਾਅ ਵਿਚ ਚਮਤਕਾਰ ਨਾਲ ਅਚਾਨਕ ਪੈਦਾ ਨਹੀਂ ਹੁੰਦੇ, ਸਗੋਂ ਉਨ੍ਹਾਂ ਨੂੰ ਸਮਾਜਿਕ ਨਿਆਂ ਦੀ ਝਾਕ ਹੁੰਦੀ ਹੈ। ਇਸੇ ਕਾਰਨ ਭੂਤਾਂ ਨੂੰ ਸਿਰੋਂ ਲੁਹਾਉਣ ਅਤੇ ਉਨ੍ਹਾਂ ਤੋਂ ਖਹਿੜਾ ਛੁਡਾਉਣ ਦਾ ਕਾਰੋਬਾਰ ਜਿਉਂਦੇ ਜਾਗਦੇ ਬੰਦੇ ਕਰਦੇ ਹਨ। ਇਹ ਵੀ ਖੋਜ ਦਾ ਵਿਸ਼ਾ ਹੋ ਸਕਦਾ ਹੈ ਕਿ ਕਿਤੇ ਭੂਤ ਬਣੇ ਬੰਦੇ, ਉਹ ਬਾਗੀ ਰੂਹਾਂ ਤਾਂ ਨਹੀਂ ਜਿਹੜੀਆਂ ਕਿਸੇ ਕਾਰਨ ਸਮਾਜਿਕ ਚੌਖਟੇ ਵਿਚ ਫਿੱਟ ਨਹੀਂ ਹੋ ਸਕੀਆਂ?


ਔਰਤ ਭੂਤਾਂ ਦਾ ਮਸਲਾ ਹੋਰ ਵੀ ਗੁੰਝਲਦਾਰ ਹੈ। ਉਨ੍ਹਾਂ ਦੇ ਭੂਤ ਬਣਨ ਦੇ ਕਾਰਨ ਮਰਦਾਂ ਦੇ ਮੁਕਾਬਲੇ ਵੱਧ ਜਜ਼ਬਾਤੀ ਅਤੇ ਮਨੋਵਿਗਿਆਨਕ ਹੁੰਦੇ ਹਨ। ਉਨ੍ਹਾਂ ਨੂੰ ਮਿਥੇ ਚੌਖਟੇ ਵਿਚ ਫਿੱਟ ਕਰਨ ਦੀ ਕੋਸ਼ਿਸ਼ ਕਰਦਾ ਸਮਾਜਿਕ ਢਾਂਚਾ ਉਨ੍ਹਾਂ ਨੂੰ ਚੁੜੇਲ ਕਰਾਰ ਦੇ ਕੇ ਆਸਾਨੀ ਨਾਲ ਹਰ ਦੋਸ਼ ਤੋਂ ਬਰੀ ਹੋ ਸਕਦਾ ਹੈ।

ਫਿਲਮ 'ਲੇਕਿਨ' ਵਿਚ ਰੇਵਾ (ਡਿੰਪਲ ਕਪਾਡੀਆ) ਰਾਜਸਥਾਨ ਦੇ ਮੀਲਾਂ ਤੱਕ ਫੈਲੇ ਮਾਰੂਥਲ ਵਿਚ ਭਟਕਦੀ 'ਆਤਮਾ' ਹੈ। ਉਸ ਦਾ ਵਾਸਾ ਜਿਸੌਂਦ ਦੇ ਰਾਜੇ ਪਰਮ ਸਿੰਘ ਦੀ ਹਵੇਲੀ ਵਿਚ ਹੈ। ਸ਼ਹਿਰ ਤੋਂ ਆਇਆ ਸਮੀਰ ਜੋਗੀ (ਵਿਨੋਦ ਖੰਨਾ) ਇਸ ਹਵੇਲੀ ਨੂੰ ਸਰਕਾਰੀ ਕੰਟਰੋਲ ਹੇਠ ਲੈਣ ਦੀ ਕਾਰਵਾਈ ਕਰਨ ਆਉਂਦਾ ਹੈ ਜਿੱਥੇ ਉਸ ਦੀ ਮੁਲਾਕਾਤ ਰੇਵਾ ਨਾਲ ਹੁੰਦੀ ਹੈ। ਸਮੀਰ ਰੇਵਾ ਨਾਲ ਹੋਈਆਂ ਅਚਾਨਕ ਅਤੇ ਅਣਕਿਆਸੀਆਂ ਮੁਲਾਕਾਤਾਂ ਦੌਰਾਨ ਰੇਵਾ ਦੇ ਦਰਦਨਾਕ ਅਤੀਤ ਬਾਰੇ ਜਾਣੂ ਹੁੰਦਾ ਹੈ। ਜਾਣੂ ਹੋਣ ਦੇ ਇਸ ਅਭਿਆਸ ਦੌਰਾਨ ਹੀ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਰਾਜਿਆਂ ਦੇ ਕਿਰਦਾਰ ਸਦਾ ਹੀ ਜਨ-ਵਿਰੋਧੀ ਹੁੰਦੇ ਹਨ ਅਤੇ ਉਹ ਬਾਹੂਬਲ ਦੇ ਦਮ 'ਤੇ ਹਰ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਕਰ ਕੇ ਸਾਫ ਬਚ ਨਿਕਲਦੇ ਹਨ। ਇਸ ਕਹਾਣੀ ਵਿਚ ਰੇਵਾ ਦੀ ਵੱਡੀ ਭੈਣ ਤਾਰਾ (ਹੇਮਾ ਮਾਲਿਨੀ) ਜਦੋਂ ਰਾਜਾ ਪਰਮ ਸਿੰਘ ਦੀ ਵਧੀਕੀ ਦਾ ਕਰਾਰਾ ਜਵਾਬ ਦਿੰਦੀ ਹੈ ਤਾਂ ਇਸ ਦਾ ਸਜ਼ਾ ਰੇਵਾ ਦੇ ਸੰਗੀਤ ਮਾਸਟਰ ਪਿਤਾ ਅਤੇ ਰੇਵਾ ਨੂੰ ਭੁਗਤਣੀ ਪੈਂਦੀ ਹੈ। ਫਿਲਮ ਵਿਚ ਪਿਉ-ਧੀ ਦੁਆਰਾ ਕੈਦ ਭੁਗਤਣ ਦੇ ਬਹੁਤ ਸਾਰੇ ਦ੍ਰਿਸ਼ ਹਨ। ਫਿਲਮ ਦੇ ਅੰਤ ਤੱਕ ਪਹੁੰਚਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਰੇਵਾ ਦੀ ਮੁਕਤੀ ਦਾ ਇਕਲੌਤਾ ਰਾਹ ਉਸ ਦੁਆਰਾ ਸਾਰੇ ਮਾਰੂਥਲ ਨੂੰ ਪਾਰ ਕਰਨਾ ਹੈ ਜਿਸ ਲਈ ਉਸ ਨੂੰ ਸਮੀਰ ਦੀ ਜ਼ਰੂਰਤ ਹੈ। ਸਮੀਰ ਇਹ ਜ਼ਿੰਮੇਵਾਰੀ ਲੈ ਲੈਂਦਾ ਹੈ ਅਤੇ ਇਸ ਨੂੰ ਤੋੜ ਵੀ ਚੜ੍ਹਾਉਂਦਾ ਹੈ। ਇਥੇ ਮਾਰੂਥਲ ਪਾਰ ਕਰਨਾ ਸਮੇਂ ਅਤੇ ਸਥਾਨ ਦੀਆਂ ਹੱਦਾਂ ਤੋਂ ਪਾਰ ਜਾਣ ਦੇ ਪ੍ਰਤੀਕ ਵਜੋਂ ਉਭਰਦਾ ਹੈ।

ਫਿਲਮ ਦੇ ਸੰਗੀਤ ਦੇ ਜ਼ਿਕਰ ਤੋਂ ਬਿਨਾਂ ਫਿਲਮ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਇਹ ਸੰਗੀਤ, ਲਤਾ ਮੰਗੇਸ਼ਕਰ ਦੇ ਭਰਾ ਹਿਰਦੇਨਾਥ ਮੰਗੇਸ਼ਕਰ ਨੇ ਦਿੱਤਾ ਸੀ ਜਿਸ ਲਈ ਉਨ੍ਹਾਂ ਨੂੰ ਕੌਮੀ ਪੁਰਸਕਾਰ ਵੀ ਮਿਲਿਆ। ਫਿਲਮ ਦਾ ਗਾਣਾ 'ਮੈਂ ਏਕ ਸਦੀ ਸੇ ਬੈਠੀ ਹੂੰ' ਇਕੱਲਤਾ ਅਤੇ ਉਡੀਕ ਦੀ ਤਸਵੀਰ ਖਿੱਚਦਾ ਹੈ। ਇੱਕ ਹੋਰ ਗਾਣਾ 'ਸੁਰਮਈ ਸ਼ਾਮ ਇਸ ਤਰਹ ਆਏ' ਬੜਾ ਜਜ਼ਬਾਤੀ ਹੈ। ਬਾਕੀ ਗਾਣੇ ਜਿੰਨੀ ਖੂਬਸੂਰਤੀ ਨਾਲ ਫਿਲਮਾਏ ਗਏ ਹਨ, ਉਹ ਗੁਲਜ਼ਾਰ ਵਰਗਾ ਸੰਵੇਦਨਸ਼ੀਲ ਨਿਰਦੇਸ਼ਕ ਹੀ ਕਰ ਸਕਦਾ ਹੈ।








***ਫਿਲਮਸਾਜ਼ ਗੁਲਜ਼ਾਰ (ਵਿਚਕਾਰ) ਦੀ ਫਿਲਮ 'ਲੇਕਿਨ' ਵਿਚ ਅਦਾਕਾਰਾ ਡਿੰਪਲ ਕਪਾਡੀਆ ਅਤੇ ਫਿਲਮ ਦਾ ਪੋਸਟਰ।***

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਫਰੀਮਾਂਟ ਚੋਣਾਂ

## ਸਹੋਤਾ ਭਰਾਵਾਂ

ਵਲੋਂ ਸਮੂਹ ਸੰਗਤਾਂ ਨੂੰ

## ਸਿੱਖ ਪੰਚਾਇਤ ਸਲੇਟ

ਦੀ ਡਟਵੀਂ ਹਮਾਇਤ ਕਰਨ ਦੀ

# ਅਪੀਲ

## ਸਿੱਖ ਪੰਚਾਇਤ SIKH PANCHAYAT



ਅਰਵਿੰਦਰ ਕੌਰ
ARVINDER KAUR



ਜਸਦੇਵ ਸਿੰਘ
JASDEV SINGH



ਗੁਰਿੰਦਰ ਸਿੰਘ
GURINDER SINGH



ਹਰਿੰਦਰਪਾਲ ਸਿੰਘ
HARINDER PAL SINGH



ਪਰਮਿੰਦਰ ਸਿੰਘ
PARMINDER SINGH

ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿਚ ਸਿੱਖ ਪੰਚਾਇਤ ਸਲੇਟ ਵਲੋਂ ਬਹੁਤ ਹੀ ਸੂਝਵਾਨ, ਸਿੱਖੀ ਨੂੰ ਸਮਰਪਿਤ, ਪੜ੍ਹੇ ਲਿਖੇ ਅਤੇ ਪੰਥਕ ਸੋਚ ਵਾਲੇ ਉਮੀਦਵਾਰਾਂ ਨੂੰ ਸੰਗਤਾਂ ਦੀ ਕਚਿਹਰੀ ਵਿਚ ਪੇਸ਼ ਕੀਤਾ ਗਿਆ ਹੈ। ਇਹਨਾਂ ਉਮੀਦਵਾਰਾਂ ਤੇ ਸਹਿਮਤੀ ਦੀ ਮੋਹਰ ਲਗਾਉਂਦੇ ਹੋਏ ਸਹੋਤਾ ਭਰਾਵਾਂ

## ਜਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ

ਵਲੋਂ ਸਿੱਖ ਪੰਚਾਇਤ ਸਲੇਟ ਦੀ ਹਮਾਇਤ ਕਰਦਿਆਂ ਸਮੂਹ ਸੰਗਤਾਂ ਨੂੰ ਸਿੱਖ ਪੰਚਾਇਤ ਸਲੇਟ ਨੂੰ ਗੁਰੂਘਰ ਦੇ ਪ੍ਰਬੰਧਾਂ ਦੀ ਸੇਵਾ ਸੌਂਪੇ ਜਾਣ ਦੀ ਅਪੀਲ ਕੀਤੀ ਜਾਂਦੀ ਹੈ।

## ਜਾਰੀ ਕਰਤਾ

**ਜਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ**



ਜਗਰਾਜ ਸਿੰਘ ਸਹੋਤਾ



ਨਰਿੰਦਰ ਸਿੰਘ ਸਹੋਤਾ

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਫਰੀਮਾਂਟ ਚੋਣਾਂ

## ਗਾਖਲ ਭਰਾਵਾਂ

ਵਲੋਂ ਸਮੂਹ ਸੰਗਤਾਂ ਨੂੰ

## ਸਿੱਖ ਪੰਚਾਇਤ ਸਲੇਟ

ਦੀ ਡਟਵੀਂ ਹਮਾਇਤ ਕਰਨ ਦੀ

# ਅਪੀਲ

## ਸਿੱਖ ਪੰਚਾਇਤ SIKH PANCHAYAT



ਅਰਵਿੰਦਰ ਕੌਰ
ARVINDER KAUR



ਜਸਦੇਵ ਸਿੰਘ
JASDEV SINGH



ਗੁਰਿੰਦਰ ਸਿੰਘ
GURINDER SINGH



ਹਰਿੰਦਰਪਾਲ ਸਿੰਘ
HARINDER PAL SINGH



ਪਰਮਿੰਦਰ ਸਿੰਘ
PARMINDER SINGH


ਸਿੱਖ ਪੰਚਾਇਤ ਸਲੇਟ ਵਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿਚ ਸਿੱਖ ਪੰਥ ਨੂੰ ਸਮਰਪਿਤ, ਸਾਬਤ ਸੂਰਤ, ਪੜ੍ਹੇ ਲਿਖੇ, ਬੁੱਧੀਜੀਵੀ, ਸਿੱਖ ਮਸਲਿਆਂ ਨੂੰ ਸਮਝਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੀਵਨ ਸਮਰਪਿਤ ਕਰ ਚੁੱਕੇ ਉਮੀਦਵਾਰ ਚੋਣਾਂ ਮੈਦਾਨ ਵਿਚ ਉਤਾਰੇ ਗਏ ਹਨ। ਇਸ ਲਈ ਗਾਖਲ ਭਰਾਵਾਂ

## ਸ੍ਰ. ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ

ਵਲੋਂ ਸਿੱਖ ਪੰਚਾਇਤ ਸਲੇਟ ਦੀ ਡਟਵੀਂ ਹਮਾਇਤ ਕਰਨ ਦੀ ਅਪੀਲ ਕੀਤੀ ਜਾਂਦੀ ਹੈ।



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

## ਜਾਰੀ ਕਰਤਾ

ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ



ਕਬੱਡੀ ਦੇ ਸਾਬਕਾ ਕੌਮਾਂਤਰੀ ਖਿਡਾਰੀ ਸਰਵਣ ਸਿੰਘ ਬੱਲ ਦੀ ਭਰਜਾਈ ਬੀਬੀ ਰਣਬੀਰ ਕੌਰ ਬੱਲ ਜੋ ਪਿਛਲੀ ਵਾਰ ਵਿਰੋਧੀ ਸਲੇਟ ਦੀ ਉਮੀਦਵਾਰ ਸਨ, ਇਸ ਵਾਰ ਸਿੱਖ ਪੰਚਾਇਤ ਸਲੇਟ ਦੀ ਹਮਾਇਤ ਤੇ ਹਨ। ਜ਼ਿਕਰਯੋਗ ਹੈ ਕਿ ਬੀਬੀ ਬੱਲ ਕਬੱਡੀ ਪ੍ਰੋਮੋਟਰ ਅਤੇ ਉੱਘੇ ਬਿਜ਼ਨਸਮੈਨ ਸ੍ਰ. ਅਮੋਲਕ ਸਿੰਘ ਗਾਖਲ ਦੇ ਭੂਆ ਜੀ ਹਨ।

# ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨੂੰ ਬਦਲਣ ਦੀ ਲੋੜ ਕਿਉਂ?

## ਸਾਧ ਸੰਗਤ ਜੀ, ਆਪਣੀ ਵੋਟ ਪਾਉਣ ਦਾ ਫੈਸਲਾ ਕਰਨ ਤੋਂ ਪਹਿਲਾਂ ਕ੍ਰਿਪਾ ਕਰਕੇ ਹੇਠ ਲਿਖੀਆਂ ਗੱਲਾਂ ਇੱਕ ਵਾਰ ਜਰੂਰ ਧਿਆਨ ਨਾਲ ਪੜ੍ਹੋ

**ਸੰਗਤ ਦੀ ਇੱਛਾ ਅਤੇ ਗੁਰੂ ਘਰ ਦੇ ਬਾਈਲਾਅਜ਼ ਮੁਤਾਬਕ ਗੁਰੂ ਘਰ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਵਿਚ ਸਿੱਖ ਪੰਚਾਇਤ ਦੀ ਹਮਾਇਤ ਵਾਲੀ ਸੁਪਰੀਮ ਕੌਂਸਲ ਬਹੁਤ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ।**

• ਗੁਰੂ ਘਰ ਦਾ ਰੋਜ਼ਮੱਰਾ ਪ੍ਰਬੰਧ ਚਲਾਉਣ ਲਈ, ਇਸ ਨੇ 11 ਮੈਂਬਰੀ ਪ੍ਰਬੰਧਕ ਕਮੇਟੀ ਹੀ ਨਹੀਂ ਬਣਾਈ। ਇਹ ਗੁਰੂ ਘਰ ਦੇ ਸੰਵਿਧਾਨ ਦੀ ਘੋਰ ਉਲੰਘਣਾ ਹੈ।
• ਸੁਪਰੀਮ ਕੌਂਸਲ ਨੇ ਗੁਰੂ ਘਰ ਦਾ ਹਿਸਾਬ-ਕਿਤਾਬ ਸੰਗਤ ਤੋਂ ਲੁਕੋ ਕੇ ਰੱਖਿਆ। ਵੈਬਸਾਈਟ 'ਤੇ ਹਿਸਾਬ-ਕਿਤਾਬ ਨੂੰ 27 ਫਰਵਰੀ 2016 ਰਾਤ ਦੇ 11:30 ਵਜੇ ਤੱਕ ਲਾਕ ਲਾ ਕੇ ਰੱਖਿਆ, ਜਿਸ ਕਰ ਕੇ ਸੰਗਤ ਉਸ ਨੂੰ ਦੇਖ ਨਹੀਂ ਸਕਦੀ ਸੀ।
• ਗੁਰੂ ਘਰ ਦੀ ਗੋਲਕ/ਸੰਗਤ ਭੇਟਾ ਦੀ ਦੁਰਵਰਤੋਂ ਕੀਤੀ ਗਈ। ਬੈਂਕ ਵਿਚ ਤਕਰੀਬਨ 29 ਲੱਖ ਡਾਲਰ ਘਟਦਾ ਹੈ ਜਿਸ ਦਾ ਕਿਸੇ ਨੂੰ ਵੀ ਪਤਾ ਨਹੀਂ ਲੱਗ ਰਿਹਾ ਕਿ ਸੰਗਤ ਦੀ ਕਿਰਤ ਕਮਾਈ ਦੀ ਇੰਨੀ ਵੱਡੀ ਮਾਇਆ ਕਿਥੇ ਗਈ? ਇਸ ਦਾ ਜ਼ਿੰਮੇਵਾਰ ਕੌਣ ਹੈ?

**ਪਿਛਲੇ 5 ਸਾਲਾਂ ਦਾ ਗੁਰੂ ਘਰ ਦਾ ਹਿਸਾਬ ਕਿਤਾਬ ਹੇਠਾਂ ਦੇਖੋ**

| ਸਾਲ | 2010 | 2011 | 2012 | 2013 | 2014 | 5 ਸਾਲਾਂ ਦੀ ਕੁੱਲ ਆਮਦਨ |
|---|---|---|---|---|---|---|
| ਔਸਤ ਮਾਸਿਕ ਆਮਦਨ | $113,369 | $115,034 | $119,682 | $119,726 | $147,192 | $7.38 ਮਿਲੀਅਨ |

| | | |
|---|---|---|
| 5 ਸਾਲਾਂ ਦਾ ਖਰਚਾ (2010-2014):<br>ਗੁਰੂ ਘਰ ਦਾ ਪ੍ਰਬੰਧ: 60 ਮਹੀਨੇ ਜਰਬ $45,000/ਮਹੀਨਾ = $2.7 ਮਿਲੀਅਨ<br>ਕੈਨਪੀ ਦਾ ਖਰਚਾ- $762,000, ਨਵੀਂ ਬਿਲਡਿੰਗ ਦਾ ਖਰਚਾ- $1.024 ਮਿਲੀਅਨ | ਕੁੱਲ ਖਰਚਾ $2.7 ਮਿਲੀਅਨ +<br>$762,000+$1.024 ਮਿਲੀਅਨ<br>= $4.486 ਮਿਲੀਅਨ | ਬੈਂਕ ਵਿਚ ਨਹੀਂ ਲੱਭ ਰਿਹਾ<br>$7.38-4.486=2.89 ਮਿਲੀਅਨ |

ਗੁਰੂ ਘਰ ਦੀ ਅੰਦਾਜਨ ਅਸਲ ਆਮਦਨ ਹੇਠਾਂ ਦੇਖੋ:

| | | | |
|---|---|---|---|
| ਗੋਲਕ: ਹਫਤਾਵਾਰ $35,000-$40,000<br>ਮਹੀਨਾ: ($37,500 ਜਰਬ 52)/12=$162,500 | ਲਾਇਬਰੇਰੀ-ਰਸੀਦਾਂ: (2012-2014)<br>ਔਸਤ ਪ੍ਰਤੀ ਮਹੀਨਾ: $41,840 | ਕੁੱਲ ਅਸਲ ਆਮਦਨ<br>$162,500+$41,840=$204,340 | ਸੁਪਰੀਮ ਕੌਂਸਲ ਵਲੋਂ ਦਿਖਾਈ ਗਈ<br>(2010-2014) ਔਸਤ ਆਮਦਨ:$123,000 |

**$204,340 (ਅਸਲ ਆਮਦਨ)-$123,000 (ਦਿਖਾਈ ਗਈ ਆਮਦਨ)= $81,340 ਹਰ ਮਹੀਨੇ, ਕਿਸ ਦੀ ਜੇਬ ਜਾਂ ਕਿਸ ਬੈਂਕ ਅਕਾਊਂਟ ਵਿਚ ਗਏ?**

• ਮਈ 2015 ਅਤੇ ਫਰਵਰੀ 27, 2016 ਨੂੰ 2012/2013 ਦੀਆਂ ਆਡਿਟ ਰਿਪੋਰਟਾਂ ਰਲਦੀਆਂ ਨਹੀਂ ਹਨ, ਹੁਣ ਉਨ੍ਹਾਂ ਆਡਿਟ ਰਿਪੋਰਟਾਂ 'ਤੇ ਚੇਪੀਆਂ ਲਾ ਕੇ ਰਿਕਾਰਡ ਨੂੰ ਮਿਲਾਉਣ ਲੱਗੇ ਫੜੇ ਗਏ। ਸੰਗਤ ਇਨ੍ਹਾਂ ਦੇ ਹਿਸਾਬ-ਕਿਤਾਬ 'ਤੇ ਕਿਸ ਤਰ੍ਹਾਂ ਯਕੀਨ ਕਰੇ?
• 5 ਸਾਲਾਂ ਵਿਚ ਇਨ੍ਹਾਂ ਪ੍ਰਬੰਧਕਾਂ ਨੇ ਸਿਰਫ $110,000 ਡਾਲਰ ਲੋਨ ਵਾਪਿਸ ਕੀਤਾ ਹੈ, ਜਦੋਂ ਕਿ ਸੈਨ ਹੋਜ਼ੇ ਗੁਰੂ ਘਰ ਵਲੋਂ 25 ਲੱਖ ਡਾਲਰ ਲੋਨ ਵਾਪਿਸ ਕੀਤਾ ਜਾ ਚੁਕਾ ਹੈ।
• ਇਨ੍ਹਾਂ ਨੇ ਇੰਡੀਆ ਤੋਂ ਡਰਾਇੰਗਾਂ ਬਣਵਾਉਣ ਉਤੇ $494,031 ਲਾ ਦਿੱਤਾ? ਜਦੋਂ ਕਿ ਅਮਰੀਕੀ ਹਿਸਾਬ ਨਾਲ ਇਹ ਕਰੀਬ $150,000 ਹੀ ਹੋਣਾ ਚਾਹੀਦਾ ਸੀ?
• ਨਵੀਂ ਬਿਲਡਿੰਗ ਵਾਸਤੇ ਬੈਂਕਾਂ ਤੋਂ 22 ਲੱਖ ਡਾਲਰ ਦਾ ਲੋਨ ਕਿਉਂ ਨਹੀਂ ਮਿਲ ਸਕਿਆ?
-ਸਾਫ ਸੁਥਰੇ ਵਿਤੀ ਰਿਕਾਰਡ ਦੀ ਅਣਹੋਂਦ, ਕਰਜ਼ੇ ਦੀ ਕਿਸ਼ਤ ਅਤੇ ਵਿਆਜ ਦੇਣ ਲਈ ਟਿਕਵੀਂ ਆਮਦਨ ਦਾ ਨਾ ਹੋਣਾ। (ਗੁਰਦੁਆਰਾ ਸੈਨ ਹੋਜ਼ੇ ਨੂੰ 13.5 ਮਿਲੀਅਨ ਡਾਲਰ ਦਾ ਲੋਨ ਮਿਲਿਆ, ਵਜ੍ਹਾ ਹਿਸਾਬ-ਕਿਤਾਬ ਸਿੱਧਾ ਹੋਣਾ ਤੇ ਟਿਕਵੀਂ ਆਮਦਨ)
• ਪਹਾੜੀ ਵਾਲੀ 100 ਏਕੜ ਜ਼ਮੀਨ ਗੁਰੂ ਘਰ ਦੇ ਫਾਇਦੇ ਲਈ ਵਰਤਣ ਵਾਸਤੇ ਇਨ੍ਹਾਂ ਨੇ ਕੋਈ ਵੀ ਉਪਰਾਲਾ ਨਹੀਂ ਕੀਤਾ, ਅਤੇ ਨਾ ਹੀ ਗੁਰੂ ਘਰ ਦੀ ਪਾਰਕਿੰਗ ਬਾਰੇ ਕੁਝ ਕੀਤਾ।
• ਖਾਲਸਾ ਸਕੂਲ ਦੀ ਵੀ ਕੋਈ ਮਦਦ ਨਹੀਂ ਕੀਤੀ, ਕਰੀਬ 300 ਵਿਦਿਆਰਥੀ ਹੀ ਖਾਲਸਾ ਸਕੂਲ ਵਿਚ ਦਾਖਲ ਹਨ।
• ਜਸਵਿੰਦਰ ਸਿੰਘ ਜੰਡੀ ਪਿਛਲੇ ਸਮੇਂ ਵਿਚ 'ਚੇਲੇ' ਦੀ ਪਿੱਠ ਪੂਰਦੇ ਰਹੇ ਹਨ, ਅਤੇ ਹੁਣ ਵੀ ਅਖੀਰਲੇ ਸਮੇਂ ਚੇਲੇ ਦੀ ਝੋਲੀ ਵਿਚ ਪੈਣਾ ਚਾਹੁੰਦੇ ਸਨ, ਪਰ ਉਨ੍ਹਾਂ ਦੇ ਨਜ਼ਦੀਕੀ ਸਾਥੀਆਂ ਵਲੋਂ 'ਚੇਲੇ' ਦਾ ਸਾਥ ਦੇਣ ਵਿਰੁਧ ਚਿਤਾਵਨੀ ਦਿੱਤੇ ਜਾਣ ਕਰਕੇ ਹੀ ਚੋਣ ਲੜ ਰਹੇ ਹਨ। ਭਾਈ ਜੰਡੀ ਹੁਣ ਅਕਸਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਦਾ ਗੁਰੂ ਘਰ ਦੇ ਵਿਤੀ ਮਾਮਲਿਆਂ ਉਪਰ ਕੋਈ ਕੰਟਰੋਲ ਨਹੀਂ ਸੀ। ਬਹੁਤ ਜ਼ਿਆਦਾ ਨਕਦੀ ਖੁੱਲ੍ਹੀ ਰੱਖੀ ਜਾਂਦੀ ਹੈ। ਪਰ ਸਵਾਲ ਹੈ ਕਿ ਉਹ ਪਹਿਲਾਂ ਕਿਉਂ ਨਾ ਸੰਗਤ ਦੀ ਕਿਰਤ ਕਮਾਈ ਦੇ ਦੁਰਪ੍ਰਬੰਧ ਬਾਰੇ ਬੋਲੇ?

## ਤਬਦੀਲੀ! ਤਬਦੀਲੀ!! ਤਬਦੀਲੀ!!!

ਬਿਹਤਰ ਪ੍ਰਬੰਧ ਲਈ ਤਬਦੀਲੀ ਹੀ ਸਿਰਫ ਇੱਕੋ ਇੱਕ ਹੱਲ ਹੈ

ਸੰਗਤ ਵਲੋਂ ਗੁਰੂ ਘਰ ਵਾਸਤੇ ਭੇਟਾ ਕੀਤੀ ਗਈ ਮਾਇਆ ਸਿਰਫ ਗੁਰਦੁਆਰਾ ਸਾਹਿਬ ਦੇ ਪ੍ਰਾਜੈਕਟਾਂ ਉਪਰ ਹੀ ਲੱਗਣੀ ਚਾਹੀਦੀ ਹੈ।

ਸਾਧ ਸੰਗਤ ਜੀ, ਇਹ ਬਿਲਕੁਲ ਸਾਫ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਪ੍ਰਬੰਧ ਨੂੰ ਚਲਾਉਣ ਲਈ ਸਾਨੂੰ ਮਿਹਨਤੀ, ਇਮਾਨਦਾਰ ਅਤੇ ਗਿਆਨਵਾਨ ਪ੍ਰਬੰਧਕਾਂ ਦੀ ਲੋੜ ਹੈ, ਜੋ ਪਿਛਲੇ ਪ੍ਰਬੰਧਕਾਂ ਦੀ ਤਰ੍ਹਾਂ ਕਿਸੇ ਇੱਕ ਵਿਸ਼ੇਸ਼ ਵਿਅਕਤੀ ਦੇ ਇਸ਼ਾਰੇ 'ਤੇ ਚੱਲਣ ਵਾਲੇ ਨਾ ਹੋਣ।

ਸਾਧ ਸੰਗਤ ਜੀ, ਬੇਨਤੀ ਹੈ ਕਿ ਬੇ ਏਰੀਆ ਸਿੱਖ ਅਲਾਇੰਸ ਅਰਗੇਨਾਈਜ਼ੇਸ਼ਨ ਦੇ ਪੰਜਾਂ ਉਮੀਦਵਾਰਾਂ-ਦਵਿੰਦਰ ਸਿੰਘ ਚਾਨਾ, ਧਨਵੰਤ ਸਿੰਘ ਧਾਲੀਵਾਲ, ਵਿਕਰਮਜੀਤ ਸਿੰਘ, ਮਹਿੰਦਰ ਸਿੰਘ ਕਲੇਰ ਤੇ ਅਵਤਾਰ ਸਿੰਘ ਧਾਮੀ ਨੂੰ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ।

## ਸਾਡਾ ਪ੍ਰਣ ਤੇ ਨਿਸ਼ਾਨਾ

• ਗੁਰਦੁਆਰਾ ਸਾਹਿਬ ਦਾ ਹਿਸਾਬ ਹਰ ਮਹੀਨੇ ਸੰਗਤ ਨਾਲ ਸਾਂਝਾ ਕੀਤਾ ਜਾਵੇਗਾ ਅਤੇ ਸੰਗਤ ਦੇ ਸੁਝਾਅ ਲਏ ਜਾਣਗੇ।
• ਰਸੋਈ/ਸਕੂਲ ਦੀ ਉਸਾਰੀ ਦੇ ਪ੍ਰਾਜੈਕਟ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।
• ਅਸੀਂ ਫਰੀਮਾਂਟ ਸਿਟੀ ਦੇ ਪ੍ਰਬੰਧਕਾਂ ਨਾਲ ਸੰਪਰਕ ਕਰਕੇ ਸੰਗਤਾਂ ਦੀ ਵਰਤੋਂ (ਖਾਸ ਕਰਕੇ ਨੌਜਵਾਨਾਂ ਦੇ ਖੇਡ ਗਰੁਪਾਂ) ਲਈ 100 ਏਕੜ ਜ਼ਮੀਨ ਦੇ ਵਿਕਾਸ ਦੇ ਮੌਕੇ ਦਾ ਪਤਾ ਕਰਾਂਗੇ।
• ਖਾਲਸਾ ਸਕੂਲ ਦਾ ਪ੍ਰਬੰਧ ਇਕ ਸੁਤੰਤਰ ਬੋਰਡ ਜਿਸ ਵਿਚ ਸਿੱਖਿਆ ਨਾਲ ਸਬੰਧਤ ਵਿਅਕਤੀ ਅਤੇ ਅਨੁਭਵੀ ਅਧਿਆਪਕ ਹੋਣਗੇ, ਵਲੋਂ ਚਲਾਇਆ ਜਾਵੇਗਾ। ਸਕੂਲ ਲਈ ਲੋੜੀਂਦੀ ਸਿੱਖਿਆ ਸਮੱਗਰੀ ਲਈ ਪੈਸੇ ਦਾ ਪ੍ਰਬੰਧ ਕੀਤਾ ਜਾਵੇਗਾ। ਪ੍ਰਬੰਧਕ ਸਕੂਲ ਵਿਚ ਹੋਰ ਸੁਧਾਰ ਅਤੇ ਉਚਿਤ ਸਹੂਲਤ ਮੁਹੱਈਆ ਕਰਨ ਵੱਲ ਖਾਸ ਧਿਆਨ ਦੇਣਗੇ।
• ਗੁਰਦੁਆਰਾ ਸਾਹਿਬ ਵਿਖੇ ਪਾਰਕਿੰਗ ਦੀ ਬਹੁਤ ਗੰਭੀਰ ਸਮੱਸਿਆ ਹੈ। ਸੰਗਤ ਦੇ ਸਹਿਯੋਗ ਨਾਲ ਅਸੀਂ ਇੱਕ 2-ਸਟੋਰੀ ਪਾਰਕਿੰਗ ਗਰਾਜ, ਆਰਜ਼ੀ/ਸਥਾਈ ਪਾਰਕਿੰਗ ਦੀ ਸਹੂਲਤ ਲਈ ਹਰ ਸੰਭਵ ਯਤਨ ਕਰਾਂਗੇ।

**From: Bay Area Sikh Alliance Org.**



*Devinder Singh Chana*



*Dhanwant Singh Dhaliwal*



*Vikramjit Singh*



*Mohinder Singh Kler*



*Avtar Singh Dhami*

# Why change is required in Management culture of Fremont Gurdwara Sahib

## *Please read it thoroughly before you make decision for whom to vote*

### Supreme council supported by Sikh Punchyat has failed miserably to fulfil its duties as required by Gurdwara Bylaws and Sangat's expectation

*It did not form 11 member Parbandhak committee as required by Gurdwara Bylaws for day-to-day Gurdwara operation
*It hid Gurdwara financial record from Sangat. Website financial record was locked until 11.30pm of Feb 27, 2016
*It did not manage Gurdwara Golak/donations properly.

**There is $2.89 million missing in bank account from 2010 - 2014.**

| | | |
|---|---|---|
| Year 2010 2011 2012<br>Avg. monthly income $113,369 $115,034 $119,682 | 2013 2014<br>$119,726 $147,192 | Total income for 5 years<br>$7.38 million |
| Expenses for 5 years (2010 – 2014):<br>Gurdwara operation: 60 months X $45,000/month = $2.7M<br>Canopy expenses- $762,000, New building expenses -$1.024M | Total expenses $2.7M +<br>$762,000+$1.024M= $4.486 million | Missing in bank account<br>$7.38–4.486=2.89 million |

See below approximate Gurdwara actual/true income:

| | | | |
|---|---|---|---|
| Golak: weekly $35,000 - $40,000<br>Monthly ($37,500 X 52)/12 = $162,500 | Library- Receipts: (2012 – 2014)<br>Avg. per month: $41,840 | Total True income $162,500<br>+ $41,840=$204,340 | Income released to Sangat<br>(2010 – 2014) Average: $123,000 |

**$204,340 (True income) - $123,000 (released to sangat) = $81,340 per month**

**Where this money continuously has gone each month for 5 years?????**

*Audit records for 2012/2013 do not match as shown on website in May 2015 and Feb 2016, seems false reports?

*Golak money ($35,000-$40,000) is not entered on Gurdwara receipt to get into Gurdwara record. And it is kept in the office for staff payments and other expenses?

*It had paid off only $110,000 principle from 2010-2014 for the loan while San Jose Gurdwara has paid off $2.5 Million.

*It spent $494,031 to make drawings from India. As per US standards, it should have been $150,000.

*Why Banks refused to lend any money for the project?

-Lack of clean financial records, unstable net income for debt service (San Jose Gurdwara got a loan of $13.5 million)

-It has not done any effort for utilization of 100-acre land and no effort for Gurdwara parking issue.

-Khalsa School could not make much progress, ony 300 attending Khalsa School students. Supreme council (supported by Sikh Panchyat) has failed badly to provide adequate assistance to Khalsa School.

Jasvinder Singh Jandi was always part of Chella group running Gurdwara operation. He now pulled out himself from that group and formed his own slate of candidates. He was about to merge again with Chella group but at the last minute, he has no stand itself. His supporters warned him to stay away from Chella group. Jandi now quite often states that he was harassed, had no control on the financial accounting matters. There is way too much cash money management. The question is why did he not fight back then for miss-management of Golak money including himself?

**Change for Better Management is the Only Solution**

**Sangat's donation should only be used for Gurdwara projects (not for management pockets)**

Sadh Sangat Ji, the choice is very clear. To run Gurdwara management for day-to-day operation, we need honest, knowledgeable, hard-working committee members who are not controlled by a single person (like in the past). Please vote for all 5 candidates supported by Bay Area Sikh Alliance Organization: Devinder Singh Chana, Dhanwant Singh Dhaliwal, Vikramjit Singh, Mohinder Singh Kler, Avtar Singh Dhami.

**Our Commitments**

*Gurdwara financial record will be posted each month, Construction project will be given the highest priority, We will work with the city of Fremont to explore for the development opportunities of 100-acre land for the benefit of the Sangat, especially for the young sports groups. We will look into 2-story parking garage, temporary/permanent parking.

*Khalsa School will be managed and run by independent board of educators and well experienced teachers. School will be funded appropriately for needed education material. Management will work towards further school improvements and provide appropriate facility.

**Amarjit Sidhu 510-676-0027, Iqbal Singh Hundal 510-366-6056, Rana Singh Kahlon 510-378-8510**

*Paid ad on behalf the advertiser who is responsible for the contents and not Punjab Times.*

*Paid Advt.*

# ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਚੋਣਾਂ

## ਸੰਗਤ ਨੂੰ ਪੰਥਕ ਸਲੇਟ ਦੀ ਹਮਾਇਤ ਕਰਨ ਦੀ ਅਪੀਲ

### ਗੁਰੂ ਪਿਆਰੀ ਸਾਧ ਸੰਗਤ ਜੀਓ


# ਪੰਥਕ ਸਲੇਟ ਨੂੰ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ ਜੀ

| NO | NO | Vote For | |
|---|---|---|---|
| X | X | √ | Bhai Amarjit Singh |
| X | X | √ | Bhai Bhupinder Pal Singh Randhawa |
| X | X | √ | Bhai Harbans Singh |
| X | X | √ | Bhai Jaswinder Singh Jandi |
| X | X | √ | Bhai Nirmal Singh Khalsa |

## ਪੰਥਕ ਸਲੇਟ ਦੇ ਉਮੀਦਵਾਰ



ਭਾਈ ਜਸਵਿੰਦਰ ਸਿੰਘ ਜੰਡੀ



ਭਾਈ ਨਿਰਮਲ ਸਿੰਘ ਖਾਲਸਾ



ਭਾਈ ਅਮਰਜੀਤ ਸਿੰਘ



ਭਾਈ ਭੁਪਿੰਦਰ ਸਿੰਘ ਰੰਧਾਵਾ



ਭਾਈ ਹਰਬੰਸ ਸਿੰਘ

## ਜਾਰੀ ਕਰਤਾ: ਪੰਥਕ ਸਲੇਟ